# ਕਕਾਰ ਫ਼ਿਲਾਸਫ਼ੀ

ਪੰਜ ਕਕਾਰਾਂ ਉੱਤੇ ਗੁਰਮਤਿ ਅਨੁਸਾਰ
ਵਿਦਵਤਾ ਭਰਪੂਰ ਲੇਖ



## ਗਿਆਨੀ ਲਾਲ ਸਿੰਘ

Sri Satguru Jagjit Singh Ji eLibrary NamdhariElibrary@gmail.com

੧ਓ ਸਤਿਗੁਰ ਪ੍ਰਸਾਦਿ ॥

# ਕਕਾਰ ਫ਼ਿਲਾਸਫ਼ੀ

ਅਰਥਾਤ

## ਪੰਜ ਕਕਾਰਾਂ ਉਤੇ ਗੁਰਮਤਿ ਅਨੁਸਾਰ ਵਿਦਵਤਾ ਭਰਪੂਰ ਲੇਖ

ਲੇਖਕ
**ਗਿਆਨੀ ਲਾਲ ਸਿੰਘ**

ਪ੍ਰਕਾਸ਼ਕ
**ਭਾ. ਚਤਰ ਸਿੰਘ ਜੀਵਨ ਸਿੰਘ**
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

© ਪ੍ਰਕਾਸ਼ਕ

# Kakaar Philosophy

by

Giani Lal Singh

ISBN : 81-7601-601-2

ਪਹਿਲੀ ਐਡੀਸ਼ਨ : ਫਰਵਰੀ 2004

ਭੇਟਾ : 100-00

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ : (0183) 2542346, 2547974, 2557973

ਫੈਕਸ : (0183) 2542346

Email : csjs@vsnl.com

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ । ਫ਼ੋਨ : 2705003

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਇਹ ਕਕਾਰ ਫ਼ਿਲਾਸਫ਼ੀ ਗ੍ਰੰਥ, ਵੈਸਾਖੀ ਦਿਹਾੜੇ ਦੀ ਉਸ ਖ਼ੁਸ਼ੀ ਵਿਚ, ਜਦ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੰਸਾਰ ਨੂੰ ਤਾਰਨ ਆਏ, ਅਤੇ ਖਾਲਸਾ ਪੰਥ ਦੀ ਨੀਂਹ ਰੱਖ ਕੇ ਦਸਮ ਗੁਰੂ ਨਾਨਕ ਗੋਬਿੰਦ ਸਿੰਘ ਸਰੂਪ ਵਿਚ ਸੰਪੂਰਨ ਕਰਕੇ ਪੰਥ ਪ੍ਰਗਟਾਇਆ ਅਤੇ ਸਰਬ ਦੀ ਏਕਤਾ ਲਈ "ਪਿਤਾ ਪੂਤ ਮਿਲਿ ਕੀਨੀ ਸਾਂਝ" ਪੁਨਾ:- "ਏਕ ਪਿਤਾ ਏਕਸ ਕੇ ਹਮ ਬਾਰਿਕ" ਸਿਧਾਂਤ ਅਨੁਸਾਰ ਮਨੁਸ਼ ਮਾਤ੍ਰ ਲਈ ਸਰਬ ਸ਼ਿਰੋਮਣੀ "ਖਾਲਸਾ ਧਰਮ" ਦੁਆਰਾ ਅਕਾਲ ਉਪਾਸ਼ਨਾ ਦ੍ਰਿੜ੍ਹਾਈ, ਉਸ "ਗੁਰੂ ਖਾਲਸਾ ਪੰਥ" ਦੀ ਪਵਿੱਤਰ ਸੇਵਾ ਵਿਖੇ ਸਮਰਪਣ ਕਰਕੇ ਯਾਚਨਾ ਹੈ ਕਿ ਦਾਸ ਦੀ ਇਹ ਤੁੱਛ ਸੇਵਾ ਗੁਰੂ ਸੰਗਤਾਂ ਪ੍ਰਵਾਨ ਕਰਕੇ ਨਿਹਾਲ ਕਰਨ।

ਖਾਲਸਾ ਪੰਥ ਦਾ ਸੇਵਕ—

**ਗਿਆਨੀ ਲਾਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਭੂਮਿਕਾ ੯
ਸਾਰ ੧੨

## ਪ੍ਰਿਥਮ ਭਾਗ

ਬੱਜਰ ਕੁਰਹਿਤਾਂ ਦਾ ਨਿਰਣਯ ੧੩
ਕੁੱਠਾ ਮਾਸ ੧੩
ਮਾਸ ਤੇ ਪਾਖੰਡ ੧੮
ਮਾਸ ਸਬੰਧੀ ਦੂਜੀ ਵੀਚਾਰ ੧੯
ਮਾਸ ਬਾਰੇ ਗਿਆਨ ਵਿਚਾਰ ੨੧
ਕੁੱਠੇ ਮਾਸ ਦਾ ਬਾਈਕਾਟ ੨੪

## ਦੂਜਾ ਭਾਗ

ਬਿਖਿਆ (ਤੰਬਾਕੂ) ਪਾਨ ੨੮
ਤੰਬਾਕੂ-ਨੋਸ਼ੀ ਦੀ ਵਿਰੋਧਤਾ ੩੬
ਜਗਤ ਜੂਠ ਖਾਣੀ ੪੦
ਜਗਤ ਜੂਠ ਹੋਣ ਕਰਕੇ ਤੰਬਾਕੂ ਤੋਂ ਪ੍ਰਹੇਜ਼ ੪੨
ਤੰਬਾਕੂ ਦੇ ਨੁਕਸਾਨ ਬਾਰੇ ਡਾਕਟਰਾਂ ਤੇ ਬਾਦਸ਼ਾਹਾਂ ਦੇ ਐਲਾਨ ੪੩
ਹਿੰਦੂ ਵਿਦਵਾਨਾਂ ਦੀ ਤੰਬਾਕੂ ਬਾਰੇ ਵਿਰੋਧਤਾ ੪੫
ਤੰਬਾਕੂ ਭਿਆਨਕ ਜ਼ਹਿਰ ਹੈ ੪੫
ਤੰਬਾਕੂ ਇਨਸਾਨੀ ਮੌਤ ਹੈ ੪੬
ਇਕ ਪ੍ਰਸਿੱਧ ਸਾਇੰਸਦਾਨ ਦੀ ਰਾਇ ੪੬
ਮੇਰਾ ਵੈਦ ਗੁਰੁ ਗੋਬਿੰਦਾ ੪੭
ਨਵਮ ਗੁਰੂ ਹੁਕਮ ੪੭
ਤੰਬਾਕੂ ਤੇ ਹਿੰਦੂ ਮੱਤ ੪੮
ਮੁਸਲਮਾਨ ਕੌਮ ਨੂੰ ਉਨ੍ਹਾਂ ਦੇ ਲੀਡਰ ਵਲੋਂ ਹਲੂਣਾ ੫੩

## ਤੀਜਾ ਭਾਗ


| | |
|---|---|
| ਪਰਇਸਤ੍ਰੀ (ਪਰਪੁਰਖ) ਗਾਮਤਾ | ੫੬ |
| ਮੁਸਲੀ-ਧਰ ਤੇ ਪਰਇਸਤ੍ਰੀ-ਗਾਮਤਾ | ੬੧ |
| ਬਿਭਚਾਰ ਖੰਡਣ | ੬੪ |
| ਬਿਭਚਾਰ ਦੀ ਸਖਤ ਵਿਰੋਧਤਾ | ੬੮ |
| ਨੇਤ੍ਰ ਹੁੰਦੇ ਸੁੰਦੇ ਅੰਧੇ ਕਾਮੀ ਪੁਰਸ਼ | ੭੩ |
| ਪਤੀ-ਬ੍ਰਤ ਧਰਮ | ੭੪ |


## ਚੌਥਾ ਭਾਗ


| | |
|---|---|
| ਕੇਸ ਕੀ ਹਨ ? | ੭੭ |
| ਕੇਸ ਜ਼ਿੰਦਾ ਅੰਗ ਤੇ ਸੁੰਦਰਤਾ | ੮੦ |
| ਸਿਰ ਕਟੌਣ ਤੋਂ ਕੇਸ ਕਟੌਣ ਦੀ ਸਜ਼ਾ ਭਾਰੀ ਹੈ ! | ੮੩ |
| ਕੇਸਾਂ ਤੋਂ ਕੇਸ਼ਵ | ੮੬ |
| ਕੇਸ ਤੇ ਸੁੰਦਰਤਾ | ੮੭ |
| ਕੇਸ ਤੇ ਵੇਦ ਕਤੇਬ ਮੱਤ | ੮੮ |
| ਕੇਸਾਂ ਸਬੰਧੀ ਮੱਕੇ ਦੀ ਗੋਸ਼ਟ | ੯੫ |
| ਕੇਸ ਅਲੰਕਾਰ | ੯੬ |
| ਜਟਾਂ ਵਾਲੇ ਨਾਂਗੇ, ਜੋਗੀ, ਸੰਨਿਆਸੀ ਅਤੇ ਪਰਮ ਹੰਸ ਆਦਿ | ੯੮ |
| ਕੇਸਾਂ ਦੀ ਝੰਡ | ੯੯ |
| ਤਿਸ ਭੇਖੀ ਮੂਰਖ ਮਮ ਦਰਸਨ ਨਾਹਿੰ (ਸੌ ਸਾਖੀ) | ੧੦੦ |
| ਕੇਸ ਪਕੜਨੇ ਗੁਨਾਹ ਹਨ | ੧੦੦ |
| ਕੇਸਾਂ ਦੀ ਸੁੰਦਰਤਾ ਤੇ ਸ਼ਲਾਘਾ | ੧੦੨ |
| ਕੇਸ ਅਤੇ ਮੁੰਡਨ ਮਰਯਾਦਾ | ੧੦੩ |
| ਕੇਸਾਂ ਵਾਲੇ ਅਤੇ ਮੋਨੇ | ੧੦੫ |
| ਦਾਹੜੀ ਦੀ ਇੱਜ਼ਤ | ੧੦੬ |
| ਕੇਸ ਮੁੰਡੌਣ ਦਾ ਫਲ | ੧੦੮ |
| ਕੇਸ ਤੇ ਕੁਰਬਾਨੀ | ੧੦੮ |
| ਖੁਲ੍ਹੀਆਂ ਵੀਚਾਰਾਂ | ੧੦੯ |
| ਕੇਸ ਤੇ ਦਿਮਾਗ ਰੱਛਾ | ੧੧੧ |
| ਕੇਸਾਂ ਸਹਿਤ ਤਸਵੀਰਾਂ ਤੇ ਸਵਾਂਗ | ੧੧੨ |


Sri Satguru Jagjit Singh Ji eLibrary NamdhariElibrary@gmail.com

ਕੇਸਾਂ ਨਾਲ ਧਰਮ ਦਾ ਸਬੰਧ ੧੧੪
ਕੇਸ ਸਰੀਰਕ ਅੰਗ ਹਨ ੧੧੫
ਕੇਸਾਂ ਦਾ ਸਮੇਂ ਨਾਲ ਸਬੰਧ ੧੧੭
ਦਾਹੜੇ ਦੇ ਲਾਭ ੧੧੮
ਉੱਘੇ ਵਿਦਵਾਨਾਂ ਦੇ ਲੇਖ ੧੧੯
ਕੇਸ ਛੇਤੀ ਧੌਲੇ ਕਿਉਂ ਹੁੰਦੇ ਹਨ? ੧੨੧
ਕੇਸਾਂ ਸਹਿਤ ੧੨੧
ਕੇਸਾਂ ਨਾਲ ਪ੍ਰੇਮ ਤੇ ਹਿਫਾਜ਼ਤ ੧੨੩
ਵੇਦ ਮੱਤ ਤੇ ਕੇਸ ੧੨੪
ਕੇਸ ਤੇ ਕੁਦਰਤ ੧੨੬
ਕਤੇਬੀ ਮਤ ਤੇ ਕੇਸ ੧੨੭
ਕੇਸ ਅਤੇ ਹੁਜਤੀ ਸੱਜਣ ੧੨੮
ਕੇਸ ਅਤੇ ਲੋਕਾ-ਚਾਲ ੧੩੩
ਹਜ਼ਾਮਤਾਂ ਦੇ ਖਰਚਾਂ ਦਾ ਫਿਕਰ ੧੩੩
ਕੇਸ ਅਤੇ ਹਜਾਮਤਾਂ ਦੇ ਫੈਸ਼ਨ ੧੩੪
ਕੇਸਾਂ ਦੀ ਬੇਅਦਬੀ ਦਾ ਫਲ ੧੩੬
ਕੇਸਾਂ ਸਬੰਧੀ ਪ੍ਰਚਾਰ ੧੩੬
ਕੇਸਾਂ ਦੇ ਪ੍ਰਚਾਰਕ ਵਾਹਬੀ ਮੁਸਲਮਾਨ ੧੩੭
ਸੋਮ ਨੂੰ ਸਿਰ ਮੁੰਨਣ ਦੀ ਸਜ਼ਾ ੧੩੭
ਪੰਜ ਕੇਸੀਏ ੧੩੮
ਕੇਸ ਤੇ ਸਰਦਾਰ ੧੩੮
ਫੈਸ਼ਨ ਤੇ ਕੇਸ ਧਾਰਨਾ ੧੩੯
ਕੇਸਾਂ ਦਾ ਮੁੱਲ ਤੇ ਗੁਰਸਿਖੀ ੧੪੧
ਕੇਸ ਰੱਖਣੇ ਜਾਂ ਨਾ ਰੱਖਣੇ ੧੪੨
ਦਸਮੇਸ਼ ਜੀ ਦਾ ਕੇਸਾਂ ਨਾਲ ਪ੍ਰੇਮ ੧੪੨
ਕੇਸ ਤੋਂ ਕੇਸਗੜ੍ਹ ੧੪੩
ਕੇਸ ਤੇ ਗੁਰਬਾਣੀ ੧੪੫
ਕੇਸ ਤੇ ਭਗਤ ਬਾਣੀ ੧੪੬
ਦਸਮੇਸ਼ ਜੀ ਦੇ ਹੁਕਮਨਾਮੇ ੧੪੬
ਦਸਮ ਗ੍ਰੰਥ ਵਿਖੇ ਅਕਾਲੀ ਫੋਟੋ ੧੪੭

Sri Satguru Jagjit Singh Ji eLibrary NamdhariElibrary@gmail.com

ਕੇਸਾਂ ਦੀਆਂ ਬੀਮਾਰੀਆਂ ਤੇ ਇਲਾਜ ੧੪੮
ਕੇਸਾਂ ਲਈ ਸੁਗੰਧਤ ਤੇਲ ੧੫੦
ਕੇਸ ਧੋਣ ਦਾ ਮਸਾਲਾ ੧੫੦
ਆਮਲਿਆਂ ਦਾ ਤੇਲ ੧੫੧
ਕੇਸਾਂ ਸਬੰਧੀ ਖਰਚ ੧੫੨
ਕੇਸਾਂ ਦੇ ਚੋਰ ੧੫੫
ਕੇਸਾਂ ਦੇ ਲਾਭ ੧੫੫
ਕੇਸਾਂ ਤੇ ਕਰਤਾਰ ਭਗਤੀ ੧੫੮

**ਪੰਜਵਾਂ ਭਾਗ**

ਨੌਹਾਂ ਸਬੰਧੀ ਵਿਚਾਰ ੧੬੦

**ਛੀਵਾਂ ਭਾਗ**

ਕੁਰਹਿਤਾਂ, ਕਕਾਰ ਤੇ ਕਰਮ-ਕਾਂਡ ੧੬੩
ਕਕਾਰ ਚਿੰਨ੍ਹ ਜਾਂ ਨਿਸ਼ਾਨ ਨਹੀਂ ੧੬੭
ਕਕਾਰ ਤੇ ਗੁਰੂ ਮਿਸ਼ਨ ੧੬੯
ਪੰਜਾਂ ਕਕਾਰਾਂ ਦੀ ਰਹਿਤ ਦਾ ਐਲਾਨ ੧੭੧
ਕੇਸ ਤੇ ਕੰਘਾ ੧੭੧

**ਸਤਵਾਂ ਭਾਗ**

ਪੰਜਾਂ ਕਕਾਰਾਂ ਦੀ ਬਨੌਟ ੧੭੪

**ਅੱਠਵਾਂ ਭਾਗ**

ਕਕਾਰ ਪ੍ਰਬੋਧ ੧੭੭

**ਨੌਵਾਂ ਭਾਗ**

ਦਸਤਾਰ ਧਾਰਨਾ ੧੭੯

**ਦਸਵਾਂ ਭਾਗ**

ਖਾਲਸਾ ਪ੍ਰਬੋਧ ੧੮੧
ਢਿੱਲੜ ਪ੍ਰਬੋਧ ੧੮੧
ਅੰਮ੍ਰਿਤ ਤੇ ਰਹਿਤ ੧੮੨
ਰਹਿਤ ਬਹਿਤ ੧੮੫
ਅੰਤਿਕਾ ੧੮੭

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰੂ ਪ੍ਰਸਾਦਿ ॥

# ਭੂਮਿਕਾ

'ਕਕਾਰ ਫ਼ਿਲਾਸਫ਼ੀ' ਗ੍ਰੰਥ ਸ੍ਰੀ ਗੁਰੂ ਦਸਮੇਸ਼ ਜੀ ਦੇ ਉਸ ਉੱਚ ਆਸ਼ੇ ਅਰ ਹੁਕਮ ਨੂੰ ਅੱਗੇ ਰੱਖ ਕੇ ਲਿਖਿਆ ਗਿਆ ਹੈ, ਜੋ ਆਪ ਨੇ ੧ ਵੈਸਾਖ ਸੰਮਤ ੧੭੫੬ ਬਿ: ਨੂੰ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦੀਵਾਨ ਸਜਾ ਕੇ ਪੰਜ ਪਿਆਰਿਆਂ ਦੁਆਰਾ ਖਾਲਸਾ ਪੰਥ ਦੀ ਸੰਪੂਰਨਤਾ ਕੀਤੀ, ਭਾਵ ਸ੍ਰੀ ਗੁਰੂ ਨਾਨਕ ਸਰੂਪ ਤੋਂ ਖਾਲਸਾ ਮਿਸ਼ਨ ਦੀ ਨੀਂਹ ਰੱਖੀ, ਜੋ ਦਸਮ ਨਾਨਕ (ਗੁਰੂ ਗੋਬਿੰਦ ਸਿੰਘ ਜੀ) ਸਰੂਪ ਵਿਖੇ ਸੰਪੂਰਨ ਕੀਤੀ ।

ਇਸ ਗ੍ਰੰਥ ਵਿਖੇ ਪੰਜ ਕਕਾਰਾਂ ਤੇ ਪੰਜੇ ਬੱਜਰ ਕੁਰਹਿੰਤਾਂ ਸਬੰਧੀ ਵਿਸਥਾਰ ਸਹਿਤ ਨਿਰਣਯ ਕੀਤਾ ਹੈ। ਜੋ ਖਾਲਸਾ ਪੰਥ ਦੀ ਜਿੰਦ-ਜਾਨ ਅਥਵਾ ਬੁਨਿਆਦੀ ਅਸੂਲ ਹਨ । ਖਾਲਸਾ ਧਰਮ ਵਿੱਚ ਕਕਾਰਾਂ ਦੇ ਨਾਮ ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ ਨਾਮ ਤੋਂ ਪ੍ਰਸਿੱਧ ਹੈਨ । ਬੱਜਰ ਕੁਰਹਿਤਾਂ ਦਾ ਵੇਰਵਾ ਕੁੱਠਾ ਮਾਸ (ਬੇਅੰਮ੍ਰਿਤੀਏ ਦਾ ਮਾਰਿਆ ਜਾਨਵਰ ਨਾ ਖਾਣਾ) ਪਰ ਇਸਤ੍ਰੀ ਗਾਮਤਾ (ਯਾ ਪਰਪੁਰਖ) ਨਹੀਂ ਕਰਨੀ, ਕੇਸ (ਸਰੀਰ ਦੇ ਕਿਸੀ ਅੰਗ ਦੇ ਭੀ ਵਾਲ, ਰੋਮ) ਨਹੀਂ ਕਤਲ ਕਰਨੇ, ਤੰਬਾਕੂ ਦੀ ਵਰਤੋਂ ਨਹੀਂ ਕਰਨੀ। ਉਕਤ ਚਾਰਾਂ ਕੁਰਹਿਤਾਂ ਵਿਚੋਂ ਕਿਸੇ ਇਕ ਦੇ ਕਰਨ ਵਾਲੇ ਦਾ ਅਤੇ ਬੇਅੰਮ੍ਰਿਤੀਏ ਦਾ ਜੂਠਾ ਨਹੀਂ ਖਾਣਾ ਪੀਣਾ । ਇਹ ਪੰਜਵੀਂ ਕੁਰਹਿਤ ਹੈ । ਸੱਚੇ ਗੁਰਸਿਖਾਂ, ਪ੍ਰੇਮੀਆਂ ਨੂੰ ਕਦੀ ਉਜਰ ਜਾਂ ਹੁੱਜਤ ਹੀ ਨਹੀਂ ਫੁਰ ਸਕਦੀ ਕਿ ਅਸੀਂ ਕਕਾਰ ਕਿਉਂ ਰੱਖੀਏ ? ਜਾਂ ਕਕਾਰਾਂ ਦੀ ਕੀ ਲੋੜ ਹੈ ? ਅਰ ਬੱਜਰ ਕੁਰਹਿਤਾਂ ਕਿਉਂ ਨਾ ਕਰੀਏ ? ਤੇ ਇਨ੍ਹਾਂ ਦੇ ਨਾ ਕਰਨ ਤੋਂ ਕੀ ਲਾਭ ਹੈ ? ਆਦਿ । ਕਿਉਂਕਿ ਗੁਰਸਿੱਖ ਦਾ ਪਹਿਲਾ ਫਰਜ਼ ਜਾਂ ਧਰਮ ਹੀ ਇਹ ਹੈ ਕਿ "ਗੁਰਿ ਕਹਿਆ ਸਾ ਕਾਰ ਕਮਾਵਹੁ" (ਪੰਨਾ ੮੩੨) "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥" (ਪੰਨਾ ੪੭੧) ਭਾਵ ਸਿੱਖ ਦਾ ਧਰਮ ਗੁਰੂ ਹੁਕਮਾਂ ਪਰ ਟੁਰਨਾ ਹੈ, ਪੁਨਾ "ਸਿਖੀ ਸਿਖਿਆ ਗੁਰ ਵੀਚਾਰਿ" (ਪੰਨਾ ੪੬੫) ਹੈ, ਪਰ ਹੁੱਜਤੀਆਂ ਦਾ ਕਰਮ ਹੁੱਜਤਾਂ ਕਰਨਾ ਯਾ "ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥" (ਪੰਨਾ ੪੭੪) ਹੈ, ਤਾਂਤੇ ਇਹ ਗ੍ਰੰਥ ਵਿਸ਼ੇਸ਼ ਕਰਕੇ ਹਿਕਮਤ ਹੁੱਜਤ ਖਿਆਲੀਆਂ ਨੂੰ ਸਿੱਧੇ ਰਾਹ

ਪਾਉਣ ਹਿਤ ਲਿਖਿਆ ਹੈ, ਕਿਉਂਕਿ ਸੱਚੇ ਗੁਰਸਿੱਖ ਜਾਣਦੇ ਨੇ ਕਿ ਜਦ ਸ੍ਰੀ ਗੁਰੂ ਦਸਮੇਸ਼ ਜੀ ਨੇ ਪੰਜ ਕਕਾਰ ਖ਼ੁਦ ਧਾਰਨ ਕੀਤੇ ਤੇ ਬੱਜਰ ਕੁਰਹਿਤਾਂ ਤੋਂ ਪੂਰਨ ਪਰਹੇਜ਼ ਕੀਤਾ, ਫਿਰ ਗੁਰੂ ਦੇ ਸਿੱਖ ਨੂੰ ਹੁੱਜਤ ਕਿਉਂ ਫੁਰੇ ਕਿ ਇਸ ਦੀ ਕੀ ਜ਼ਰੂਰਤ ਹੈ ? ਸੋ ਜਦ ਸਿੱਖ ਨੇ ਗੁਰੂ ਦਾ ਸਿੱਖ ਰਹਿਣਾ ਹੈ, ਉਸ ਦਾ ਤਾ ਇਹੋ ਫਰਜ਼ ਹੈ, "ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥" (ਪੰਨਾ ੨੮੬) ਪ੍ਰੰਤੂ ਹੁੱਜਤੀ ਜਾਂ ਨਵੀਂ ਰੌਸ਼ਨੀ ਨਾਲ ਲਿਪਟੇ ਹੋਏ ਫੋਕੇ ਮੰਤਕੀ ਲੋਕ ਕਕਾਰਾਂ ਤੇ ਬੱਜਰ ਕੁਰਹਿਤਾਂ ਤੋਂ ਵਿਰੁੱਧ ਬਕਵਾਸ ਕਰਕੇ ਭੜਾਸਾਂ ਕੱਢਦੇ ਰਹਿੰਦੇ ਨੇ, ਭਾਵੇਂ ਉਨ੍ਹਾਂ ਦੀ ਇਹ ਦਸ਼ਾ "ਮਨ ਹਰਾਮੀ ਹੁੱਜਤਾਂ ਢੇਰ" ਵਾਲੀ ਹੈ, ਪ੍ਰੰਤੂ ਫਿਰ ਭੀ ਲੋੜ ਹੈ ਕਿ ਆਪਣੇ ਭਰਾਵਾਂ ਦੀ ਉਕਤ ਦਸ਼ਾ ਪਰ ਤਰਸ ਕਰਕੇ, ਸੁਧਾਰ ਕਰੀਏ ਅਰ ਵਿਸਥਾਰੀ ਚਰਚਾ ਤੇ ਯੁਕਤੀ ਪ੍ਰਮਾਣਾਂ ਨਾਲ ਭੀ ਸਮਝਾਈਏ ਕਿ ਪੰਜਾਂ ਕਕਾਰਾਂ ਦੀ ਧਾਰਨਾ ਰੱਖਣ ਅਤੇ ਬੱਜਰ ਕੁਰਹਿਤਾਂ ਦੇ ਬਚਣ ਥੀਂ ਇਹ ਲਾਭ ਹਨ ਅਤੇ ਇਹ ਸਕੀਮ ਸਰਬ ਸਾਂਝੀ ਅਰਥਾਤ [੧]ਆਲਮਗੀਰੀ ਹੈ। ਕਕਾਰ ਫ਼ਿਲਾਸਫੀ ਗ੍ਰੰਥ ਵਿਚ ਹਰ ਪਹਿਲੂ ਨੂੰ ਯੁਕਤੀ ਪ੍ਰਮਾਣਾਂ ਨਾਲ ਹੱਲ ਕਰਕੇ ਦੱਸਿਆ ਹੈ ਕਿ ਹਰ ਇਕ (ਮਨੁਸ਼ ਮਾਤ੍ਰ) ਦਾ ਪਰਮ ਧਰਮ ਹੈ ਕਿ ਉਹ ਪੰਜ ਕਕਾਰੀ ਧਾਰਨਾ ਵਿੱਚ ਪੱਕਾ ਰਹੇ ਤੇ ਬੱਜਰ ਕੁਰਹਿਤਾਂ ਤੋਂ ਬਚੇ।

ਭਾਵੇਂ ਹਾਲੀ ਇਹ ਦਾਅਵਾ ਨਹੀਂ ਕਿ ਇਸ ਗ੍ਰੰਥ ਵਿੱਚ ਸਰਬ ਹੁੱਜਤਾਂ ਜਾਂ ਕੁਤਰਕਾਂ ਦੇ ਉੱਤਰ ਲਿਖੇ ਗਏ ਹਨ, ਫਿਰ ਭੀ ਕੋਸ਼ਿਸ਼ ਬਹੁਤ ਕੀਤੀ ਹੈ ਕਿ ਬਾਕੀ ਕਿਸੇ ਸਵਾਲ ਦਾ ਹੱਲ ਕਰਨਾ ਰਹਿ ਨਾ ਜਾਵੇ। ਇਸ ਲਈ ਦਾਸ ਵੱਲੋਂ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਜਾਂ ਤਾਂ ਇਸ ਗ੍ਰੰਥ ਨੂੰ ਵੀਚਾਰਨੇ ਵਾਲਾ ਪੰਜੇ ਕਕਾਰਾਂ ਦੀ ਅਤੁੱਟ ਧਾਰਨਾ ਰੱਖੇ ਤੇ ਬੱਜਰ ਕੁਰਹਿਤਾਂ ਤੋਂ ਬਚਣ ਹਿਤ ਚਿਤੋਂ ਪ੍ਰਣ ਕਰੇ ਜਾਂ ਦਾਸ ਵੱਲ ਲਿਖੇ ਕਿ ਉਸ ਨੂੰ ਧਾਰਨਾ ਪਰ ਹੋਰ ਕੀ ਉਜਰ ਹੈ ? ਤਾਂਕਿ ਉਸ ਉਜਰ ਨੂੰ ਹੱਲ ਕਰਕੇ ਅਗਲੀ ਐਡੀਸ਼ਨ ਵਿਖੇ ਦਰਜ ਕੀਤਾ

੧ ਕਈ ਕੁ ਫੋਕੇ ਮੰਤਕੀ ਕਿਹਾ ਕਰਦੇ ਹਨ ਕਿ ਖਾਲਸਾ ਧਰਮ ਕਾਇਮ ਹੋਏ ਨੂੰ ਪੰਜ ਸੌ ਸਾਲ ਹੋਏ ਹਨ, ਕੀ ਪਹਿਲੇ ਕੋਈ ਆਲਮਗੀਰੀ ਧਰਮ ਹੀ ਨਹੀਂ ਹੋਇਆ? ਉਨ੍ਹਾਂ ਨੂੰ ਧਿਆਨ ਹੋਣਾ ਚਾਹੀਦਾ ਹੈ ਕਿ ਇਹ ਅਕਾਲੀ ਧਰਮ ਮਨੁਸ਼ ਦੀ ਪੈਦਾਇਸ਼ ਦੇ ਨਾਲ ਹੀ ਹੈ, ਜਿਹਾ ਕਿ ਇਸ ਦੇ ਰਚਣਹਾਰ ਕਰਤਾਰ ਨੇ ਮਨੁਸ਼ ਨੂੰ ਬਣਾਇਆ। ਇਹ ਆਦੀ ਹੈ ਅਤੇ ਇਸ ਦਾ ਕੁਦਰਤ ਨਾਲ ਸਬੰਧ ਹੈ, ਮਨੁਸ਼ਾਂ ਨੇ ਗਲਤੀਆਂ ਕਰਕੇ ਇਸ ਧਰਮ ਨੂੰ ਮਿਲਗੋਭਾ ਕਰ ਦਿੱਤਾ ਸੀ, ਗੁਰੂ ਜੀ ਨੇ ਮੁੜ ਖਾਲਸ ਬਣਾ ਦਿੱਤਾ ਹੈ।

ਮਨੁਸ਼ ਦੀ ਜਨਮ ਸਮੇਂ ਦੀ ਸ਼ਕਲ "ਸਾਬਤ ਸੂਰਤ" ਵਿੱਚ ਕੇਸਾਧਾਰੀ ਹੁੰਦੀ ਹੈ, ਪਰ ਇਸ ਨੂੰ ਹਜਾਮਤਾਂ, ਸੁੰਨਤਾਂ, ਠੱਪੇ, ਮੁੰਦ੍ਰਾਂ ਆਦਿ ਆਪਣੇ ਮਨਮਤਾ ਦੇ ਚਿੰਨ੍ਹ ਕਲਪਣ ਵਾਲੇ ਵਿਗਾੜ ਦਿੰਦੇ ਹਨ। ਸ਼ੋਕ ! ਇਸ ਵੇਲੇ ਬਣੌਟ ਜਾਂ ਚਿੰਨ੍ਹਾਂ ਦਾ ਨਾਮ ਮਜ਼੍ਹਬ ਬਣੀ ਜਾ ਰਿਹਾ ਹੈ। ਕਕਾਰਾਂ ਨੂੰ ਚਿੰਨ੍ਹ ਕਹਿਣਾ ਮਹਾਨ ਭੁੱਲ ਹੈ।

ਜਾਵੇ, ਨਹੀਂ ਤਾਂ ਉਨ੍ਹਾਂ ਸੱਜਣਾਂ ਦੀ ਕਮਜ਼ੋਰੀ ਸਮਝੀ ਜਾਵੇਗੀ ਜੋ ਕਕਾਰ ਫ਼ਿਲਾਸਫ਼ੀ ਦੇ ਆਸ਼ੇ ਮੂਜਬ ਆਪਣੇ ਲਈ ਅਮਲੀ ਵਰਤੋਂ ਨਹੀਂ ਕਰਨਗੇ।

ਵੀਚਾਰਵਾਨਾਂ ਦੀ ਪਵਿੱਤ੍ਰ ਸੇਵਾ ਵਿਖੇ ਬੇਨਤੀ ਹੈ ਕਿ ਉਹ ਜਿੱਥੇ ਭੀ ਕਿਤੇ ਦਾਸ ਦੀ ਭੁੱਲ ਚੁੱਕ ਵੇਖਣ, ਦਾਸ ਵੱਲ ਲਿਖਣ ਦੀ ਕ੍ਰਿਪਾ ਕਰਨ, ਤਾਂਕਿ ਅਗਲੀ ਐਡੀਸ਼ਨ ਵਿਚ ਦਰੁਸਤੀ ਹੋ ਸਕੇ।

ਗੁਰੂ ਪੰਥ ਦਾ ਸੇਵਕ
**ਲਾਲ ਸਿੰਘ ਗਿਆਨੀ**

Sri Satguru Jagjit Singh Ji eLibrary NamdhariElibrary@gmail.com

# ਸਾਰ

ਕਕਾਰ ਫ਼ਿਲਾਸਫੀ ਦਾ ਮੰਤਵ ਨਿਰੇ-ਪੁਰੇ ਪੰਜ ਕਕਾਰ ਜਾਂ ਕੱਕਿਆਂ ਦੀ ਗਿਣਤੀ ਨਹੀਂ, ਅਥਵਾ ਕੁਰਹਿਤਾਂ ਦਾ ਨਿਰਨਯ ਹੀ ਨਹੀਂ, ਬਲਕਿ ਇਸ ਦਾ ਭਾਵ ਸਿੱਖ ਰਹਿਤ-ਬਹਿਤ ਨੂੰ ਇਨਸਾਨ ਮਾਤ੍ਰ ਲਈ ਤਥਾ ਆਲਮਗੀਰੀ ਧਰਮ ਦਰਸੌਣਾ ਹੈ। ਗਿਣਨ ਮਾਤ੍ਰ ਧਾਰਨਾ ਲਈ ਕੇਸ, ਕੰਘਾ, ਕ੍ਰਿਪਾਨ, ਕਛਹਿਰਾ, ਕੜਾ ਪੰਜ ਕਕਾਰ ਹਨ, ਪਰੰਤੂ ਸਰਬ ਮੂਲ ਕੇਸ ਹੀ ਹਨ। ਕੇਸਾਂ ਨਾਲ ਹੀ ਸਭ ਕੁਝ ਹੈ, 'ਕੇਸ'[1] ਮੁੰਡੌਣ ਵਾਲੇ ਲਈ ਕੰਘਾ, ਕੜਾ, ਕ੍ਰਿਪਾਨ, ਕਛਹਿਰਾ ਰੱਖਣੇ ਜ਼ਰੂਰੀ ਨਹੀਂ ਹਨ, ਕਿਉਂਕਿ ਕੇਸਾਂ ਕਰਕੇ ਹੀ ਪੁਰਸ਼ ਦੀ ਸ਼ਕਤੀ ਅਰ ਸੂਰਮਤਾ ਕਾਇਮ ਰਹਿੰਦੀ ਹੈ। ਜਿਵੇਂ ਕੰਘਾ ਕੇਸਾਂ ਨਾਲ ਹੈ, ਤਿਵੇਂ ਦੂਜਾ ਅੰਗ ਕ੍ਰਿਪਾਨ ਹੈ, ਇਹਨਾਂ ਦੇ ਅੰਤਰਗਤ ਜਾਂ ਅਧੀਨ ਕੜਾ ਤੇ ਕਛਹਿਰਾ ਹੈ ਅਰ ਕ੍ਰਿਪਾਨ ਦੀ ਧਾਰਨਾ ਕੜੇ ਕਛਹਿਰੇ ਨਾਲ ਹੀ ਯੋਗ ਹੈ ਅਥਵਾ ਕਛਹਿਰਾ, ਕੜਾ ਕ੍ਰਿਪਾਨ ਧਾਰਨੀ ਲਈ ਹੀ ਬਣੇ ਹਨ, ਜਾਂ ਇਉਂ ਕਹੋ ਕਿ ਕੇਸਾਂ ਵਾਲੇ ਲਈ ਕੰਘਾ ਹੈ ਅਰ ਕੇਸ ਧਾਰਨੀ ਲਈ ਕ੍ਰਿਪਾਨ ਹੈ, ਅਰ ਕ੍ਰਿਪਾਨ ਧਾਰਨੀ ਲਈ ਕੜਾ, ਕਛਹਿਰਾ ਹਨ।

ਇਹ ਪੰਜੇ ਕਕਾਰ ਚਿੰਨ੍ਹ ਜਾਂ ਨਿਸ਼ਾਨ ਨਹੀਂ ਹਨ, ਬਲਕਿ ਕਾਰਆਮਦ ਵਸਤਾਂ ਤਥਾ ਸਰੀਰ ਦੇ ਜ਼ਰੂਰੀ ਅੰਗ ਹਨ। ਇਨ੍ਹਾਂ ਕਕਾਰਾਂ ਬਿਨਾਂ ਕਿਸੇ ਨੂੰ ਸਰ ਨਹੀਂ ਸਕਦਾ, ਜੇ ਸਰਦਾ ਹੈ ਤਾਂ ਉਹ ਕੋਝਾਪਨ ਜਾਂ ਅਧੂਰਾਪਨ, ਅਥਵਾ ਕਾਣ ਸਹਿਤ ਹੈ, ਏਸੇ ਤਰ੍ਹਾਂ ਬੱਜਰ ਕੁਰਹਿਤਾਂ ਕਰਕੇ ਕੋਈ 'ਇਨਸਾਨ' ਇਨਸਾਨ ਪਦਵੀ ਸਹਿਤ ਨਹੀਂ ਰਹਿ ਸਕਦਾ, ਜਿਵੇ ਕੇਸ ਕੱਟਣ ਵਾਲਾ ਅੰਗ ਹੀਣਾ ਹੈ, ਕੁਠਾ ਮਾਸ ਮ੍ਰਯਾਦਾ ਸੇ ਖਾਣ ਵਾਲਾ ਬੇ-ਦਰਦ ਹੈ, ਤੰਬਾਕੂ ਪੀਣੇ ਵਾਲਾ ਭ੍ਰਿਸ਼ਟਾਚਾਰ ਦਾ ਹਾਮੀ ਹੈ, ਪਰ-ਇਸਤ੍ਰੀ ਗਾਮੀ (ਜਾਂ ਪੁਰਖ ਗਾਮੀ) ਪਸ਼ੂ-ਬ੍ਰਿਤਿ ਜਾਂ ਬਿਭਚਾਰ ਦਾ ਪ੍ਰਚਾਰਕ ਹੈ, ਸੋ ! ਇਹ ਕੁਕਰਮ ਕਰਕੇ [2]ਮਨੁੱਖ ਪਦਵੀ ਨਹੀਂ ਰਹਿੰਦੀ, ਇਸੀ ਦਾ ਵਿਸਥਾਰ ਇਹ **"ਕਕਾਰ ਫ਼ਿਲਾਸਫ਼ੀ" ਗ੍ਰੰਥ ਹੈ**।

---

੧ ਇਹ ਠੀਕ ਹੈ ਕਿ ਮੋਨੇ ਪੁਰਸ਼ ਨੂੰ ਕ੍ਰਿਪਾਨ, ਕੜਾ ਤੇ ਕਛਹਿਰਾ ਤਿੰਨੇ ਕਕਾਰ ਲਾਭਵੰਦ ਹਨ, ਤਕਰੀਬਨ ਕਿਸੇ ਨਾ ਕਿਸੇ ਸ਼ਕਲ ਵਿੱਚ ਉਹ ਰੱਖਦੇ ਵੀ ਹਨ, ਜਿਹਾ ਕਿ ਨਿੱਕਰ, ਕੱਛਾ, ਜਾਂਘੀਆ ਤੇ ਧੋਤੀ ਆਦਿ ਅਤੇ ਸ੍ਰੀਰਕ ਹਿਫ਼ਾਜ਼ਤ ਲਈ ਤਲਵਾਰ, ਟਕੂਏ, ਸਫਾ-ਜੰਗ ਆਦਿ, ਪ੍ਰੰਤੂ ਉਨ੍ਹਾਂ ਦਾ ਅਸੂਲ ਕੋਈ ਨਹੀਂ ਹੈ। ਬੇ-ਅਸੂਲਾ ਪੁਰਸ਼ ਨਖਿੱਧ ਹੁੰਦਾ ਹੈ। ਉਸ ਥੀਂ ਦੇਸ਼, ਕੌਮ ਨੂੰ ਕੋਈ ਲਾਭ ਨਹੀਂ ਪਹੁੰਚਿਆ ਕਰਦਾ।

੨ ਮਨੁੱਖ ਜ਼ਰੂਰ ਮਨੁੱਖ ਹੀ ਹੈ, ਪਰ ਮੰਦੀਆਂ ਕਰਤੂਤਾਂ ਕਰਕੇ ਪਸ਼ੂਆਂ ਦੇ ਬਰਾਬਰ ਹੈ, ਸੰਸਾਰ ਵਿਖੇ ਮੰਦੇ ਚੰਗੇ ਦੋਏ ਤਰ੍ਹਾਂ ਦੇ ਬੰਦੇ ਹਨ। ਭਲੇ ਪੁਰਸ਼ ਹਮੇਸ਼ਾਂ ਨੇਕੀ ਦਾ ਪ੍ਰਚਾਰ ਕਰਦੇ ਹਨ ਅਰ ਮੰਦੇ ਮੰਦਤਾ ਦਾ। ਇਸੇ ਪ੍ਰਚਾਰ ਕਰਕੇ ਹਮੇਸ਼ਾਂ ਜੁਗਗਰਦੀ ਹੁੰਦੀ ਰਹਿੰਦੀ ਹੈ। ਮੰਦੇ ਵਧ ਗਏ, ਕਲਿਜੁਗ ਹੋ ਗਿਆ, ਚੰਗੇ ਵਧ ਗਏ ਸਤਿਜੁਗ ਬਣ ਗਿਆ। ਏਸੇ ਤਰ੍ਹਾਂ ਜੁਗਾਂ ਦੀ ਵੰਡੀ ਹੁੰਦੀ ਆਈ ਹੈ। ਚੰਗਾ, ਮੰਦਾ ਸਮਾਂ ਮਨੁੱਖ ਹੀ ਕਰਦੇ ਹਨ "ਕਲੀ ਕਾ ਜਨਮ ਚੰਡਾਲ ਕੈ ਘਰਿ ਹੋਈ ॥" ਅਨੁਸਾਰ ਮੰਦਤਾ ਦਾ ਪ੍ਰਚਾਰ ਹੋਣ ਪਰ ਕਲਿਜੁਗ ਵਰਤਦਾ ਹੈ।

Sri Satguru Jagjit Singh Ji eLibrary NamdhariElibrary@gmail.com

## ਪ੍ਰਿਥਮ ਭਾਗ

# ਬੱਜਰ ਕੁਰਹਿਤਾਂ ਦਾ ਨਿਰਣਯ

## ਕੁੱਠਾ ਮਾਸ

ਬੇਅੰਮ੍ਰਿਤੀਆਂ ਜਾਂ ਅਨਮਤੀਆਂ ਦੀ ਪ੍ਰਚੱਲਤ ਸ਼ਰਹ (ਰੀਤੀ) ਨਾਲ ਬੇ-ਰਹਿਮੀ ਦੇ ਤਰੀਕੇ ਦੁਆਰਾ ਕੋਹੇ ਹੋਏ ਜੀਵ ਦਾ ਨਾਮ ਕੁੱਠਾ ਮਾਸ ਹੈ, ਸੋ ਬੇ-ਰਹਿਮੀ ਨਾਲ ਕੋਹੇ ਗਏ ਮਾਸ ਖਾਣ ਵਾਲਿਆਂ ਨੂੰ ਖਾਲਸਾ ਪੰਥ ਤੋਂ ਖਾਰਜ ਮੰਨਿਆਂ ਗਿਆ ਹੈ, ਵੈਸੇ ਗੁਰੂ ਮਿਸ਼ਨ ਵਿਖੇ ਕਿਧਰੇ ਭੀ ਮਾਸ ਖਾਣ ਦੀ ਖੁਲ੍ਹੀ ਆਗਿਆ ਨਹੀਂ ਹੈ। ਪ੍ਰੰਤੂ ਵੈਸ਼ਨਵਾਂ ਜਾਂ ਜੈਨੀਆਂ ਆਦਿ ਦੀ ਤਰ੍ਹਾਂ ਮਨਾਹੀ ਭੀ ਕਿਤੇ ਨਹੀਂ ਹੈ। ਅਸਲੋਂ ਮਾਸ ਖਾਣਾ ਜਾਂ ਨਾ ਖਾਣਾ ਸਮੇਂ ਅਰ ਤਬੀਅਤ ਜਾਂ ਲੋੜ ਅਥਵਾ ਗਿਆਨ ਵਿਚਾਰ ਨਾਲ ਸਬੰਧ ਰਖਦਾ ਹੈ। ਆਮ ਤੌਰ ਤੇ ਕੁੱਠੇ ਦੀ ਪ੍ਰਸਿੱਧਤਾ [੧]'ਹਲਾਲ' ਸ਼ਬਦ ਨਾਲ ਸਬੰਧ ਰਖਦੀ ਹੈ। ਪਰ ਹਲਾਲ ਦੇ ਅਰਥ ਹੱਕ ਦੀ ਕਮਾਈ ਦੇ ਹਨ। ਭਾਂਡੇ ਕੁੱਠਾ ਮਾਸ ਓਹੀ ਹੈ, ਜੋ ਕਿਸੀ ਜਾਨਵਰ ਨੂੰ ਬੇਰਹਿਮੀ ਨਾਲ ਕੁੱਠਿਆ ਜਾਵੇ, ਜਿਹਾ ਕਿ ਕਤੇਬੀ ਮਤ ਦੀ ਸ਼ਰ੍ਹਾ ਅਨੁਸਾਰ ਸ਼ਾਹਰਗ ਨੂੰ ਹੌਲੀ-ਹੌਲੀ ਅੱਧਾ ਕੱਟਿਆ ਜਾਂਦਾ ਹੈ ਅਰ ਲਹੂ ਨੂੰ ਸਰੀਰ ਵਿੱਚੇ ਰੋਕਣ ਹਿਤ ਯਤਨ ਕਰਕੇ ਜਾਨਵਰ ਨੂੰ ਤੜਫਾਇਆ ਜਾਂਦਾ ਹੈ। ਕਿਉਂਕਿ ਬਾਹਰ ਨਿਕਲਿਆ ਲਹੂ ਹਰਾਮ ਸਮਝੀਦਾ ਹੈ।

---

੧ ਮੁਸਲਮਾਨਾਂ ਵਿੱਚ 'ਹਲਾਲ' ਤੇ 'ਹਰਾਮ' ਦੋ ਸ਼ਬਦ ਪਰਵਿਰਤ ਹਨ, ਜਿਨ੍ਹਾਂ ਤੋਂ ਭਾਵ ਆਪਣੀ ਸ਼ਰ੍ਹਾ ਅਨੁਸਾਰ ਜ਼ਿਬ੍ਹਾ ਕੀਤੇ ਗਏ ਮਾਸ ਨੂੰ 'ਹਲਾਲ' ਕਹਿੰਦੇ ਹਨ ਤੇ ਉਸ ਤੋਂ ਉਲਟ ਕਿਸੇ ਹੋਰ ਢੰਗ ਨਾਲ ਮਾਰੇ ਗਏ ਨੂੰ 'ਹਰਾਮ'। ਹਲਾਲ ਦੇ ਅਰਥ ਅਸਲੋਂ 'ਹੱਕ ਦੀ ਕਮਾਈ' ਤੇ 'ਹਰਾਮ' ਦੇ ਅਰਥ "ਅਯੋਗ ਕਮਾਈ" ਭਾਵ ਅਭੱਖ ਵਸਤੂ ਤੋਂ ਹੈ, ਧਰਮ ਅਨੁਸਾਰ ਜਿਸ ਦਾ ਵਰਤਣਾ ਯੋਗ ਹੈ, ਉਹੀ ਹਲਾਲ ਹੈ, ਗੁਰਵਾਕ ਹੈ :-
"ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥" (ਵਾਰ ਮਾਝ ਮ: ੧, ਪੰਨਾ ੧੪੧) ਅਰਥਾਤ ਜੋ ਚੀਜ਼ ਪਰਾਈ ਅਥਵਾ ਬੇ-ਹੱਕੀ ਹੈ, ਉਸ ਨੂੰ ਸ਼ਰ੍ਹਾ ਅਨੁਸਾਰ ਜ਼ਿਬ੍ਹਾ ਕਰਕੇ ਅਥਵਾ ਲੁੱਟ-ਮਾਰ ਕਰਕੇ "ਹਲਾਲ" ਕਹਿਣਾਂ ਅਯੋਗ ਹੈ। ਕਬੀਰ ਜੀ ਨੇ ਵੀ ਫੁਰਮਾਇਆ ਹੈ:-
"ਕਬੀਰ ਜੀਅ ਜੁ ਮਾਰਹਿ ਜੋਰ ਕਰਿ ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨ ਹਵਾਲੁ ॥" (ਪੰਨਾ ੧੩੭੫) ਭਾਵ ਜ਼ੋਰ ਜ਼ਬਰ ਦਾ ਨਾਮ ਹਲਾਲ ਨਹੀਂ ਹੈ। ਹਲਾਲ ਅਸਲੋਂ "ਹੋਇ ਹਲਾਲੁ ਲਗੈ ਹਕਿ ਜਾਇ ॥" (ਵਾਰ ਰਾਮਕਲੀ ਮ: ੧, ਪੰਨਾ ੯੫੬) ਅਨੁਸਾਰ ਦਸਾਂ ਨੌਹਾਂ ਦੀ ਕਿਰਤ ਹੀ ਹੋ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਭਾਵੇਂ ਹੋਰ ਭੀ ਕਈ ਬੇਰਹਿਮ ਲੋਗ ਕੱਛੂ, ਗੋਹਾਂ ਆਦਿ ਨੂੰ ਜ਼ਿੰਦਾ ਹੀ ਅੱਗ ਵਿਚ ਭੁੰਨ ਕੇ ਖਾਂਦੇ ਅਤੇ ਚੀਨ ਦੇਸ ਆਦਿਕਾਂ ਦੇ ਬੁੱਚੜਖਾਨਿਆਂ ਵਿਚ ਭੀ ਬੁਰੀ ਤਰ੍ਹਾਂ ਜਾਨਵਰਾਂ ਨੂੰ ਕੋਂਹਦੇ ਹਨ। ਪਰ ਸ਼ਰ੍ਹਾ ਦਾ ਮਾਸ ਖਾਸ ਤੌਰ ਤੇ ਇਸ ਲਈ ਕੁੱਠਾ ਮੰਨਿਆ ਗਿਆ ਹੈ ਕਿ ਇਹ ਬੇਰਹਿਮੀ ਤੇ ਜ਼ੋਰ ਜ਼ਬਰ ਦਾ ਨਾਮ ਹਲਾਲ (ਨੇਕ ਜਾਂ ਯੋਗ ਕਮਾਈ) ਧਰ ਛੱਡਿਆ ਹੈ, ਪ੍ਰੰਤੂ ਇਹ ਹਲਾਲ ਦਾ ਤਰੀਕਾ ਰਹਿਮ-ਦਿਲ ਲਈ ਤੜਫਾ ਦੇਣ ਵਾਲਾ ਹੈ, ਅਰਥਾਤ ਰਹਿਮ-ਦਿਲ ਲਈ ਜ਼ਰੂਰੀ ਹੈ, ਕਿ 'ਦੂਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥' (ਗਉੜੀ ਮ: ੫, ਪੰਨਾ ੩੨੨) ਪੁਨਾ 'ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ ॥' (ਆਸਾ ਮ: ੧, ਪੰਨਾ ੪੬੮) ਸੋ ਦਯਾ (ਰਹਿਮ) ਕਰਨਾ ਇਨਸਾਨੀ ਫਰਜ਼ ਹੈ, ਦਯਾ ਤੋਂ ਬਿਨਾਂ ਹਰ ਕੋਈ ਕਸਾਈ ਦਰਜਾ ਰਖਦਾ ਹੈ, ਭਾਂਡੇ ਕੁੱਠੇ ਮਾਸ ਦਾ ਤਰੀਕਾ ਦਯਾ-ਹੀਣ ਤੇ ਬੇਰਹਿਮੀ ਦਾ ਹੈ, ਬਲਕਿ ਜਿਸ ਮਾਸ ਪਰ ਜੀਵ ਦੀਆਂ ਚਾਂਗਰਾਂ ਤੇ ਤਰਲੇ ਅਰ ਆਹਾਂ ਦਾ ਅਸਰ ਹੈ, ਉਹ ਅਭੱਖਸ਼[2] (ਨਾ ਖਾਣ ਯੋਗ) ਵਸਤੂ ਹੈ।

ਬੇਸ਼ਕ ਹਰ ਮਜ਼ਹਬ ਅੰਦਰ ਰਹਿਮ ਜਾਂ ਦਯਾ ਦਾ ਕੋਈ ਵਜ਼ਨ ਮੰਨੀਦਾ ਹੈ, ਪਰੰਤੂ ਕਿਸੀ ਜਨੌਰ ਦਾ ਗਲਾ ਕੱਟਣ ਲਈ ਉਸ ਦੇ ਨਿਯਮ ਪ੍ਰਤੱਖ ਦੱਸਦੇ ਹਨ ਕਿ ਇਸ ਵਿਚ ਕਿਤਨੀ ਬੇਰਹਿਮੀ ਹੈ। ਬੇਸ਼ਕ ਕਿਸੀ ਜੀਵ ਨੂੰ ਮਾਰਨਾ ਤਾਂ ਇਕੋ ਅਰਥ ਰਖਦਾ ਹੈ, ਪ੍ਰੰਤੂ ਤਰੀਕੇ ਅੰਦਰ ਬਹੁਤ ਭੇਦ ਹੁੰਦੇ ਹਨ, ਜੈਸਾ ਕਿ ਕਿਸੀ ਜਨੌਰ ਦਾ ਇਕਦਮ ਗਲਾ ਕੱਟਣਾ ਜਾਂ ਹੌਲੀ-ਹੌਲੀ ਜ਼ਿਬ੍ਹਾ ਕਰਨ ਵਿਚ ਬਹੁਤ ਹੀ ਫਰਕ ਹੈ ਅਰ ਚਿੱਤ ਪਰ ਉਸ ਦਾ ਜ਼ਰੂਰ ਅਸਰ ਪੈਂਦਾ ਹੈ।

ਕੁੱਠੇ ਮਾਸ ਸਬੰਧੀ ਗੁਰੂ ਜੀ ਨੇ ਇਸ ਤਰ੍ਹਾਂ ਨਿਰਨਯ ਕੀਤਾ ਹੈ:—

**ਯਥਾ 'ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ**

---

੨. ਗੁਰਵਾਕ ਹੈ, "ਅਭਾਖਿਆ ਕਾ ਕੁਠਾ ਬਕਰਾ ਖਾਣਾ ॥" ਇਸ ਵਿੱਚ ਬ੍ਰਾਹਮਣਾਂ ਪ੍ਰਤੀ ਉਪਦੇਸ਼ ਹੈ ਕਿ ਕੁੱਠਾ ਮਾਸ ਖਾ ਕੇ ਬ੍ਰਾਹਮਣਾਂ ਦੇ ਅਸੂਲ ਨਹੀਂ ਰਹਿ ਸਕਦੇ, ਅਰ ਦਇਆ ਦਾ ਪ੍ਰਚਾਰ ਅਲੋਪ ਹੁੰਦਾ ਹੈ।

ਹਿੰਦੂ ਲੋਕ ਜੀਵ ਦਇਆ ਦੇ ਵੱਡੇ ਹਾਮੀ ਹਨ, ਪਰ ਬਾਮ ਮਾਰਗੀਆਂ ਨੇ ਇਨ੍ਹਾਂ ਵਿੱਚ ਮਾਸ ਦਾ ਪ੍ਰਚਾਰ ਹੱਦੋਂ ਵੱਧ ਕਰ ਦਿਤਾ ਹੈ।

ਸ਼ਾਹ ਅਕਬਰ ਨੇ ਆਪਣੀ ਮਿੱਠੀ ਨੀਤੀ ਨਾਲ ਹਿੰਦੂਆਂ ਵਿੱਚ ਕੁੱਠੇ ਮਾਸ ਦਾ ਪ੍ਰਚਾਰ ਕਰਕੇ ਹਿੰਦੂ ਨੇਮਾਂ ਤੋਂ ਬਹੁਤ ਗਿਰਾ ਦਿਤੇ ਹਨ, ਏਹੀ ਕਾਰਨ ਹੈ ਕਿ ਹਿੰਦੂ ਲੋਕ ਮੁਸਲਮਾਨਾਂ ਪਾਸੋਂ ਕੁੱਠਾ ਮਾਸ ਖ੍ਰੀਦ ਕੇ ਖਾ ਲੈਂਦੇ ਹਨ। ਹਿੰਦੂ ਸਮਝਦੇ ਹਨ ਕਿ ਪਾਪ ਕੱਟਣ ਵਾਲੇ ਨੂੰ ਲੱਗਦਾ ਹੈ ਖਾਣ ਵਾਲੇ ਬਰੀ ਹਨ, ਪਰ ਇਹ ਉਲਟੀ ਮੱਤ ਹੈ, ਕੱਟਣ ਵਾਲਾ ਆਪਣਾ ਵਪਾਰ ਜਾਂ ਪ੍ਰਚਾਰ ਸਮਝਦਾ ਹੈ, ਜੇ ਖਾਣ ਵਾਲੇ ਨਾ ਲੈਣ, ਓਹ ਕੱਟੇ ਹੀ ਕਿਉਂ ?

Sri Satguru Jagjit Singh Ji eLibrary NamdhariElibrary@gmail.com

**ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੇ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥**

*(ਰਾਗ ਆਸਾ, ਵਾਰ ਮ: ੧, ਪੰਨਾ ੪੭੧)*

ਇਸ ਸ਼ਬਦ ਵਿਚ ਸੁੱਚਤਾ ਦਾ ਨਿਰਣਯ ਕਰਨ ਹਿਤ ਧਰਮ ਆਗੂ ਕਹੇ ਜਾਂਦੇ ਬ੍ਰਾਹਮਣ ਤੇ ਕਾਜ਼ੀਆਂ ਨੂੰ ਸੰਬੋਧਨ ਕਰਕੇ ਕੁੱਠੇ ਮਾਸ ਦਾ ਨਿਰਣਯ ਕੀਤਾ ਹੈ ਕਿ ਤੁਹਾਡੀ ਕੁਰਬਾਨੀ ਜਾਂ ਜ਼ਿਬ੍ਹੇ ਕਰਨ ਦੇ ਤਰੀਕੇ ਭਾਰੀ ਬੇਰਹਿਮੀ ਦੇ ਹਨ ਅਰ ਇਹ ਅਭੱਖਸ਼ ਵਸਤੂ ਹੈ। ਮਿਸਾਲ ਦੇ ਤੌਰ ਪਰ ਦੇਖੋ ! ਕਿ ਵੱਢੀਖ਼ੋਰੇ ਕਾਜ਼ੀ ਰੱਬ ਅੱਗੇ ਤਾਂ ਨਿਵਾਜ਼ਾਂ ਗੁਰਜ਼ਾਰਦੇ ਹਨ, ਪਰ ਦਾਨ ਦੀਆਂ ਛੁਰੀਆਂ ਮਾਰਨ ਵਾਲੇ ਪੰਡਤ, ਪਾਂਡੇ ਮੰਦਰਾਂ ਅੰਦਰ ਕਸਾਈਖ਼ਾਨੇ[3] ਬਣਾਈ ਬੈਠੇ ਹਨ, ਪਰ ਗਲੇ ਵਿਚ ਸੂਤ ਦਾ ਜੰਞੂ ਘੱਤ ਕੇ ਧਰਮੀ ਬਣਦੇ ਹਨ। ਵੱਢੀਖੋਰਾਂ ਦੇ ਘਰਾਂ ਵਿਚ ਦਾਨ ਲੈਣ ਦੇ ਬਹਾਨੇ ਸੰਖ ਪੂਰਦੇ ਹਨ। ਜਿਸ ਖਾਣੇ ਤੋਂ [4]ਬੇਈਮਾਨੀ ਜਾਂ ਵੱਢੀਖੋਰੀ ਦਾ ਸੁਆਦ ਹੋਵੇ ਉਸ ਦੇ ਅਸਰ ਨਾਲ ਬੁਧੀ ਭਰਿਸ਼ਟ ਹੋ ਜਾਂਦੀ ਹੈ, ਅਸਲੋਂ ਇਹ ਹਰਾਮ ਖਾਣ ਦੇ ਤਰੀਕੇ ਹਨ। ਪੁਨਾ ਇੱਕਰ ਦੇ ਕਰਤੱਬ ਧਰਮ ਨਹੀਂ ਬਲਕਿ ਝੂਠੀ ਰਾਸ ਤੇ ਝੂਠ ਦੇ ਵਪਾਰ ਹਨ, ਜਿਸ ਕਰਕੇ ਝੂਠ ਬੋਲਣਾ ਅਰ ਬੇਈਮਾਨੀ ਕਰਨੀ ਅਹਾਰ ਬਣ ਰਿਹਾ ਹੈ, ਜਿਸ ਦਾ ਨਾਮ ਹਲਾਲ ਦੱਸੀਦਾ ਹੈ, ਤਾਂਤੇ ਇਨ੍ਹਾਂ ਧਰਮ ਪ੍ਰਚਾਰਕਾਂ ਪਾਸ ਧਰਮ ਸ਼ਰਮ ਕਿਥੇ ਰਹੇ, ਜਿਥੇ ਕਿ ਝੂਠ ਦੀ ਪ੍ਰਧਾਨਗੀ ਹੋਵੇ ? ਪਾਂਡੇ, ਪੰਡਿਤ, ਬ੍ਰਾਹਮਣ ਆਦਿ ਮੱਥੇ ਟਿੱਕੇ ਲਾ ਕੇ ਹਿੰਦੂ ਚਿੰਨ੍ਹ ਅਨੁਸਾਰ ਧੋਤੀ ਕੱਸਦੇ ਹਨ ਤੇ ਦਾਨ ਲਈ ਹੱਥਾਂ ਵਿਚ ਲੁਟਣ ਰੂਪੀ ਛੁਰੀਆਂ ਲੈ ਕੇ ਜਗਤ ਕਸਾਈ ਬਣ ਰਹੇ

---

੩. ਦੇਵੀਆਂ ਦੇ ਮੰਦਰ ਅੱਗੇ ਬੱਕਰੇ, ਝੋਟੇ ਕੱਟਣੇ, ਮਸੀਤਾਂ ਅੱਗੇ ਖ਼ੁਦਾ ਨੂੰ ਕੁਰਬਾਨੀ ਦੇਣ ਦੇ ਬਹਾਨੇ ਗਊਆਂ, ਦੁੰਬੇ, ਊਠ, ਬੱਕਰੇ ਮਾਰਨੇ ਅਧਰਮ ਹੈ।

੪. ਅਸਲੋਂ ਜੋ ਵਿਵਰਜਿਤ ਯਾ ਨਿਸ਼ੇਧ ਚੀਜ਼ ਹੈ, ਉਹੀ ਹਰਾਮ ਹੈ, ਉਸ ਦੇ ਖਾਣ ਵਾਲਾ ਹਰਾਮ-ਖੋਰ ਜਾਂ ਬੇਈਮਾਨ ਕਿਹਾ ਜਾਂਦਾ ਹੈ, ਜਿਹਾ ਕਿ ਗੁਰਵਾਕ ਹੈ, "ਅਸੰਖ ਚੋਰ ਹਰਾਮਖੋਰ" ਲੂਣ-ਹਰਾਮੀ ਨੂੰ ਵੀ ਹਰਾਮਖੋਰ ਕਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਹਨ। ਦੂਜੇ ਪਾਸੇ ਧਰਮ ਆਗੂ ਕਾਜ਼ੀ, ਮੁੱਲਾਂ, ਮੁਲਾਣੇ ਨੀਲੇ ਕਾਲੇ ਤੰਬੇ ਚੋਗੇ ਆਦਿ ਪਾ ਕੇ ਵੱਢੀਆਂ ਖਾਂਦੇ ਹੋਏ ਪ੍ਰਧਾਨ ਬਣੇ ਫਿਰਦੇ ਹਨ ਅਰ ਹਰਾਮ ਦਾ ਖਾਣ ਲਈ ਬ੍ਰਾਹਮਣੀ ਭੇਸ ਧਾਰ ਕੇ ਉਨ੍ਹਾਂ ਦੇ ਦਰਾਂ ਪਰ ਮੰਗਦੇ ਫਿਰਦੇ ਹਨ। ਪਰਮ ਸ਼ੋਕ ਹੈ, ਜਿਨ੍ਹਾਂ ਯਮਨੀਆਂ ਨੂੰ ਹਿੰਦੂ ਪੁਰਾਣ ਆਦਿ ਗ੍ਰੰਥ ਮਲੇਛ ਦੱਸਦੇ ਹਨ, ਉਨ੍ਹਾਂ ਤੋਂ ਹੀ ਦਾਨ ਲੈ ਕੇ ਪੂਜੀਦੇ ਹਨ ਅਰ ਹਿੰਦੂ ਲੋਕ [੫]ਤੁਰਕ ਮੰਤਰ ਨਾਲ ਕੋਹਿਆ ਹੋਇਆ ਕੁੱਠਾ ਮਾਸ ਖਾਂਦੇ ਹਨ।

## ਸੂਚਨਾ

ਹਿੰਦੂ ਲੋਕ ਅਕਸਰ ਦੇਰ ਤੋਂ ਕੁੱਠਾ ਮਾਸ ਹੀ ਖਾਂਦੇ ਆਉਂਦੇ ਹਨ, ਭਾਵੇਂ ਪਹਿਲੇ **ਰਾਜਪੂਤ, ਛੱਤਰੀਆਂ ਆਦਿ ਵਿਚ ਝਟਕੇ ਦਾ ਰਵਾਜ ਸੀ**, ਪਰ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਇਸ ਲਈ ਨਿਸ਼ੰਕ ਹੋ ਕੇ ਕੁਠਾ ਖਾਣ ਲੱਗ ਪਏ ਹਨ ਕਿ ਵੱਢਣ ਟੁਕਣ ਦਾ ਪਾਪ ਕੁੱਠੇ ਵਾਲਿਆਂ ਦੇ ਜ਼ੁੰਮੇ ਰਹੇਗਾ ਅਰ ਅਸੀਂ ਕੇਵਲ ਮੁੱਲ ਲੈ ਕੇ ਖਾਣ ਵਾਲੇ ਹਾਂ, ਇਸ ਤਰ੍ਹਾਂ ਪਾਪਾਂ ਤੋਂ ਬਰੀ ਰਹਾਂਗੇ, ਪਰ ਅਸਲੋਂ ਸ਼ਾਹ ਅਕਬਰ ਦੀ ਇਹ ਨੀਤੀ ਹਿੰਦੂਆਂ ਨੂੰ ਕੁੱਠਾ ਮਾਸ ਖੁਵਾ ਕੇ ਗੁਝੇ ਤ੍ਰੀਕੇ ਨਾਲ ਆਪਣੇ ਨਾਲ ਰਲਾਉਣ ਦੀ ਸੀ, ਕਿਉਂਕਿ ਕਤੇਬੀ ਮਤ ਦੀ ਸ਼ਰ੍ਹਾ ਅਨੁਸਾਰ ਕਲਮਾ ਪੜ੍ਹ ਕੇ ਜ਼ਿਬ੍ਹਾ ਕੀਤਾ ਗਿਆ ਮਾਸ ਖਾਣਾ ਮੁਸਲਮਾਨੀ ਮਤ ਗ੍ਰਹਿਣ ਕਰਨ ਦਾ ਤ੍ਰੀਕਾ ਹੈ, ਅਰਥਾਤ ਕੁੱਠਾ ਖਾਣ ਵਾਲਾ ਮੋਮਨ ਸਮਝਿਆ ਜਾਂਦਾ ਹੈ, ਤਾਂਤੇ ਕੁੱਤਾ ਖਾਣ ਵਾਲਾ ਸ਼ਰ੍ਹਾ ਮੂਜਬ ਮੁਸਲਮਾਨ ਹੈ।

ਬਾਦਸ਼ਾਹ ਅਕਬਰ ਨੇ ਹਿੰਦੂ ਕੌਮ ਨੂੰ ਹਮੇਸ਼ਾ ਵਾਸਤੇ ਗੁਲਾਮ ਤੇ ਪਤਤ ਕਰਨ ਲਈ ਚੰਗਾ ਸਾਧਨ ਸੋਚਿਆ ਸੀ। ਇਹੀ ਕਾਰਨ ਹੈ ਕਿ ਹਿੰਦੂ ਰਾਜਸੀ ਗੁਲਾਮੀ ਤੋਂ ਬਿਨਾਂ ਮਜਲਸੀ ਗੁਲਾਮੀ ਭੀ ਖੁਸ਼ੀ ਨਾਲ ਕਬੂਲ ਕਰਦੇ ਹਨ। ਸ਼ੋਕ! ਇਨ੍ਹਾਂ ਨੂੰ ਕੁਠਾ ਮਾਸ ਖਾਣ ਵਲੋਂ ਹਾਲ ਤੀਕਰ ਭੀ ਪੱਕਾ ਪ੍ਰਹੇਜ਼ ਨਹੀਂ ਹੈ।

ਇਸ ਪਰ ਗੁਰੂ ਸਾਹਿਬ ਜੀ ਟੀਕਾ-ਟਿੱਪਣੀ ਕਰਦੇ ਹਨ, ਕਿ ਕੁੱਠਾ ਖਾਣੇ ਪੰਡਤ ਆਦਿ ਚੌਂਕੇ ਦੀ ਰਾਖੀ ਲਈ ਤਾਂ ਇਤਨੇ ਹੰਕਾਰੀ ਸ਼ੇਰ ਹਨ ਕਿ ਕਾਰਾਂ ਕੱਢ ਕੇ ਪ੍ਰਸ਼ਾਦੇ ਛਕਦੇ ਹੈਨ ਤੇ ਚੌਂਕੇ ਵਿਚ ਕਿਸੀ ਨੂੰ ਦਾਖਲ ਨਹੀਂ ਹੋਣ ਦਿੰਦੇ, ਪਰ ਕੀ ਇਹ ਸ਼ਰਮ ਦੀ ਬਾਤ ਨਹੀਂ ਕਿ ਉਸੀ ਚੌਂਕੇ ਵਿਚ ਕੁੱਠਾ ਮਾਸ ਖਾਣਾ?

੫. ਮੁਸਲਮਾਨੀ ਸ਼ਰ੍ਹਾ ਅਨੁਸਾਰ ਜਾਨਵਰ ਨੂੰ ਮਾਰਨ ਵੇਲੇ ਕਲਮਾਂ ਯਾ ਅੱਲਾ ਹੂ ਅਕਬਰ ਆਦਿ ਤੁਰਕ ਮੰਤ੍ਰ ਪੜ੍ਹਿਆ ਜਾਂਦਾ ਹੈ। ਜੇ ਕੋਈ ਰਾਮ ਆਦਿ ਕਹਿ ਕੇ ਜਾਨਵਰ ਮਾਰ ਦੇਵੇ ਤਾਂ ਹਰਾਮ ਮੰਨਿਆ ਜਾਂਦਾ ਹੈ। ਕੁੱਠਾ ਖਾਣ ਵਾਲੇ ਹਿੰਦੂ, ਹਿੰਦੂ ਮਰਯਾਦਾ ਅਨੁਸਾਰ ਆਪਣੇ ਧਰਮ ਥੀਂ ਪਤਿਤ ਸਿੱਧ ਹੁੰਦੇ ਹਨ। ਜਾਂ ਇਉਂ ਮੰਨੋ ਕਿ ਹਿੰਦੂ ਮਰਯਾਦਾ ਤੋਂ ਬੇ-ਮੁਖ ਹਨ। ਮੋਟੇ ਅਰਥਾਂ ਵਿੱਚ ਹਿੰਦੂ ਗੈਰਤ ਇਸਲਾਮੀ ਮਤ ਦਾ ਸਦਕਾ ਖਤਮ ਹੋ ਚੁਕੀ ਜਾਪਦੀ ਹੈ।

Sri Satguru Jagjit Singh Ji eLibrary NamdhariElibrary@gmail.com

ਤਾਂਤੇ ਐਸੇ ਚੌਂਕੇ ਝੂਠੇ ਅਰ ਪਖੰਡ ਦੇ ਹਨ। ਕੁੱਠਾ ਖਾਣੇ ਹਿੰਦੂ ਲੋਕ ਕਿਵੇਂ ਸੂਚਾਚਾਰੀ ਬਣ ਸਕਦੇ ਹਨ ? ਲੋਕਾਂ ਨੂੰ ਕਹਿਣਾ ਕਿ ਦੇਖਣਾ ਲੋਕੋ ! ਕਿਤੇ ਸਾਡਾ ਚੌਂਕਾ ਨਾ ਭਿੱਟ ਦੇਣਾ, ਜਿਸ ਤੋਂ ਸਾਡਾ ਅੰਨ ਭ੍ਰਿਸ਼ਟ ਹੋ ਜਾਵੇਗਾ, ਪਰ ਸੁੱਚੇ ਚੌਂਕੀਆਂ ਦਾ ਮਨ ਤਾਂ ਵਿਕਾਰਾਂ ਨਾਲ ਫਿੱਟਿਆ ਪਿਆ ਹੈ। ਬਾਹਰੋਂ ਲੋਕ-ਦਿਖਾਵੇ ਲਈ ਮੂੰਹ ਸੁੱਚਾ ਕਰਨ ਹਿਤ ਪਾਣੀ ਦੀਆਂ ਕੁਰਲੀਆਂ ਹੁੰਦੀਆਂ ਹਨ। ਸੋ ਜਦ ਮਨ ਜੂਠਾ ਹੈ, ਪਾਣੀ ਨਾਲ ਮਨ ਕਿਵੇਂ ਪਵਿੱਤ੍ਰ ਹੋਵੇਗਾ ? ਸਤਿਗੁਰੂ ਜੀ ਫੁਰਮਾਉਂਦੇ ਹਨ, 'ਹੇ ਦਿਖਾਵੇ ਦੇ ਪੰਡਤੋ ! ਕਾਜੀਓ ! ਪਖੰਡ ਛੱਡ ਕੇ ਕਰਤਾਰ ਦਾ ਧਿਆਨ ਕਰੋ ! ਤਾਂਕਿ ਤੁਹਾਡਾ ਤਨ ਮਨ ਸਾਫ ਹੋਵੇ। ਕਿਉਂਕਿ ਮਨ ਦੀ ਸੁੱਚਤਾ ਨਾਲ ਹੀ ਸੱਚਾ ਕਰਤਾਰ ਮਿਲਦਾ ਹੈ, ਨਹੀਂ ਤਾਂ 'ਮਨਿ ਮੈਲੈ ਸਭੁ ਕਿਛੁ ਮੈਲਾ' ਦਸ਼ਾ ਵਰਤਦੀ ਹੈ। ਉਕਤ ਸ਼ਬਦ ਤੋਂ ਸਾਫ ਸਿੱਧ ਹੈ ਕਿ ਗੁਰਮਤਿ ਕਸੌਟੀ ਅੱਗੇ ਕੁਠਾ ਮਾਸ (ਹਲਾਲ) ਅਭੱਖਸ਼ ਵਸਤੂ ਹੈ। ਤੁਰਕ ਮੰਤ੍ਰ (ਕਲਮਾ) ਪੜ੍ਹ ਕੇ ਜ਼ਿਬ੍ਹਾ ਕੀਤਾ ਮਾਸ ਖਾਣ ਵਾਲੇ ਲਈ ਓਹੀ ਅਸਰ ਕਰਦਾ ਹੈ, ਜਿਸ ਲਈ ਕਿ ਕਲਮਾ ਬਣਿਆ ਹੈ। ਪ੍ਰੰਤੂ ਗੁਰੂ ਸਿਧਾਂਤ ਹੈ, "ਹਕੁ ਹਲਾਲੁ ਬਖੋਰਹੁ ਖਾਣਾ॥' ਤਾਂਤੇ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀਂ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ **ਮਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ** ॥ ਨਾਨਕ ਗਲੀਂ ਕੂੜੀਈ ਕੂੜੋ ਪਲੈ ਪਾਇ ॥" (ਵਾਰ ਮਾਝ ਮ: ੧, ਪੰਨਾ ੧੪੧)

ਸੋ ਉਕਤ ਸ਼ਬਦ ਵਿਚ ਹਲਾਲ ਮਾਸ ਦਾ ਚੰਗੀ ਤਰ੍ਹਾਂ ਖੰਡਨ ਕੀਤਾ ਹੈ। ਅਸਲੋਂ ਹੱਕ ਦੀ ਕਮਾਈ ਦਾ ਨਾਮ ਹੀ ਹਲਾਲ ਹੈ, ਇਸੇ ਤਰ੍ਹਾਂ ਨਿਹੱਕੀ ਦਾ ਨਾਮ ਹਰਾਮ ਹੈ। ਗੁਰਮਤਿ ਕਸੌਟੀ ਅੱਗੇ ਜੇ ਹਿੰਦੂ ਪਰਾਇਆ ਹੱਕ ਚੁਰਾ ਖਾਵੇ, ਇਹ ਗਊ ਸਦਰਸ਼ ਹੈ ਅਰ ਮੁਸਲਮਾਨ ਲਈ ਪਰਾਇਆ ਹੱਕ ਖੋਹ ਕੇ ਖਾਣਾ ਸੂਰ ਦਸਰਸ਼ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰਮਤਿ ਕਸੌਟੀ ਅੱਗੇ ਹਿੰਦੂ ਹੋਵੇ, ਖ੍ਵਾਹ ਈਸਾਈ, ਮੂਸਾਈ ਆਦਿ ਹੋਵੇ, ਰਹਿਮ ਕਰਨ ਦਾ ਅਸੂਲ ਸਭ ਲਈ ਸਾਂਝਾ ਹੈ, ਤਾਂਤੇ ਜਿਤਨੇ ਭੀ ਬੇਰਹਿਮੀ ਨਾਲ [੬]ਕੁੱਠੇ ਕਰਨ ਦੇ ਤਰੀਕੇ ਹਨ, ਸਭ ਨਿੰਦਕ ਹਨ ਅਰ ਉਹ ਅਭੱਖਸ਼ ਮਾਸ ਹਨ।

---

੬. ਕੁੱਠਾ ਮਾਸ ਮਨੁੱਸ਼ ਮਾਤ੍ਰ ਲਈ ਬੇਰਹਿਮੀ ਦਾ ਪ੍ਰਚਾਰ ਹੈ। ਚੀਨ ਬਰਮਾਂ ਆਦਿ ਦੇਸ਼ਾਂ ਵਿਖੇ ਅੱਜ-ਕੱਲ੍ਹ ਦੇ ਬੋਧੀ ਜਿਸ ਤ੍ਰੀਕੇ ਨਾਲ ਜਾਨਵਰ ਕੱਟਦੇ ਹਨ, ਓਹ ਭੀ ਕੁੱਠੇ ਦੀ ਨਕਲ ਹੈ। ਬੁੱਧ ਮਤ ਦਾ ਅਸੂਲ ਜਾਨਵਰ ਮਰਨ ਤੋਂ ਵਿਰੁੱਧ ਹੈ, ਪਰ ਇਹ ਲੋਕ ਮੁਸਲਮਾਨੀ ਪ੍ਰਚਾਰ ਨਾਲ ਜਾਨਵਰ ਮਾਰ ਕੇ ਮਾਸ ਖਾਣਾ ਸਿੱਖੇ ਹਨ। ਤਿੰਨ ਚਾਰ ਸੌ ਸਾਲ ਤੋਂ ਪਹਿਲਾਂ ਇਹ ਮਾਸ ਖਾਣ ਲਈ ਜੀਵਾਂ ਨੂੰ ਨਹੀਂ ਮਾਰਦੇ ਸਨ, ਮੁਰਦੇ ਜੀਵ ਬੇਸ਼ਕ ਖਾਂਦੇ ਹੋਣ।

Sri Satguru Jagjit Singh Ji eLibrary NamdhariElibrary@gmail.com

# ਮਾਸ ਤੇ ਪਾਖੰਡ

**ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥**

*(ਵਾਰ ਮਲਾਰ ਮ: ੧, ਪੰਨਾ ੧੨੮੯)*

ਭਾਵ ਜੋ ਪਾਖੰਡੀ ਮਾਸ ਤੋਂ ਨੱਕ ਵੱਟ ਕੇ ਵੈਸ਼ਨੋ ਜੈਨੀ ਆਦਿ ਪੁਣਾ ਜਤੌਂਦੇ ਹਨ (ਜੀਵ ਹਿੰਸਕ) ਉਹ ਸੋਚਣ ਕਿ ਪਹਿਲੇ ਤਾਂ ਮਨੁੱਖ ਦੀ ਉਤਪਤੀ ਗਰਬਾਧਾਨ ਸੇ ਮਾਸ ਤੋਂ ਹੈ, ਫਿਰ ਗਰਭ ਸਥਾਨ ਅੰਦਰ ਜੀਵ ਦਾ ਵਾਸਾ ਹੁੰਦਾ ਹੈ, ਅਰ ਕਰਤਾਰ ਨੇ ਜੀਵ ਨੂੰ ਮਾਸ ਵਿਚ ਪਾ ਕੇ ਮੁਖ ਵੀ ਮਾਸ ਦਾ ਰਚਿਆ ਹੈ, ਬਲਕਿ ਸਾਰਾ ਅਸ਼ਟ ਧਾਂਤੀ ਸਰੀਰ, ਹੱਡ, ਚੰਮ, ਲਹੂ, ਮਿੱਝ ਆਦਿ ਅਰਥਾਤ ਮਾਸ ਦਾ ਹੈ। ਫਿਰ ਗਰਭ ਅਸਥਾਨ ਤੋਂ ਨਿਕਲ ਕੇ ਬਾਹਰ ਭੀ ਮਾਤਾ ਦਾ ਮੰਮਾ (ਦੂਧੀ) ਭੀ ਮਾਸ ਚੁੰਘਣੇ ਨੂੰ ਮਿਲਿਆ ਅਤੇ ਚੁੰਘਣੇ ਵਾਲਾ ਮੂੰਹ ਵੀ ਮਾਸ ਦਾ ਹੀ, ਜਿਹਵਾ ਵੀ ਮਾਸ ਦੀ। ਭਾਵ ਕੀ ਜੀਵ ਦੇ ਚੁਗਿਰਦੇ ਮਾਸ ਹੀ ਮਾਸ ਹੈ, ਤਾਂਤੇ ਮਾਸ ਤੇ ਨੱਕ ਚੜ੍ਹਾ ਕੇ [1]ਵੈਸ਼ਨਵ ਪੁਣਾ ਕਿਵੇਂ ਰਹਿ ਸਕਦਾ ਹੈ ? ਇਥੇ ਹੀ ਬੱਸ ਨਹੀਂ, ਵਿਆਹ ਭੀ ਮਾਸ ਦੇ ਸਰੀਰ (ਇਸਤ੍ਰੀ) ਨਾਲ ਹੋਇਆ, ਭਾਵ ਮਾਸ ਨਾਲ ਮਾਸ ਦਾ ਸਬੰਧ ਹੈ। ਮਾਸ ਤੋਂ ਮਾਸ ਅਰਥਾਤ ਸੰਤਾਨ ਉਪਜਦੀ ਹੈ। ਇਸ ਤਰ੍ਹਾਂ ਸਾਰੇ ਸਨਬੰਧੀਆਂ ਦੇ ਸਰੀਰ ਭੀ ਮਾਸ ਦੇ ਹਨ, ਤਾਂਤੇ ਮਾਸ ਦੇ ਝਗੜੇ ਨੂੰ ਛੱਡ ਕੇ ਗੁਰੂ ਧਾਰਨ ਕਰਦੇ ਹੋਏ ਅਕਾਲ ਪੁਰਖ ਨੂੰ ਬੁੱਝੋ, ਤਾਂਕਿ ਮਾਸ ਵੀਚਾਰ ਦੀ ਸੂਝ ਪਵੇ ਕਿ ਮਾਸ ਤਾਂ ਮਿੱਟੀ ਹੈ। ਦਰਅਸਲ ਆਪਾ-ਭਾਵ ਛੱਡਣ ਵਾਲਾ ਹੀ ਮਾਸ ਦਾ ਤਿਆਗੀ ਹੋ ਸਕਦਾ ਹੈ। ਕਿਉਂਕਿ ਆਪਾ-ਭਾਵ ਤਿਆਗੇ ਬਿਨਾਂ ਮਾਸ ਤੋਂ ਛੁਟਕਾਰਾ ਨਹੀਂ ਹੋ ਸਕਦਾ। ਤਾਂਤੇ ਗਿਆਨ ਵੀਚਾਰ ਤੋਂ ਬਾਹਰ ਮਾਸ ਪਰ ਝਗੜਨਾ ਫਜ਼ੂਲ ਹੈ। ਮਾਸ ਨਾ ਖਾਣ ਕਰਕੇ ਵੈਸ਼ਨਵ ਜਾਂ ਜੈਨੀ ਆਦਿ ਧਰਮੀ ਕਹਿਣਾ ਅਗਿਆਨਤਾ ਹੈ ਅਰ ਨਾ ਹੀ ਇਹ [2]ਵੈਸ਼ਨਵ ਪੁਣਾ ਹੈ।

---

੧. ਗੁਰਮਤਿ ਵਿਖੇ ਐਸੀ ਜੀਵ ਅਹਿੰਸਾ ਦਾ ਖੰਡਣ ਹੈ, ਜਿਹਾ ਕਿ ਜੈਨੀ ਵੈਸ਼ਨਵ ਆਦਿ ਰੱਖਦੇ ਹਨ, ਜੂੰਆਂ ਨਾ ਮਾਰੋ, ਅਸ਼ਨਾਨ ਨਾ ਕਰੋ, ਮੂੰਹ ਪਰ ਪੱਟੀ ਰਖੋ। ਮਾਸ ਖਾਣ ਵਾਲੇ ਨਰਕਾਂ ਨੂੰ ਜਾਣਗੇ। ਮਾਸ ਖਾਣ ਵਾਲੇ ਪਾਸੋਂ ਦਾਨ ਨਾ ਲਵੋ ਆਦਿ।

੨. ਗੁਰਮਤਿ ਅਨੁਸਾਰ ਵੈਸ਼ਨਵ ਉਹੀ ਹੋ ਸਕਦਾ ਹੈ, ਜਿਸ ਪਰ ਕਰਤਾਰ ਦੀ ਪ੍ਰਸੰਨਤਾ ਹੈ, ਯਥਾ:- "ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ" ॥ (ਸੁਖਮਨੀ ਮ: ੫) ਛੂਤ-ਛਾਤ ਦਾ ਪ੍ਰਚਾਰਕ ਵੈਸ਼ਨਵ ਦਿਖਾਵੇ ਮਾਤਰ ਹੀ ਹੋ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਮਾਸ ਸਬੰਧੀ ਦੂਜੀ ਵੀਚਾਰ

(੨) "ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ? ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥"

*(ਪੰਨਾ ੧੨੮੯)*

ਭਾਵ:-ਨਿਰਾ ਮਾਸ-ਮਾਸ ਕਹਿ ਕੇ ਨਫ਼ਰਤ ਕਰਨੀ ਅਰ ਝਗੜਨਾ ਮੂਰਖਾਂ ਦਾ ਕਰਤੱਬ ਹੈ, ਅਰਥਾਤ ਮਾਸ-ਪਾਰਟੀ ਅਰ ਘਾਸ-ਪਾਰਟੀ ਬਣਨਾ ਵੀਚਾਰ ਤੋਂ ਖਾਲੀ ਪੁਰਸ਼ਾਂ ਦਾ ਝਗੜਾ ਹੈ। ਗਿਆਨ ਵੀਚਾਰ ਤਾਂ ਇਹ ਹੈ ਕਿ ਮਾਸ ਔਰ ਸਾਗ ਕਿਹੜਾ ਹੈ ? ਕਿਉਂਕਿ ਬਨਾਸਪਤੀ ਭੀ ਜਾਨਦਾਰ ਚੀਜ਼ ਹੈ, ਤਾਂਤੇ ਪਾਪ ਅਰ ਧਰਮ ਦਾ ਵੀਚਾਰ ਮਾਸ ਅਰ ਸਾਗ ਦੇ ਨਿਰਣਯ ਤੋਂ ਨਹੀਂ ਹੋ ਸਕਦਾ, ਕਿਉਂਕਿ ਅਨੇਕ ਜੀਵ ਜੰਤੂ ਪਾਣੀ ਪੀਣੇ ਸੇ, ਸਵਾਸ ਲੈਣੇ ਤੇ, ਖੇਤੀਬਾੜੀ ਕਰਨ ਤੇ, ਚੱਲਣ, ਫਿਰਨ ਨਾਲ, ਦਾਣੇ ਖਾਣ ਤੇ ਲੱਕੜਾਂ ਫੂਕਣ ਨਾਲ ਮਰਦੇ ਹਨ ਅਰ ਰੋਟੀ ਬਨਾਉਣ ਦੇ ਧੂੰਏਂ ਨਾਲ ਤੇ ਅਗਨੀ ਦੇ ਸੇਕ ਨਾਲ ਨਸ਼ਟ ਹੋ ਜਾਂਦੇ ਹਨ, ਤਾਂਤੇ ਕਿਥੋਂ ਕਿਥੋਂ ਬਚਾਅ ਹੋਵੇਗਾ, ਜੈਸਾ ਕਿ—"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥" ਪੁਨਾ—"ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥" *(ਆਸਾ ਵਾਰ ਮ: ੧, ਪੰਨਾ ੪੭੨)*

ਹੇ ਪਖੰਡੀ ! ਪਾਂਧੇ ਪੰਡਤੋ !! ਤੁਸੀਂ ਇਹ ਤਾਂ ਸੋਚੋ, ਜਦ ਤੁਹਾਡੇ ਧਰਮ ਗ੍ਰੰਥਾਂ ਵਿੱਚ ਪਸ਼ੂ ਆਦਿ ਮਾਰ ਕੇ ਹੋਮ ਯੱਗ ਆਦਿ ਕਰਨ ਦਾ ਹੁਕਮ ਹੈ, ਭਾਵ—ਯੁਜਰ ਵੇਦ ਆਦਿ ਗ੍ਰੰਥਾਂ ਵਿਚ ਪਸ਼ੂ ਨੂੰ ਬਲੀ ਦਾਨ ਕਰਨ ਦੇ ਪ੍ਰਸੰਗ ਹਨ, ਜਿਸ ਤੋਂ [1]ਗਊਮੇਧ, ਅਜਾਮੇਧ, ਅਸੁਮੇਧ ਅਰ ਨਰਮੇਧ ਆਦਿ ਯੱਗ ਪ੍ਰਸਿੱਧ ਹਨ। ਪੁਨਾ—

੧. ਪੁਰਾਤਨ ਹਿੰਦੂ ਮਾਸ ਖਾਂਦੇ ਸਨ, ਜੰਗਾਂ ਵਿਚ ਕੁਰਬਾਨੀਆਂ ਭੀ ਦਿੰਦੇ ਸਨ, ਜਾਨਵਰ ਮਾਰਨੇ ਦਾ ਉਨ੍ਹਾਂ ਦਾ ਤਰੀਕਾ ਬੇਰਹਿਮੀ ਦਾ ਸੀ। ਸ਼ਿਕਾਰ ਤਾਂ ਆਮ ਮਾਰਦੇ ਸਨ, ਗ੍ਰੰਥ ਮਨੂ ਸਿਮ੍ਰਤੀ

*(ਬਾਕੀ ਸਫਾ ੧੬ ਉੱਤੇ)*

Sri Satguru Jagjit Singh Ji eLibrary NamdhariElibrary@gmail.com

ਲੱਖਾਂ ਬੱਕਰੇ, ਝੋਟੇ ਆਦਿ ਦੇਵ ਮੰਦਰਾਂ ਅੱਗੇ ਕੁਰਬਾਨੀ ਕਰਕੇ ਬੁੱਚੜ ਝੋਟੇ ਆਦਿ ਦੇਵ ਮੰਦਰਾਂ ਅੱਗੇ ਕੁਰਬਾਨੀ ਕਰਕੇ ਬੁੱਚੜਖਾਨਿਆਂ ਦੀ ਤਰ੍ਹਾਂ ਲਹੂ ਦੇ ਪਰਨਾਲੇ ਚਲਾਏ ਜਾਂਦੇ ਹਨ, ਤ੍ਾਂਤੇ ਸੋਚਣਾ ਇਹ ਹੈ ਕੀ ਇਹ ਧਰਮ ਹੈ ਕਿ ਅਧਰਮ ? ਭਾਵ ਜਦ ਤੁਹਾਡੇ ਮੰਨੇ ਗਏ ਧਰਮ ਗ੍ਰੰਥਾਂ ਵਿਚ ਪਸ਼ੂ ਮਾਰਨੇ ਲਿਖੇ ਹੋਣ ਔਰ ਤੁਹਾਡੇ ਦੇਵੀਆਂ ਦੇਵਤੇ ਜਨੌਰਾਂ ਦੀ ਭੇਟਾ ਲੈਣ, ਫਿਰ ਤੁਹਾਡਾ ਮਾਸ ਤੋਂ ਨੱਕ ਵੱਟਣਾ ਕੀ ਅਰਥ ਰੱਖਦਾ ਹੈ ? ਐ ਪਾਂਡਿਓ ! ਰਾਤ ਨੂੰ ਤੁਸੀਂ ਭੀ ਅਕਸਰ, ਦਿਨੇ ਮਾਸ ਛੱਡਣਾ ਦੱਸ ਕੇ ਮਨੁੱਖਾਂ ਨੂੰ ਸਾਬਤ ਨਿਗਲਦੇ ਹੋ, ਅਰਥਾਤ ਦਾਨ ਬਹਾਨੇ ਠੱਗੀਆਂ ਆਦਿ ਪਰ-ਇਸਤ੍ਰੀ ਗਾਮਤਾ, ਚੋਰੀ, ਸ਼ਰਾਬ, ਮਾਸ ਆਦਿ ਵਿਚ ਪਰਵਿਰਤ ਹੁੰਦੇ ਹੋ ! ਪਰੰਤੂ ਲੋਕ ਦਿਖਾਵੇ ਲਈ ਪਖੰਡ ਕਰਨੇ ਕਿ ਹਮ ਤੋ ਮਾਸ ਕੋ ਛੂੰਹਦੇ ਭੀ ਨਹੀਂ, ਅਸਚਰਜ ਦਸ਼ਾ ਹੈ। ਅਸਲੋਂ ਤੁਹਾਡੇ ਮਨਾਂ ਵਿਚ ਸੱਚੇ ਗੁਰੂ ਗਿਆਨ ਬਾਝੋਂ ਐਸੀ ਪਖੰਡ ਭਰੀ ਅੰਧਤਾ ਹੈ। ਨਾ ਤਾਂ ਖੁਦ ਵੀਚਾਰ ਕਰਦੇ ਹੋ ਅਰ ਨਾ ਹੀ ਸੱਚੇ ਕਥਨ ਨੂੰ ਸਮਝਦੇ ਹੋ !

ਨੋਟ—[2]ਕਤੇਬੀ ਮਤ ਵਿਚ ਭੀ ਗਊਆਂ, ਊਂਟਾਂ, ਬੱਕਰੀਆਂ ਆਦਿ ਦੀ ਕੁਰਬਾਨੀ ਪ੍ਰਧਾਨ ਹੈ, ਅਰਥਾਤ ਧਰਮ ਮੰਦਰਾਂ ਅੱਗੇ ਜੀਵਾਂ ਨੂੰ ਕਤਲ ਕਰਨਾ ਕੁਧਰਮ ਦਾ ਨਾਮ ਧਰਮ ਰੱਖ ਛੱਡਿਆ ਹੈ।

---

*(ਸਫ਼ਾ ੧੫ ਦੇ ਫੁਟ-ਨੋਟ ਦੀ ਬਾਕੀ)*

ਅਧਿਆਇ ੫ ਦੇ ਸ਼ਲੋਕ ੨੭ ਤੋਂ ਲੈ ਕੇ ੫੬ ਸ਼ਲੋਕ ਤਕ ਮਾਸ ਖਾਣ ਪ੍ਰਥਾਇ ਖੁਲ੍ਹ ਤੇ ਨਿਰਣਯ ਕੀਤਾ ਹੈ, ਪਰ ਸ਼ੋਕ ! ਮਨੂ ਸਮ੍ਰਿਤੀ ਦੀ ਮਰਯਾਦਾ ਅਨੁਸਾਰ ਕੋਈ ਭੀ ਵਰਤੋਂ ਨਹੀਂ ਕਰਦਾ। ਸਾਧੂ ਦਿਆਨੰਦ ਨੇ ਭੀ ਆਪਣੇ ਗ੍ਰੰਥ ਸਤਯਾਰਥ ਪ੍ਰਕਾਸ਼ ਤੇ ਸੰਸਕਾਰ ਵਿਧੀ ਵਿਚ ਕਈ ਪਰਕਾਰ ਦੇ ਮਾਸ ਖਾਣ ਤੇ ਯੱਗਾਂ ਦੀ ਬਲੀ (ਕੁਰਬਾਨੀ) ਨੂੰ ਮੰਨਿਆ ਹੈ।

੨. ਇਸਲਾਮ ਮਤ ਦੇ ਧਾਰਮਕ ਗ੍ਰੰਥ ਕੁਰਾਨ ਸ਼ਰੀਫ ਵਿਚ ਕੁਰਬਾਨੀ ਦਾ ਕਈ ਥਾਂ ਜ਼ਿਕਰ ਆਉਂਦਾ ਹੈ। (ਵੇਖੋ, ਸੂਰਤ ਬਕਰ, ਮੰਨਜਿਲ ੧, ਪਾਰਾ ੨, ਰੁਕੂਹ ੨੪, ਅੰ: ੧੯੪), ਪਰੰਤੂ ਕੁਰਬਾਨੀ ਪਰਥਾਇ ਗੁਰਬਾਣੀ ਵਿਚ ਫੁਰਮਾਇਆ ਹੈ :-
"ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥" (ਪੰਨਾ ੪੮੩) ਭਾਵ ਧਰਮ ਦੇ ਬਹਾਨੇ ਆਪਣੀ ਜੀਭ ਦਾ ਸੁਆਦ ਪੂਰਾ ਕਰਕੇ ਅੱਲਾ ਦੇ ਨਾਮ ਥੱਪ ਦੇਣ ਦਾ ਨਾਉਂ ਕੁਰਬਾਨੀ ਨਹੀਂ ਹੋ ਸਕਦਾ।

Sri Satguru Jagjit Singh Ji eLibrary NamdhariElibrary@gmail.com

# ਮਾਸ ਬਾਰੇ ਗਿਆਨ ਵਿਚਾਰ

(3) "ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ....ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਬਿਚਾਰਾ ॥"

*(ਵਾਰ ਮਲਾਰ ਮ: ੫, ਪੰਨਾ ੧੨੮੯)*

ਭਾਵ—ਅਸਲੀ ਅੰਧਾ (ਅਗਿਆਨੀ) ਉਹ ਹੁੰਦਾ ਹੈ, ਜੋ ਅੰਧੇ ਕੰਮ ਕਰੇ, ਕਿਉਂਕਿ ਉਸ ਦੇ ਵਿਚਾਰ ਦੇ ਨੇਤਰ ਨਹੀਂ ਹੁੰਦੇ, ਐਸੇ ਅੰਧਿਆਂ ਨੇ ਇਕ ਜੱਕੜ ਘੜ ਛੱਡਿਆ ਹੈ ਕਿ [੩]ਮੱਛੀ ਦੇ ਮਾਸ ਖਾਣ ਸੇ ਨਰਕ ਮਿਲਦਾ ਹੈ ਜਾਂ ਮੱਛੀ ਮਾਸ ਮਾਤਾ ਦੀ ਰਕਤਬਿੰਦ ਖਾਣ ਵਤ ਹੈ, ਪਰ ਉਹ ਇਹ ਨਹੀਂ ਸੋਚਦੇ ਕਿ ਅਸੀਂ ਭੀ ਤਾਂ ਰਕਤ ਬੀਰਜ ਤੋਂ ਪੈਦਾ ਹੋਏ ਹਾਂ, ਤਾਂਤੇ ਇਹ ਸਿਧਾਂਤ ਅੰਧਤਾ ਦਾ ਹੈ। ਪੁਰਸ਼ਾਂ

੩. ਮਨੂ ਸਿਮ੍ਰਤੀ ਭੀ ਮੱਛੀ ਮਾਸ ਨੂੰ ਨਿੰਦਦੀ ਹੈ। ਇਸ ਵਹਿਮ ਨੂੰ ਦੂਰ ਕਰਨ ਹਿਤ ਸਤਿਗੁਰੂ ਨਾਨਕ ਦੇਵ ਜੀ ਨੇ ਸੂਰਜ ਗ੍ਰਹਿਣ ਦੇ ਮੇਲੇ ਪਰ ਮੱਛੀ ਮਾਸ ਧਰ ਕੇ ਪਾਂਡਿਆਂ ਦਾ ਅਗਿਆਨ ਦੂਰ ਕੀਤਾ ਸੀ। ਸਿੱਖ ਧਰਮ ਵਿਖੇ ਹਿੰਦੂਆਂ ਦੀ ਤਰ੍ਹਾਂ ਮੱਛੀ ਮਾਸ ਦਾ ਵਹਿਮ ਨਹੀਂ ਹੈ। ਭਗਤ ਕਬੀਰ ਜੀ ਭੀ ਵੈਸ਼ਨਵ ਖਿਆਲਾਂ ਦੇ ਹਾਮੀ ਹੋਣ ਕਰਕੇ ਮੱਛੀ ਮਾਸ ਨੂੰ ਨਿੰਦਦੇ ਸਨ ਅਰ ਵੈਸ਼ਨਵ ਭੋਜਨ ਦੇ ਹਾਮੀ ਸਨ। ਪਰ ਹਿੰਦੂ ਲੋਕ ਮੱਛੀ ਦੇ ਮਾਸ ਦਾ ਪੂਰਨ ਬਾਈਕਾਟ ਨਹੀਂ ਕਰ ਸਕੇ।

Sri Satguru Jagjit Singh Ji eLibrary NamdhariElibrary@gmail.com

ਦਾ ਮਾਸ ਤੋਂ ਉਤਪੰਨ (ਰਕਤ ਬੀਰਜ) ਹੋਣਾ ਸਾਫ ਹੀ ਹੈ, ਬਲਕਿ ਸਰੀਰ ਹੀ ਮਾਸ ਦਾ ਹੈ। ਤਾਂਤੇ ਮਾਸ ਤੋਂ ਕਿਸਤਰਾਂ ਕੋਈ ਭੱਜ ਸਕਦਾ ਹੈ ? ਸੋ ਏਥੇ ਗੁਰੂ ਵਿਚਾਰ ਇਹ ਹੈ ਕਿ ਪਖੰਡੀ ਪਾਂਡੇ ਚਤੁਰਾਈਆਂ ਤੇ ਕੁਟਲਤਾ ਵਿੱਚ ਤਾਂ ਪਰਧਾਨ ਹਨ, ਪ੍ਰੰਤੂ ਗਿਆਨ ਵੀਚਾਰ ਤੋਂ ਉੱਕੇ ਸੱਖਣੇ ਹਨ, ਇਸ ਲਈ ਗੁਰੂ ਜੀ ਫੁਰਮਾਉਂਦੇ ਹਨ. ਹੇ ਪਾਂਧੇ ਪੰਡਤੋ ! ਤਥਾ ਵੈਸ਼ਨੋ ਜੈਨੀਓ ਆਦਿ ਸੱਜਣੋਂ !! ਤੁਸੀਂ ਬਾਹਰਲੇ ਮਾਸ ਤੋਂ ਤਾਂ ਨੱਕ ਪਏ ਵੱਟਦੇ ਹੋ, ਕੀ ਫੇਰ ਘਰ ਦਾ ਮਾਸ (ਸਰੀਰ) ਚੰਗਾ ਭਾਵ ਸ਼ੁੱਧ ਹੈ ? ਅਰਥਾਤ ਸਰੀਰ ਹੀ ਮਹਾਂ ਗੰਦ ਮੰਦ ਨਾਲ ਭਰਪੂਰ ਹੈ, ਜਿਸ ਵਿਚ ਕਿ ਜੀਵ ਦਾ ਵਾਸਾ ਹੈ। ਤਾਂਤੇ ਸੋਚੋ ਜਦ ਸਭ ਜੀਵ ਜੰਤੂ ਮਾਸ ਤੋਂ ਬਣੇ ਹਨ ਅਰ ਜੀਵ ਦਾ ਵਾਸਾ ਭੀ ਮਾਸ ਵਿਚ ਹੈ, ਤਾਂਤੇ ਮਾਸ ਦਾ ਝਗੜਾ ਕਰਨਾ ਅਗਿਆਨ ਹੈ। ਸੋ ਗਿਆਨ ਵੀਚਾਰ ਦੀ ਬਾਤ ਤਾਂ ਇਹ ਹੈ ਕਿ ਜਿਨ੍ਹਾਂ ਦਾ ਗੁਰੂ ਹੀ ਅੰਧਾ ਹੈ, ਅਰਥਾਤ ਜਿਸ ਨੇ ਧਰਮ ਆਗੂ ਬਣ ਕੇ ਪਾਖੰਡ ਨੂੰ ਹੀ ਧਰਮ ਦੱਸਿਆ ਹੈ, ਤਦੇ ਉਨ੍ਹਾਂ ਦੇ ਚੇਲੇ ਬਾਲੇ ਅਭੱਖ ਵਸਤਾਂ (ਸ਼ਰਾਬਾਂ ਆਦਿ) ਖਾਂਦੇ ਪੀਂਦੇ ਆਪ ਨੂੰ ਤਿਆਗੀ ਕਹਾਉਂਦੇ ਹਨ, ਜਿਵੇਂ ਕਈ ਕੁ ਕੱਕੜੀਆਂ ਮੂਲੀਆਂ, ਗੰਢੇ ਆਦਿ ਛੱਡ ਕੇ ਘਰਾਂ ਵਿਚ ਚੋਰੀ ਨਾਲ ਸ਼ਰਾਬ ਕਬਾਬ ਉਡਾਉਂਦੇ ਹੁੰਦੇ ਹਨ, ਪੁਨਾ ਭੈਰੋਂ, ਕਾਲੀ ਦੇਵੀ ਆਦਿ ਬੱਕਰਿਆਂ ਝੋਟਿਆਂ ਦੇ ਮਾਸ ਤੇ ਸ਼ਰਾਬ ਦੀ ਭੇਟਾ ਲੈ ਕੇ ਖੁਸ਼ ਹੁੰਦੇ ਹਨ। ਫਿਰ ਉਹ ਦੇਵਤੇ ਕੈਸੇ ਹੋਏ ? ਅਰ ਉਨ੍ਹਾਂ ਅਭੱਖਸ਼ ਵਸਤਾਂ ਨੂੰ ਤਿਨ੍ਹਾਂ ਦੇ ਚੇਲੇ ਬਾਲੇ ਜੋ ਹੜੱਪ ਕਰਦੇ ਹਨ, ਜਾਂ ਹੋਰ ਕੋਈ ਖਾਂਦਾ ਹੈ, ਉਹ ਕਿਸ ਤਰ੍ਹਾਂ ਧਰਮੀ ਜਾਂ ਨੇਕ ਬੰਦੇ ਕਹਾ ਸਕਦੇ ਹਨ ? ਏਥੇ ਹੀ ਬੱਸ ਨਹੀਂ, ਜਦ ਮਾਸ ਖਾਣ ਦੀ ਖੁਲ੍ਹ ਪੁਰਾਨੀਂ ਕੁਰਾਨੀਂ ਮੱਤਾਂ ਦੇ ਗ੍ਰੰਥਾਂ ਵਿਚ ਜ਼ੋਰ-ਸ਼ੋਰ ਨਾਲ ਦਿੱਤੀ ਹੈ, ਭਾਵ ਦੇਵੀ ਦੇਵਤਿਆਂ ਦੇ ਮੰਦਰਾਂ ਅਗੇ ਅਥਵਾ ਮੱਕੇ ਮਸੀਤਾਂ ਅੱਗੇ ਜਾ ਕੇ ਗਊਆਂ, ਊਠ, ਭੇਡਾਂ, ਬੱਕਰੀਆਂ, ਝੋਟਿਆਂ, ਮੁਰਗਿਆਂ ਦੀ ਕੁਰਬਾਨੀ ਦੇ ਬਹਾਨੇ ਐਲਾਨੀਆਂ ਕਤਲਿਆਮ ਹੁੰਦਾ ਹੈ, ਕੀ ਇਹ ਧਰਮ ਹੈ ਕਿ ਰਾਖਸ਼ ਪੁਣਾ ? ਅਥਵਾ ਇਹ ਕਿਥੇ ਦਾ ਨਿਆਉਂ (ਇਨਸਾਫ) ਹੈ ਕਿ ਦੇਵੀ ਦੇਵਤੇ ਝੋਟੇ ਤੇ ਬੱਕਰਿਆਂ ਦੇ ਸਿਰ ਮੰਗਣ ਅਤੇ ਉਨ੍ਹਾਂ ਦੇ ਧਰਮ ਪ੍ਰਚਾਰਕ ਜਾਂ ਮਗਰ-ਲੱਗੂ ਚੜ੍ਹਾਵੇ ਦੀ ਸ਼ਰਾਬ ਤੇ ਮਾਸ ਖਾਣ ਅਰ ਇਸ ਪ੍ਰਚਾਰ ਦਾ ਨਾਮ ਧਰਮ ਰਖਿਆ ਹੋਵੇ। ਪਾਂਡੇ ਲੋਕ ਮੁਖ ਤੋਂ ਤਾਂ ਇਹ ਕਹਿਣ ਕਿ ਹਮ ਮਾਸ ਨਹੀਂ ਖਾਤੇ ! ਕੈਸਾ ਅਸਚਰਜ ਧਰਮ ਹੈ !! ਏਸੇ ਲਈ ਮਾਸ ਖਾਣ ਪੀਣ ਦਾ ਨਾਮ ਧਰਮ ਰਖ ਛਡਿਆ ਹੈ, ਤਾਂਤੇ ਹਿੰਦੂਆਂ ਦੇ ਚਾਰੇ ਵਰਨ ਅਰ ਇਸਾਈ ਮੁਸਾਈ ਆਦਿ ਮਤੀਏ ਭੀ ਕਦੀ ਨਹੀਂ ਕਹਿ ਸਕਦੇ ਕਿ ਸਾਡੇ ਮਾਸ ਖਾਣਾ ਹਰਾਮ ਜਾਂ ਮਨ੍ਹਾ ਹੈ, ਬਲਕਿ ਧਰਮ ਮੰਦਰਾਂ ਪਰ ਜਾਨਵਰਾਂ ਦੀ ਕਤਿਲਾਮ ਹੋਣੋਂ ਇਲਾਵਾ ਵਿਆਹਾਂ, ਨਕਾਹਾਂ, ਗ਼ਮੀ ਸ਼ਾਦੀ ਵਿਚ ਭੀ ਮਾਸ ਪ੍ਰਧਾਨ ਹੈ।

ਇਸਤ੍ਰੀਆਂ ਪੁਰਸ਼ਾਂ ਦੀ ਉਤਪਤੀ ਮਾਸ ਤੋਂ ਹੈ, ਬਲਕਿ ਸ਼ਾਹ ਬਾਦਸ਼ਾਹ ਸਾਰੇ ਹੀ ਏਸੇ ਸਿਲਸਿਲੇ ਵਿੱਚ ਹਨ, ਪਰ ਪਖੰਡੀ ਪਾਂਡੇ ਫਿਰ ਭੀ ਇਹ ਮਸਲਾ ਲਈ ਬੈਠੇ ਹਨ ਕਿ ਮਾਸ ਖਾਣ ਵਾਲੇ ਨਰਕਾਂ ਨੂੰ ਜਾਂਦੇ ਨੇ। ਸੋ ਜੇ ਇਹ ਬਾਤ ਪਾਂਡਿਆਂ ਦੇ ਚਿੱਤ ਵਿੱਚ ਨਿਸ਼ਚੇ ਹੋਵੇ ਕਿ ਮਾਸ ਖਾਣੇ ਨਰਕ ਨੂੰ ਜਾਂਦੇ ਹਨ, ਤਾਂ ਇਨ੍ਹਾਂ ਦਾ ਦਾਨ ਖਾ ਕੇ ਪਾਂਡੇ ਕਿਉਂ ਭ੍ਰਿਸ਼ਟ ਹੋਣ ? ਦੇਖੋ ! ਕੈਸਾ ਅਸਚਰਜ ਧਰਮ ਹੈ ਕਿ ਭ੍ਰਿਸ਼ਟਾਂ ਦਾ ਦਾਨ ਖਾਣ ਵਾਲੇ ਤਾਂ ਸੁਰਗਾਂ ਨੂੰ ਔਰ ਦਾਨ ਦੇਣ ਵਾਲੇ ਨਰਕਾਂ ਨੂੰ ਜਾਂਦੇ ਮੰਨੇ ਹੈਨ। ਵਾਹ ਕਿਆ ਹੀ ਚਾਤੁਰਤਾ ਭਰਿਆ ਧਰਮ ਹੈ ? (ਭਾਵ ਇਹ ਅਸਚਰਜ ਹੀ ਧਿੰਗੋਜ਼ੋਰੀ ਹੈ) ਤਾਂਤੇ ਹੇ ਪਾਂਡਿਓ, ਤੁਸੀਂ ਖੁਦ ਤਾਂ ਗਿਆਨ ਵਿਚਾਰ ਰਖਦੇ ਨਹੀਂ ਤੇ ਲੋਕਾਂ ਨੂੰ ਗਿਆਨ ਦੇਣ ਦਾ ਤੁਹਾਡਾ ਠੇਕਾ ਹੈ ? ਪਰ ਹੋ ਤੁਸੀਂ ਬੜੇ ਅਗਿਆਨੀ। ਇਸ ਲਈ **ਮਾਸ ਖਾਣ ਅਰ ਨਾ ਖਾਣ ਦੇ ਮਸਲੇ ਨੂੰ ਤੁਸੀਂ ਸਮਝ ਹੀ ਨਹੀਂ ਸਕੇ** ਕਿ ਮਾਸ ਦੀ ਉਤਪਤੀ ਕਿਥੋਂ ਹੁੰਦੀ ਹੈ, ਤਾਂਤੇ ਗੁਰੁ ਗਿਆਨ ਪ੍ਰਾਪਤ ਕਰੋ। ਦੇਖੋ ਪਾਣੀ ਤੋਂ ਅੰਨ, ਮਿੱਠਾ, ਕਪਾਹ ਆਦਿ ਹੁੰਦੇ ਹਨ, ਬਲਕਿ ਤ੍ਰਿਭਵਣ ਦੀ ਉਤਪਤੀ ਭੀ ਪਾਣੀ ਤੋਂ ਮੰਨੀ ਹੈ। ਪਾਣੀ ਬੇਸ਼ਕ ਪਵਿੱਤਰ ਵਸਤੂ ਅਰ ਜੀਵਨ ਹੈ, ਪ੍ਰੰਤੂ ਸਭ ਵਿਕਾਰ ਪਾਣੀ ਤੋਂ ਹੀ ਹਨ ਅਰਥਾਤ ਪਾਣੀ ਸਰਬ ਮੂਲ ਹੈ, ਇਸ ਲਈ ਪਾਣੀ ਦੇ ਸਾਰੇ ਰਸ ਤਜਣ ਵਾਲਾ ਹੀ ਮਾਸ ਦਾ ਤਿਆਗੀ ਕਹਾ ਸਕਦਾ ਹੈ। ਸੋ ਵੀਚਾਰ ਦਾ ਸਿੱਟਾ ਇਹ ਹੈ ਕਿ [੪]ਮਾਸ ਦਾ ਤਿਆਗੀ ਕੋਈ ਭੀ ਨਹੀਂ ਕਹਾ ਸਕਦਾ।

## ਸੂਚਨਾ

ਮਾਸ ਸਬੰਧੀ ਉਕਤ ਗੁਰੂ ਵੀਚਾਰ ਲਿਖੀ ਗਈ ਹੈ। ਪ੍ਰੰਤੂ ਇਸ ਦਾ ਭਾਵ ਇਹ ਉੱਕਾ ਨਹੀਂ ਹੈ ਕਿ ਗੁਰੂ ਸਾਹਿਬਾਨ ਦਾ ਮੰਤਵ ਮਾਸ ਪ੍ਰਚਾਰ ਦਾ ਹੈ, ਅਥਵਾ ਬੁੱਚੜਾਂ ਜਾਂ ਬੁੱਚੜਖਾਨਿਆਂ ਦੀ ਮਦਦ ਹੈ। ਗੁਰੂ ਸਾਹਿਬ ਜੀ ਪੂਰਨ ਦਇਆਵਾਨ ਹਨ, ਜੈਸਾ ਕਿ—ਗੁਰੂ ਹੁਕਮ ਹੈ—"ਅੰਤਰਿ ਜਾਣੈ ਸਰਬ ਦਇਆ" (ਮ: ੧ ਸਿਧ ਗੋਸਟਿ) ਇਹ ਗੁਰੂ ਸਿਧਾਂਤ ਹੈ, ਸਤਿਗੁਰਾਂ ਨੇ ਇਨ੍ਹਾਂ ਸ਼ਬਦਾਂ ਵਿੱਚ ਪਾਖੰਡ ਨੂੰ ਖੰਡਿਆ ਹੈ ਅਰ ਕੁਰਬਾਨੀ ਦੇ ਬਹਾਨੇ ਜਾਨਵਰਾਂ ਦੀ ਕਤਲਾਮ ਕਰਨ ਨੂੰ ਧਿਰਕਾਰਿਆ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਪਾਖੰਡੀ ਮਾਸਾਹਾਰੀਆਂ ਪਰ ਫਿਟਕਾਰਾਂ

੪. ਸਿਖ ਧਰਮ ਵਿਖੇ ਮਾਸ ਦਾ ਤਿਆਗ ਅਰ ਗ੍ਰਹਿਣ ਦੋਵੇਂ ਅਸੂਲ ਨਹੀਂ ਹਨ। ਇਸ ਦਾ ਸਬੰਧ ਸਮੇਂ ਅਰ ਲੋੜ ਨਾਲ ਹੈ। ਗੁਰਮੁਖ ਜਨ ਇਸ ਨੂੰ ਖੁਦ ਸਮਝ ਸਕਦੇ ਹਨ ਕਿ ਜਾਇਜ਼ ਜਾਂ ਨਾਜਾਇਜ਼ ਕਿਸ ਪ੍ਰਕਾਰ ਹੈ ? ਬੇਸਮਝੀ ਦੇ ਕਾਰਨ ਸੰਸਾਰ ਵਿਚ ਮਾਸ ਖਾਣ ਅਰ ਨਾ ਖਾਣ ਦਾ ਬੇਅੰਤ ਘੋਲ ਰਹਿੰਦਾ ਹੈ। ਗੁਰਸਿਖ ਇਸ ਵਹਿਮੀ ਝਗੜੇ ਥੀਂ ਉਚੇ ਅਰ ਨਿਰਲੇਪ ਰਹਿ ਕੇ ਗੁਰਮਤ ਅਨੁਸਾਰ ਵਰਤੋਂ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਪਾਈਆਂ ਹਨ, ਜੋ ਮਾਸ ਖਾਣ ਜਾਂ ਨਾ ਖਾਣ ਨੂੰ ਧਰਮ ਕੁਧਰਮ ਦੱਸ ਕੇ **ਝਗੜਾ ਧਰਮ** ਪੈਦਾ ਕਰਦੇ ਹਨ। ਜੋ ਲੋਕ ਯੱਗ, ਹੋਮ, ਵਿਆਹਾਂ, ਮਰਗਾਂ ਵਿਚ ਵੀ ਮਾਸ ਬਿਨਾਂ ਮੂੰਹ ਨਹੀਂ ਖੋਲ੍ਹਦੇ, ਅਥਵਾ ਮਾਸ ਨਾਲ ਢਿੱਡ ਭਰਨਾ ਤਥਾ ਜਿਹਬਾ ਦੇ ਸੁਆਦ ਲਈ ਮਾਸ ਪਿਛੇ ਨੱਠੇ ਫਿਰਨਾ, ਇਹ ਰਸੀਏ ਅਰ ਨਿਰੇ ਖਾਊ ਪੁਰਸ਼ ਮੰਨੇ ਹਨ। ਤਾਂਤੇ ਜਿਸ ਤਰਾਂ ਮਾਸ ਖਾਣਾ ਕੋਈ ਭੀ ਧਰਮ ਨਹੀਂ, ਨਾ ਕੋਈ ਇਹ ਉੱਤਮ ਪਦਵੀ ਹੈ, ਇਸੇ ਤਰਾਂ ਮਾਸ ਤਿਆਗ ਕੇ ਜੈਨੀ ਵੈਸ਼ਨੋ ਆਦਿ ਸਦਾ ਕੇ ਅਥਵਾ ਜੀਵ ਹਿੰਸਾ ਦੇ ਠੇਕੇਦਾਰ ਬਣੇ ਫਿਰਨਾ ਇਹ ਭੀ 'ਪਹਿਲਾ ਪਾਣੀ ਜੀਉ ਹੈ' ਅਰਥਾਤ ਪਾਣੀ ਪੀਂਦੇ ਹਨ, ਅਰ ਸਾਹ ਲੈਂਦੇ ਹਨ, ਅਰ ਅਨਾਜ ਬਨਾਸਪਤੀ ਆਦਿ ਖਾਂਦੇ ਹਨ, ਸੋ ਇਹ ਅਗਿਆਨੀ ਭੀ ਪਖੰਡ ਧਰਮਾਂ ਵਿਚ ਬੰਧਾਨ ਹਨ। ਸੋ ਗੁਰੂ ਸਾਹਿਬਾਨ ਨੇ ਉਕਤ ਅੰਧ ਦਸ਼ਾ ਨੂੰ ਕਤਈ ਬੰਦ ਕਰਨ ਲਈ ਸਿੱਖ ਧਰਮ ਵਿਚ ਕੁੱਠੇ ਮਾਸ ਦੀ ਮਨਾਹੀ ਕਰ ਦਿਤੀ ਹੈ। ਭਾਵ ਕੁੱਠੇ ਮਾਸ ਖਾਣ ਵਾਲਾ ਪ੍ਰਾਣੀ ਸਿੱਖ ਪੰਗਤੋਂ ਖਾਰਜ ਮੰਨਿਆ ਹੈ। ਯਥਾ—'ਕੁੱਠਾ, ਹੁਕਾ, ਚਰਸ, ਤਮਾਕੂ ॥ ਗਾਂਜਾ, ਟੋਪੀ, ਤਾੜੀ, ਖਾਕੂ ॥ ਇਨਕੀ ਓਰ ਨ ਕਬਹੂੰ ਦੇਖੈ ॥ ਰਹਿਤਵੰਤ ਸੋ ਸਿੰਘ ਵਿਸੇਖੈ' ॥

## ਕੁੱਠੇ ਮਾਸ ਦਾ ਬਾਈਕਾਟ

ਮੁਸਲਮਾਨਾਂ ਨੇ ਜਿਥੇ ਆਪਣੇ ਸ਼ਸਤ੍ਰ ਦਾ ਜ਼ੋਰ ਲੋਕਾਂ ਨੂੰ ਦਿਖਾਣਾਂ ਸ਼ੁਰੂ ਕੀਤਾ ਉੱਥੇ ਆਪਣੇ ਕੌਮੀ ਗੌਰਵ ਦਾ ਵਿਅਰਥ ਅਭਿਮਾਨ ਵੀ ਪ੍ਰਗਟ ਕਰਨਾ ਅਰੰਭ ਕੀਤਾ, ਜਿਸ ਵਿਚੋਂ ਇਕ ਇਹ ਗੱਲ ਬੜੀ ਮੁਖ ਸੀ, ਜੋ ਮਾਸ ਖਾਣ ਲਈ ਜਾਨਵਰ ਨੂੰ ਜਿਸ ਤਰੀਕੇ ਨਾਲ ਅਸੀਂ (ਮੁਸਲਮਾਨ) ਮਾਰਦੇ ਹਾਂ ਓਹੀ ਹਲਾਲ ਹੈ, ਹੋਰ ਕਿਸੇ ਵੀ ਤਰੀਕੇ ਨਾਲ ਕਿਉਂ ਨਾ ਮਾਰਿਆ ਜਾਵੇ, ਉਹ ਹਰਾਮ ਹੁੰਦਾ ਹੈ, ਏਥੋਂ ਤਕ ਜੋ ਜਾਨਵਰਾਂ ਨੂੰ ਆਪਣੇ ਤਰੀਕੇ ਨਾਲ ਜ਼ਿਬ੍ਹਾ ਕਰਨ ਦਾ ਨਾਮ ਹੀ ਉਨ੍ਹਾਂ ਨੇ 'ਹਲਾਲ ਕਰਨਾ' ਰੱਖ ਲਿਆ। ਉਨ੍ਹਾਂ ਨੇ ਇਹ ਨਾ ਸੋਚਿਆ ਕਿ ਜਾਨਵਰ ਜੇ ਕੱਟਣਾ ਹੀ ਹੈ ਤਾਂ ਕੋਈ ਝਟਕੇ ਨਾਲ ਕੱਟ ਲਏ, ਗੋਲੀ ਨਾਲ ਮਾਰ ਲਏ, ਤੀਰ ਨਾਲ ਵਿੰਨ੍ਹ ਲਏ, ਡਾਂਗਾਂ ਨਾਲ ਕੁੱਟ ਲਏ, ਮਾਰਨ ਵਿਚ ਕੀ ਫਰਕ ਪਵੇਗਾ ! ਪਰ ਜਿਥੇ ਹਉਮੈ ਤੇ ਖੁਦੀ ਹੋਵੇ ਉਥੇ ਬਿਬੇਕ ਬੁੱਧੀ ਕਿਥੇ ? ਓਹ ਇਹ ਕਹੀ ਗਏ ਜੋ ਸਾਡਾ ਤਰੀਕਾ ਹੀ ਹਲਾਲ ਹੈ, ਪਰ ਉਨ੍ਹਾਂ ਦਾ ਇਹ ਤਰੀਕਾ ਹਰ ਥਾਂ ਪੁੱਜ ਵੀ ਨਹੀਂ ਸੀ ਸਕਦਾ, ਸੋ ਮੱਛੀ ਆਦਿ ਕੁਝ ਚੀਜ਼ਾਂ ਨੂੰ ਅੱਡ ਦਰਜਾ ਦਿਤਾ ਗਿਆ ਅਰ ਆਪਣੇ ਮਿਥਿਆ ਵਿਸ਼ਵਾਸ ਦੇ ਪਰਚਾਰ ਲਈ ਨਾਲ ਇਹ ਗੱਲ ਗੰਢ ਲਈ ਜੋ ਇਹ ਚੀਜ਼ਾਂ ਧੁਰੋਂ ਹੀ ਜ਼ਿਬ੍ਹਾ ਹੋਈਆਂ-ਹੋਈਆਂ ਹਨ।

Sri Satguru Jagjit Singh Ji eLibrary NamdhariElibrary@gmail.com

ਇਸ ਦੀ ਤਹਿ ਵਿਚ ਇਕ ਨੀਤੀ ਹੋਰ ਵੀ ਪਰਤੀਤ ਹੁੰਦੀ ਹੈ, ਜੋ ਇਕ ਤਾਂ ਇਸ ਤਰੀਕੇ ਨਾਲ ਮਾਸ ਬਨਾਉਣ ਤੇ ਵੇਚਣ ਦੀ ਤਜਾਰਤ ਮੁਸਲਮਾਨਾਂ ਦੇ ਹਥ ਵਿਚ ਹੀ ਰਹੇਗੀ ਤੇ ਲੋੜ ਸਮੇਂ ਕੌਮ ਨੂੰ ਮਾਸ ਦੇ ਵਿਹਾਰ ਕਰਨ ਵਾਲਿਆਂ ਦਾ ਇਕ ਰੋਜ਼ ਸ਼ਸਤ੍ਰ ਚਲਾਣ ਗਿੱਝਾ ਹੋਇਆ ਜਥਾ ਮਿਲ ਸਕੇਗਾ। ਇਸ ਦੀਆਂ ਮਿਸਾਲਾਂ ਰੋਜ਼ ਹਿੰਦੁਸਤਾਨ ਦੇ ਘਰੋਗੀ ਫਸਾਦਾਂ (communal riots) ਵਿਚ ਮਿਲਦੀਆਂ ਹਨ। ਆਮ ਤੌਰ ਤੇ ਇਨ੍ਹਾਂ ਫਸਾਦਾਂ ਵਿਚ ਗਾਜ਼ੀਆਂ ਦੀ ਬਹੁ ਗਿਣਤੀ ਕਸਾਈਆਂ ਵਿਚੋਂ ਹੀ ਭਰਤੀ ਕੀਤੀ ਜਾਂਦੀ ਹੈ ਤੇ ਦੂਜੇ ਖਾਨ-ਪਾਨ ਦੇ ਵਹਿਮਾਂ ਤੋਂ ਤੰਗ ਆਏ ਹੋਏ ਪਰ ਪਰਗਟ ਤੌਰ ਤੇ ਵਰਤੋਂ ਕਰਨ ਦੀ ਦਲੇਰੀ ਤੋਂ ਅਸਮਰਥ ਹਿੰਦੂ ਜੋ ਗੁਪਤ ਤੌਰ ਤੇ ਹੀ ਮਾਸ ਦਾ ਵਰਤਾਰਾ ਕਰਦੇ ਹਨ, ਉਨ੍ਹਾਂ ਵਿੱਚ ਘਟੀਆ ਦਰਜੇ ਦਾ ਤੇ ਵਿਵਰਜਿਤ ਮਾਸ ਵੇਚਣ ਦਾ ਚੰਗਾ ਅਵਸਾਰ ਪਰਾਪਤ ਹੋ ਸਕਦਾ ਹੈ ਅਤੇ ਕੁੱਠਾ ਮਾਸ ਖਾਣ ਵਾਲੇ ਸਮਾਜਕ ਅਤੇ ਧਾਰਮਿਕ ਲਿਹਾਜ਼ ਸੇ ਇਸਲਾਮ ਮਤ ਦੇ ਹਮੇਸ਼ਾ ਵਾਸਤੇ ਗੁਲਾਮ ਬਣ ਗਏ ਹਨ, ਇਨ੍ਹਾਂ ਦੀ ਆਪਣੀ ਮਰਯਾਦਾ ਜਾਂ ਜ਼ਮੀਰ ਹੀ ਕੋਈ ਕੀਮਤ ਨਹੀਂ ਰੱਖਦੀ, ਕੇਵਲ ਸ਼ਰ੍ਹਾ ਦੇ ਮਸਤਾਨੇ ਪਣ ਨੂੰ ਸੁਧਾਰ ਮੰਨਦੇ ਜਾਪਦੇ ਹਨ।

ਖਾਲਸਾ ਜੀਊਂਦਾ ਜਾਗਦਾ ਹੈ, ਸ੍ਰੀ ਅਕਾਲ ਪੁਰਖ ਤੋਂ ਬਿਨਾਂ ਹੋਰ ਦੀ ਕਾਣ ਨਹੀਂ ਕੱਢਦਾ। ਦੀਨ ਰਖਿਆਕ ਤੇ ਦੁਸ਼ਟ ਦਮਨ ਹੋਣਾ ਦੋ ਇਸ ਦੇ ਵੱਡੇ ਕਰਤੱਬ ਹਨ। ਉਹ ਨਿਰਾ ਰਣ-ਛੇਤ੍ਰ ਵਿਚ ਹੀ ਜਾਬਰਾਂ ਨਾਲ ਟਾਕਰਾ ਨਹੀਂ ਕਰਦਾ, ਸਗੋਂ ਮਾਨਸਿਕ ਮੰਡਲਾਂ ਵਿੱਚ ਵੀ ਮਿਥਿਆ ਵਿਸ੍ਵਾਸਾਂ ਤੇ ਧੱਕੇ ਨਾਲ ਪੈਦਾ ਕੀਤੀਆਂ ਗਈਆਂ ਵਡਿਆਈਆਂ ਦੇ ਸਾਹਮਣੇ ਡਟਦਾ ਹੈ। ਜਿਥੇ ਖਾਲਸੇ ਦੀ ਮੁਸਲਮਾਨ ਨਾਲ ਇਕ ਅੱਲਾਹ ਦਾ ਪੁਜਾਰੀ ਹੋਣ ਕਰਕੇ ਸਾਂਝ ਸੀ ਓਥੇ ਮੁਸਲਮਾਨ ਅਖਵਾਣ ਵਾਲੇ ਮੁਗ਼ਲਾਂ ਨਾਲ ਉਨ੍ਹਾਂ ਦੇ ਜ਼ੋਰ ਜ਼ਬਰ ਦੇ ਵਿਹਾਰ ਦੇ ਵਿਰੁਧ ਟਾਕਰਾ ਹੋ ਗਿਆ। ਉਸ ਦਾ ਜੋ ਫਲ ਨਿਕਲਿਆ ਉਹ ਪਰਗਟ ਹੀ ਹੈ। ਇਹ ਤਾਂ ਸੀ ਰਾਜਨੀਤੀ ਦੀ ਲੜਾਈ। ਪਰ ਇਕ ਮਾਨਸਿਕ ਮੁਕਾਬਲਾ ਵੀ ਮੁਤਅੱਸਬ ਮੁੱਲਾਂ ਦੇ ਵਿਰੁਧ ਖਾਲਸੇ ਨੂੰ ਕਰਨਾ ਪਿਆ, ਕਿਉਂਕਿ ਖਾਲਸਾ ਕਿਸੇ ਵੀ ਅਭਿਮਾਨੀ ਦੀ ਈਨ ਨਹੀਂ ਮੰਨਦਾ। ਜੇ ਬ੍ਰਾਹਮਣ ਜ਼ਾਤ-ਪਾਤ ਦਾ ਅਭਿਮਾਨ ਵਿਖਾਂਦਾ ਤੇ ਉਸ ਦੇ ਆਸਰੇ ਤੇ ਛੂਤ ਛਾਤ ਦਾ ਪਰਚਾਰ ਕਰਦਾ ਸੀ ਤਾਂ ਖਾਲਸੇ ਨੇ ਜ਼ਾਤ ਪਾਤ ਦੇ ਭਰਮ ਨੂੰ ਚਕਨਾਚੂਰ ਕਰ ਦਿੱਤਾ ਤੇ ਛੂਤ ਛਾਤ ਦਾ ਭੂਤ ਕੱਢਣ ਲਈ ਇਕ ਪਿਆਲੇ ਵਿਚੋਂ ਬ੍ਰਾਹਮਣ ਦੀਆਂ ਮੰਨੀਆਂ ਹੋਈਆਂ ਅੱਡ-ਅੱਡ ਜਾਤੀਆਂ ਦੇ ਮਨੁੱਖਾਂ ਨੂੰ ਬਾਰ-ਬਾਰ ਅੰਮ੍ਰਿਤ ਦੇ ਘੁਟ ਪਿਲਾਏ। ਇੱਦਾਂ ਹੀ ਜਾਂ ਉਸ ਨੇ ਵੇਖਿਆ ਕਿ ਮੁੱਲਾਂ ਆਪਣੇ ਜ਼ਿਬ੍ਹਾ ਕਰਨ ਦੇ ਤਰੀਕੇ ਤੇ ਮਾਣ ਕਰਦਾ ਹੈ ਤੇ ਉਹਨੂੰ ਹਲਾਲ ਕਹਿ

Sri Satguru Jagjit Singh Ji eLibrary NamdhariElibrary@gmail.com

ਕੇ ਬਾਕੀ ਲੋਕਾਂ ਦੇ ਤਰੀਕਿਆਂ ਨੂੰ ਹਰਾਮ ਕਰਾਰ ਦੇਂਦਾ ਹੈ ਤੇ ਇਸ ਤਰ੍ਹਾਂ ਲੋਕਾਂ ਤੇ ਆਪਣੇ ਨਾਜਾਇਜ਼ ਗੌਰਵ ਦਾ ਸਿੱਕਾ ਬਿਠਾਂਦਾ ਸੀ ਤਾਂ ਖਾਲਸੇ ਨੇ ਉਸ ਦੇ ਵਿਰੁੱਧ ਪ੍ਰੋਟੈਸਟ ਕੀਤਾ ਤੇ ਫੈਸਲਾ ਕਰ ਲਿਆ ਜੋ ਸਿੰਘ ਜੇ ਮਾਸ ਖਾਵੇ ਤਾਂ ਭਾਵੇਂ ਉਹ ਗੋਲੀ, ਤੀਰ, ਬੱਲਮ, ਡਾਂਗ, ਬਰਛਾ ਆਦਿ ਕਿਸੇ ਚੀਜ਼ ਨਾਲ ਵੀ ਕਿਉਂ ਨਾ ਮਾਰਿਆ ਹੋਵੇ, ਉਹ ਸਭ ਹਲਾਲ ਹੈ, ਪਰ ਅਭਿਮਾਨੀ ਮੁੱਲਾਂ ਦੇ ਤਰੀਕੇ ਨਾਲ ਜ਼ਿਬ੍ਹਾ ਕੀਤਾ ਹੋਇਆ ਹਰਾਮ ਹੈ। ਕਿਉਂਕਿ ਉਹ ਲੋਕਾਂ ਦੀ ਗੈਰਤ ਨੂੰ ਚੈਲੰਜ ਕਰਦਾ ਹੈ। ਸੋ ਭਾਵੇਂ ਚੁਰਾਸੀ ਤਾਂ ਉਸ ਦੇ ਸਾਹਮਣੇ ਝੁਕ ਹੀ ਜਾਵੇ, ਸਿੰਘ ਤਿਆਰ-ਬਰ-ਤਿਆਰ ਰਹੇਗਾ ਤੇ ਕਦੀ ਕੁੱਠਾ ਨਹੀਂ ਖਾਵੇਗਾ। *(ਅੰਮ੍ਰਿਤ)*

ਨੋਟ—ਸਿੱਖ ਧਰਮ ਤੋਂ ਬਿਨਾਂ ਸੰਸਾਰ ਦੇ ਹਰ ਇਕ ਮਤ ਵਿਖੇ ਮਾਸ ਖਾਣ ਯਾ ਨਾ ਖਾਣ ਦਾ ਝਗੜਾ ਹੈ। ਈਸਾਈ ਮਤ ਵਿਖੇ ਮਾਸ ਬਾਰੇ ਬੇਅਸੂਲੀ ਹੈ, ਜਿਵੇਂ ਖੁਸ਼ੀ ਕੋਈ ਮਾਸ ਪਿਆ ਖਾਵੇ ਬਲਕਿ ਮਾਸ ਨੂੰ ਆਦਮੀ ਦੀ ਖੁਰਾਕ ਬਣਾ ਰਖਿਆ ਹੈ। ਏਹੀ ਕਾਰਨ ਹੈ ਕਿ ਲੋਕੀਂ ਸੁਤੇ ਹੀ ਈਸਾਈਆਂ ਵਿਚ ਸ਼ਾਮਲ ਹੋ ਕੇ ਬੰਧਨਾਂ ਤੋਂ ਆਜ਼ਾਦ ਹੋਣਾ ਪਸੰਦ ਕਰਦੇ ਹਨ, ਬਲਕਿ ਕੋਈ ਅਸੂਲ ਨਾ ਮੰਨਣ ਦਾ ਨਾਮ ਈਸਾਈ ਮਤ ਹੁੰਦਾ ਜਾ ਰਿਹਾ ਹੈ।

ਇਹ ਕੁਦਰਤੀ ਬਾਤ ਹੈ ਕਿ ਜਿਸ ਸ਼ਰੇਣੀ ਵਿਖੇ ਬੰਧਨ ਨਾ ਹੋਣ ਲੋਕੀਂ ਉਸ ਵਿਚ ਛੇਤੀ ਸ਼ਾਮਲ ਹੋ ਜਾਂਦੇ ਹਨ ਜਿਸ ਤਰ੍ਹਾਂ ਕਿ ਬਾਮ ਮਾਰਗੀਏ ਬਿਨਾਂ ਪ੍ਰਚਾਰ ਦੇ ਵਧਦੇ ਫੁਲਦੇ ਹਨ। ਇਕ ਪੰਜਾਬੀ ਕਹਾਵਤ ਹੈ, "ਬੰਧਨ ਮੇਂ ਬੰਧਾ ਖੁਲਾਸਾ ਖੁਦਾ" [੫]ਏਹੀ ਨਾਸਤਕ ਮੱਤ ਦਾ ਸਿਧਾਂਤ ਹੈ। ਪਰੰਤੂ ਬਿਨਾਂ ਮਰਯਾਦਾ ਚਲਣ ਨਾਲ ਵੱਡੇ ਦੁਖ ਕਲੇਸ਼ ਵਾਪਰਦੇ ਹਨ, ਜਿਸ ਤਰ੍ਹਾਂ ਸ਼ਾਦੀਆਂ ਦੀ ਖੁਲ੍ਹ ਨੇ ਪੱਛਮੀ ਸਭਿਅਤਾ ਨੂੰ ਬਹੁਤ ਹੀ ਸੱਟ ਮਾਰੀ ਹੈ।

ਬਿਭਚਾਰ ਪਰ ਬੰਦਸ਼ਾਂ ਲੱਗਣੀਆਂ ਅਤਿਅੰਤ ਕਠਿਨ ਹਨ। ਸਿੱਖ ਧਰਮ ਬਹੁਤ ਅਜ਼ਾਦ ਹੈ, ਪਰ ਇਸ ਵਿਖੇ ਉਥੇ ਤੱਕ ਅਜ਼ਾਦੀ ਹੈ ਜਿਥੇ ਤਕ ਮਨੁਸ਼ ਜਾਤੀ ਦੀ ਸਭਿਅਤਾ ਕਾਇਮ ਰਹੇ। ਆਪਾ-ਧਾਪੀ ਯਾ ਮਨਮਰਜ਼ੀ ਕਰਨ ਨਾਲ ਅਸ਼ਾਂਤੀ ਵਧ ਜਾਂਦੀ ਹੈ। **ਕੋਈ ਪਿਆ ਕੁਝ ਕਰੇ !** ਇਹ ਮਸਲਾ ਪਸੂ ਬ੍ਰਿਤ ਪ੍ਰਚਾਰ ਦਾ ਹੈ। ਪਰ ਅਨਜਾਣ ਇਸ ਬਾਤ ਦੇ ਹਾਮੀ ਹੁੰਦੇ ਹਨ, ਇਸੇ ਕਾਰਨ ਉਹ ਬਜ਼ੁਰਗਾਂ ਦੇ ਨੀਯਤ ਕੀਤੇ ਅਸੂਲਾਂ ਤੋਂ ਵਿਰੁਧ ਨਫਰਤ ਫੈਲਾਂਦੇ ਰਹਿੰਦੇ ਹਨ। ਜੇ ਮੰਨ ਲਈਏ ਕੁੱਠੇ ਜਾਂ ਝਟਕੇ ਵਿਚ ਫਰਕ ਨਹੀਂ ਹੈ ਤਾਂ ਰਹਿਮ ਅਰ ਬੇਰਹਿਮੀ ਵਿਚ ਭੀ ਫਰਕ

੫. ਕਮਿਊਨਿਸਟ (ਸੋਸ਼ਲਿਸਟ) ਸੱਜਣਾਂ ਨੇ ਅਕਸਰ ਇਸੇ ਤਰੀਕੇ ਨੂੰ ਆਪਣਾ ਹਥਿਆਰ ਬਣਾ ਰਖਿਆ, ਏਹੀ ਕਾਰਨ ਹੈ ਕਿ ਅਨਜਾਣ ਤੇ ਕੱਚੇ ਪਿੱਲੇ ਪੁਰਸ਼ ਧਰਮ ਵਲੋਂ ਨਫਰਤ ਕਰਕੇ ਖਾਣ ਪੀਣ ਦੇ ਮੌਜੂ ਪੰਥ ਦਾ ਵਾਧਾ ਕਰਨ ਵਿਚ ਸਹਾਈ ਹੋ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ। ਪਰ ਸਿਆਣੇ ਜੱਜ ਬੇਰਹਿਮੀ ਨਾਲ ਮਾਰਨ ਵਾਲੇ ਪੁਰਸ਼ ਨੂੰ ਵੱਧ ਕਸੂਰੀ ਮੰਨਦੇ ਹਨ। ਸੰਸਾਰ ਵਿਚ ਆਦਮਖੋਰ ਬੰਦੇ ਭੀ ਹਨ, ਪਰ ਆਦਮੀ ਦੀ ਜਿੰਦ ਕੀਮਤੀ ਮੰਨੀ ਗਈ ਹੈ, ਕੁੱਤੇ ਨੂੰ ਮਾਰਨ ਵਾਲਾ ਯਾ ਬੱਕਰਾ ਮਾਰਨ ਵਾਲਾ ਫਾਂਸੀ ਨਹੀਂ ਦਿਤਾ ਜਾਂਦਾ, ਪਰ ਆਦਮੀ ਮਾਰਨ ਵਾਲੇ ਨੂੰ ਵੱਡੀ ਸਜ਼ਾ ਮਿਲਦੀ ਹੈ, ਇਸ ਤਰ੍ਹਾਂ ਮਾਸ ਖਾਣ ਦੇ ਯੋਗ ਅਯੋਗ ਤਰੀਕੇ ਜ਼ਰੂਰ ਹਨ। ਆਪੋ ਆਪਣੀ ਜਿੰਦ ਸਭ ਨੂੰ ਪਿਆਰੀ ਹੈ ਅੰਧੇ ਵਾਹ ਜੋ ਖੁਸ਼ੀ ਕਰੀ ਜਾਣਾ, ਇਸ ਦਾ ਨਾਮ ਧਰਮ ਯਾ ਮਜ਼੍ਹਬ ਨਹੀਂ ਹੁੰਦਾ, ਭਾਈ ਗੁਰਦਾਸ ਦਾ ਵਾਕ ਹੈ—"ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ"। ਜੇ ਇਸ ਬਾਤ ਨੂੰ ਅਸੂਲ ਵਿਚ ਨਾ ਰਖਿਆ ਜਾਵੇ, ਮਨੁੱਖਾਂ ਤੇ ਪਸ਼ੂਆਂ ਵਿਚ ਫਰਕ ਵੀ ਕੀ ਹੈ ? ਕੁੱਠੇ ਮਾਸ ਦੀ ਰਸਮ ਵੱਡੀ ਬੇਰਹਿਮੀ ਦੀ ਹੈ, ਇਸ ਦੀ ਬੰਦਸ਼ ਜ਼ਰੂਰੀ ਹੈ, ਇਸ ਦਾ ਅਰੰਭ ਅਰਬ ਦੇਸ ਦੇ ਰਿਵਾਜ ਨਾਲ ਹੈ। ਸਿੱਖ ਧਰਮ ਦੁਆਰੇ ਇਸ ਨੂੰ ਬਾਈਕਾਟ ਕਰ ਦਿਤਾ ਗਿਆ ਹੈ, ਸਭਸ ਲਈ ਏਹ ਸਾਂਝੀ ਬਾਤ ਹੈ।

ਨੋਟ—ਮਾਸ ਇਨਸਾਨ ਦੀ ਜ਼ਰੂਰੀ ਤੇ ਲਾਜ਼ਮੀ ਖੁਰਾਕ ਨਹੀਂ ਹੈ, ਲਾਜ਼ਮੀ ਤੋਂ ਭਾਵ ਹੈ ਜਿਸ ਥੀਂ ਬਿਨਾਂ ਸਰ ਨਾ ਸਕੇ। ਜਿਨ੍ਹਾਂ ਦੀ ਲਾਜ਼ਮੀ ਖੁਰਾਕ ਹੈ ਉਨ੍ਹਾਂ ਜਾਨਵਰਾਂ ਦੇ ਦੰਦ ਪੰਜੇ ਚੁੰਜ ਆਦਿ ਕੁਦਰਤੀ ਹਥਿਆਰ ਅੱਡਰੇ ਹਨ, ਜਿਹਾ ਕਿ ਬਿੱਲੀ, ਕੁੱਤਾ, ਸ਼ੇਰ, ਬਾਜ਼ ਆਦਿਕ ਸਿੱਖੀ ਮਾਰਗ 'ਰਾਜਜੋਗ' ਹੈ, ਵਹਿਮਾਂ ਤੇ ਭਰਮਾਂ ਥੀਂ ਪਾਕ ਹੈ, ਜੈਨੀਆਂ ਦੀ ਪੂਜਾ ਦੀ ਤਰ੍ਹਾਂ ਜੂੰ ਮਰੀ ਦਾ ਪਾਪ, ਮੂੰਹ ਪਰ ਪੱਟੀ ਬੰਧਣੀ, ਅਸ਼ਨਾਨ ਨਾ ਕਰਨਾ, ਨੰਗੇ ਪੈਰੀ ਚਲਣਾ ਫਜ਼ੂਲ ਬਾਤਾਂ ਹਨ। ਖਾਸ ਲੋੜ ਅਨੁਸਾਰ ਝਟਕਾ ਮਾਸ ਖਾਣੇ ਵਾਲੇ ਦੀ ਰੁਚੀ ਨਾਲ ਸਬੰਧਤ ਹੈ। ਸਿਖ ਮਰਯਾਦਾ ਕੇਵਲ ਕੁੱਠੇ ਮਾਸ ਦਾ ਬਾਈਕਾਟ ਕਰਦੀ ਹੈ। ਝਟਕਾ ਖਾਣੇ ਵਾਲਾ ਤਨਖਾਹੀ ਨਹੀਂ ਹੈ। ਪਰਹੇਜ਼ ਰਖਣ ਵਾਲਾ ਆਪਣੀ ਰੁਚੀ ਦਾ ਮਾਲਕ ਹੈ, ਮਾਸ ਸਬੰਧੀ ਝਗੜਾ ਕਰਨੇ ਵਾਲਾ ਮੂਰਖ ਮੰਨਿਆ ਹੈ। ਸਰੀਰ ਹੀ ਮਾਸ ਦਾ ਹੈ, ਓਹੀ ਅਸਲੀ ਪ੍ਰਹੇਜ਼ੀ ਹੈ ਜੋ "ਪਹਿਲਾ ਪਾਣੀ ਜੀਉ ਹੈ" ਅਨੁਸਾਰ ਪਾਣੀ ਦਾ ਤਿਆਗਣ ਕਰੇ।

*(ਲਾਲ ਸਿੰਘ)*

Sri Satguru Jagjit Singh Ji eLibrary NamdhariElibrary@gmail.com

# ਦੂਜਾ ਭਾਗ

*ਪਹਿਲੇ ਭਾਗ ਵਿਚ ਮਾਸ ਸਬੰਧੀ ਨਿਰਨਯ*
*ਕੀਤਾ ਗਿਆ ਹੈ, ਇਸ ਦੂਸਰੇ ਭਾਗ*
*ਵਿਚ ਤੰਬਾਕੂ (ਬਿਖਜਾ) ਸਬੰਧੀ*
*ਲਿਖਿਆ ਜਾਂਦਾ ਹੈ ।*

*(ਲਾਲ ਸਿੰਘ)*

## ਬਿਖਿਆ [੧](ਤੰਬਾਕੂ) ਪਾਨ

ਗੁਰੂ ਸਾਹਿਬਾਨ ਨੇ ਤੰਬਾਕੂ ਨੂੰ ਬਿਖ (ਜ਼ਹਿਰ) ਨਾਮ ਸੇ ਖੰਡਿਆ ਹੈ । ਖਾਲਸਾ ਬੋਲਿਆਂ ਵਿਚ ਇਸ ਦਾ ਨਾਮ "ਜਗਤ ਜੂਠ" ਨਾਮ ਸੇ ਘ੍ਰਿਣਤ ਹੈ । ਪੁਰਾਣੇ ਬੋਲੇ "ਤਮਾਲ ਪੱਤ੍ਰ" ਧੂਮਰ ਪਾਨ ਸੀ, ਪਰੰਤੂ ਤੰਬਾਕੂ ਦੀ ਪੈਦਾਇਸ਼ ਅਮਰੀਕਾ ਥੋਂ ਹੋਣ ਕਰਕੇ (ਟੋਬੈਕੋ) ਥੋਂ ਹੈ, "ਜਗਤ ਜੂਠ" ਅਤੇ ਬਿਖਿਆ, ਕ੍ਰਮ ਫਲ ਨਾਲ ਰਲਦੇ ਮਿਲਦੇ ਨਾਮ ਹੈਨ । ਹਿੰਦੁਸਤਾਨ ਵਿਚ ਹੁਣ ਤੰਬਾਕੂ ਦਾ ਹੀ ਢੋਲ ਕੁਟੀਦਾ ਹੈ ਅਰ ਹੁਣ ਇਹ ਸ਼ਬਦ ਪੁਰਾਣਾ ਤੇ ਦੇਸ਼ ਭਾਸ਼ਾ ਦਾ ਹੀ ਬਣਦਾ ਜਾ ਰਿਹਾ ਹੈ ।

ਸਤਿਗੁਰਾਂ ਨੇ ਇਸ ਜਗਤ ਜੂਠ ਜਾਂ ਬਿਖਜਾ ਦੀ ਅਸਲੀਅਤ ਨੂੰ ਅਰ ਇਸ ਦੇ ਖਤਰਨਾਕ ਫਲਾਂ ਨੂੰ ਇਨਸਾਨੀ ਜ਼ਿੰਦਗੀ ਨੂੰ ਤਬਾਹ ਕਰਨੇ ਵਾਲਾ ਮੰਨ ਕੇ ਕਤੱਈ ਤਯਾਗਨ ਕਰਨ ਦਾ ਹੁਕਮ ਦਿੱਤਾ ਹੈ । ਇਸ ਦੇ ਪ੍ਰੀਤਯਾਗਨ ਕਰਾਉਣ ਵਾਲੇ ਸਿਪਾਹੀ ਦਾ ਨਾਮ ਗੁਰਸਿੱਖ ਜਾਂ 'ਖਾਲਸਾ' ਹੈ, ਭਾਵੇਂ ਇਸ ਦਾ ਇੱਕ ਤਯਾਗ ਅਮਲਾਂ (ਨਸ਼ਿਆਂ) ਦਾ ਤਯਾਗ ਭੀ ਹੈ, ਪਰ ਇਹ ਜ਼ਹਿਰਾਂ ਵਿਚੋਂ ਖਤਰਨਾਕ ਜ਼ਹਿਰ ਹੈ । ਵਿਸ਼ੇਸ਼ ਕਰਕੇ ਇਹੋ ਸਾਰੀ ਦੁਨੀਆਂ ਵਿਚ ਵੱਧ ਵਰਤਿਆ ਜਾਂਦਾ ਹੈ ਅਤੇ

---

੧. ਇਹ ਲਫਜ਼ ਪੁਰਤਗੇਜ਼ੀ ਟੋਬੈਕੋ ਤੋਂ ਬਣਿਆਂ ਹੈ, ਜੋ ਪੰਜਾਬ ਵਿਚ ਤਮਾਖੂ ਕਰਕੇ ਪ੍ਰਸਿੱਧ ਹੈ, ਸੰਸਕ੍ਰਿਤ ਦੇ ਗ੍ਰੰਥਾਂ ਵਿਚ ਤਾਮ੍ਰਕੂਟ ਤੇ ਕਲੰਜ ਵੀ ਇਸੇ ਦੇ ਨਾਮ ਆਏ ਹਨ । ਪੱਛਮੀ ਦੇਸਾਂ ਵਿਚ ਇਸ ਦਾ ਪ੍ਰਚਾਰ ਸੰਨ ੧੫੬੦ ਈ: ਵਿਚ ਹੋਇਆ । ਪੁਰਤਗਾਲ ਦੇ ਵਪਾਰੀਆਂ ਨੇ ਇਸ ਦਾ ਵਪਾਰ ਹਿੰਦੁਸਤਾਨ ਵਿਚ ੧੬੦੫ ਈ: ਵਿਚ ਕੀਤਾ । ਮੁਗਲਾਂ ਦੇ ਰਾਜ ਸਮੇਂ ਕਾਫੀ ਤੋਂ ਵੱਧ ਪ੍ਰਚਾਰ ਹੋ ਗਿਆ । ਭਾਵੇਂ ਮੁਸਲਮਾਨ ਇਸ ਨੂੰ ਮਕਰੂਹ ਜਾਣਦੇ ਹਨ, ਮਸਜਿਦਾਂ ਵਿਚ ਵਰਤਣਾ ਮਜ਼ਹਬ ਵਿਰੁੱਧ ਹੈ, ਵਾਹਬੀ ਮੁਸਲਮਾਨ ਬਿਲਕੁਲ ਪਰਹੇਜ਼ ਰੱਖਦੇ ਹਨ, ਪਰ ਸ਼ੋਕ ! ਧਰਮ ਵਿਰੁੱਧ ਸਮਝ ਕੇ ਵੀ ਇਸ ਤੋਂ ਪੂਰਨ ਛੁਟਕਾਰਾ ਨਹੀਂ ਪਾ ਸਕੇ ।

Sri Satguru Jagjit Singh Ji eLibrary NamdhariElibrary@gmail.com

ਇਹ ਐਸੀ ਮੰਦੀ ਚੀਜ਼ ਹੈ ਜਿਸ ਦਾ ਦੁਨੀਆਂ ਨੂੰ ਘੱਟ ਹੀ ਪਤਾ ਹੈ ਕਿ ਇਹ ਇਨਸਾਨੀ ਜ਼ਿੰਦਗੀ ਲਈ ਕਿਤਨੀ ਕੁ ਨੁਕਸਾਨਦੇਹ ਅਰ ਖਤਰਨਾਕ ਚੀਜ਼ ਹੈ, ਇਹੋ ਕਾਰਨ ਹੈ ਕਿ ਲੋਕ ਇਸ ਨੂੰ ਚਾਂਈਂ-ਚਾਂਈਂ ਖ਼ੁਰਾਕ ਦੀ ਤਰ੍ਹਾਂ ਵਰਤਦੇ ਹੈਨ। ਤਦੇ ਹਰ ਕੰਮ ਵਿਚ ਇਹੋ ਪ੍ਰਧਾਨ ਹੋ ਰਿਹਾ ਹੈ, ਰਾਜਾ ਰੰਕ ਵਿਚ ਅਰ ਅਮੀਰਾਂ ਗਰੀਬਾਂ ਵਿਚ ਗ਼ਮੀ ਖ਼ੁਸ਼ੀ ਵਿਚ ਇਸੀ ਦੀ ਚੌਧਰ ਹੈ।

ਸਕੂਲਾਂ, ਕਚਹਿਰੀਆਂ, ਕੌਂਸਲਾਂ, ਮਹਿਲਾਂ, ਮਾੜੀਆਂ, ਮੰਦਰਾਂ, ਰੇਲਾਂ, ਜਹਾਜ਼ਾਂ, ਜਲਸਿਆਂ, ਵਿਖੇ ਹਕੀਮਾਂ, ਡਾਕਟਰਾਂ ਦੇ ਘਰੀਂ ਸ਼ਫ਼ਾਖ਼ਾਨਿਆਂ, ਲੰਗਰਾਂ, ਟੱਟੀਆਂ ਆਦਿ ਵਿਚ ਹਰ ਥਾਂ **ਚੁਰਟ ਦੀ 'ਜੈ ਹੋ' 'ਜੈ ਹੋ' !!** ਵਤ ਹੁੰਦੀ ਹੈ। ਅੱਜ-ਕੱਲ੍ਹ ਵਿਰਲੇ ਹੀ ਬੰਦੇ ਹੋਣਗੇ ਜੋ ਚੁਰਟ ਬਹਾਦਰ ਨੂੰ ਆਦਰ ਸਨਮਾਨ ਨਾ ਦਿੰਦੇ ਹੋਣ !

ਗੁਰੂ ਸਾਹਿਬਾਨ ਨੇ ਇਸ ਨੂੰ ਵਿਸ਼ਟਾ ਤੋਂ ਭੀ ਨੀਵਾਂ ਦਰਜਾ ਦਿੱਤਾ ਹੈ। ਵਿਸ਼ਟਾ ਨੂੰ ਹੱਥ ਲੱਗੇ ਹੋਏ ਤਾਂ ਸਾਫ ਹੋ ਸਕਦੇ ਨੇ ਪਰ ਇਸ ਨੂੰ ਸੁਤੇ ਹੀ ਛੂਹਣਾ ਭੀ ਪਾਪ ਕਰਮ ਜਾਂ ਮੰਦ ਕਰਮ ਮੰਨਿਆ ਹੈ ਅਰ ਜਾਣ ਕੇ ਛੂਹਣ ਦਾ ਕਰੜਾ ਦੰਡ ਨੀਯਤ ਹੁੰਦਾ ਹੈ। ਗੁਰਸਿੱਖਾਂ ਲਈ ਤੰਬਾਕੂ ਇਉਂ ਹੈ ਜਿਵੇਂ ਹਿੰਦੂਆਂ ਲਈ ਗਊ ਅਰ ਮੁਸਲਮਾਨਾਂ ਲਈ ਸੂਅਰ ਦੀ ਆਣ, ਭਾਵੇਂ ਇਹ ਵਹਿਮ ਹੀ ਸਮਝਿਆ ਜਾਏ, ਪਰ ਤਯਾਗ ਜਾਂ ਤਜਣ ਇਸੀ ਦਾ ਨਾਮ ਹੈ। ਗੁਰੂ ਘਰ ਵਿਚੋਂ ਇਸ ਦਾ ਐਸਾ ਜ਼ਬਰਦਸਤ ਤਯਾਗ ਹੈ ਕਿ ਬਿਖਯਾ ਪਾਨ ਕਰਨੇ ਵਾਲੇ ਦੇ ਹੱਥੋਂ [੨]ਪ੍ਰਸ਼ਾਦਾ ਛਕਣਾ ਭੀ ਖਾਲਸਾ ਰਹਿਤ ਤੋਂ ਵਿਰੁੱਧ ਮੰਨਿਆ ਹੈ, ਤਾਂਕਿ ਇਸ ਤੋਂ ਇਤਨੀ ਘ੍ਰਿਣਾ ਅਰ ਦੂਰਤਾ ਰਹੇ ਜਿਤਨੀ ਦੇ ਇਹ ਯੋਗ ਹੈ। ਇਸ ਦੇ ਪੀਣ ਜਾਂ ਖਾਣ ਵਾਲਾ ਸਿੱਖ ਧਰਮੋਂ ਖਾਰਜ [੩](ਪੱਤਤ) ਮੰਨਿਆ ਜਾਂਦਾ ਹੈ।

ਤੰਬਾਕੂ ਦਾ ਤਯਾਗ ਜ਼ਿਦ ਜਾਂ ਬੰਨਾ ਨਹੀਂ ਬਲਕਿ ਉਸ ਮਹਾਂਮੰਦੀ ਚੀਜ਼ ਦਾ ਪ੍ਰਤਿਯਾਗ ਹੈ, ਜਿਸ ਦਾ ਕਿ ਜਗਤ ਗ੍ਰਸਿਆ ਪਿਆ ਹੈ, ਅਰ ਇਹ ਪਵਿੱਤ੍ਰ ਜ਼ਿੰਦਗੀ ਦਾ ਨਸ਼ਟ ਕਰਨ ਵਾਲਾ ਹੈ। ਵੈਸੇ ਭੀ ਸਿੱਖ ਧਰਮੀ ਆਪਣਾ ਫਰਜ਼ ਸਮਝਦੇ ਹਨ ਕਿ ਇਨਸਾਨ ਮਾਤਰ ਇਸ ਦੀ ਗ੍ਰਿਫਟ ਵਿਚੋਂ ਨਿਕਲ ਕੇ ਅਰੋਗ ਰੱਖਿਆ ਜਾਏ। ਪੜਤਾਲ ਕਰੋ ਤਾਂ ਸੰਸਾਰ ਵਿਚ ਹਜ਼ਾਰਾਂ ਰੋਗ ਅਰ ਛੂਤ ਦੀ ਖਤਰਨਾਕ

---

੨. ਖ਼ਾਲਸਾ ਰਹਿਤਨਾਮੇ ਅਨੁਸਾਰ ਕੋਈ ਸਿੱਖ ਨੜੀਮਾਰ ਮੋਨੇ ਦੇ ਹੱਥੋਂ ਲੰਗਰ ਨਹੀਂ ਛਕਦਾ, ਪ੍ਰੰਤੂ ਸ਼ੋਕ ! ਢਿੱਲੜ ਸਿੱਖ ਵੱਡੀ ਬੇ-ਪ੍ਰਵਾਹੀ ਨਾਲ ਪੰਥਕ ਅਸੂਲਾਂ ਨੂੰ ਲਿਤਾੜਦੇ ਰਹਿੰਦੇ ਹਨ। ਕਈ ਤਾਂ ਐਸੇ ਗਏ ਗੁਜ਼ਰੇ ਦੇਖੇ ਗਏ ਹਨ ਕਿ ਮੁਸਲਮਾਨ ਲਾਂਗਰੀ ਰੱਖਦੇ ਹਨ।

੩. "ਗੰਦਾ ਧੂਮ ਬੰਸ ਤੇ ਤਿਆਗਹੁ ॥ ਅਤਿ ਗਿਆਨਿ ਇਸ ਤੇ ਧਰ ਭਾਗਹੁ ॥" ਪੁਨਾ:—"ਜਗਤ ਜੂਠ ਤੇ ਰਹੀਐ ਦੂਰ ॥" *(ਗੁ. ਪ੍ਰ: ਸੂ:)*

Sri Satguru Jagjit Singh Ji eLibrary NamdhariElibrary@gmail.com

ਬੀਮਾਰੀਆਂ ਦਾ "ਬੀਮਾ" ਇਕੋ "ਤੰਬਾਕੂ ਬਹਾਦੁਰ" ਹੀ ਸਿੱਧ ਹੋਵੇਗਾ। ਆਲਸੀ ਲੋਗ ਵੱਧ ਤੋਂ ਵੱਧ ਹੁੱਕਾ ਪੀਂਦੇ ਅਰ ਇਸਨੂੰ ਭੁਸ ਜਾਂ ਆਦਿਤ ਕਹਿ ਕੇ ਹੀਂ ਸੁੜਾਕੀ ਜਾਂਦੇ ਨੇ, ਇਹ ਤੰਬਾਕੂ ਪੀਣ ਵਾਲੇ ਨੂੰ ਹੀ ਨਹੀਂ ਮਾਰਦਾ, ਬਲਕਿ ਦੂਜੇ ਨੂੰ ਨੇੜੇ ਆਉਣ ਪਰ ਗੰਦੀ ਬੂ ਅਤੇ ਗੰਦਾ ਧੂੰਆਂ ਦਿੰਦਾ ਹੈ। ਪੜਤਾਲ ਦੱਸਦੀ ਹੈ ਕਿ **ਜਿਤਨੇ ਔਗੁਣ ਤੰਬਾਕੂ ਵਿਚ ਹਨ, ਸੰਸਾਰ ਦੀ ਹੋਰ ਕਿਸੇ ਵਸਤੂ ਵਿਚ ਨਹੀਂ ਮਿਲਣਗੇ** ਵਿਸ਼ੇਸ਼ ਕਰਕੇ ਇਨਸਾਨੀ ਸਿਹਤ ਦਾ ਵੈਰੀ ਆਲਸ ਦਾ ਘਰ, ਸਮਾਂ ਖੋਊ, ਕਮਾਈ ਦਾ ਖਾਊ, ਸੂਰਬੀਰਤਾ ਦਾ ਨਾਸ਼ਕ, ਦਿਮਾਗ ਤੇ ਬੁਧੀ ਨੂੰ ਅਪਵਿੱਤ੍ਰ ਕਰਨ ਵਾਲਾ, ਭਜਨ ਬੰਦਗੀ ਤਥਾ ਧਾਰਮਕ ਲਾਇਨ ਦਾ ਵਿਰੋਧੀ ਇਹੋ ਇਕ ਤੰਬਾਕੂ ਹੈ। ਸੰਸਾਰ ਭਰ ਵਿਚ ਬੇਸ਼ੱਕ ਭਾਲ ਦੇਖੋ ਇਸ ਦੇ ਪੀਣੇ ਵਾਲਾ ਧਰਮ ਆਗੂ ਜਾਂ ਅਕਾਲ-ਭਗਤ ਤਥਾ ਨਾਮ ਅਭਿਆਸੀ ਇਕ ਭੀ ਨਹੀਂ ਮਿਲੇਗਾ। ਇਸ ਲਈ ਕਿਉਂ ਨਾਂ ਐਸੀ ਗੰਦੀ ਅਰ ਖਤਰਨਾਕ ਵਸਤੂ ਦਾ ਪੂਰਨ ਤੌਰ ਪਰਤਿਆਗਨ ਕੀਤਾ ਜਾਵੇ? ਮਨੁੱਸ਼ ਮਾਤਰ ਦੇ ਭਲੇ ਲਈ ਪਰਉਪਕਾਰੀ ਗੁਰੂ ਸਾਹਿਬਾਨ ਨੇ **ਇਹ ਬੀੜਾ** ਉਠਾਇਆ ਹੈ, ਕਿ ਇਸ ਗੰਦੀ ਵਸਤੂ ਤੋਂ ਦੁਨੀਆਂ ਨੂੰ ਬਚਾਇਆ ਜਾਏ ਅਰ ਅਮਲੀ ਪ੍ਰਚਾਰ ਲਈ "ਪਹਿਲੇ ਮਨੁ ਪ੍ਰਬੋਧੈ ਆਪਣਾ, ਪਾਛੈ ਅਵਰੁ ਰੀਝਾਵੈ" ਸਿਧਾਂਤ ਅਨੁਸਾਰ ਐਸਾ **ਬਾਈਕਾਟ** ਕੀਤਾ ਹੈ ਕਿ ਇਸ ਨੂੰ ਛੂਹਣ ਵਾਲਾ ਗੁਰਸਿੱਖ ਨਹੀਂ ਰਹਿ ਸਕਦਾ, ਭਾਵ ਤੰਬਾਕੂ ਨੂੰ ਵਰਤਣ ਵਾਲਾ **ਸਿੱਖੀ ਮੰਡਲ** ਤੋਂ ਖਾਰਜ ਹੁੰਦਾ ਹੈ। ਇਸ ਦਾ ਭਾਵ ਇਹੋ ਹੈ ਕਿ ਇਸ ਤਰੀਕੇ ਸੇ ਸਦੀਵੀ ਅਰ ਪੱਕਾ ਬਾਈਕਾਟ ਅਤੇ ਅਟੱਲ ਫੈਸਲਾ ਹੈ। ਜੇਕਰ ਜਿੰਦ ਭੀ ਜਾਂਦੀ ਹੋਵੇ, ਸਿੱਖ ਹੋ ਕੇ ਕੋਈ ਤੰਬਾਕੂ ਨਹੀਂ ਵਰਤ ਸਕਦਾ, ਤਾਂਕਿ ਕੋਈ ਬੇਮੁਖ, ਠੱਗ ਐਸਾ ਵਿਘਨ ਨਾ ਪਾਵੇ ਜਿਸ ਤੋਂ ਕਿ ਤੰਬਾਕੂ ਵਿਰੋਧੀ ਪ੍ਰਚਾਰਕ ਸਿੱਖ ਮੰਡਲ ਨੂੰ ਧੋਖਾ ਦੇਵੇ ਜਾਂ ਨੁਕਸਾਨ ਪਹੁੰਚਾਵੇ। ਸੱਚਮੁਚ ਬਾਈਕਾਟ ਜਾਂ ਤਿਆਗਨ ਭੀ ਇਹੋ ਹੀ ਹੈ, ਕਿ ਮੁੜ ਉਸ ਗੰਦੇ ਤੰਬਾਕੂ ਵਾਲ ਕੋਈ ਦੇਖੇ ਤੱਕ ਨਾ। ਅਨਜਾਣ ਜਾਂ ਢੁੱਚਰੀ ਕਹਿੰਦੇ ਨੇ ਇਹ ਬੂਟੀ ਹੈ ਪਰ ਸਿੱਖ ਕਹਿੰਦਾ ਹੈ ਇਹ ਗੰਦੀ ਬਦਬੂ ਲਈ ਵਿਸ਼ਟਾ ਨਾਲੋਂ ਭੀ ਨੀਚ ਹੈ। ਇਸ ਨੂੰ ਭੇਡਾਂ ਗਧੇ ਬਲਕਿ ਕੋਈ ਜਾਨਵਰ ਭੀ ਨਹੀਂ ਖਾਂਦਾ, ਕਿਤਨੇ ਜਾਨਵਰ ਲਾਗੇ ਤੱਕ ਨਹੀਂ ਢੁਕਦੇ ਅਰ ਨਸ਼ਿਆਂ ਦੇ ਮੁਕਾਬਲੇ ਕੋਕੀਨ, ਸ਼ਰਾਬ, ਅਫੀਮ, ਭੰਗ ਆਦਿ ਨਾਲੋਂ ਭੀ ਭੈੜਾ ਹੈ। ਅਤੇ ਇਨਸਾਨੀ ਜ਼ਿੰਦਗੀ ਜਾਂ ਸਿਹਤ ਲਈ ਮੌਹਰੇ (ਸੰਖੀਏ) ਆਦਿ ਜ਼ਹਿਰਾਂ ਤੋਂ ਭੀ ਮਾਰਨ ਨੂੰ ਵੱਧ [੪]ਖਤਰਨਾਕ ਹੈ। ਅਨਜਾਨ ਕਹਿੰਦੇ ਨੇ ਅਸੀਂ ਆਪਣੇ ਮੂੰਹ ਨਾਲ ਪੀਂਦੇ

੪. ਤਮਾਕੂ ਵਿਚ ਨਕੋਟੀਨ ਜ਼ਹਿਰ ਹੈ, ਜੇ ਕੁੱਤਾ ਖਾ ਲਵੇ ਮਿੰਟਾਂ ਵਿਚ ਹੀ ਮਰਦਾ ਹੈ। ਮਨੁੱਖ ਇਸੇ ਨਾਲ ਖਈ ਰੋਗ ਵਿਚ ਫਸਦਾ ਹੈ।

Sri Satguru Jagjit Singh Ji eLibrary NamdhariElibrary@gmail.com

ਹਾਂ ਕਿਸੀ ਨੂੰ ਕੀ ਪਿਆ ? ਪਰ ਸਿੱਖ ਸਮਝਦੇ ਨੇ ਇਸ ਨੂੰ ਪੀ ਕੇ ਸਾਡੇ ਗਵਾਂਢੀ ਤਬਾਹ ਹੋ ਰਹੇ ਹਨ ਅਰ ਇਸ ਦੀ ਗੰਦੀ ਹਵਾ ਨਾਲ ਸਾਨੂੰ ਭੀ ਦੁੱਖ ਦੇ ਰਹੇ ਹਨ। ਇਹ ਭੈੜੀ ਚੀਜ਼ ਵਰਤਣ ਵਾਲੇ ਲਈ ਹੀ ਬੁਰੀ ਨਹੀਂ, ਬਲਕਿ ਧੂੰਏਂ ਨਾਲ ਲਾਗੇ ਲੱਗਣ ਵਾਲੇ ਨੂੰ ਭੀ ਭ੍ਰਿਸ਼ਟ ਕਰਦੀ ਹੈ ਅਰ ਹੁੱਕਾ ਪੀਣੇ ਵਾਲੇ ਦੇ ਮੂੰਹ ਅਰ ਨਾਸਾਂ ਵਿਚੋਂ ਭੀ ਸਫਾਈ ਕੀਤੇ ਬਿਨਾਂ ਬਦਬੂ ਮਾਰਦੀ ਰਹਿੰਦੀ ਹੈ । ਇਹ ਠੀਕ ਹੈ ਕਿ ਜਿਸ ਦੇ ਮੂੰਹ ਤੇ ਨੱਕ ਵਿਚ ਤੰਬਾਕੂ ਹੈ ਉਸ ਨੂੰ ਇਹ ਕਦੇ ਭੀ ਪਤਾ ਨਹੀਂ ਲੱਗ ਸਕਦਾ ਕਿ ਇਸ ਦੀ ਕੈਸੀ ਗੰਦੀ ਹਵਾੜ ਆਉਂਦੀ ਹੈ। ਇਹੋ ਕਾਰਨ ਹੈ ਜੋ ਹੁੱਕੇ ਵਾਲੇ ਦੂਜੇ ਨੂੰ ਅਰਥਾਤ ਤੰਬਕੂ ਨਾ ਪੀਣ ਵਾਲੇ ਨੂੰ ਪ੍ਰਹੇਜ਼ ਕਰਦਾ ਵੇਖ ਕੇ ਹੈਰਾਨ ਹੁੰਦੇ ਹਨ। ਇਹ ਸਭ ਕੋਈ ਜਾਣਦਾ ਹੈ ਕਿ ਇਕ ਟੱਟੀ ਸਾਫ ਕਰਨ ਵਾਲੇ ਭੰਗੀ ਨੂੰ ਵਿਸ਼ਟੇ ਦੀ ਕਦੀ ਉਤਨੀ ਬਦਬੂ ਨਹੀਂ ਆ ਸਕਦੀ ਕਿ ਵਿਸ਼ਟੇ ਤੋਂ ਦੂਰ ਰਹਿਣ ਵਾਲੇ ਜਾਂ ਪ੍ਰਹੇਜ਼ ਰੱਖਣ ਵਾਲੇ ਨੂੰ ਆਉਂਦੀ ਹੈ, ਕਿਉਂਕਿ ਟੱਟੀ ਚੁੱਕਣ ਵਾਲੇ ਦੇ ਨਿਤਾਪ੍ਰਤਿ ਵਿੱਚੇ ਰਹਿਣ ਕਰਕੇ ਮੰਦੀ ਚੰਗੀ ਬੂ ਲੈਣ ਵਾਲੇ ਸੁਰਾਖ ਜਾਂ ਖੁਸ਼ਬੂ ਅਰ ਬਦਬੂ ਨੂੰ ਪਰਖਣ ਵਾਲੀਆਂ ਨਾਸਾਂ ਕੁੰਦ ਹੋ ਜਾਂਦੀਆਂ ਹਨ ।

ਸ਼ੋਕ ! ਪਰਮ ਸ਼ੋਕ ! ਸੰਸਾਰ ਭਰ ਵਿਚ ਸਿਵਾਏ ਸਿੱਖ ਮੰਡਲ ਦੇ ਇਸ ਨੂੰ ਹੋਰ ਕੋਈ ਜੇ ਮਾਨ ਨਹੀਂ ਦਿੰਦਾ ਤਾਂ ਸਿੱਖਾਂ ਜੈਸਾ [੫]ਪ੍ਰਹੇਜ਼ ਨਹੀਂ ਕਰਦਾ । ਸੰਸਾਰ ਭਰ ਦੀਆਂ ਹਕੂਮਤਾਂ ਤਥਾ ਸ਼ਾਹ ਬਾਦਸ਼ਾਹ ਦੇ ਹੱਥ ਵਿਚ ਹੋਣੇ ਕਰਕੇ ਇਹ ਨਿੰਦਿਆ ਨਹੀਂ ਜਾ ਰਿਹਾ, ਕਿਉਂਕਿ ਅੱਜ-ਕਲ੍ਹ ਵੱਡੇ-ਵੱਡੇ ਆਦਮੀ ਭੀ ਇਸ **ਤੰਬਾਕ-ਨੋਸ਼ੀ** ਨੇ ਫਤਹਿ ਕਰਕੇ ਆਪਣੇ ਪੱਖ ਵਿਚ ਕਰ ਰਖੇ ਹੈਨ। ਇਸ ਤਰ੍ਹਾਂ ਕਰੋੜਾਂ ਮਣ ਤੰਬਾਕੂ ਨਿਤਾਪ੍ਰਤਿ ਫੂਕਦਾ ਅਤੇ ਪੈਦਾ ਕੀਤਾ ਜਾਂਦਾ ਹੈ । [੬]ਕ੍ਰੋੜਾਂ ਅਰਬਾਂ ਰੁਪਏ ਤੰਬਾਕੂ ਰਾਹੀਂ ਉਡਦੇ ਹੈਨ। ਮੌਜੂਦਾ ਦੁਨੀਆਂ ਵਿਚ ਜੇ ਕਿਸੇ ਵੱਧ ਚੀਜ਼ ਦਾ ਪ੍ਰਚਾਰ ਹੈ **ਉਹ ਕੇਵਲ ਤੰਬਾਕੂ** ਹੈ, ਤਦੇ ਭੂਤ, ਭਵਿਖ, ਭਵਾਨ ਦੀ ਦਸ਼ਾ ਨੂੰ ਬੁਝਣਹਾਰ 'ਸ੍ਰੀ ਗੁਰੂ ਦਸਮੇਸ਼ ਜੀ' ਨੇ ਖਾਲਸਾ ਪੰਥ ਨੂੰ ਸਾਰੀ ਦੁਨੀਆਂ ਦੇ ਮੁਕਾਬਲੇ ਲਈ ਥਾਪਿਆ ਹੈ ਕਿ ਸੰਸਾਰ ਮਰਦੇ ਨੂੰ ਇਸ ਖਤਰਨਾਕ ਜ਼ਹਿਰ ਤੋਂ ਬਚਾਇਆ

---

੫. ਹਿੰਦੂ ਗ੍ਰੰਥਾਂ ਤੇ ਈਸਾਈ ਮੁਸਾਈ ਮਤਾਂ ਵਿਚ ਇਸ ਨੂੰ ਨਿੰਦਿਆ ਹੈ, ਪਰੰਤੂ ਅਮਲ ਇਸ ਦੇ ਵਿਰੁਧ ਹੀ ਹੁੰਦਾ ਦਿਸਦਾ ਹੈ। ਇਕ ਰਵਾਇਤ ਹੈ ਕਿ ਤੰਬਾਕੂ ਦੀ ਪੈਦਾਇਸ਼ ਨੇਮ ਨਾਥ ਰਾਜਾ ਦੇ ਗਊਮੇਧ ਯਗ ਦੇ ਪਿਛੋਂ ਗਊ ਦੇ ਲਹੂ ਥੀਂ ਹੋਈ ਹੈ। ਨਹੀ ਮਾਲੂਮ ਫੇਰ ਸਚ ਝੂਠ ਦਾ ਨਿਬੇੜਾ ਕਿਉਂ ਨਹੀਂ ਹੁੰਦਾ ।

੬. ਸੰਨ ੧੯੨੦ ਅਤੇ ੨੧ ਈ: ਦੀ ਸਰਕਾਰੀ ਰੀਪੋਰਟ ਤੋਂ ਜ਼ਾਹਰ ਹੈ ਕਿ ਹਿੰਦੁਸਤਾਨ ਵਿਖੇ ਦੋ ਕਰੋੜ ਪਚਾਨਵੇਂ ਲਖ ਸਤਾਨਵੇਂ ਹਜ਼ਾਰ (੨, ੯੫, ੯੭੦੦) ਰੁਪੈ ਦਾ ਤੰਬਾਕੂ ਗੈਰ ਮੁਲਕਾਂ ਤੋਂ ਹਰ ਸਾਲ ਆਉਂਦਾ ਹੈ। ਇਸ ਤੋਂ ਬਿਨਾਂ ਬਾਰ੍ਹਾਂ ਲੱਖ ਛਿਆਸੀ ਹਜ਼ਾਰ ਨੌਂ ਸੌ ਇਕਾਨਵੇਂ ਏਕੜ ਜ਼ਮੀਨ ਵਿਚ ਹਰ ਸਾਲ ਹਿੰਦੁਸਤਾਨ ਵਿਖੇ ਪੈਦਾ ਕਰਕੇ ਪੀਤਾ ਜਾਂਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਜਾਵੇ, ਉਸ ਦੀ ਪਹਿਲੀ ਪੌੜੀ **ਤਿਆਗ ਦਾ ਨਮੂਨਾ ਪਹਿਲੇ ਖ਼ੁਦ ਬਣੇ ਰਹੋ** ਤਾਂਕਿ 'ਔਰਨ ਕਉ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ' ਗੁਰੂ ਬਚਨ ਖਾਲਸਾ ਜੀ ਪਰ ਨਾ ਘਟੇ।

ਸਾਰੇ ਸੰਸਾਰ ਅੱਗੇ ਇਸ ਸਮੇਂ ਸਭ ਤੋਂ ਕਠਨ ਜਾਂ ਭਿਆਨਕ ਜੰਗ ਤੰਬਾਕੂ ਦੀ ਵਿਰੋਧਤਾ ਵਿੱਚ ਹੈ, ਕਿਉਂਕਿ ਗਰੀਬ ਤੋਂ ਲੈ ਕੇ ਵੱਡੇ-ਵੱਡੇ ਅਮੀਰ, ਫੌਜੀ, ਸਿਵਲੀ, ਠੇਕੇਦਾਰ, ਰਾਜੇ, ਮਹਾਰਾਜੇ, ਹਾਕਮ, ਠਾਕੁਰ, **ਚੁਰਟ ਬਹਾਦਰ** ਦੀ ਮਦਦ ਪਰ ਹਨ ਅਰ ਇਸ ਦਾ ਸਿੱਕਾ ਮੰਨਦੇ ਨੇ, ਤਾਂਤੇ ਇਸ ਵੇਲੇ ਸਿੱਖ ਮੰਡਲ ਦੀ ਅਵਾਜ਼ ਸੁਣਨ ਲਈ ਧਿਆਨ ਦੇਣਾ ਪਸੰਦ ਨਹੀਂ ਕਰਦੇ, ਬਲਕਿ ਲੋਕ ਹੈਰਾਨ ਹਨ ਕਿ ਸਿੱਖ ਕਿਉਂ ਤੰਬਾਕੂ ਤੋਂ ਇਤਨਾ ਪਰਹੇਜ਼ ਕਰਦੇ ਨੇ ? ਕਈ ਖਿਆਲ ਕਰਦੇ ਨੇ ਕਿ **ਸਿੱਖ ਵਹਿਮੀ** ਹਨ ! ਇਹ ਸਵਾਲ ਭੀ [੧]ਮਜ਼ਹਬੀ ਹੈ, ਪਰ ਗਊ ਅਰ ਸੂਅਰ ਤੋਂ ਇਤਨਾ ਪਰਹੇਜ਼ ਹੈ ਜਿਤਨਾ ਕਿ ਸਿੱਖਾਂ ਨੂੰ ਤੰਬਾਕੂ ਦਾ, ਪਰੰਤੂ ਤੰਬਾਕੂ ਨੂੰ ਜੋ ਸਭ ਵਸਤਾਂ ਥੀਂ ਖਤਰਨਾਕ ਹੈ **ਇਕ ਬੂਟੀ** ਜਾਂ ਆਦਤ ਮੰਨ ਕੇ ਪੀਂਦੇ ਹੈਨ, ਕਿਉਂਕਿ ਇਸ ਦੇ ਖਤਰਨਾਕ ਫਲਾਂ ਵਲ ਉੱਕਾ ਹੀ ਧਿਆਨ ਨਹੀਂ ਹੈ।

ਸੰਸਾਰ ਵਿਚ ਨਸ਼ੇ ਨਾਸ਼ਕ ਬਥੇਰੇ ਮੰਡਲ ਹਨ, ਪਰ ਉਹ ਨਾਮ-ਧਰੀਕ ਹੈਨ । ਬਥੇਰੇ ਵਿਦਵਾਨਾਂ, ਮੁਦੱਬਰਾਂ ਦੀਆਂ ਕੌਂਸਲਾਂ, ਪਾਰਲੀਮੈਂਟਾਂ, ਜਲਸੇ, ਕਾਂਨਫ੍ਰੰਸਾਂ ਹੁੰਦੀਆਂ ਹਨ ਤੇ ਦੇਸ਼-ਭਗਤਾਂ ਦਾ ਘਾਟਾ ਨਹੀਂ ਹੈ। ਮਹਾਤਮਾ ਕਹਾਉਣ ਵਾਲੇ ਭੀ ਬੇਸ਼ੁਮਾਰ ਹਨ, ਪਰ ਤੰਬਾਕ ਦੀ ਈਨ ਉਹ ਭੀ ਮੰਨਦੇ ਹਨ, ਅਮੀਰਾਂ ਦੇ ਖਾਣਿਆਂ ਨਾਲ ਤੰਬਾਕੂ ਹੈ, ਪਾਰਟੀਆਂ ਵਿਚ ਤੰਬਾਕੂ ਹੈ, ਜੱਜਾਂ, ਸੂਰਮਿਆਂ ਦੇ ਮੁਖਾਂ ਵਿਚ ਇਹ ਹੈ, ਹਾਕਮਾਂ ਦੇ ਹੱਥ ਵਿੱਚ ਭੀ ਇਹੋ ਹੈ, ਫਿਰ ਇਸ ਨੂੰ ਵਰਜੇ ਕੌਣ ? ਪਰ ਧੋਖਾ ਇਤਨਾ ਹੈ ਕਿ ਕਹਿੰਦੇ ਹਨ ਕਿ ਇਹ ਇੱਕ ਮਾਮੂਲੀ ਬੂਟੀ ਹੈ। ਇਕ ਮਜ਼ਦੂਰ ਸਿਰ ਪਰ ਬੋਝ ਚੁਕੇ ਭੀ ਚੁਰਟ ਪੀਂਦਾ ਹੈ, ਖੇਤੀ ਵਾਲਾ ਕਿਰਸਾਨ ਕੰਮ ਛੱਡੀ ਬੈਠਾ ਹੁੱਕਾ ਪੀਂਦਾ ਹੈ। ਮੋਟਰ ਵਾਲਾ ਮੋਟਰ ਚਲਾਈ ਜਾਂਦਾ ਵਿੱਚੇ ਸੂਟੇ ਛੱਡਦਾ ਹੈ। ਟੱਟੀ ਫਿਰਨ ਵਾਲੇ ਟੱਟੀਆਂ ਵਿੱਚੇ ਚੁਰਟ ਪੀ ਰਹੇ ਹਨ। ਸੌਣ ਜਾਗਣ ਵਿੱਚ ਚੁਰਟ ਦੀ ਹਕੂਮਤ ਸਾਰੇ ਹੀ ਹੈ। ਮੌਜੂਦਾ ਦੁਨੀਆਂ ਵਿਚ ਜੇ ਕੋਈ ਵੱਡੀ ਪੁਛ ਗਿੱਛ ਜਾਂ ਸੁਲਾਹ ਹੈ ਉਹ "ਹੁਲੇ ਬਹਾਦਰ" ਨੂੰ ਮਿਲੀ ਹੈ । ਬ੍ਰਾਹਮਣ ਪਾਸ ਜਾਓ ! ਖੱਤਰੀ ਪਾਸ ਜਾਓ ! ਸੰਨਿਆਸੀ, ਸਾਧਾਂ ਪਾਸ ਜਾਓ ! ਹੁੱਕਾ ਹੀ ਹੁੱਕਾ ਹੈ ! ਬਲਕਿ ਨਾਂਗੇ ਭੀ ਸੁਲਫੇ ਤੰਬਾਕੂ

੧. ਵੈਸੇ ਜੇ ਮਜ਼ਹਬ ਦਾ ਭੀ ਖਿਆਲ ਕਰੀਏ ਤਦ ਭੀ ਈਸਾਈ, ਮੁਸਲਮਾਨ ਆਦਿਕ ਮਜ਼ਹਬ ਭੀ ਸ਼ਰ੍ਹਾ ਵਿਚ ਇਸ ਦੀ ਮਨਾਹੀ ਹੈ। ਗਿਰਜਿਆਂ, ਮਸੀਤਾਂ ਵਿਖੇ ਤੰਬਾਕੂ ਨਹੀਂ ਪੀਤਾ ਜਾ ਸਕਦਾ, ਬਲਕਿ ਹੁੱਕਾ ਪੀ ਕੇ ਕੋਈ ਮੁਸਲਮਾਨ ਨਿਮਾਜ਼ ਨਹੀਂ ਗੁਜ਼ਾਰ ਸਕਦਾ ।

Sri Satguru Jagjit Singh Ji eLibrary NamdhariElibrary@gmail.com

ਤੋਂ ਖਾਲੀ ਨਹੀਂ ਰਹੇ। ਕੋਈ ਦੁਕਾਨ, ਕੋਈ ਜੇਬ, ਕੋਈ ਮੂੰਹ, ਕੋਈ ਹੱਥ, ਕੋਈ ਲੰਗਰ ਸਿਵਾਏ ਗੁਰਸਿੱਖਾਂ ਤੋਂ ਸ਼ਾਇਦ ਹੀ ਮਿਲੇ ਜਿਸ ਨੇ ਇਸ ਨੂੰ ਕਦੀ ਭੀ ਛੂਹਿਆ ਨਾ ਹੋਵੇ। ਸਿੱਟਾ ਕੀ ! ਹੁੱਕੇ ਦੀ ਹਕੂਮਤ ਬਹੁਤ ਹੀ ਪੱਸਰ ਰਹੀ ਹੈ। ਮੌਜੂਦਾ ਦੁਨੀਆਂ ਵਿੱਚ [੯]ਵੱਡਾ ਪਦਾਰਥ ਹੁੱਕਾ ਹੀ ਰਹਿ ਗਿਆ ਜਾਪਦਾ ਹੈ। ਮਾਨੋਂ ਵੀਹਵੀਂ ਸਦੀ ਦਾ ਵੱਡਾ ਦੇਵਤਾ ਤੰਬਾਕੂ ਹੀ ਹੋ ਰਿਹਾ ਹੈ। ਹਜ਼ਾਰਾਂ ਕੰਪਨੀਆਂ ਇਸ ਦੇ ਵਪਾਰ ਨਾਲ ਮਾਲਾਮਾਲ ਹਨ। ਇਸ ਕਰਕੇ ਚਾਹ ਦੀ ਤਰ੍ਹਾਂ ਇਸਨੂੰ ਨਿਤ ਨਵੀਆਂ ਪੁੱਠਾਂ ਦੇ ਕੇ ਲੋਕਾਂ ਨੂੰ ਆਦੀ ਬਣਾਉਂਦੇ ਹਨ।

ਲੱਖਾਂ ਆਦਮੀ ਖਈ ਰੋਗ ਤੇ ਫਿੱਫੜੇ ਦੀ ਬੀਮਾਰੀ ਵਿੱਚ ਤੰਬਾਕੂ ਨੇ ਫਸਾਏ, ਕਰੋੜਾਂ ਅਰਬਾਂ ਬੰਦੇ ਹਰ ਰੋਜ਼ ਇਸ ਦੇ ਮੀਸਨੇ ਖਰਚ ਵਿੱਚ ਫਸੇ ਪਏ ਨੇ, ਮੰਗਤੇ ਚੁਰਟਾਂ ਮੰਗਦੇ ਫ਼ਿਰਦੇ ਨੇ, **ਕਿ ਹੇ ਬਾਬਾ ! ਪੈਸੇ ਦਾ ਤੰਬਾਕੂ ਲੈ ਦਿਓ,** ਕਰੋੜਾਂ ਹੁੱਕੇ ਦੀ ਮੁਫਤੀ ਘੁੱਟ ਲਈ ਤਰਲੇ ਕਰਦੇ ਫਿਰਦੇ ਨੇ, ਅਨੇਕਾਂ ਬੱਚੇ ਚੁਰਟ ਪੀਣੇ ਵਾਲੇ ਜਵਾਨੀ ਤੋਂ ਖਾਲੀ ਹੋ ਰਹੇ ਹਨ। ਅਨੇਕਾਂ ਇਸ ਦੇ ਫਲ ਦਲਿੱਦਰ ਤੇ ਆਲਸ ਨੇ ਗ੍ਰਿਫਤਾਰ ਕਰ ਰੱਖੇ ਨੇ। ਕੈਦੀ ਭੀ ਚੋਰੀ-ਚੋਰੀ ਹੁੱਕੇ ਦੀ ਮੰਗ ਵਿੱਚ ਰੱਸੇ ਪੈੜੇ ਤੁੜਾ ਰਹੇ ਹਨ। ਸੋ ਜਿਸ ਨਖਿੱਧ ਵਸਤੂ ਲਈ ਇਤਨਾ ਜਗਤ ਤਰਲੇ ਕਰਦਾ ਅਤੇ ਤੜਫ ਰਿਹਾ ਹੈ ਉਸ ਤੰਬਾਕੂ ਲਈ ਸਿੱਖ ਮੰਡਲ ਵਿੱਚ "ਜਗਤ ਜੂਠ" ਦਾ ਦਰਜਾ ਮਿਲਿਆ ਹੋਇਆ ਹੈ। ਇਸਤ੍ਰੀ ਜ਼ਾਤੀ ਕੇਸ ਧਾਰਨਾ ਵਿੱਚ ਤਾਂ ਉੱਚੇ ਦਰਜੇ ਵਿੱਚ ਸੀ, ਪਰ ਸ਼ੋਕ ! ਪਰਮ ਸ਼ੋਕ !! ਚੀਨ, ਜਪਾਨ, ਯੂਰਪ ਆਦਿ ਮੁਲਕਾਂ ਵਿਚ ਉਹ ਭੀ ਇਸ "ਕੰਮਬਖਤ" ਤੰਬਾਕੂ ਨੇ ਅਨੇਕਾਂ ਇਸਤ੍ਰੀਆਂ ਭੀ ਧਰਤ ਪਟਕਾ ਮਾਰੀਆਂ ਹਨ, ਸਿੱਟਾ ਕੀ ! ਇਸ ਦੇ ਪੱਖ ਵਿਚ ਕਾਫੀ ਤਾਦਾਦ ਹੈ, ਪਰ ਸਿੱਖ ਮੰਡਲ ਨੂੰ ਫਿਰ ਭੀ ਗੁਰੂ ਹੁਕਮ ਪਰ ਭਰੋਸਾ ਹੈ ਕਿ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥" (ਪੰਨਾ ੯੫੩) ਅਰਥਾਤ ਉਹ ਸਮਾਂ ਛੇਤੀ ਆਵੇਗਾ ਕਿ ਲੋਕ ਤੰਬਾਕੂ ਤੋਂ ਗਊ ਸੂਅਰ ਦੀ ਤਰ੍ਹਾਂ ਸੁਗੰਧਾਂ (ਸੌਂਹਾਂ) ਖਾ ਕੇ ਪਰਹੇਜ਼ ਕਰਨਗੇ, ਕਿਉਂਕਿ ਬੁਰਾਈ ਦੀ **ਅਤੀ ਪ੍ਰਵਿਰਤੀ ਦਾ ਫਲ ਅੰਤ ਨਫਰਤ ਨਿਕਲਿਆ ਕਰਦਾ ਹੈ।**

ਗੁਰੂ ਸਾਹਿਬਾਨ ਨੇ ਫੁਰਮਾਇਆ ਹੈ—"ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥" (ਪੰਨਾ ੨੦੬) ਪੁਨਾ:-"ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥" (ਸਾਰਗ ਮ: ੫, ਪੰਨਾ ੧੨੦੫) ਤਾਂਤੇ ਇਸ ਦਾ ਤਿਆਗ ਇਵੇਂ ਹੀ ਹੋ ਸਕਦਾ ਹੈ, **'ਬਿਖਿਆ**

---

੯. ਕਵਿਰਾਜ ਗਿਰਧਰ ਜੀ ਨੇ ਹੁੱਕੇ ਪਰਥਾਇ ਆਪਣੇ ਰਚਿਤ ਕੁੰਡਲੀਏ ਦੁਆਰਾ ਫੁਰਮਾਇਆ ਹੈ— ਹੁੱਕਾ ਸੇ ਹੁਰਮਤ ਗਈ, ਨੇਮ ਧਰਮ ਗਯੋ ਛੂਟ॥
ਦਾਮ ਖਰਚਕੇ ਲੀਆ ਤਮਾਕੂ, ਗਈ ਹੀਏ ਕੀ ਫੂਟ॥

Sri Satguru Jagjit Singh Ji eLibrary NamdhariElibrary@gmail.com

**ਬਿਖੁ ਜਿਉ ਬਿਸਾਰਿ'** ਅਰਥਾਤ ਤੰਬਾਕੂ ਤੋਂ [੯]ਜ਼ਹਿਰ ਦੀ ਤਰ੍ਹਾਂ ਪਰਹੇਜ਼ ਰਖੋ । ਭਾਵੇਂ ਮਸੀਤ ਦੇ ਕਾਜ਼ੀ ਮੁਲਾਣੇ ਕਹਿੰਦੇ ਹਨ ਕਿ ਮਸੀਤੇ ਹੁੱਕਾ ਲਿਆਵਣ ਦੀ ਮਨਾਹੀ ਹੈ, ਹੁੱਕਾ ਪੀ ਕੇ ਬਿਨਾਂ ਮੂੰਹ ਸਾਫ ਕੀਤੇ ਦੇ ਨਿਮਾਜ਼ ਗੁਜ਼ਾਰਨੀ ਮਕਰੂਹ ਵਿਚ ਸ਼ਾਮਲ ਹੈ ਅਰ [੧੦]ਕੁਰਾਨ ਸ਼ਰੀਫ ਦੇ ਹਵਾਲੇ ਤੇ ਹਦੀਸਾਂ ਦੇ ਮਸਲੇ ਹੁੰਦੇ ਨੇ ਕਿ ਤੰਬਾਕੂ ਤੋਂ ਪਰਹੇਜ਼ ਕਰਨਾ ਸਵਾਬ ਹੈ । ਉਧਰ ਕਤੇਬਾਂ ਵਾਲੇ ਪਾਦਰੀ ਮੁੱਲਾਂ ਕਾਜ਼ੀ ਸਾਹਿਬ ਤੇ ਵੇਦਾਂ ਵਾਲੇ ਪੰਡਤ ਸਾਹਿਬ ਪੁਕਾਰ ਰਹੇ ਹਨ ਕਿ ਇਹ ਮੰਦੀ ਚੀਜ਼ ਹੈ, ਪਰ ਅਕਸਰ ਕਥਨੀ ਹੀ ਕਥਨੀ ਦਿੱਸ ਰਹੀ ਹੈ, ਜਿਸ ਤੋਂ ਨਿਸਚੇ ਹੁੰਦਾ ਹੈ ਕਿ "ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥" (ਪੰਨਾ ੭੨੨) ਅਰਥਾਤ ਕਥਨੀ ਹੀ ਬਾਕੀ ਹੈ ਤੇ ਕਰਣੀ ਉੱਡ ਚੁਕੀ ਹੈ । ਸੋ ਇਸ ਤੋਂ ਵਿਰੁਧ ਜੇ ਕੋਈ ਅਵਾਜ਼ ਹੈ ਉਹ ਅਮਲੀ ਸ਼ਕਲ ਵਿੱਚ ਗੁਰੂ ਦਸਮੇਸ਼ ਜੀ ਦੀ ਹੀ ਹੈ, ਯਥਾ:-"ਕੁੱਠਾ ਹੁੱਕਾ ਚਰਸ ਤਮਾਕੂ ॥ ਗਾਂਜਾ ਟੋਪੀ ਤਾੜੀ ਖਾਕੂ ॥ ਇਨਕੀ ਓਰ ਨ ਕਬਹੂੰ ਦੇਖੈ ॥ ਰਹਿਤਵੰਤ ਸੋ ਸਿੰਘ ਵਿਸੇਖੈ ॥" ਤਾਂਤੇ "ਗੁਰ ਪ੍ਰਸਾਦਿ ਬਿਖਿਆ ਪਰਹਰੈ" (ਪੰਨਾ ੨੭੪) ਪੁਨਾ:-"ਬਿਖਿਆ ਬਿਖੁ ਜਿਉ ਬਿਸਾਰਿ" (ਪੰਨਾ ੧੩੫੨)। ਸੋ ਗੁਰੂ ਦਸਮੇਸ਼ ਜੀ, ਨੇ ਇਸ ਦੇ ਪਾਨ ਕਰਨ ਵਾਲੇ ਨੂੰ ਬੱਜਰ ਕੁਰਹਿਤੀਆ (ਮਹਾਂ ਕੁਕਰਮੀ) ਅਰਥਾਤ ਵੱਡਾ ਪਾਪੀ ਠਹਿਰਾਇਆ ਹੈ । ਤਾਂਤੇ **'ਜਗਤ ਜੂਠ ਤੇ ਰਹੀਐ ਦੂਰ'** ਇਸ ਤੋਂ ਦੂਰ ਹੀ ਦੂਰ ਰਹੋ, ਮਤਾਂ "ਮਤਿ ਕਿਛੁ ਲਾਗੈ ਦਾਗ" ਹਾਲਤ ਨਾ ਵਰਤੇ ।

---

੯. ਸਇੰਸਦਾਨਾਂ ਨੇ ਤੰਬਾਕੂ ਵਿਖੇ ਇਕ ਐਸੀ ਜ਼ਹਿਰ ਸਿੱਧ ਕੀਤੀ ਹੈ ਕਿ ਉਸ ਨਾਲ ਸਰਪ ਭੀ ਮਰ ਜਾਂਦਾ ਹੈ, ਉਸ ਦਾ ਨਾਮ ਨਕੋਟੀਨ ਹੈ। ਜ਼ਹਿਰ ਦੇ ਕਾਰਨ ਤੰਬਾਕੂ ਪੀਣੇ ਨਾਲ ਮਾਸ ਪਤਲਾ ਪੈ ਜਾਂਦਾ ਹੈ, ਸੁਸਤ ਤੇ ਢਿੱਲਾ ਹੋ ਕੇ ਕਮਜ਼ੋਰ ਹੁੰਦਾ ਜਾਂਦਾ ਹੈ। ਹਿਰਦਾ, ਦਿਮਾਗ, ਮਿਹਦਾ, (ਫੇਫੜੇ) ਜ਼ਹਿਰ ਨਾਲ ਰੋਗੀ ਹੋ ਜਾਂਦੇ ਹਨ, ਸਿਰ ਘੁੰਮਣਾ, ਗਲੇ ਦੇ ਰੋਗ, ਖੰਘ, ਪਾਗਲਪਨ, ਤਪਦਿੱਕ, ਬੀਰਜ ਰੋਗ ਛੇੜੀ ਹੁੰਦੇ ਹਨ, ਡਾਕਟਰੀ ਦੀਆਂ ਕਿਤਾਬਾਂ ਵਿਖੇ ਤੰਬਾਕੂ ਦਾ ਨਾਮ ਜ਼ਹਿਰੀਲੀਆਂ ਵਸਤਾਂ ਦੀ ਫਰਿਸਤ ਵਿਖੇ ਦਰਜ ਹੈ ਇਸ ਕਰਕੇ ਇਸ ਦਾ ਲੈਸੰਸ ਭੀ ਲੈਣਾ ਪੈਂਦਾ ਹੈ। ਵਿਦਿਆਰਥੀਆਂ ਦੀ ਚੇਤਨ ਸ਼ਕਤੀ (ਜ਼ਿਹਨ, ਚੇਤਾ) ਨੂੰ ਨਾਸ਼ ਕਰਨੇ ਵਾਲਾ ਤੰਬਾਕੂ ਸਭ ਜ਼ਹਿਰਾਂ ਨਾਲੋਂ ਅੱਗੇ ਹੈ ।

੧੦. ਮੁਸਲਮਾਨਾਂ ਦੀ ਅਜ਼ਾਦੀ-ਪਸੰਦ ਜਮਾਤ ਅਹਿਰਾਰ ਦੇ ਪ੍ਰਸਿੱਧ ਲੀਡਰ ਪਰਲੋਕ-ਵਾਸੀ ਚੌਧਰੀ ਅਫਜ਼ਲ ਹੱਕ ਨੇ ੧੧ ਫ਼ਰਵਰੀ ਸੰਨ ੧੯੩੬ ਈ: ਦੇ ਅਖਬਾਰ ਅਹਿਰਾਰ ਵਿਚ ਤੰਬਾਕੂ-ਨੋਸ਼ੀ ਥੀਂ ਵਿਰੁਧ ਲੇਖ ਦਿਤਾ ਸੀ, ਜਿਸ ਵਿਚ ਦਰਜ ਹੈ—(੧) ਹੁੱਕਾ-ਨੋਸ਼ੀ ਦੀ ਆਦਤ ਕ੍ਰਿਤੀ ਨੂੰ ਕਮ-ਹਿੰਮਤ ਬਣਾਉਂਦੀ ਹੈ। (੨) ਹੁੱਕਾ-ਨੋਸ਼ ਜੇਹਲ ਦੀ ਪਾਬੰਦੀ ਨਹੀਂ ਝੱਲ ਸਕਦਾ। (੩) ਹੁੱਕਾ-ਨੋਸ਼ ਦੂਸਰੇ ਦੇ ਮੁਕਾਬਲੇ ਪਰ ਅੱਧਾ ਕੰਮ ਕਰਦਾ ਹੈ । (੪) ਹੁੱਕਾ-ਨੋਸ਼ਾਂ ਵਿਚੋਂ ਕੌਮੀ ਆਦਮੀ ਪੈਦਾ ਨਹੀਂ ਹੋ ਸਕਦੇ । (੫) ਹੁੱਕਾ ਸਿਪਾਹੀ (ਬਹਾਦਰ) ਕੌਮ ਦਾ ਹਥਿਆਰ ਨਹੀਂ, ਬਲਕਿ ਦੁਨੀਆਂ ਦੇ ਗਏ ਗੁਜ਼ਰੇ ਲੋਕਾਂ ਦਾ ਹੈ । ਆਦਿ ਆਦਿ । ਰੋਮ ਦੇ ਇਨਸੰਟ ਨਾਮੀ ਬਾਰਹਵੇਂ ਪੋਪ ਨੇ ਤੰਬਾਕੂ ਵਰਤਣ ਵਾਲਿਆਂ ਨੂੰ ਬਾਈਕਾਟ ਕਰਨੇ ਦਾ ਹੁਕਮ ਦਿਤਾ ਸੀ।

Sri Satguru Jagjit Singh Ji eLibrary NamdhariElibrary@gmail.com

ਗੁਰੂ ਮਿਸ਼ਨ ਅੱਗੇ ਤੰਬਾਕੂ ਦੇ ਪੀਣੇ ਵਾਲੇ ਇਉਂ ਹਨ, "ਅੰਮ੍ਰਿਤ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥" (ਰਾਮਕਲੀ ਮ: ੫, ਪੰਨਾ ੮੯੨) ਭਾਵੇਂ ਇਸ ਨੂੰ ਕੋਈ ਚੰਗਾ ਜਾਂ ਅੰਮ੍ਰਿਤ ਦੱਸੇ, ਪਰ ਸਚਾਈ ਇਹ ਹੈ ਕਿ ਤੰਬਾਕੂ ਮਹਾਂ ਗੰਦਾ ਅਰ ਜ਼ਹਿਰ ਹੈ। ਤਦੇ ਇਸ ਨੂੰ ਮੰਦਰੀਂ ਮਸੀਤੀਂ ਨਹੀਂ ਢੁਕਣ ਦਿੱਤਾ ਜਾਂਦਾ। ਦੇਖੋ ! ਗਿਰਜਿਆਂ ਵਿਚ ਭੀ ਇਸ ਤੋਂ ਨਫਰਤ ਹੈ। ਗੁਰੂ ਹੁਕਮ ਹੈ—"ਸਾਕਤ ਸੰਗੁ ਨ ਕੀਜੀਈ ਪਿਆਰੇ ਜੇ ਕਾ ਪਾਰਿ ਵਸਾਇ" (ਪੰਨਾ ੬੪੧) ਤਾਂਤੇ ਵੱਸ ਲਗਦੇ ਹੁੱਕੇ ਦੀ ਬਦਬੂ ਤੋਂ ਦੂਰੋਂ ਦੂਰ ਭਾਗੋ। ਗੁਰਮੁਖ ਜਨ ਤੰਬਾਕੂ ਪੀਣੇਂ ਵਾਲੇ ਦੇ ਹੱਥਾਂ ਦਾ ਬਣਿਆ ਲੰਗਰ ਤੀਕ ਨਹੀਂ ਛਕਦੇ, ਬਲਕਿ ਇਥੋਂ ਤੀਕ ਗੁਰੂ ਹੁਕਮ ਹੈ:—

**ਯਥਾ— "ਸੁਨੋ ਸਿੱਖ ਮਮ ਬਚਨ ਜੋ ਤਜੇ ਤੰਬਾਕੂ ਸੰਗ ॥ ਮਰਨ ਮਰੈ ਤੌ ਅਤਿ ਭਲਾ ਜਗਤ ਜੂਠ ਨਹੀ ਅੰਗ ॥ ਤਨਕ ਤਮਾਕੂ ਸੇਵੀਏ ਦੇਵ ਪਿਤ੍ਰ ਤਜ ਜਾਏ ॥ ਪਾਣੀ ਤਾਂਕੇ ਹਾਥ ਕਾ ਮਦਰਾ ਸਮ ਹੋਇ ਆਏ ॥" (ਸਾਖੀ ੯੪ ਸ: ਸਾ:), ਯਥਾ ਭਗਤ ਕਬੀਰ ਜੀ — "ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ [੧੧]ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥" (ਪੰਨਾ ੧੩੭੭)**

ਨੋਟ—ਇਥੇ ਭਾਂਗ ਨਾਮ ਤੰਬਾਕੂ ਦਾ ਹੈ। ਹੁਣ ਤੀਕ ਗੰਗਾ ਗਿਰਦੇ ਤੰਬਾਕੂ ਨੂੰ ਭੰਗ ਨਾਮ ਸੇ ਬੋਲਦੇ ਹਨ। ਇਥੇ ਭੰਗ ਸੁੱਖੇ ਦਾ ਨਾਮ ਨਹੀਂ ਹੈ। ਇਹ "ਭਾਂਗ" ਸ਼ਬਦ ਹੈ, ਸੋ "ਭਾਂਗ" (ਧੂਮਰਪਾਨ) ਸੇ ਪ੍ਰਸਿੱਧ ਹੈ, ਸੋ ਤੰਬਾਕੂ ਪੀਣਾ ਅਰ ਸ਼ਰਾਬ, ਮੱਛੀ, ਮਾਸ ਅਰਥਾਤ ਮੁਰਦਾ ਘਾਟ ਦੀ ਮੱਛੀਆਂ ਖਾਣੇ ਪੀਣੇ ਵਾਲੇ ਦੇ ਹਿੰਦੂ ਨਿਯਮਾ ਅਨੁਸਾਰ ਤੀਰਥ ਬ੍ਰਤ ਨੇਮ ਆਦਿ ਕੀਤੇ ਸਭੇ ਰਸਾਤਲ ਜਾਂਦੇ ਮੰਨੇ ਹਨ। ਪੁਨਾ ਉਕਤ ਕੁਕਰਮੀ ਤੀਰਥਾਂ, ਬਰਤਾਂ, ਸੰਧਿਆ ਆਦਿ ਕਰਮਾਂ ਦਾ ਅਧਿਕਾਰੀ ਨਹੀਂ ਰਹਿੰਦਾ।

ਭੈਰੋਂ ਆਦਿ ਦੇਵਤਿਆਂ ਨੂੰ ਸ਼ਰਾਬ ਤਾਂ ਦਿੰਦੇ ਹਨ ਪਰ ਬਾਕੂ ਕਿਸੇ ਭੀ ਦੇਵਤਾ ਦੀ ਭੇਟਾ ਨਹੀਂ ਹੁੰਦਾ।

੧੧. ਹਿੰਦੂਆਂ ਦੇ ਪਦਮ ਪੁਰਾਣ ਵਿਖੇ ਲਿਖਿਆ ਹੈ—"ਧੂਮਰ ਪਾਨੰਗ ਰਤੰਗ ਵਿਪਰਿੰਗ ਦਾਨੰ ਕਰਦੰਤੀ ਲੇ ਨਰਾਹ। ਦਾਤਾਰੋ ਨਰਕੰ ਯਾਨੰਤੀ ਬ੍ਰਹਮਨੋ ਗ੍ਰਾਮ ਸੂਕਰਹ" ਅਰਥਾਤ ਤੰਬਾਕੂ ਦਾ ਧੂੰਆਂ ਪੀਣੇ ਵਾਲੇ ਬ੍ਰਾਹਮਣ ਦਾਨ ਕਰਨੇ ਵਾਲੇ ਜਜਮਾਨ ਰੌਰਦਾਦ ਨਰਕੋਂ ਵਿਖੇ ਜਾਂਦੇ ਹਨ ਅਤੇ ਤੰਬਾਕੂ ਪੀਣੇ ਵਾਲਾ ਬ੍ਰਾਹਮਣ ਪਿੰਡ ਦਾ ਸੂਰ ਬਣ ਕੇ ਜਨਮ ਧਾਰਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਤੰਬਾਕੂ-ਨੋਸ਼ੀ ਦੀ ਵਿਰੋਧਤਾ

ਤੰਬਾਕੂ-ਨੋਸ਼ੀ ਤੋਂ ਵਿਰੁਧ ਸੰਸਾਰ ਭਰ ਦੇ ਡਾਕਟਰਾਂ, ਹਕੀਮਾਂ, ਵੈਦਾਂ ਆਦਿ ਦੇ ਨਾਮ ਲਿਖ ਕੇ ਉਨ੍ਹਾਂ ਦੀ ਵੱਖੋ-ਵੱਖ ਰਾਇਆਂ ਲਿਖਣਾ ਵਾਧੂ ਤੇ ਵਿਸਥਾਰ ਹੈ, ਤਕਰੀਬਨ ਸਾਰੇ ਹੀ ਉੱਚ ਡਿਗਰੀ ਦੇ ਡਾਕਟਰ ਹਕੀਮ ਤੰਬਾਕੂ-ਨੋਸ਼ੀ ਨੂੰ ਇਨਸਾਨੀ ਸਿਹਤ ਤੋਂ ਵਿਰੁਧ ਅਰਥਾਤ ਇਨਸਾਨ ਮਾਤਰ ਦਾ [੧੨]ਵੈਰੀ ਸਿੱਧ ਕਰਨਗੇ। ਇਸ ਭਾਵ ਦੇ ਹਜ਼ਾਰਾਂ ਲੇਖ ਮਿਲਦੇ ਹਨ, ਕਿ ਤੰਬਾਕੂ ਬੱਚਿਆਂ ਲਈ ਵਿਸ਼ੇਸ਼ ਕਰਕੇ ਵਿਦਿਆਰਥੀਆਂ ਲਈ ਇਤਨਾ ਖਤਰਨਾਕ ਹੈ ਜਿਤਨੀ ਕਿ ਹੋਰ ਕੋਈ ਚੀਜ਼ ਨਹੀਂ ਹੋ ਸਕਦੀ, ਇਸੇ ਲਈ ਬਹੁਤ ਥਾਵੀਂ ਦੇਸ਼ ਸੁਧਾਰਕ ਜਾਂ ਇਨਸਾਨ ਦੀ ਸਿਹਤ ਦੇ ਭਲੇ ਲੋਚਣ ਵਾਲੀਆਂ ਹਕੂਮਤਾਂ ਨੇ ਬੱਚਿਆਂ ਵਿਚ ਕਾਨੂੰਨਨ ਜਾਂ ਹੁਕਮਨ ਤੰਬਾਕੂ-ਨੋਸ਼ੀ ਬੰਦ ਕਰ ਰੱਖੀ ਹੈ, ਜਿਹਾ ਕਿ ਪੰਜਾਬ ਵਿਚ ਭੀ ਇਕ [੧੩]ਕਾਨੂੰਨ ਹੈ, ਭਾਵੇਂ ਉਸ ਪਰ ਪੂਰਨ ਅਮਲ ਨਹੀਂ ਹੁੰਦਾ ਦਿਖਦਾ, ਪਰ ਇਹ ਤਾਂ ਸਿੱਧ ਹੈ ਕਿ ਸਮੇਂ ਦੀਆਂ ਸਰਕਾਰਾਂ ਭੀ ਤੰਬਾਕੂ ਪੀਣਾ ਬੱਚਿਆਂ ਲਈ ਨੁਕਸਾਨਦੇਹ ਸਮਝ ਰਹੀਆਂ ਹਨ।

ਅਮਰੀਕਾ ਆਦਿ ਦੇਸਾਂ ਦੀਆਂ ਯੂਨੀਵਰਸਿਟੀਆਂ ਵਲੋਂ ਖਾਸ ਤੌਰ ਪਰ ਤੰਬੀਹ ਹੈ ਕਿ ਕੋਈ ਵਿਦਿਆਰਥੀ ਹੁੱਕਾ (ਚੁਰਟ) ਨਾ ਪੀਵੇ। ਕਈਆਂ ਵਿਚ ਕਤੱਈ ਬੰਦਸ਼ ਭੀ ਹੈ, ਇੰਗਲੈਂਡ ਦੇ ਪ੍ਰਸਿੱਧ ਡਾਕਟਰ ਸਰ ਪੀ. ਡਬਲਯੂ. ਰਿਚਰਡ ਨੇ ਇਕ ਵਾਰ ਆਪਣਾ ਆਮ ਐਲਾਨ ਛਾਪਿਆ ਸੀ ਕਿ ਤੰਬਾਕੂ-ਨੋਸ਼ੀ ਇਨਸਾਨ ਮਾਤਰ ਲਈ ਖਤਰਨਾਕ ਹੈ, ਉਸ ਵਿਖੇ ਅਗੇ ਲਿਖੇ ਖਾਸ-ਖਾਸ ਨੁਕਸਾਨ ਭੀ ਲਿਖੇ ਗਏ ਸਨ, ਯਥਾ:-(੧) ਜਿੰਦ ਦਾ ਰੂਪ ਲਹੂ ਹੈ, ਅਰ ਤੰਬਾਕੂ ਉਸ ਵਿਖੇ ਮਲੀਨਤਾ ਉਤਪੰਨ ਕਰਦਾ ਹੈ। (੨) ਮਿਹਦੇ ਨੂੰ ਨਿਰਬਲ ਬਣਾ ਕੇ ਪਾਚਨ ਸ਼ਕਤੀ (ਹਾਜ਼ਮੇ) ਨੂੰ ਵਿਗਾੜ ਦਿੰਦਾ ਹੈ। (੩) ਦਿਲ ਨੂੰ ਆਲਸੀ ਬਣਾਉਂਦਾ ਤੇ ਵਿਗਾੜ ਪਾਉਂਦਾ ਹੈ। (੪) ਪੰਜੇ ਗਿਆਨ ਇੰਦ੍ਰਿਆਂ ਨੂੰ (ਅੱਖਾਂ, ਨੱਕ, ਕੰਨ, ਆਦਿ) ਸਹਿਜੇ-ਸਹਿਜੇ ਸਥਿਲ ਕਰਕੇ ਨਿਕੰਮੇ ਬਣਾ ਦਿੰਦਾ ਹੈ। (੫) ਦਿਮਾਗ ਵਿੱਚ ਬਹੁਤ ਸਾਰੇ ਰੱਦੀ ਮਾੱਦੇ

---

੧੨. ਲੋਕ ਤਾਂ ਆਪਣੀ ਸਮਝ ਅਨੁਸਾਰ ਤੰਬਾਕੂ ਨੂੰ ਫੂਕਦੇ ਹਨ ਪਰ ਵਾਸਤਵ ਵਿਖੇ ਤੰਬਾਕੂ-ਨੋਸ਼ ਖੁਦ ਆਪ ਹੀ ਫੁਕੀ ਜਾ ਰਹੇ ਹਨ। ਇਕ ਕਹਾਵਤ ਹੈ ਕਿ ਤੰਬਾਕੂ ਆਖਦਾ ਹੈ— "ਖਾਂਸੀ ਕਰੂੰ ਖੁਰਰਾਹ ਕਰੂੰ। ਫਿਰ ਭੀ ਨਾ ਮਰੇ ਤੋ ਮੈਂ ਕਿਆ ਕਰੂੰ॥" ਕਈ ਫੁਚਰੀ ਕਿਹਾ ਕਰਦੇ ਹਨ, ਅਸੀਂ ਤਾਂ ਸਿੱਖਾਂ ਦੇ ਦੁਸ਼ਮਨ ਨੂੰ ਫੂਕਦੇ ਹਾਂ। ਦਰਅਸਲ ਹੁੱਕਾ ਪੀਣ ਵਾਲਿਆਂ ਨੂੰ ਹੀ ਫੂਕਦਾ ਹੈ, ਸੋ ਉਨ੍ਹਾਂ ਦਾ ਹੀ ਦੁਸ਼ਮਨ ਸਿੱਧ ਹੁੰਦਾ ਹੈ।

੧੩. ਇਹਨੂੰ ਕਾਨੂੰਨ ਸੁਰਗਵਾਸੀ ਸ੍ਰ: ਗੱਜਣ ਸਿੰਘ ਜੀ ਵਕੀਲ ਲੁਧਿਆਣਾ ਨੇ ਲਾਟ ਸਹਿਬ ਦੀ ਕੌਂਸਲ ਵਿਚ ਪੇਸ਼ ਕਰਕੇ ਪਾਸ ਕਰਵਾਇਆ ਸੀ। *(ਪੜ੍ਹੋ ਸਿੱਖ ਕਾਨੂੰਨ ਗ੍ਰੰਥ)*

Sri Satguru Jagjit Singh Ji eLibrary NamdhariElibrary@gmail.com

ਅਰਥਾਤ ਨਿਕੰਮੀਆਂ ਧਾਤੂ ਉਤਪੰਨ ਕਰ ਦਿੰਦਾ ਹੈ। (੬) ਨਾੜੀਆਂ ਦੇ ਪੱਠਿਆਂ ਨੂੰ ਸੁਸਤ ਕਰਨ ਦਾ ਪੂਰਨ ਅਸਰ ਕਰਦਾ ਹੈ। (੭) ਗਲੇ ਅਰ ਨਾਸਾਂ (ਨੱਕ) ਵਿਚ ਖੁਸ਼ਕੀ ਤੇ ਗਰਮੀ ਇਕੱਠੀ ਕਰਦਾ ਹੈ। ਤਕਰੀਬਨ ਇਕਰ ਦੀ ਰਾਇਆਂ ਹਜ਼ਾਰਾਂ ਡਾਕਟਰਾਂ ਦੀਆਂ ਹੋਰ ਭੀ ਹਨ। "ਖਈ ਰੋਗ" ਤਕਰੀਬਨ ਤੰਬਾਕੂ-ਨੋਸ਼ੀ ਤੋਂ ਹੀ ਫੈਲਦੇ ਹਨ। ਦਿਲ ਦੇ ਧੜਕਣ ਦੇ ਰੋਗ ਤੰਬਾਕੂ ਤੋਂ ਹੀ ਹੁੰਦੇ ਨੇ। ਫੇਫੜੇ ਪਰ ਇਸ ਦਾ ਖਾਸ ਅਸਰ ਹੁੰਦਾ ਹੈ, ਅਰਥਾਤ ਫੇਫੜੇ ਕਮਜ਼ੋਰ ਤੇ ਨਿਕੰਮੇ ਹੋ ਜਾਂਦੇ ਨੇ, ਹੁੱਕਾ ਪੀਣ ਵਾਲੇ ਦੇ ਸਵਾਸ ਗੰਦੇ ਹੁੰਦੇ ਨੇ। ਹੁੱਕੇ ਦਾ ਪਰਹੇਜ਼ੀ ਉਸ ਦੇ ਮੁਖ ਦੇ ਨੇੜੇ ਨਹੀਂ ਢੁਕ ਸਕਦਾ। ਸਦਾ ਮੁਖ ਵਿਚੋਂ ਬਦਬੂ ਆਉਂਦੀ ਰਹਿੰਦੀ ਹੈ। ਸਿਮਰਨ ਸ਼ਕਤੀ (ਯਾਦ ਸ਼ਕਤੀ, ਚੇਤਾ) ਤੰਬਾਕੂ ਨੋਸ਼ੀ ਨਾਲ ਘਟਦਾ ਰਹਿੰਦਾ ਹੈ। ਸੋ ਇੱਕੁਰ ਦੇ ਬੱਜਰ ਨੁਕਸ ਮਸ਼ਹੂਰ ਡਾਕਟਰਾਂ ਵਲੋਂ ਦੱਸੇ ਗਏ ਹਨ। ਵੈਸੇ ਵੀ ਉਕਤ ਨੁਕਸ ਤੰਬਾਕੂ ਨੋਸ਼ਾਂ ਵਿਚ ਮਿਲਦੇ ਨੇ। ਆਮ ਤੌਰ ਪਰ ਚੁਰਟਾਂ ਵਿਚ ਇਕਰ ਦੇ ਮਾਦੇ ਦੱਸੇ ਗਏ ਹਨ, ਜਿਹਾ ਕਿ ਤੰਬਾਕੂ ਤੇ ਕਾਗਜ਼ ਜੋ ਹਰ ਹਾਲਤ ਵਿਚ ਇਕੱਠੇ ਪੀਤੇ ਜਾਂਦੇ ਨੇ। ਕਾਗਜ਼ ਦਾ ਧੂੰਆਂ ਪੀਣਾ ਬਹੁਤ ਬੁਰਾ ਹੈ। ਅਕਸਰ ਚੁਰਟਾਂ ਵਿਚ ਚਿੱਟੇ ਧੂਏਂ ਲਈ ਸੰਖੀਏ ਦੀ ਪੁਠ ਦੇਣੀ ਪਰਧਾਨ ਦੱਸੀਦੀ ਹੈ ਤੇ ਜੋੜਨ ਲਈ ਸ਼ੋਰਾ ਵਰਤੀਦਾ ਹੈ। ਦਿਮਾਗ ਨੂੰ ਧੂੰਆਂ ਤੇ ਨਸ਼ੇ ਲਈ ਅਫੀਮ ਦੀ ਪੁੱਠ ਅਤੇ ਹੋਰ ਯਤਨ ਹੁੰਦੇ ਦਸੇ ਨੇ, ਤਾਂਕਿ ਇਨ੍ਹਾਂ ਦਾ ਚਸਕਾ ਲਗੇ।

ਤੰਬਾਕੂ-ਨੋਸ਼ ਅਕਸਰ ਉਸੀ ਮਾਰਕੇ ਜਾਂ ਕੰਪਨੀ ਦਾ ਤੰਬਾਕੂ (ਚੁਰਟ) ਪੀਂਦੇ ਹਨ ਜੋ ਤਿਨ੍ਹਾਂ ਨੂੰ ਚੰਗਾ ਅਮਲੀ ਬਣਾਵੇ ਤੇ ਵੱਧ ਪੀਣ ਦੀ ਆਦਤ ਵਧਾਵੇ ਤੇ ਹੁੱਕੇ ਦਾ ਦਾਸ ਸਦਾ ਲਈ ਰੱਖੇ, ਤਾਂਕਿ ਹੁੱਕੇ-ਨੋਸ਼ ਉਨ੍ਹਾਂ ਦੇ ਸਦੀਵੀ ਗ੍ਰਾਹਕ ਬਣੇ ਰਹਿਣ।

**ਨੋਟ**—ਕੁਝ ਸਮਾਂ ਹੋਇਆ ਇਕ ਸਰਕਾਰੀ ਤਜਰਬੇਕਾਰ ਡਾਕਟਰ ਨੇ ਬੜੇ ਗੌਹ ਨਾਲ ਇਕ ਨਕਸ਼ਾ ਤਿਆਰ ਕੀਤਾ ਸੀ। ਤੰਬਾਕੂ ਪੀਣ ਵਾਲੇ ਤੇ ਨਾ ਪੀਣ ਵਾਲੇ ਬੀ. ਏ. ਦੇ ਵਿਦਿਆਰਥੀਆਂ ਦੇ ਦੋ ਸੈਕਸ਼ਨ ਬਣਾਏ, ਚਾਰ ਸਾਲਾਂ ਤੋਂ ਬਾਅਦ ਉਨ੍ਹਾਂ ਦਾ ਮੁਕਾਬਲਾ ਕੀਤਾ ਗਿਆ ਤਾਂ ਪਤਾ ਲਗਿਆ ਕਿ ਤੰਬਾਕੂ ਨਾ ਪੀਣ ਵਾਲੇ ਵਿਦਿਆਰਥੀ ਵਜ਼ਨ ਵਿਚ ੧੦ ਫੀ ਸਦੀ ਉਚਾਈ ਵਿਚ, ੧੪ ਫੀ ਸਦੀ ਛਾਤੀ ਵਿਚ, ੨੬ ਫੀ ਸਦੀ ਫੇਫੜਿਆਂ ਵਿਚ ਅਤੇ ਹੋਰ ਤੰਦਰੁਸਤੀ ਵਿਚ, ੭੮ ਫੀ ਸਦੀ ਹੁੱਕਾ-ਨੋਸ਼ਾਂ ਨਾਲੋਂ ਤਰੱਕੀ ਕਰ ਗਏ। ਇਸੀ ਤਰ੍ਹਾਂ ਵਲਾਇਤ ਵਿਚ ਇਕ ਡਾਕਟਰ ਦੇ ਤਜਰੁਬੇ ਨੇ ਸਾਬਤ ਕੀਤਾ ਕਿ ਚੁਰਟ ਪੀਣ ਵਾਲੇ ਲੜਕਿਆਂ ਦੀ ਪਾਚਨ ਸ਼ਕਤੀ ਬਹੁਤ ਘਟ ਗਈ, ਛਾਤੀ ਵਿਚ ਧੜੂਕਾ ਹੋ ਗਿਆ। ਉਹ ਲਿਖਦਾ ਹੈ ਕਿ ਤੰਬਾਕੂ ਭਿਆਨਕ ਚੀਜ਼ ਹੈ, ਸੋ ਜਦ ਦੁਨੀਆਂ ਭਰ ਦੇ ਪ੍ਰਸਿੱਧ ਡਾਕਟਰ ਤੰਬਾਕੂ ਦਾ ਖੰਡਣ ਕਰਦੇ ਹਨ, ਤੰਬਾਕੂ-ਨੋਸ਼ ਕਿਉਂ ਨਹੀਂ ਆਪ ਨੂੰ ਮਰੀਜ਼

Sri Satguru Jagjit Singh Ji eLibrary NamdhariElibrary@gmail.com

ਮੰਨ ਕੇ ਇਲਾਜ ਕਰਾਉਂਦੇ ਜਾਂ ਤੰਬਾਕੂ ਥੀਂ ਨਫਰਤ ਕਰਦੇ। ਜਿਸ ਤੋਂ ਜਾਣਿਆ ਜਾਂਦਾ ਹੈ ਕਿ ਹੁੱਕੇ ਦੇ ਪ੍ਰਚਾਰਕ ਜਾਣ ਬੁਝ ਕੇ ਅਗਨੀ ਵਿਚ ਡਿਗ ਰਹੇ ਹਨ। ਜਿਸ ਤਰ੍ਹਾਂ ਅੱਜ ਕਲ੍ਹ [੧੪]ਚਾਹ ਦਾ ਰਿਵਾਜ਼ ਸੁੱਤੇ ਹੀ ਚਲ ਪਿਆ ਹੈ ਅਰ ਇਨਸਾਨੀ ਖ਼ੁਰਾਕ ਨਾਲ ਸ਼ਾਮਲ ਹੋ ਰਹੀ ਹੈ, ਪਰੰਤੂ ਇਸ ਦਾ ਮੰਦਾ ਫਲ ਆਉਣ ਵਾਲੀਆਂ ਨਸਲਾਂ ਪਰ ਐਸਾ ਹੋਵੇਗਾ ਕਿ ਮਨੁੱਖ ਨਿਪੁੰਸਕ (ਨਾਮਰਦ) ਹੋਣ ਲਗ ਪੈਣਗੇ, ਗਰਮ ਮੁਲਕਾਂ ਲਈ ਚਾਹ ਮੌਤ ਦਾ ਸੁਨੇਹਾ ਹੈ।

ਆਮ ਤੌਰ ਪਰ ਅਫੀਮ, ਸ਼ਰਾਬ ਆਦਿ ਵੱਡੇ ਅਮਲਾਂ ਜਾਂ ਨਸ਼ਿਆਂ ਵਿਚ ਮੰਨੇ ਜਾਂਦੇ ਨੇ, ਪਰੰਤੂ ਜਦੋਂ ਨਸ਼ਿਆਂ ਦੀ ਫਰਿਸਤ ਵਿਚ ਪੜਤਾਲ ਕੇ ਨੁਕਸਾਨ-ਦੇਹ ਮੰਨੀਏ ਤਾਂ ਤੰਬਾਕੂ ਸਭ ਥੀਂ ਵਧ ਖਤਰਨਾਕ ਤੇ ਤਬਾਹੀ ਦਾ ਕਾਰਨ ਨਿਕਲੇਗਾ, ਇਹ ਨਸ਼ਾ ਬੇ-ਮਲੂਮਾ, ਦਿਲ ਤੇ ਦਿਮਾਗ ਨੂੰ ਕਤਲ ਕਰਦਾ ਹੈ। ਅਫੀਮੀਆਂ, ਸ਼ਰਾਬੀਆਂ ਨੂੰ ਲੋਕ ਕਹਿਣਗੇ ਕਿ ਕਿਉਂ ਨਸ਼ੇ ਪੀਂਦੇ ਹੋ ? ਅਰ ਇਸ ਦੇ ਮੰਦੇ ਫਲ ਪ੍ਰਤੱਖ ਭੀ ਦਿਸਦੇ ਹੈਨ ਤੇ ਇਕ ਦਮ ਧਨ ਬਰਬਾਦ ਹੁੰਦਾ ਦਿਸਦਾ ਹੈ। ਪਰੰਤੂ ਹੁੱਕੇ-ਨੋਸ਼ੀ ਨੂੰ ਨਸ਼ਿਆਂ ਤੋਂ ਬਾਹਰ ਅਰ ਮਾਮੂਲੀ ਆਦਿਕ ਮੰਨ ਕੇ ਲਾਪਰਵਾਹੀ ਵਰਤੀ ਜਾਂਦੀ ਹੈ। ਬਲਕਿ ਇਸ ਬਾਤ ਪਰ ਬਹਿਸ ਹੁੰਦੀ ਹੈ ਕਿ ਤੰਬਾਕੂ ਕੋਈ ਨਸ਼ਾ ਜਾਂ ਬੁਰੀ ਚੀਜ਼ ਨਹੀਂ। ਇਸ ਦੇ ਪ੍ਰਚਾਰਕ ਤੰਬਾਕੂ ਦੀਆਂ ਤਾਰੀਫਾਂ ਵਿਚ ਆਮ ਇਸ਼ਤਿਹਾਰ ਦਿੰਦੇ ਨੇ, ਤਦੇ ਇਸ ਦੇ ਬੀਜਣ ਵਾਸਤੇ ਕੋਈ ਖਾਸ ਲਾਇਸੰਸ ਨਹੀਂ ਅਤੇ ਇਸ ਨੂੰ ਖੇਤੀ ਦੀ ਤਰ੍ਹਾਂ ਆਮ ਬੀਜਿਆ ਜਾਂਦਾ ਹੈ। ਹਰ ਕੋਈ ਆਪਣੀ ਜ਼ਮੀਨ ਵਿਚ ਬੀਜ ਕੇ ਮਣਾਂ-ਮੂੰਹੀਂ ਪੀ ਸਕਦਾ ਹੈ ਤੇ ਸ਼ਰਾਬ ਅਫੀਮ ਨਾਲੋਂ ਵੱਧ ਖਰਚ ਕਰਦਾ ਹੈ, ਪਰ ਸਰਕਾਰ ਦੀ ਕ੍ਰਿਪਾ ਹੋਈ ਹੈ ਕਿ ਵੇਚਣ ਵਾਲੇ ਨੂੰ ਲਾਇਸੰਸ ਲੈਣਾ ਪੈਂਦਾ ਹੈ।

ਅਸਲੋਂ ਇਹ ਇਨਸਾਨ ਦੀ [੧੫]ਪਵਿੱਤ੍ਰ ਜ਼ਿੰਦਗੀ ਦਾ ਕਾਤਲ ਹੈ, ਪਰ ਇਸ ਨੂੰ

੧੪. ਸ਼ੋਕ ਹੈ ਅਜ ਕਲ ਭਾਰਤਵਰਸ਼ ਵਿਖੇ ਵਿਸ਼ੇਸ਼ ਕਰਕੇ ਪੰਜਾਬ ਵਿਚ ਚਾਹ ਪੀਣ ਦਾ ਜੋ ਰਿਵਾਜ ਚਲਿਆ ਹੈ, ਇਹ ਮਨੁਸ਼ਾਂ ਲਈ ਸੋਨੇ ਦੀ ਹਥਕੜੀ ਦਾ ਕੰਮ ਕਰ ਰਿਹਾ ਹੈ, ਚਾਹ ਨੂੰ ਵੀ ਨਸ਼ੀਲੀ ਬਨਾਉਣ ਲਈ ਇਸ ਪ੍ਰਕਾਰ ਦੀਆਂ ਪੁਠਾਂ ਦਿਤੀਆਂ ਜਾਂਦੀਆਂ ਹਨ, ਜਿਸ ਨਾਲ ਪੀਣ ਵਾਲੇ ਹਮੇਸ਼ਾਂ ਹੀ ਉਸੇ ਮਾਹਰਕੇ ਦੀ ਚਾਹ ਦੇ ਆਦੀ ਹੋ ਜਾਣ, ਯਾ ਤੇ ਪਬਲਿਕ ਨੂੰ ਇਸ ਤੋਂ ਵੀ ਬਚਣਾ ਲੋੜੀਏ। ਇਸ ਵਿਚ ਇਕ ਤਿਖੀ ਖਾਰ ਹੁੰਦੀ ਹੈ, ਜਿਸ ਦਾ ਗਿਆਨ ਤੱਤਾਂ ਦੇ ਸੰਗਟਨ ਪਰ ਬਹੁਤ ਬੁਰਾ ਅਸਰ ਹੁੰਦਾ ਹੈ ਤੇ ਨਜ਼ਰ ਨੂੰ ਕਮਜ਼ੋਰ ਕਰਦੀ ਹੈ।

੧੫. ਪਵਿੱਤ੍ਰ ਜ਼ਿੰਦਗੀ ਦਾ ਹੀ ਨਹੀਂ, ਬਲਕਿ ਧਨ ਦੌਲਤ ਦਾ ਭੀ ਨਾਸ਼ ਕਰਨੇ ਵਾਲਾ ਹੈ। ਇਸ ਦੀ ਕ੍ਰੋਪੀ ਨਾਲ ਫਸਲਾਂ ਦੇ ਹਜ਼ਾਰਾਂ ਖੇਤ, ਘਰ, ਕਾਰਖਾਨੇ, ਸਟੋਰ ਆਦਿ ਹਮੇਸ਼ਾਂ ਫੂਕਦੇ ਹਨ, ਕਰੋੜਾਂ ਅਰਬਾਂ ਰੁਪਏ ਦਾ ਨੁਕਸਾਨ ਹੁੰਦਾ ਹੈ, ਪਰ ਸ਼ੋਕ ! ਲੋਕੀਂ ਇਸ ਮਨਹੂਸ ਕਾਲਖ ਮੂੰਹੇ ਨੂੰ ਫਿਰ ਭੀ ਜੀ ਆਇਆਂ ਨੂੰ ਕਹਿਣੋ ਨਹੀਂ ਟਲਦੇ, ਆਹ ! ਕੈਸੀ ਬਦਕਿਸਮਤੀ ਹੈ।

Sri Satguru Jagjit Singh Ji eLibrary NamdhariElibrary@gmail.com

ਇਤਨੀ ਖੁਲ੍ਹ ਦਿਤੀ ਗਈ ਹੈ ਕਿ ਗਰੀਬ ਤੋਂ ਲੈ ਕੇ ਅਮੀਰ ਤੀਕਰ ਅਤੇ ਰੰਕ ਤੋਂ ਲੈ ਕੇ ਬਾਦਸਾਹ ਤਾਈਂ ਖਾਸ ਖਾਣੇ (ਇਨਸਾਨੀ ਖੁਰਾਕ) ਦੀ ਤਰ੍ਹਾਂ ਵਰਤ ਕੇ ਨੁਕਸਾਨ ਉਠਾ ਰਹੇ ਹਨ। ਵਿਸ਼ੇਸ਼ ਕਰਕੇ ਡਾਲੀਆਂ ਵਿਚ, ਹੋਟਲਾਂ ਵਿਚ, ਮਹਿਲਾਂ ਵਿਚ ਇਸ ਦੀ ਸਭ ਤੋਂ ਉੱਚੀ ਕੁਰਸੀ ਹੈ, ਸੰਸਾਰ ਵਿਚ "ਸਲਹਿ ਕੁਲੀ" ਲਈ ਚੁਰਟ ਬਹਾਦਰੀ ਹੁੰਦੀ ਜਾ ਰਹੀ ਹੈ। ਭਾਈਚਾਰੇ ਦੇ ਇਕੱਠਾਂ ਜਾਂ ਸੁਧਾਰਕਾਂ, ਸੁਸਾਇਟੀਆਂ ਵਿਚ ਸਭ ਦੇ ਵਿਚਾਲੇ ਹੁੱਕਾ ਬਹਾਦਰ ਹੀ ਘੁੰਮਦਾ ਫਿਰਦਾ ਹੈ। ਮਾਨੋ ਇਕ ਦੂਏ ਦਾ ਥੁੱਕ ਚੱਟ ਕੇ ਉੱਚ ਗੱਲਾਂ ਫੁਰਦੀਆਂ ਜਾਪਦੀਆਂ ਹਨ ਤੇ ਸੁਧਾਰ ਦੇ ਮਤੇ ਹੁੰਦੇ ਨੇ। ਬਰਾਦਰੀ ਸੁਧਾਰਾਂ ਜਾਂ ਕੋਈ ਉੱਨਤੀ ਦੇ ਠੇਕੇਦਾਰਾਂ ਵਿੱਚ ਜਥੇਦਾਰੀ ਹੁੱਕੇ ਦੀ ਦਿਖੇਗੀ, ਇਸ ਤੋਂ ਬਿਨਾਂ ਮਾਨੋਂ ਗੱਲ ਨਹੀਂ ਔੜਦੀ। ਉੱਧਰ ਇਸਤ੍ਰੀਆਂ ਦੀਆਂ ਸਭਾਵਾਂ ਵਿੱਚ ਭੀ ਅਕਸਰ ਇਹੋ ਤੰਬਾਕੂ, ਨਾਸ (ਨਸਵਾਰ) ਰਾਹੀਂ, ਚੁਰਟਾਂ ਰਾਹੀਂ ਜੀਵਨ ਬੂਟੀ ਹੋ ਕੇ ਵਰਤੀਂਦਾ ਦਿਸਦਾ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਕਲਜੁਗੀ ਪ੍ਰਭਾਵ ਨੇ ਪੁਰਸ਼ਾਂ ਪਰ ਇਤਨਾ ਅਸਰ ਪਾ ਦਿਤਾ ਹੈ ਕਿ ਉਹ "ਅੰਮ੍ਰਿਤੁ ਕਉਰਾ ਬਿਖਿਆ ਮੀਠੀ" ਦੇ ਕੁਰਾਹੇ ਵਿੱਚ ਚੰਗੀ ਤਰ੍ਹਾਂ ਪ੍ਰਵਿਰਤ ਹੋ ਚੁਕੇ ਹੈਨ। ਭਾਵ ਕਿ ਕਲੀ ਕਾਲ ਵਿੱਚ ਚੰਗੀ ਚੀਜ਼ ਨੂੰ ਮੰਦੀ ਅਤੇ ਮੰਦੀ ਨੂੰ ਚੰਗੀ ਕਹਿਣਾ ਇਨਸਾਨੀ ਜ਼ਿੰਦਗੀ ਬਣ ਚੱਲੀ ਹੈ। ਅਫੀਮ, ਸ਼ਰਾਬ, ਪੋਸਤ ਆਦਿ ਦਾ ਖੰਡਨ ਕਰੋ ਤਾਂ ਸ਼ਾਇਦ ਇਨ੍ਹਾਂ ਦੇ ਅਮਲੀ ਚੁੱਪ ਹੀ ਕਰਕੇ ਸੁਣ ਲੈਣ, ਪਰ ਤੰਬਾਕੂ-ਨੋਸ਼ ਤੰਬਾਕੂ ਦੀ ਵਿਰੋਧਤਾ ਕਰਨ ਪਰ ਕਾਵਾਂ-ਰੌਲੀ ਪਾਉਣ ਵਤ ਝਗੜਨਗੇ ਕਿ ਇਸ ਮੇਂ ਕਿਆ ਬੁਰਾਈ ਹੈ ? ਇਹ ਕੋਈ ਨਸ਼ਾ ਤੋ ਨਹੀਂ ਹੈ ਆਦਿ। ਇਸ ਤੋਂ ਸਿੱਧ ਹੁੰਦਾ ਹੈ ਕਿ ਬੁੱਧ ਇਤਨੀ ਭ੍ਰਿਸ਼ਟ ਹੁੰਦੀ ਜਾ ਰਹੀ ਹੈ ਕਿ ਹੁੱਕਾ ਪੀਣਾ ਉੱਤਮ ਪਦਵੀ ਅਰ ਜੈਂਟਲਮੈਨੀ (ਸ਼ਰੀਫਾਂ ਦਾ ਘਰ) ਚੌਧਰਤਾ ਦਾ ਬਿੱਲਾ ਮੰਨਿਆਂ ਜਾਂਦਾ ਹੈ। ਦੇਖੋ ! ਜਿਤਨਾ ਚਿਰ ਜਲਸੇ ਦੇ ਪ੍ਰਧਾਨ ਦੇ ਮੁਖ ਵਿਚ ਚੁਰਟ ਨਾ ਹੋਵੇ, ਉਸ ਨੂੰ ਪ੍ਰਧਾਨਤਾ ਸਵਾਦ ਹੀ ਨਹੀਂ ਦਿੰਦੀ, ਨਾ ਹੀ ਦਿਮਾਗ ਖੁੱਲ੍ਹਦਾ ਹੈ, ਪ੍ਰਧਾਨ ਜੀ ਹੁੱਕੇ ਲਈ ਉੱਸਲਵੱਟੇ ਲੈ ਕੇ ਤੰਗ ਹੋਏ ਆਸੇ-ਪਾਸੇ ਤੋਂ ਚੁਰਟ ਡੱਬੀ ਦੀ ਭਾਲ ਵਿੱਚ ਗਲਤਾਨ ਹੈਨ ਪਰ ਉਧਰ [੧੯]ਦੇਸ ਸੁਧਾਰ ਦਾ ਮਤਾ ਪੇਸ਼ ਹੈ। ਚੁਰਟ ਪੀਂਦੇ ਪੀਂਦੇ ਕਹਿਣਗੇ ਕਿ ਹਮ ਲੋਗੋਂ ਕੋ ਖੱਦਰ ਕਾ ਪ੍ਰਚਾਰ ਕਰਨਾ ਚਾਹੀਏ! ਫਜ਼ੂਲ ਖਰਚੀ ਬੰਦ ਕਰੋ ਅਰ ਬਾਹਰਲੀਆਂ ਚੀਜ਼ਾਂ ਦਾ ਬਾਈਕਾਟ ਕਰੋ, ਪਰੰਤੂ ਉਸੇ ਮੁਖ ਵਿਚ

੧੯. ਕਾਂਗਰਸ ਵਾਲੇ ਆਪਣੇ ਆਪ ਨੂੰ ਦੇਸ਼ ਦੇ ਵੱਡੇ ਸੁਧਾਰਕ ਸਮਝਦੇ ਹੋਏ ਖੁਦ ਤੰਬਾਕੂ ਤੋਂ ਛੁਟਕਾਰਾ ਨਹੀਂ ਪਾ ਸਕੇ, ਖੱਦਰ ਪਰਚਾਰ ਲਈ ਤਾਂ ਪਿਕਟਿੰਗ ਸ਼ੁਰੂ ਕਰ ਦਿੰਦੇ ਹਨ, ਪਰੰਤੂ ਤੰਬਾਕੂ ਜੋ ਦੇਸ਼-ਵਾਸੀਆਂ ਲਈ ਸਭ ਤੋਂ ਵੱਧ ਹਾਨੀਕਾਰਕ ਹੈ, ਕੋਈ ਰੁਕਾਵਟ ਨਹੀਂ ਹੋ ਰਹੀ, ਤਾਂਤੇ ਦੇਸ਼ ਭਗਤਾਂ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ, ਇਸ ਸੁਧਾਰ ਦਾ ਨਾਮ ਪੁੰਨ ਨਾਲੇ ਫਲੀਆਂ ਹੈ। ਸਮੇਂ ਤੇ ਰੁਪਏ ਅਰ ਸਿਹਤ ਦੀ ਕਦਰ ਨਸ਼ਿਆਂ ਦਾ ਤਿਆਗ ਇਕੋ ਚੀਜ਼ ਦੇ ਛੱਡਣ ਨਾਲ ਬੇਅੰਤ ਲਾਭ ਹਨ।

Sri Satguru Jagjit Singh Ji eLibrary NamdhariElibrary@gmail.com

ਉਹ ਵਸਤੂ ਹੈ, ਜੋ ਕਿ ਇਨਸਾਨੀ ਜ਼ਿੰਦਗੀ ਲਈ ਕਤਲ ਦਾ ਕੰਮ ਕਰ ਰਹੀ ਹੈ !! ਇਸ ਤਰ੍ਹਾਂ ਕ੍ਰੋੜਾਂ ਅਰਬਾਂ ਰੁਪਏ ਦਾ ਤੰਬਾਕੂ ਹਰ ਰੋਜ਼ ਫੂਕ ਕੇ ਲੋਕਾਂ ਦੇ ਫੇਫੜੇ ਗਾਲ ਰਿਹਾ ਹੈ, ਅਰਥਾਤ ਇਨਸਾਨ ਨੂੰ **ਭੱਠੀ ਦੇ ਦਾਣਿਆਂ ਦੀ ਮਾਨਿੰਦ ਭੁੰਨ** ਰਿਹਾ ਹੈ । ਦਸੋ ! ਕੀ ਇਹ ਸੁਧਾਰ ਹੈ ਕਿ ਵਿਗਾੜ ? ਕਈ ਅਗਿਆਨੀ ਦੇਸੀ ਚੁਰਟਾਂ ਜਾਂ ਤੰਬਾਕੂ ਦਾ ਪ੍ਰਚਾਰ ਕਰਕੇ "ਦੇਸ਼ ਭਗਤ" ਆਦਿ ਕਹਾ ਕੇ ਆਕੜੇ ਫਿਰਦੇ ਹਨ। ਭਲਾ ਦੇਸੀ ਪ੍ਰਦੇਸੀ ਵਿਚ ਫਰਕ ਕੀ ਹੈ ? ਜੋ ਵਸਤੂ ਹੈ ਹੀ ਗੰਦੀ, ਉਸ ਨੂੰ ਲੋਕ ਨਿਕਾਲਾ ਕਿਉਂ ਨਾ ਦਿੱਤਾ ਜਾਵੇ, ਬਲਕਿ ਸ੍ਰੀ ਗੁਰੂ ਦਸਮੇਸ਼ ਜੀ ਦੇ ਫੈਸਲੇ ਮੂਜਬ ਤੰਬਾਕੂ-ਨੋਸ਼ ਨੂੰ ਬੱਜਰ ਕੁਰਹਿਤੀਆਂ ਮੰਨਿਆ ਜਾ ਕੇ ਇਸ ਦਾ ਸਦੀਵੀ ਅਤੇ ਅਮਲੀ ਤੌਰ ਪਰ ਬਾਈਕਾਟ ਕੀਤਾ ਜਾਏ। ਜਿਹਾ ਕਿ ਸਿੱਖ ਮੰਡਲ ਦਾ ਇਹ ਅਟੱਲ ਅਸੂਲ ਹੈ ਕਿ ਹੁੱਕਾ ਪੀਣੇ ਵਾਲਾ ਅਰਥਾਤ ਤੰਬਾਕੂ-ਨੋਸ਼ ਪਤਤ ਹੈ। ਉਹ ਸਿੱਖ ਮੰਡਲੋਂ ਖਾਰਜ ਹੈ। ਤੰਬਾਕੂ-ਨੋਸ਼ ਦੇ ਹੱਥਾਂ ਦਾ ਪਾਣੀ ਪੀਣਾ ਭੀ ਭਰਿਸ਼ਟ ਹੈ, ਕਿਉਂਕਿ ਉਸ ਦੇ ਹੱਥ ਭੀ ਤੰਬਾਕੂ ਦੇ ਰੰਗ ਨਾਲ ਗੰਦੇ ਮੰਦੇ ਰਹਿੰਦੇ ਨੇ ਅਰ ਉਸ ਦੇ ਲੰਗਰ ਵਿਚ ਇਸ ਦਾ ਕੋਈ ਪ੍ਰਹੇਜ਼ ਨਹੀਂ ਹੁੰਦਾ।

## ਜਗਤ ਜੂਠ ਖਾਣੀ

ਜਿਨ੍ਹਾਂ ਲੋਕਾਂ ਵਿੱਚ ਕਕਾਰ ਹੀਣਤਾ ਜਾਂ ਕੁਰਹਿਤਾਂ ਦੀ ਪਰਵਿਰਤੀ ਹੈ ਤਿਨ੍ਹਾਂ ਨਾਲ ਰਲ ਮਿਲ ਕੇ ਖਾਣਾ ਉਨ੍ਹਾਂ ਜੈਸਾ ਹੀ ਬਣਨਾ ਹੈ। ਕਕਾਰ ਫ਼ਿਲਾਸਫ਼ੀ ਵਿਖੇ ਦੱਸੀ ਗਈ ਕਕਾਰ ਧਾਰਨਾ ਅਰ ਬੱਜਰ ਕੁਰਹਿਤਾਂ ਤੋਂ ਪ੍ਰਹੇਜ਼ਤਾ ਉੱਚ ਇਨਸਾਨਾਂ ਦਾ ਕਰਤੱਬਜ ਹੈ। ਜਿਵੇਂ ਸ਼ੇਰ, ਗੱਧਿਆਂ, ਭੇਡਾਂ ਆਦਿ ਨਾਲ ਖਾਂਦਾ ਜਾਂ ਗਿੱਦੜਾਂ ਦਾ ਭਾਲਿਆ ਮੁਰਦਾਰ ਢੂੰਡੇ, ਉਸ ਸ਼ੇਰ ਲਈ "ਸ਼ੇਰ" ਪਦਵੀ ਨਹੀਂ ਫਬਦੀ। ਨਾ ਹੀ ਉਸ ਦੀ ਆਤਮਕ ਸ਼ਕਤੀ ਵਿਚ ਸ਼ੇਰਪੁਣੇ ਦੇ ਗੁਣ ਰਹਿੰਦੇ ਨੇ, ਤਿਵੇਂ ਸੰਸਾਰ ਜੂਠ ਜਾਂ ਜਗਤ ਜੂਠ ਖਾਣੀ ਹੈ। "ਜਗਤ ਜੂਠ" ਖਾਲਸਾ ਬੋਲਿਆਂ ਵਿੱਚ ਤੰਬਾਕੂ ਦਾ ਨਾਮ ਭੀ ਹੈ। ਸੋ ਤੰਬਾਕੂ ਪੀਣੇ ਜੂਠ ਦੇ ਪ੍ਰਚਾਰਕ ਹੈਨ। ਮੁਸਲਮਾਨਾਂ ਵਿੱਚ [੧੭]ਸਲਾਮਅਲੇਕਮ ਕਹਿ ਕੇ ਕੋਈ ਮੁਸਲਮਾਨ ਕਿਸੀ ਨਾਲ ਬੈਠ ਕੇ ਹੁੱਕਾ ਪੀਵੇ, ਓਹੀ ਜੂਠ ਦਾ ਸਾਂਝੀਵਾਲ ਹੈ। ਇਸ ਤਰ੍ਹਾਂ ਥੁੱਕ ਨਾਲ ਥੁੱਕ ਲਗਦਾ ਰਹਿੰਦਾ ਹੈ।

---

੧੭. ਵੇਖਿਆ ਗਿਆ ਹੈ ਕਿ ਕਈ ਜਗ੍ਹਾ ਹੁੱਕੇ ਦੇ ਲੋੜਮੰਦ ਚਮਿਆਰ ਰਾਮ ਰਾਮ ਕਹਿ ਕੇ, ਧੋਖੇ ਨਾਲ ਹਿੰਦੂ ਨਾਲ ਹੁੱਕੇ ਪੀ ਕੇ ਪੱਤ੍ਰਾ ਵਾਚ ਗਏ, ਚਾਹੇ ਕਿਸੇ ਨੂੰ ਖਈ ਰੋਗ ਭੀ ਹੈ ਹੁੱਕੇ ਵਾਲੇ ਉਸੇ ਨਾਲ ਸੂਟੇ ਲਾਈ ਜਾਂਦੇ ਹਨ, ਨੜੀ ਵਿਚ ਧਸਿਆ ਥੁਕ ਪੂਰਨ ਜੂਠ ਦਾ ਕਾਰਨ ਬਣਦਾ ਹੈ, ਇਸੇ ਚੱਜ ਨੂੰ ਤੱਕ ਕੇ ਖਾਲਸੇ ਨੇ ਤੰਬਾਕੂ ਦਾ ਨਾਮ "ਜਗਤ ਜੂਠ" ਧਰਿਆਂ ਹੈ।

Sri Satguru Jagjit Singh Ji eLibrary NamdhariElibrary@gmail.com

ਥੁੱਕ ਵਾਲੇ ਹੱਥ ਸਭ ਪਾਸੀਂ ਲਗਦੇ ਰਹਿੰਦੇ ਹੈਨ। ਇਕੁਰ ਹੀ ਹਿੰਦੂਆਂ ਵਿੱਚ ਭੀ ਰਿਵਾਜ ਹੈ। "ਰਾਮ ਰਾਮ" ਆਦਿ ਕਹਿ ਕੇ ਦੂਏ ਨਾਲ ਹੁੱਕਾ ਪੀਣਾ ਹੈ। ਭਾਵੇਂ ਬਰਨਾਸ਼ਰਮ ਦੀ ਵੰਡ ਵਿੱਚ ਹੁੱਕੇ ਦੀ ਵੰਡ ਹੈ, ਪਰ ਹੁੱਕਾ ਕਿਸੇ ਨੇ ਜੂਠਾ ਸਮਝ ਕੇ ਨਹੀਂ ਛੱਡਿਆ। ਗੰਦੇ ਤੋਂ ਗੰਦੇ ਭੀ ਨਾਲੇ ਆ ਬੈਠਦੇ ਹੈਨ। ਨਿਹੰਗ ਸਿੰਘ ਇਸੀ ਦਸ਼ਾ ਨੂੰ ਗਧੀ ਚੁੰਘਣਾ ਕਿਹਾ ਕਰਦੇ ਹੈਨ, ਤਿਵੇਂ ਪਰਸਪਰ ਜੂਠ ਖਾਣ ਦੇ ਨਿਯਮ ਵੀ ਅਚਰਜ ਹੈਨ, ਪਰੰਤੂ ਸ੍ਰੇਸ਼ਟ ਜਾਂ ਉੱਤਮ ਪੁਰਸ਼ ਓਸ [੧੮]ਜੂਠ ਨੂੰ ਕਦੀ ਨਹੀਂ ਖਾਂਦੇ, ਜੋ ਕਿ ਆਸਾ, ਇਸ਼ਟ, ਉਪਾਸ਼ਨਾ ਦੀ ਵਿਰੋਧੀ ਹੋਵੇ। ਅਰ ਬੱਜਰ ਕੁਰਹਿਤੀਏ ਨਾਲ ਕਦੀ ਨਹੀਂ ਖਾਂਦੇ, ਤਾਂਕਿ ਉਸ ਦੇ ਮੰਦੇ ਕਰਤਬਾਂ ਦਾ ਚਿੱਤ ਪਰ ਅਸਰ ਨਾ ਪਵੇ, ਕਿਉਂਕਿ ਕਾਇਦੇ ਮੂਜਬ ਇੱਕੋ ਬਰਤਣ ਵਿਖੇ ਖਾਣੇ ਵਾਲੇ ਇੱਕ ਹੁੰਦੇ ਨੇ। ਤਦੇ ਕਕਾਰ ਧਾਰਨੀ ਅਤੇ ਬੱਜਰ ਕੁਰਹਿਤਾਂ ਤੋਂ ਪ੍ਰਹੇਜ਼ੀ ਆਪਣਾ ਜੀਵਨ ਦੂਸਰੇ ਨਾਲ ਨਹੀਂ ਰਲਾ ਮਿਲਾ ਸਕਦਾ। ਇਹੋ ਤ੍ਰੀਕਾ ਉੱਤਮ ਮੱਧਮ ਪੁਰਸ਼ਾਂ ਵਿਚ ਹੁੰਦਾ ਹੈ।

ਵੈਸੇ ਗੁਰਬਾਣੀ ਵਿਖੇ ਅਕਾਲ ਪੁਰਖ ਤੋਂ ਮੁਖ ਫੇਰਨਾ, ਅਰਥਾਤ ਬੇ-ਮੁਖਤਾ ਵੱਡੀ ਜੂਠ ਮੰਨੀ ਹੈ, ਸੋ ਜੋ ਪੁਰਸ਼ ਸੁੱਚਤਾ ਤਾਂ ਕਰੇ ਪਰ ਕਰਤਾਰ ਪਰ ਉਪਾਸ਼ਨਾ ਤੋਂ ਬੇਮੁਖ ਹੋਵੇ ਉਹ ਕਦੀ ਭੀ ਸੁੱਚਾ ਨਹੀਂ ਹੋ ਸਕਦਾ। ਯਥਾ:-ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥" (ਪੰਨਾ ੫੬) ਇਨ੍ਹਾਂ ਸ਼ਬਦਾਂ ਤੋਂ ਬੇਮੁਖ ਨਿਗੁਰੇ ਸਦਾ ਜੂਠੇ ਸਿੱਧ ਹਨ, ਇਨ੍ਹਾਂ ਨਾਲ ਖਾਣਾ ਪੀਣਾ ਭ੍ਰਿਸ਼ਟ ਹੋਣਾ ਹੈ। ਤਾਂਤੇ "ਰਹਿਤਵਾਨ ਖਾਲਸੇ ਜੋਈ॥ ਛਕੇ ਪਰਸਪਰ ਸ਼ੰਕ ਨ ਕੋਈ ॥ ਅੰਨ ਵਰਨ ਮੈਂ ਨਰ ਹੈ ਜੋਈ ॥ ਤਾਂਕਾ ਜੂਠਾ ਕਬੀ ਨ ਲੇਈ॥" (ਖਾਲਸਾ ਰਹਿਤਨਾਮਾ) ਉਸ ਵੇਲੇ ਤੀਕਰ ਕਿਸੀ ਦਾ ਜੂਠਾ ਖਾਣਾ ਅਯੋਗ ਹੈ ਜਦੋਂ ਤੀਕ ਕਿ ਅਕਾਲ ਉਪਾਸ਼ਨਾ ਵਾਲਾ ਗੁਰੂ ਮਤ ਧਾਰਨ ਨਾ ਕਰੇ। ਇਹ ਭੀ ਇਕ ਸਾਂਝਾ ਸੁਧਾਰਕ ਨਿਯਮ ਹੈ। ਕਿਸੀ ਨਾਲ ਖਾਣ ਪੀਣ ਮਿਲਾਉਣਾ, ਇਸ ਦੇ ਅਰਥ ਉਸ ਨਾਲ ਇਸ਼ਟ ਉਪਾਸ਼ਨਾ ਦੀ ਏਕਤਾ ਮੰਨੀ ਗਈ ਹੈ, ਭਾਈਚਾਰਕ ਸੁਧਾਰ ਦੇ ਲਿਹਾਜ਼ ਨਾਲ ਇਹ ਭੀ ਸਾਂਝਾ ਸੁਧਾਰਕ ਤਰੀਕਾ ਹੈ। ਭਾਵੇਂ ਜੂਠ ਤੇ ਝੂਠ ਰਲਵੇਂ ਸ਼ਬਦ ਅਰ ਘ੍ਰਿਣਾ-ਯੋਗ ਕੰਮ ਹਨ, ਝੂਠਾ ਪੁਰਸ਼ ਸਦਾ ਜੂਠਾ ਖਾਂਦਾ ਹੈ, ਪਰ ਇੱਥੇ ਉਸ ਜੂਠ ਦਾ ਜ਼ਿਕਰ ਹੈ ਜੋ ਕਿ ਖਾਏ ਹੋਏ ਦਾ ਜੂਠ ਹੈ। ਪੰਥਕ ਮਰਯਾਦਾ ਵਿੱਚ

---

੧੮. ਬੱਜਰ ਕੁਰਹਿਤਾਂ ਤੋਂ ਬਚਾਉਣ ਵਾਲੇ ਗੁਰਸਿੱਖਾਂ ਨੂੰ ਪਰਸਪਰ ਇਕੋ ਬਾਟੇ ਵਿਚ ਛਕਣ ਦੀ ਸ਼ੰਕਾ ਨਹੀਂ ਹੋ ਸਕਦੀ। ਪ੍ਰੰਤੂ ਅਨਮਤੀਏ ਅਤੇ ਬੱਜਰ ਕੁਰਹਿਤੀਏ ਨਾਲ ਇਕੋ ਬਾਟੇ ਵਿੱਚ ਛਕਣੇ ਵਾਲਾ ਤਨਖਾਹੀਆਂ ਹੈ, ਬਲਕਿ ਇਸ ਨੂੰ ਚਾਰ ਬੱਜਰ ਕੁਰਹਿਤਾਂ ਦੇ ਅੰਤ੍ਰਗਤ ਪੰਜਵੀਂ ਕੁਰਹਿਤ ਮੰਨਿਆਂ ਜਾਂਦਾ ਹੈ।

ਇਸ ਦਾ ਪਰੀਤਯਾਗਣ ਕਰਨਾ ਲਾਜ਼ਮੀ ਹੈ, ਜਿਸ ਤਰਾਂ ਕਿ ਸ਼ੇਰ ਗਿੱਦੜਾਂ ਦਾ ਜੂਠਾ ਨਹੀਂ ਖਾਂਦਾ, ਪਰ ਸ਼ੇਰ ਦੀ ਜੂਠ ਗਿੱਦੜ ਖਾ ਸਕਦਾ ਹੈ, ਤਿਵੇਂ 'ਸਿੰਘ' ਪਦਵੀ ਦੀ ਰਹਿਤ-ਬਹਿਤ ਹੈ ।

# ਜਗਤ ਜੂਠ ਹੋਣ ਕਰਕੇ ਤੰਬਾਕੂ ਤੋਂ ਪ੍ਰਹੇਜ਼

ਤੰਬਾਕੂ ਤੋਂ ਪ੍ਰਹੇਜ਼ ਕਰਨਾ ਸਿੱਖਾਂ ਦਾ ਹੀ ਧਰਮ ਨਹੀਂ ਹੈ ਬਲਕਿ ਮਨੁਸ਼ ਮਾਤ੍ਰ ਦਾ ਹੈ, ਕਿਉਂਕਿ ਜ਼ਿੰਦਗੀ ਸਭ ਦੀ ਇੱਕੋ ਜਿਹੀ ਹੈ, ਇਸ ਨੂੰ ਪਵਿੱਤਰ ਰੱਖਣਾ ਇਨਸਾਨੀ ਧਰਮ ਹੈ । ਸੰਸਾਰ ਵਿੱਚ ਜਿੰਨੇ ਵੀ ਅਵਤਾਰ, ਪੀਰ, ਪੈਗੰਬਰ, ਰਿਸ਼ੀ, ਮੁਨੀ, ਯੋਗੀ, ਔਲੀਏ ਤੇ ਅੰਬੀਏ ਆਦਿ ਮਹਾਤਮਾ ਪੁਰਸ਼ ਮੰਨੇ ਗਏ ਹਨ ਉਨ੍ਹਾਂ ਨੇ ਕਿਸੇ ਨਾ ਕਿਸੇ ਤ੍ਰੀਕੇ ਨਾਲ ਇਸ ਦੇ ਪ੍ਰਹੇਜ਼ ਦਾ ਪ੍ਰਚਾਰ ਕੀਤਾ ਹੈ ਤੇ ਇਸ ਦੀ ਵਰਤੋਂ ਤੋਂ ਬਹੁਤ ਦੂਰ ਰਹੇ ਹਨ। ਵੈਦਿਕ ਗ੍ਰੰਥਾਂ ਵਾਲਿਆਂ ਨੇ ਇਸ ਨੂੰ ਘ੍ਰਿਣਤ ਦੱਸ ਕੇ ਨਿੰਦਿਆ ਹੈ, ਇਸ ਲਈ ਇਹ ਦੁਨੀਆਂ ਭਰ ਦੇ ਸ਼ਿਰੋਮਣੀ ਪੁਰਸ਼ਾਂ ਵਿਚ ਤਿਆਗਣ ਯੋਗ ਵਸਤੂ ਮੰਨੀ ਗਈ ਹੈ, ਸ੍ਰੀ ਗੁਰੂ ਦਸਮੇਸ਼ ਜੀ ਨੇਂ ਇਸ ਦੇ ਪੂਰਨ ਤਿਆਗ ਬਾਈਕਾਟ ਦਾ ਤਰੀਕਾ ਵਰਤਿਆ ਹੈ । ਚੂੰਕਿ ਸਤਿਗੁਰੂ ਜੀ ਦਾ ਉਪਦੇਸ਼ ਮਨੁਸ਼ ਮਾਤ੍ਰ ਲਈ ਸਾਂਝਾ ਤੇ ਸਰਬੱਤ ਦਾ ਭਲਾ ਲੋਚਣ ਵਾਲਾ ਹੈ, ਇਸੇ ਲਈ ਇਹ ਆਲਮਗੀਰੀ ਨਿਯਮ ਹੈ ਕਿ ਹਰ ਕੋਈ ਇਸ ਤੋਂ ਬਚ ਕੇ ਰਹੇ, ਭਾਵੇਂ ਇਸ ਦੇ ਵਿਰੁੱਧ ਅਮਰੀਕਾ, ਜਰਮਨੀ ਆਦਿ ਮੁਲਕਾਂ ਵਿਚ ਲਹਿਰ ਜਾਰੀ ਭੀ ਹੋਈ ਹੈ, ਪਰੰਤੂ ਇਸ ਦਾ ਪੂਰਨ ਤਿਆਗ ਤਦ ਹੀ ਹੋਵੇਗਾ ਜਦ ਖਾਲਸਾ ਧਰਮ ਸਾਰੀ ਦੁਨੀਆਂ ਵਿਚ ਫੈਲ ਜਾਵੇਗਾ । ਇਹ ਸਮਾਂ ਵੀ ਨੇੜੇ ਆ ਰਿਹਾ ਹੈ ਕਿ ਲੋਕੀ ਤੰਬਾਕੂ ਦੀ ਵਰਤੋਂ ਤੋਂ ਖੁਆਰ ਤੇ ਦੁਖੀ ਹੋ ਕੇ ਇਸ ਦਾ ਬਾਈਕਾਟ ਕਰਨਗੇ । ਜੋ ਆਦਮੀ ਆਪਣੇ ਆਪ ਨੂੰ ਧਾਰਮਿਕ ਸਮਝਦੇ ਹਨ ਉਨ੍ਹਾਂ ਨੂੰ ਚੇਤਾ ਰਹੇ ਕਿ ਜਿਸ ਤਰ੍ਹਾਂ ਇਸਲਾਮ ਮਦ ਦੀ ਸ਼ਰ੍ਹਾ ਹੈ ਕਿ ਮਸਜਿਦ ਵਿਚ ਹੁੱਕਾ ਲੈ ਕੇ ਯਾ ਪੀ ਕੇ ਜਾਣਾ ਯਾ ਨਮਾਜ਼ ਆਦਿ ਪੜ੍ਹਨ ਦੀ ਮਨਾਹੀ ਹੈ ਤੇ ਭਵਿੱਸ਼ਤ ਤੇ ਪਦਮ ਪੁਰਾਣ ਆਦਿ ਹਿੰਦੂ ਧਰਮ ਪੁਸਤਕਾਂ ਇਸ ਦੇ ਵਰਤਣ ਵਾਲੇ ਨੂੰ ਨਰਕਾਂ ਦਾ ਅਧਿਕਾਰੀ ਹੋਣ ਦਾ ਫੈਸਲਾ ਦਿੰਦੀਆਂ ਹਨ । ਉਹ ਪੁਰਸ਼ ਸੋਚ ਲੈਣ ਕਿ ਉਹ ਆਪਣੇ ਧਾਰਮਕ ਗ੍ਰੰਥਾਂ ਤੇ ਧਰਮ ਤੋਂ ਕਿੰਨੇ ਸਨਮੁਖ ਯਾ ਬੇ-ਮੁਖ ਹੋ ਰਹੇ ਹਨ ਤੇ ਦੁਨੀਆਂ ਨੂੰ ਕੁਰਾਹੇ ਪਾ ਕੇ ਪਾਪਾਂ ਦੇ ਅਧਿਕਾਰੀ ਬਣ ਰਹੇ ਹਨ ਜਾਂ ਪੁੰਨਾਂ ਦੇ ?

Sri Satguru Jagjit Singh Ji eLibrary NamdhariElibrary@gmail.com

# ਤੰਬਾਕੂ ਦੇ ਨੁਕਸਾਨ ਬਾਰੇ ਡਾਕਟਰਾਂ ਤੇ ਬਾਦਸ਼ਾਹਾਂ ਦੇ ਐਲਾਨ

(੧) ਡਾਕਟਰ ਸਾਹਿਬ ਲਿਖਦੇ ਹਨ, ਤੰਬਾਕੂ ਪੀਣ ਵਾਲੇ ਦੀ ਉਮਰ ਪੰਜ ਫੀ ਸਦੀ ਘਟ ਜਾਂਦੀ ਹੈ । ੧੬੩੫ ਵਿਚ ਸੁਲਤਾਨ ਟਰਕੀ ਨੇ ਇਹ ਹੁਕਮ ਜਾਰੀ ਕੀਤਾ ਸੀ ਕਿ ਜੋ ਆਦਮੀ ਤੰਬਾਕੂ **ਪੀਵੇਗਾ ਉਸ ਦੀ ਸਜ਼ਾ ਮੌਤ ਹੋਵੇਗੀ ।**

(੨) ੧੮੬੪ ਵਿਚ ਨਿਪੋਲੀਅਨ ਨੂੰ ਖਿਆਲ ਆਇਆ ਕਿ ਤੰਬਾਕੂ ਪੀਣਾ ਦਿਮਾਗ ਨੂੰ ਵਿਗਾੜਦਾ ਹੈ । ਇਸ ਦਾ ਤਜਰਬਾ ਉਸ ਨੇ ਇਕ ਸਕੂਲ ਦੇ ਵਿਦਿਆਰਥੀਆਂ ਦਾ ਇਮਤਿਹਾਨ ਲੈ ਕੇ ਕੀਤਾ ਤੇ ਪਤਾ ਲੱਗਾ ਜੋ ਤੰਬਾਕੂ ਪੀਣ ਵਾਲੇ ਮੁੰਡੇ ਨਾ ਪੀਣ ਵਾਲਿਆਂ ਤੋਂ ਕਮਜ਼ੋਰ ਹਨ । ਇਸ ਤੋਂ ਮਗਰੋਂ ਸਾਰੇ ਸਕੂਲਾਂ ਵਿਚ **ਤੰਬਾਕੂ ਪੀਣ ਦੀ ਕਾਨੂੰਨਨ** ਮਨਾਹੀ ਕਰ ਦਿਤੀ ਗਈ ।

(੩) ਜਹਾਂਗੀਰ ਬਾਦਸ਼ਾਹ ਨੇ ਆਪਣੇ ਸਮੇਂ ਤੰਬਾਕੂ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿਤੀਆਂ ਸਨ । ਤੰਬਾਕੂ ਪੀਣਾ ਕਾਨੂੰਨਨ ਮਜ਼ਹਬਨ ਨਜਾਇਜ਼ ਕਰਾਰ ਦੇ ਦਿੱਤਾ ਸੀ ।

(੪) ਅਮਰੀਕਾ ਗਵਰਨਮੈਂਟ ਵਲੋਂ ਤੰਬਾਕੂ ਪੀਣ ਦੇ ਨੁਕਸਾਨ ਮਾਲੂਮ ਕਰਨ ਲਈ ਇਕ ਤਹਿਕੀਕਾਤੀ ਕਮੇਟੀ ਮੁਕੱਰਰ ਕੀਤੀ ਗਈ ਸੀ । ਉਸ ਨੇ ਆਪਣੀ ਰੀਪੋਰਟ ਹੇਠ ਲਿਖੇ ਅਨੁਸਾਰ ਕੀਤੀ ਤੇ ਤੰਬਾਕੂ ਪੀਣ ਨਾਲ ਜੋ ਨੁਕਸਾਨ ਹੋਏ ਉਹ ਇਸ ਤਰ੍ਹਾਂ ਹਨ:-

*(੧) ਜੋੜਾਂ ਦੀ ਕਮਜ਼ੋਰੀ, (੨) ਹਾਜ਼ਮੇ ਦਾ ਵਿਗੜ ਜਾਣਾ, (੩) ਸਿਰ ਦਰਦ ਹੋਣਾ, (੪) ਖਿਆਲਾਂ ਦੀ ਪਰੇਸ਼ਾਨੀ, (੫) ਹਾਫਜ਼ੇ ਦੀ ਖਰਾਬੀ, (੬) ਭੁੱਖ ਨਾ ਲੱਗਣੀ, (੭) ਰੇਸ਼ਾ ਪੈਦਾ ਹੋਣਾ, (੮) ਨੀਂਦ ਘੱਟ ਆਉਣੀ, (੯) ਦਿਮਾਗ ਦੀ ਘਬਰਾਹਟ, (੧੦) ਕਿਸੇ ਕੰਮ ਵੱਲ ਤਵੱਜਾ ਨਾ ਦੇ ਸਕਣਾ ।*

ਕਿਉਂਕਿ ਉਪਰਲੇ ਅਸਰ ਤਾਲੀਮ ਹਾਸਲ ਕਰਨ ਵਿਚ ਨੁਕਸਾਨ-ਦੇਹ ਹਨ, ਇਸੇ ਕਰਕੇ ਸਕੂਲਾਂ, ਕਾਲਜਾਂ ਵਿਚ ਇਸ ਵਰਤੋਂ ਦੀ ਮਨਾਹੀ ਹੈ । ਜੇ ਕੋਈ ਏਸ ਕਾਨੂੰਨ ਦੀ ਉਲੰਘਣਾ ਕਰੇ ਉਹ ਵਿਦਿਆਰਥੀ ਸਕੂਲ ਵਿਚੋਂ ਖਾਰਜ ਕਰ ਦਿਤਾ ਜਾਂਦਾ ਹੈ ।

(੫) ਅਮਰੀਕਾ ਦੀ ਯੂਨੀਵਰਸਿਟੀ ਨੇ ਫੈਸਲਾ ਕੀਤਾ ਹੈ ਕਿ ਜੋ ਮੁੰਡਾ ਤੰਬਾਕੂ

Sri Satguru Jagjit Singh Ji eLibrary NamdhariElibrary@gmail.com

ਪੀਂਦਾ ਹੋਵੇ, ਉਹ ਯੂਨੀਵਰਸਿਟੀ ਦੇ ਇਮਤਿਹਾਨ ਵਿਚ ਨਹੀਂ ਬੈਠ ਸਕਦਾ।

(੬) ਕੁਝ ਚਿਰ ਹੋਇਆ ਲੰਡਨ ਤੋਂ ਇਕ ਐਲਾਨ ਪ੍ਰਕਾਸ਼ਤ ਹੋਇਆ ਸੀ ਜਿਸ ਦੇ ਹੇਠ ਲੰਡਨ ਦੇ ਸਿਰਕੱਢ ਵਿਦਵਾਨਾਂ ਦੇ ਦਸਖਤ ਸਨ। ਐਲਾਨ ਵਿਚ ਸਪੱਸ਼ਟ ਲਿਖਿਆ ਹੋਇਆ ਸੀ, ਬੱਚਿਆਂ ਵਿਚ ਸਿਗਰਟ ਪੀਣ ਦੀ ਆਦਤ ਵਧ ਰਹੀ ਹੈ। ਇਹ ਆਦਤ ਬਹੁਤ ਨੁਕਸਾਨ-ਦੇਹ ਤੇ ਹਾਨੀਕਾਰਕ ਹੈ। ਏਸ ਨਾਲ ਦਿਮਾਗ ਨੂੰ ਸਦਮਾ ਪੁੱਜਦਾ ਹੈ ਤੇ ਵੱਡੇ ਹੋਣ ਤੇ ਦਿਮਾਗੀ ਤਾਕਤਾਂ ਪੂਰਾ ਫਾਇਦਾ ਨਹੀਂ ਦੇ ਸਕਦੀਆਂ। ਤੰਬਾਕੂ ਪੀਣ ਤੋਂ ਅੰਦਰਲੀਆਂ ਨਾਲੀਆਂ ਵਿਚ ਬਲਗ਼ਮ ਪੈਦਾ ਹੁੰਦੀ ਹੈ ਜੋ ਸਿਹਤ ਨੂੰ ਤਬਾਹ ਕਰ ਦਿੰਦੀ ਹੈ।

ਐਲਾਨ ਦੇ ਅਖੀਰ ਵਿਚ ਬੱਚਿਆਂ ਦੇ ਸਰਪ੍ਰਸਤਾਂ ਅੱਗੇ ਅਪੀਲ ਕੀਤੀ ਗਈ ਸੀ ਕਿ ਉਹ ਖੁਦ ਆਪਣੇ-ਆਪਣੇ ਬੱਚਿਆਂ ਦਾ ਖਿਆਲ ਰੱਖਣ।

(੭) ਡਾਕਟਰ ਕੋਰਗਾਸ ਦਾ ਬਿਆਨ ਹੈ, ਤੰਬਾਕੂ ਪੀਣ ਤੋਂ ਦਿਮਾਗ ਤੇ ਦਿਲ ਨੂੰ ਸਖਤ ਨੁਕਸਾਨ ਪੁੱਜਦਾ ਹੈ, ਦਿਲ ਦੀ ਕੁੱਵਤ ਘਟ ਜਾਂਦੀ ਹੈ।

(੮) ਡਾਕਟਰ ਸਰ ਜਾਨ ਵਾਨਸ ਦਾ ਖਿਆਲ ਹੈ ਕਿ ਜੋ ਆਦਮੀ ਸਰਤਾਨ ਲਬ ਦੀ ਬੀਮਾਰੀ ਵਿਚ ਗ੍ਰਸੇ ਹੋਏ ਹਨ, ਉਨ੍ਹਾਂ ਦੀ ਏਸ ਬੀਮਾਰੀ ਦਾ ਸਭ ਤੋਂ ਵੱਡਾ ਕਾਰਨ ਤੰਬਾਕੂ ਵਰਤਣਾ ਹੈ।

(੯) ਡਾਕਟਰ ਚਾਰਲਸ ਕਹਿੰਦੇ ਹਨ ਕਿ ਤੰਬਾਕੂ ਪੀਣ ਨਾਲ ਮਿਰਗੀ ਤੇ ਪਾਗਲਪਨ ਹੋਣਾ ਸੰਭਵ ਹੈ।

(੧੦) ਡਾਕਟਰ ਕੋਸ ਦਾ ਤਜਰਬਾ ਹੈ ਕਿ ਅਮਰੀਕਾ ਦੇ ਜਿਤਨੇ ਸਿਪਾਹੀ ਦਿਲ ਦੀ ਕਿਸੇ ਬੀਮਾਰੀ ਨਾਲ ਬੀਮਾਰ ਹਨ, ਉਹ ਸਭ ਤੰਬਾਕੂ ਪੀਣ ਕਰਕੇ ਹਨ।

(੧੧) ਡਾਕਟਰ ਐਡਵਰਡ ਸਾਹਿਬ ਲਿਖਦੇ ਹਨ, 'ਇਹ ਗਲਤੀ ਹੈ ਜੋ ਕਹਿੰਦੇ ਹਨ ਤੰਬਾਕੂ ਨਾਲ ਹਾਜ਼ਮਾ ਠੀਕ ਹੈ। ਮੈਂ ਅੱਛੀ ਤਰ੍ਹਾਂ ਨਾਲ ਤਜਰਬਾ ਕਰ ਲਿਆ ਹੈ ਕਿ ਜੋ ਤੰਬਾਕੂ ਤਿਆਗ ਦਿੰਦੇ ਹਨ ਉਹ ਛੇਤੀ ਹੀ ਸਿਹਤ ਤੇ ਤਾਕਤ ਹਾਸਲ ਕਰ ਲੈਂਦੇ ਹਨ।'

(੧੨) ਡਾਕਟਰ ਹਰਫਰੀ ਫੁਰਮਾਂਦੇ ਹਨ, ਕੀ ਕੋਈ ਸ਼ਖਸ ਤੰਬਾਕੂ ਵਰਗੀ ਗੰਦੀ ਚੀਜ਼ ਦੀ ਭੀ ਸਿਫਤ ਕਰ ਸਕਦਾ ਹੈ ਜਿਸ ਨੂੰ ਹੈਵਾਨ ਭੀ ਨਹੀਂ ਖਾਂਦੇ ?

(੧੩) ਡਾਕਟਰ ਬੁਲਾਕੀਆ ਲਿਖਦੇ ਹਨ, ਤੰਬਾਕੂ ਪੀਣ ਨਾਲ ਬਦਹਜ਼ਮੀ, ਭੁੱਖ ਨਾ ਲਗਣੀ, ਖਾਂਸੀ, ਮੂੰਹ ਵਿਚੋਂ ਬਦਬੂ ਆਉਣੀ, ਸੁਸਤੀ, ਸਿਰ ਦਰਦ ਆਦਿ ਬੀਮਾਰੀਆਂ ਹੁੰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

(੧੪) ਨਿਊਯਾਰਕ ਵਿਚ ਮਾਸਟਰ ਮੁਕੱਰਰ ਕਰਨ ਤੋਂ ਪਹਿਲਾਂ ਇਹ ਗੱਲ ਦੀ ਪੜਤਾਲ ਕੀਤੀ ਜਾਂਦੀ ਹੈ ਕਿ ਇਹ ਤੰਬਾਕੂ ਤਾਂ ਨਹੀਂ ਵਰਤਦਾ। ਇੰਗਲੈਂਡ, ਜਪਾਨ ਤੇ ਨਾਰਵੇ ਵਿਚ ਕਾਨੂੰਨ ਹੈ ਕਿ ਕੋਈ ਲੜਕਾ ੧੬ ਸਾਲ ਤੋਂ ਘੱਟ ਉਮਰ ਵਾਲਾ ਤੰਬਾਕੂ ਨਹੀਂ ਵੇਚ ਸਕਦਾ, ਜੇਕਰ ਵੇਚੇ ਤਾਂ ਕਾਨੂੰਨਨ ਸਜ਼ਾ ਦਾ ਹੱਕਦਾਰ ਹੈ। *(ਬਰਮਾ ਦਰਪਨ)*

# ਹਿੰਦੂ ਵਿਦਵਾਨਾਂ ਦੀ ਤੰਬਾਕੂ ਬਾਰੇ ਵਿਰੋਧਤਾ

ਚੋਟੀ ਦੇ ਹਿੰਦੂ ਵਿਦਵਾਨਾਂ, ਮਹਾਂਪੁਰਸ਼ਾਂ ਤੇ ਧਰਮ ਗ੍ਰੰਥਾਂ ਨੇ ਤੰਬਾਕੂ ਦੀ ਸਖਤ ਨਿਖੇਧੀ ਕਰਦਿਆਂ ਹੋਇਆਂ, ਜਗਤ-ਪ੍ਰਸਿਧ 'ਪਦਮ-ਪੁਰਾਨ' ਦੇ ਵਿਦਵਾਨ ਕਰਤਾ ਨੇ ਤੰਬਾਕੂ ਦੀ ਵਰਤੋਂ ਦੇ ਮਸਲੇ ਨੂੰ ਇਹਨਾਂ ਲਫਜ਼ਾਂ ਵਿਚ ਬੰਦ ਕੀਤਾ ਹੈ ਕਿ:-

ਤੰਬਾਕੂ ਗਊ ਦੀ ਰੱਤ ਤੋਂ ਪੈਦਾ ਹੋਇਆ ਹੈ, ਅਤੇ 'ਧੂਮ੍ਰ-ਪਾਨ ਰਤੰ ਬਿਪ੍ਰ ਦਾਨੰ ਕ੍ਰਿਤ੍ਵਾ ਭਯੋ ਨਰਾ। ਤਾਤਾਰੋ ਨਰਕੰ ਯਾਤਿ ਬ੍ਰਾਹਮਣ ਰਤਾਮ ਸੂਦਰ।'

*(ਕਾਰਤਿਕ ਮਹਾਤਮ ਅਧਿਆਇ ੧)*

ਹਿੰਦੂ ਫਿਲੌਸਫੀ ਵਿਚ ਇਸ ਤੋਂ ਵੱਧ ਨਿਖੇਧੀ ਭਰਿਆ ਕਥਨ ਨਹੀਂ ਮਿਲ ਸਕਦਾ।

# ਤੰਬਾਕੂ ਭਿਆਨਕ ਜ਼ਹਿਰ ਹੈ

ਇਕ ਸਾਧਾਰਨ ਸਿਗਾਰ ਵਿਚ ਇੰਨੀ ਨਿਕੋਟੀਨ ਹੁੰਦੀ ਹੈ ਕਿ ਉਸ ਦੇ ਖਾਣ ਨਾਲ ਸਾਧਾਰਨ ਮਨੁੱਖ ਸਦਾ ਦੀ ਨੀਂਦਰੇ ਸੌਂ ਸਕਦੇ ਹਨ। ਇਹ ਜ਼ਹਿਰ ਇੰਨੀ ਕਰੜੀ ਹੈ ਕਿ ਇਸ ਤੋਂ ਵਧ ਕੇ ਜ਼ਹਿਰੀਲੀ ਵਸਤੂ ਇਕੋ ਪਰੂਸਿਕ ਐਸਿਡ ਹੀ ਹੈ।

ਤੰਬਾਕੂ ਸੇਵੀ ਦਾ ਲਹੂ ਇੰਨਾ ਜ਼ਹਿਰੀਲਾ ਹੁੰਦਾ ਹੈ ਕਿ ਉਸ ਨੂੰ ਪੀਣ ਨਾਲ ਜੋਕ ਝੱਟ ਮਰ ਜਾਂਦੀ ਹੈ।

ਜਿਸ ਕਮਰੇ ਵਿਚ ਵਾਯੂ ਦੇ ਆਉਣ ਜਾਣ ਦਾ ਪ੍ਰਬੰਧ ਨਾ ਹੋਵੇ, ਉਸ ਦੀ ਵਾਯੂ ਤੰਬਾਕੂ ਪੀਣ ਦੇ ਕਾਰਨ ਇੰਨੀ ਜਹਿਰੀਲੀ ਹੋ ਜਾਂਦੀ ਹੈ ਕਿ ਉਸ ਵਿਚ ਸਾਹ ਲੈਣ ਨਾਲ ਕਈ ਬਾਲਾਂ ਦੀ ਮੌਤ ਹੋ ਗਈ ਹੈ।

ਅਨੁਮਾਨ ਕੀਤਾ ਗਿਆ ਹੈ ਕਿ ਅਮਰੀਕਾ ਵਿਚ ਹਰ ਵਰ੍ਹੇ ੨੬੦੦੦ ਮੌਤਾਂ ਨਮੂਨੀਏ ਤੋਂ ਕੇਵਲ ਇਸ ਕਾਰਨ ਹੁੰਦੀਆਂ ਹਨ, ਕਿ ਰੋਗੀ ਤੰਬਾਕੂ ਸੇਵੀ ਹੋਣ ਕਰਕੇ ਅਰੋਗ ਨਹੀਂ ਹੋ ਸਕਦੇ।

Sri Satguru Jagjit Singh Ji eLibrary NamdhariElibrary@gmail.com

ਫਿਪਸ ਇਨਸਟੀਚਯੂਟ ਵਿਚ ਮੁਰਦਿਆਂ ਦੀ ਚੀਰ-ਫਾੜ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ, ਕਿ ਤੰਬਾਕੂ ਸੇਵੀਆਂ ਵਿਚ ਦੂਜਿਆਂ ਨਾਲੋਂ ਦੂਣੀਆਂ ਤੋਂ ਭੀ ਵਧੀਕ ਮੌਤਾਂ ਤਪਦਿਕ ਨਾਲ ਹੁੰਦੀਆਂ ਹਨ ।

## ਤੰਬਾਕੂ ਇਨਸਾਨੀ ਮੌਤ ਹੈ

ਨਿਊ ਇੰਗਲੈਂਡ ਲਾਈਫ ਇਨਸ਼ੂਰੈਂਸ ਕੰਪਨੀ ਨੇ ਸੱਠ ਸਾਲਾਂ ਵਿਚ ਇਕ ਲੱਖ ਅੱਸੀ ਹਜ਼ਾਰ ਮਨੁਖਾਂ ਦੇ ਜੀਵਨ ਦੇ ਹਾਲਾਤ ਤੋਂ ਇਹ ਅੰਕ ਇਕੱਠੇ ਕੀਤੇ ਹਨ :-

ਜਿਥੇ ਇਕ ਸੌ ਮੌਤਾਂ ਹੋਣ ਦੀ ਆਸ ਸੀ ਉੱਥੇ ਪ੍ਰਹੇਜ਼ਗਾਰਾਂ ਵਿਚ ੫੯ ਮੌਤਾਂ ਹੋਈਆਂ । ਜਿਹੜੇ ਕਦੀ ਕਦਾਈਂ ਤੰਬਾਕੂ ਪੀਂਦੇ ਸਨ, ਉਨ੍ਹਾਂ ਵਿਚ ੭੧ ਸੰਜਮ ਨਾਲ ਤੰਬਾਕੂ ਸੇਵਨ ਕਰਨ ਵਾਲਿਆਂ ਵਿਚ ੮੪ ਅਤੇ ਬਾਹਲਾ ਪੀਣ ਵਾਲਿਆਂ ਵਿਚ ੯੩ ਮੌਤਾਂ ਹੋਈਆਂ । ਬਹੁਤ ਵਧੀਕ ਪੀਣ ਵਾਲਿਆਂ ਦਾ ਬੀਮਾ ਕੀਤਾ ਹੀ ਨਹੀਂ ਗਿਆ ਸੀ ।

ਤੰਬਾਕੂ ਸੇਵੀਆਂ ਦੇ ਇਰਾਦੇ ਦੀ ਸ਼ਕਤੀ ਮਰ ਜਾਂਦੀ ਹੈ ਅਤੇ ਉਹ ਇਸ ਦੇ ਹੱਥੋਂ ਅਸਮਰਥ ਹੋ ਜਾਂਦੇ ਹਨ ।

ਡਾਕਟਰ ਐਲਮਰਲੀ ਇਕ ਥਾਵੇਂ ਲਿਖਦੇ ਹਨ ਕਿ ਤੰਬਾਕੂ ਸੇਵੀਆਂ ਦੇ ਦਲ ਦਾ ਹਰ ਇਕ ਬੰਦਾ ਭਾਵੇਂ ਉਹ ਬਾਲ ਹੈ ਅਤੇ ਭਾਵੇਂ ਜੁਆਨ, ਇਕ ਅਜਿਹੀ ਮੰਜ਼ਲ ਵਲ ਕੂਚ ਕਰਕੇ ਛੇਤੀ-ਛੇਤੀ ਜਾ ਰਿਹਾ ਹੈ, ਜਿਥੇ ਰੋਗਾਂ ਨਾਲ ਚੂਰ ਹੋ ਜਾਣਾ ਅਟੱਲ ਹੈ । ਬਹੁਤੇ ਮਨੁੱਖ ਤੰਬਾਕੂ ਤੋਂ ਕਈ ਗੁਣ ਹੋਣ ਦਾ ਨਿਰਮੂਲ ਨਿਸ਼ਚਾ ਰੱਖਦੇ ਹਨ। ਇਸ ਸਬੰਧੀ 'ਫਿਲਾਡੈਲਫੀਆ' ਦੇ ਡਾਕਟਰ ਮੈਥੀਓ ਵੂਡਜ਼ ਲਿਖਦੇ ਹਨ, 'ਤੰਬਾਕੂ ਆਹਾਰ ਦੇ ਪਚਣ ਵਿਚ ਸਹਾਇਤਾ ਨਹੀਂ ਕਰਦਾ, ਲਿੱਸੇ ਆਦਮੀਆਂ ਨੂੰ ਵਧੀਕ ਲਿੱਸੇ ਹੋ ਜਾਣ ਤੇ ਮੋਟੇ ਮਨੁੱਖਾਂ ਨੂੰ ਹੋਰ ਮੋਟਾ ਹੋਣ ਤੇ ਮਦਦ ਦਿੰਦਾ ਹੈ ।'

## ਇਕ ਪ੍ਰਸਿੱਧ ਸਾਇੰਸਦਾਨ ਦੀ ਰਾਇ

ਨਿਕੋਲਾਸ ਮੁਨਾਰਡਸ (Nicholas Monardus) ਇਕ ਜਰਮਨ ਨੇ ਤੰਬਾਕੂ ਦੀਆਂ ਖ਼ੂਬੀਆਂ ਤੇ ਇਕ ਬੜੀ ਪੋਥੀ ਲਿਖੀ ਹੈ, ਪਰ ਇਸ ਨੂੰ ਮੁਹੱਜ਼ਬ ਆਦਮੀਆਂ ਵਿਚ ਵਰਤੀ ਜਾਣ ਵਾਲੀ ਵਸਤੂ ਸਾਬਤ ਕਰਨ ਲਈ ਕਈ ਅਜੇਹੀਆਂ ਪੋਥੀਆਂ ਲਿਖਣੀਆਂ ਪੈਣਗੀਆਂ । ਮੈਂ ਤਾਂ ਇਹ ਕਹਾਂਗਾ ਕਿ ਇੱਕ ਟੁੱਟੇ ਹੋਏ ਜਹਾਜ਼ ਵਿੱਚੋਂ ਕੋਈ ਆਦਮੀ ਉਜਾੜ ਟਾਪੂ ਵਿੱਚ ਸੁੱਟਿਆ ਜਾਵੇ, ਉਹਨੂੰ ਖਾਣ ਨੂੰ ਕੁਝ ਨਾ ਮਿਲੇ ਉਥੇ ਭਾਵੇਂ ਉਹ ਮਰ ਜਾਵੇ ਪਰ ਇਸ ਨਿਕੰਮੀ ਵਸਤੂ ਨੂੰ ਨਾ ਵਰਤੇ, ਭਾਵੇਂ ਸਾਰਾ

Sri Satguru Jagjit Singh Ji eLibrary NamdhariElibrary@gmail.com

ਟਾਪੂ ਇਹਦੇ ਨਾਲ ਭਰਿਆ ਪਿਆ ਹੋਵੇ। ਇਸ ਨੂੰ ਕੋਈ ਵੀ ਨੌਜੁਆਨ ਆਪਣੀ ਸ਼ਕਲ, ਸਿਹਤ ਤੇ ਤਰੱਕੀ ਵਿੱਚ ਰੁਕਾਵਟ ਪਾਏ ਬਿਨਾਂ ਚਬਾ ਯਾ ਪੀ ਨਹੀਂ ਸਕਦਾ। ਇਕ ਟੋਲੀ ਨੂੰ ਇਕ ਸ਼ਾਮ ਸਿਗਰਟ ਪੀਣ ਵਿਚ ਬਿਤਾਣ ਦਿਉ, ਦੇਖੋ ਅਸਰ ਕੀ ਹੁੰਦਾ ਹੈ। ਉਹ ਸਾਰੇ ਸਵੇਰ ਨੂੰ ਬੇਚੈਨੀ, ਜੁਗੀ, ਢਹਿੰਦੀ ਕਲਾ ਤੇ ਮਾਯੂਸੀ ਨਾਲ ਭਰੇ ਉੱਠਣਗੇ। ਮੂੰਹ ਚਿਪਚਿਪਾ ਤੇ ਕੌੜਾ ਹੋਵੇਗਾ ਤੇ ਹਰ ਇਕ ਦਾ ਦਿਲ ਉੱਛਲ ਰਿਹਾ ਹੋਵੇਗਾ। ਇਹ ਵਾਦੀ ਆਮ ਤੌਰ ਪਰ ਬੀਰ ਤੇ ਸ਼ਰਾਬ-ਖਾਨਿਆਂ ਵਿੱਚ ਬਹੁਤ ਹੁੰਦੀ ਹੈ। ਜਦ ਇੰਗਲੈਂਡ ਵਿਚ ਇਸ ਭੈੜੀ ਵਾਦੀ ਦਾ ਬਹੁਤ ਜ਼ੋਰ ਵਧ ਗਿਆ ਤੇ ਜੇਮਜ਼ ਪਹਿਲੇ (Iamas) ਨੂੰ ਇਸ ਦੇ ਵਿਰੁੱਧ ਕੋਈ ਪ੍ਰਚਾਰ ਕਰਨ ਵਾਲਾ ਨਾ ਲੱਭਾ ਤਾਂ ਸ਼ਾਹੀ ਹੱਥ ਨੇ ਖੁਦ ਲੇਖਨੀ ਫੜੀ ਤੇ ਇਸ ਦੇ ਵਿਰੁੱਧ ਇਕ ਬੜੀ ਜ਼ਬਰਦਸਤ ਕਿਤਾਬ (A counter-biast to robacco) ਲਿਖੀ। ਉਸ ਦੀ ਸ਼ਾਹਾਨਾ ਲਿਖਤ ਹੇਠ ਲਿਖੇ ਵਾਕਾਂ ਤੋਂ ਪ੍ਰਤੀਤ ਹੁੰਦੀ ਹੈ ਜੋ ਇਸ ਪੁਸਤਕ ਦੇ ਅਖੀਰਲੇ ਸ਼ਬਦ ਹਨ :-

'ਇਹ ਵਾਦੀ ਅੱਖਾਂ ਲਈ ਘਿਣਾਉਣੀ, ਨੱਕ ਲਈ ਨਫਰਤ ਕਰਨ ਯੋਗ, ਦਿਮਾਗ ਲਈ ਹਾਨੀਕਾਰਕ ਤੇ ਫੇਫੜਿਆਂ ਲਈ ਖਤਰਨਾਕ ਹੈ। ਇਸ ਦਾ ਕਾਲਾ ਧੂੰਆਂ ਪਲੋ-ਪਲੀ ਵਿਚ ਮਾਰ ਘੱਤਣ ਵਾਲੀ ਜ਼ਹਿਰ ਤੋਂ ਕਿਸੇ ਤਰ੍ਹਾਂ ਭੀ ਘੱਟ ਨਹੀਂ।

ਸਾਰੇ ਹੀ ਸਿਆਣੇ ਆਦਮੀ ਤੁਹਾਨੂੰ ਦੱਸਣਗੇ ਕਿ ਤੰਬਾਕੂ ਵਰਤਣ ਦੀ ਵਾਦੀ ਤੁਹਾਨੂੰ ਛੇਤੀ ਤਪਦਿਕ ਆਦਿਕ ਬਿਮਾਰੀਆਂ ਦੇ ਪੰਜੇ ਵਿਚ ਫਸਾ ਦੇਵੇਗੀ, ਤੁਹਾਡੀਆਂ ਨਾੜੀਆਂ ਨੂੰ ਕੜਕਾ ਦੇਵੇਗੀ ਤੇ ਆਤਮਾ ਨੂੰ ਥੱਲੇ ਹੀ ਥੱਲੇ ਲੈ ਜਾਵੇਗੀ; ਤੁਹਾਡਾ ਸਰੀਰ ਗੰਦਾ ਤੇ ਵਾਦੀਆਂ ਸੂਅਰਾਂ ਵਾਲੀਆਂ ਬਣ ਜਾਣਗੀਆਂ।

## ਮੇਰਾ ਵੈਦ ਗੁਰੁ ਗੋਬਿੰਦਾ

ਵੈਦਾਂ ਦੇ ਵੈਦ ਲੋਕ ਪ੍ਰਲੋਕ ਰਖਜਕ ਸ੍ਰੀ ਗੁਰੂ ਸਾਹਿਬਾਨ ਨੇ ਤੰਬਾਕੂ ਨੂੰ ਇਨਸਾਨੀ ਜ਼ਿੰਦਗੀ ਲਈ ਬਹੁਤ ਖਤਰਨਾਕ ਹੋਣ ਕਰਕੇ ਇਸ ਦਾ ਬਾਈਕਾਟ ਕਰ ਦਿਤਾ ਹੈ। ਤੰਬਾਕੂ ਨੋਸ਼ ਸਿੱਖ ਮੰਡਲ ਵਿਚ ਨਹੀਂ ਰਹਿ ਸਕਦਾ।

## ਨਵਮ ਗੁਰੂ ਹੁਕਮ

*(ੳ) ਗੰਦਾ ਧੂਮ (ਤੰਬਾਕੂ) ਬੰਸ ਤੇ ਤਿਆਗਹੁ॥*
*ਅਤਿ ਗਿਲਾਨ ਇਸਤੇ ਧਰ ਭਾਗਹੁ॥*
*ਯਾਵਦ ਤਵ ਕਲ ਗੰਦਾ ਧੂਮ॥*

Sri Satguru Jagjit Singh Ji eLibrary NamdhariElibrary@gmail.com

*ਤਿਆਗਹਿ ਕ੍ਰਿਖੀ ਕਰਹਿ ਨਿਜ ਭੂਮਿ॥*
*ਵਸਹਿ ਅੱਧਕ ਤੁਮਾਰੇ ਧਨ ਧਾਮਾਂ॥....*
*ਕਿਸੂ ਵਸਤ ਕੀ ਕਮੀ ਨ ਹੋਇ॥*
*ਸਭ ਸੁਖ ਪਾਇ ਬੰਸ ਮਹਿ ਜੋਇ॥*
*ਗੰਦਾ ਧੂਮ ਕਰਹਿ ਜਬ ਪਾਨ॥*
*ਤਬ ਕੁਲ ਰੰਕ ਹੋਇ ਸਨਿ ਰਾਨ॥*

*(ਸੂ: ਪ੍ਰਕਾਸ਼, ਰਾ: ੧੧, ਅੰਕ ੪੪)*

ਉਕਤ ਗੁਰੂ ਸਿਧਾਂਤ ਤੋਂ ਚੰਗੀ ਤਰ੍ਹਾਂ ਨਿਸ਼ਚੇ ਹੋ ਸਕਦਾ ਹੈ ਕਿ ਗੁਰੂ ਸਹਿਬਾਨ ਨੇ ਤੰਬਾਕੂ ਦੀ ਵਰਤੋਂ ਨੂੰ ਕਿਤਨਾ ਗੰਦਾ ਤੇ ਮੰਦਾ ਨੁਕਸਾਨ-ਦੇਹ ਮੰਨ ਕੇ ਕਤਈ ਮਨਾਹੀ ਕੀਤੀ ਹੈ।

ਸ੍ਰੀ ਗੁਰੂ ਸਾਹਿਬਾਨ ਨੂੰ ਭਵਿਖਤ ਦਾ ਪਤਾ ਸੀ ਕਿ ਤੰਬਾਕੂ ਨੇ ਕਿਸ ਤਰਾਂ ਮਨੁੱਖ ਦੀ ਅਮੋਲਕ ਜ਼ਿੰਦਗੀ ਦਾ ਖੌ ਬਣਨਾ ਹੈ ਅਰ ਸੰਸਾਰ ਵਿਚ ਇਸ ਦੀ ਹਕੂਮਤ ਨੇ ਇਨਸਾਨ ਨੂੰ ਸਭਜ ਰਹਿਤ ਤੇ ਗੁਲਾਮ ਬਣਾ ਦੇਣਾ ਹੈ ! ਸੱਚ ਹੈ ਜੋ ਹੁੱਕੇ ਦੀ ਗੁਲਾਮੀ ਨਹੀਂ ਛੱਡ ਸਕਦੇ ਹੋਰ ਗੁਲਾਮੀ ਕੀ ਛੱਡਣਗੇ ?

## ਤੰਬਾਕੂ ਤੇ ਹਿੰਦੂ ਮੱਤ

ਤੰਬਾਕੂ ਦੀ ਬਾਬਤ ਜੋ ਪੰਡਤ ਬਿਆਸ ਜੀ ਨੇ ਸਕੰਧ ਪੁਰਾਨ, ਮਥੁਰਾ ਖੰਡ ਦੇ ਪ੨ਵੇਂ ਧਿਆਏ ਵਿੱਚ ਕਥਨ ਕੀਤਾ ਹੈ, ਉਹ ਇਸ ਤਰ੍ਹਾਂ ਹੈ, ਯਥਾ:-ਮੂਲ ਸਲੋਕ **"ਸੁਦਰਾ ਨੇਨ ਭਗਤੇਨ ਬ੍ਰਾਹਮਣੇ ਮ੍ਰਿਯਥੇ ਯਦਿ, ਤੈਨੇ ਵਹੁਯ ਦਸਰਥੇ ਨਸ ਪ੍ਰੇਤੇ ਜਾਯਤੇ ਨਰ ?"** ॥੧॥ ਟੀਕਾ:-ਬ੍ਰਹਮਾ ਜੀ ਨਾਰਦ ਪ੍ਰਤਿ ਸੁਨਾਵਤੇ ਹੈਂ ਕਿ ਹੇ ਮੁਨਿ ! ਜੇ ਕੋਈ ਬ੍ਰਾਹਮਣ ਸ਼ੂਦਰ ਦਾ ਭੋਜਨ ਖਾ ਕਰਕੇ ਮਿਰਤੂ ਹੋ ਜਾਵੇ, ਸੋ ਸ਼ੂਦਰ ਦੇ ਘਰ ਦਾ ਅੰਨ ਖਾਯਾ ਹੂਆ ਤਿਸਦੇ ਪੇਟ ਵਿਖੇ ਰਹਿ ਜਾਵੇ, ਤਾਂ ਉਹ ਬ੍ਰਾਹਮਣ ਨਿਸਚੇ ਕਰਕੇ ਪ੍ਰੇਤ ਦੀ ਜੂਨ (ਪਦਵੀ) ਪਾਵੇਗਾ ॥੧॥

**ਮੂਲ— ਧੂਮਰ ਪਾਨੇ ਨਭੋ ਪ੍ਰੈਤ:ਪ੍ਰੈਤ ਤੂੰਚੈਵ ਜਾਯਤੇ ॥**
**ਕਲੋਤੁ ਕਲਿ ਰੂਖੰ ਹਿਤ ਮਾਲ ਮੇਵ ਜਾਯਤੇ ॥੨॥**

ਟੀਕਾ—ਧੂਮਰ ਜੋ ਹੈ, ਤਮਾਲ ਕੋ ਪਾਨ ਕਰਨੇ ਵਾਲਾ ਹੈ, ਸੋ ਪੁਰਸ਼ ਨਿਸ਼ਚੇ ਕਰਕੇ ਪ੍ਰੇਤ ਦੀ ਜੂਨ ਪਾਵੇਗਾ। ਹੇ ਨਾਰਦ ! ਇਸ ਮੇਂ ਸ਼ੰਕਾ ਨਾ ਜਾਣ, ਐਸੇ ਹੀ ਕਲਯੁਗ ਜੋ ਹੈ, ਕਲਹਿ ਅਰਥਾਤ ਪਾਪਾਂ ਕਾ ਯੁਗ ਤਿਸਕੇ ਵਿਖੇ ਪਾਪਾਂ ਕਾ ਰੂਪ ਭਇਆ ਹੈ ਤਮਾਲ ਅਰਥਾਤ ਤੰਬਾਕੂ ਕੁਰੀਤੀਆਂ ਦਾ ਮੂਲ, ਧਰਮ ਕੋ ਨਾਸ ਕਰਨੇ ਵਾਲਾ, ਪਾਪਾਂ ਕੋ ਪ੍ਰਕਾਸ਼ ਕਰਨੇ ਵਾਲਾ, ਨਰਕਾਂ ਕੋ ਭਰਨੇ ਲਈ ਪੈਦਾ ਹੋਵੇਗਾ

Sri Satguru Jagjit Singh Ji eLibrary NamdhariElibrary@gmail.com

ਤਮਾਲ ॥੩॥

**ਮੂਲ— ਧੂਮਰ ਪੀਨਸਯ ਅਤ੍ਰੈਂਣ ਸਰਬਦਾ ਨਾਟਿਕ: ਕ੍ਰਿਯਾ, ਬਿਰਥੈਵ ਜਾਯਤੇ ਪ੍ਰਤ: ਯਥਾ ਕੰਜਹ ਸੌਂਚ ਵਤ ॥੪॥**

ਟੀਕਾ—ਧੂਮਰ ਪਾਨ ਅਥਵਾ ਭਰਿਸ਼ਟਾਚਾਰ ਕੇ ਪੀਨੇ ਸੇ ਸਰਬ ਹੀ ਧਰਮ ਕਾ ਨਾਸ ਹੋ ਜਾਤਾ ਹੈ, ਐਸੇ ਧਰਮ ਕਾ ਔਰ ਪੁੰਨੋਂ ਕਾ ਨਾਸ਼ ਹੋਤਾ ਹੈ ਜੈਸੇ ਹਸਤੀ ਕਾ ਇਸ਼ਨਾਨ ਕੀਤਾ ਹੋਇਆ ਨਿਸਫਲ ਹੋਤਾ ਹੈ, ਤੈਸੇ ਹੀ ਇਸ ਭ੍ਰਿਸ਼ਟਤਾ ਅਰਥਾਤ ਤਮਾਲ ਕੇ ਸਾਥ ਪਰੀਤੀ ਕਰਨੇ ਵਾਲੇ ਕੇ ਸਰਬ ਹੀ [੧੯]ਸ਼ੁਭ ਕਰਮ ਬਿਅਰਥ ਹੋ ਜਾਤੇ ਹੈਂ ॥੪॥

**ਮੂਲ— ਘੋਰੇ ਕਲਯੁਗੇ ਪਰਾਪਤੇ ਸਰਬੇ ਵਰਣ ਆਸ਼੍ਰਮ: ਨਰ: ਨਰਕੇਖੁ ਪਤਿਖਯੰਪ ਤਮਾਲਸਯ ਪ੍ਰਾਨਤੇ ॥੫॥**

ਟੀਕਾ—ਘੋਰ ਕਲਯੁਗ ਕੇ ਵਿਖੇ, ਜੋ ਸਮੂਹ ਵਰਣ ਆਸ਼ਰਮ ਹੈ, ਸੋ ਸਰਬ ਹੀ ਪ੍ਰਾਪਤ ਹੋਣਗੇ । ਰੌਰਣ ਮਰਕ ਕੇ ਵਿਖੇ ਏਕ ਭ੍ਰਸ਼ਟਾਚਾਰ ਅਰਥਾਤ ਤਮਾਲ ਕੋ ਗ੍ਰਹਿਣ ਕਰਕੇ ॥੫॥

**ਮੂਲ— ਉਪਸਤੇ ਤਮਾਲੰਵੈਕ ਧ੍ਰੋਤ ਪਰਖਾਧਮ: ਖਜੀਣ ਪੁੰਨਜਾਪਤਿ ਖਯੰਤਿ ਮਹਾਂ ਰੌਰਣ ਸੰਗ ਕੇ ॥੬॥**

ਟੀਕਾ—ਜੋ ਪੁਰਸ਼ ਸੇਂਵਦਾ ਹੈ ਨਿਤਾਪ੍ਰਤਿ ਇਸ ਭ੍ਰਿਸ਼ਟਾਚਾਰ ਕੋ ਸੋ ਉਹ ਮਨੁਖ ਜਗਤ ਕੇ ਵਿਖੇ ਮਹਾਂ ਨੀਚ ਹੈਨ, ਔਰ ਵਿਅਰਥ ਜਾਣਗੇ, ਸਰਬ ਹੀ ਇਸਦੇ ਸ਼ੁਭ ਸਾਧਨ ਔਰ ਪੜਨਗੇ ਰੌਰਵ ਨਰਕ ਕੇ ਬੀਚ ॥੬॥

**ਮੂਲ— ਅਭਖ ਭਖਣਾਂਤ ਪਾਪ ਮਰ ਮਯਾਗ ਮਣੰਚਯਾਤ ਦਯ ਪਾਨਾਤੰ ਚਯਤ ਪਾਪ ਧੂਮਰ ਪਾਨ ਸਮਾਤ੍ਰਤਾ ॥੭॥**

ਟੀਕਾ—ਅੱਭਖ ਭਖਣ ਸੇ, ਸ਼ਰਾਬ ਪੀਨੇ ਸੇ, ਵੇਸਵਾ ਕੇ ਭੋਗ ਮੇਂ ਔਰਤਾਂ ਅਥਵਾ ਭੈਣ ਕੇ ਭੋਗ ਸੇ ਜਿਤਨਾ ਪਾਪ ਲਗਤਾ ਹੈ, ਸੋ ਇਨ੍ਹਾਂ ਉੱਪਰ ਲਿਖੀ ਬਾਤੇਂ ਜਿਤਨਾ ਪਾਪ ਏਕ ਇਸ ਭ੍ਰਿਸ਼ਟਾਚਾਰ ਅਰਥਾਤ ਤਮਾਲ ਕੇ ਗ੍ਰਹਿਣ ਕਰਨੇ ਸੇ ਲਗਤਾ ਹੈ, ਤਾਂਤੇ ਇਸੇ ਤਿਆਗਨਾਂ ਹੀ ਭਲਾ ਹੈ ॥੭॥

੧੯. ਤੰਬਾਕੂ ਦੇ ਖੰਡਣ ਵਿਚ ਹਿੰਦੂ ਗ੍ਰੰਥਾਂ ਵਿਚ ਕਾਫੀ ਨਿਖੇਧੀ ਹੈ ਪਰ ਅਮਲ ਵਲੋਂ ਸਿਫਰ ਹੈ । "ਧੂਮ੍ ਪਾਨੰ ਰਤੰ ਵਿਪ੍ਰੰ ਦਾਨੰ .ਕਰਵੰਤ ਯੇ ਨਰਹ । ਦਾਤਾਰੋ ਨਰਕੰ ਯਾਤੀ ਬ੍ਰਹਮਣੇ ਗ੍ਰਾਮ ਸ਼ੂਕਰ ।" (ਪਦਮ ਪੁਰਾਣ) ਅਰਥਾਤ ਤੰਬਾਕੂ-ਨੋਸ਼ ਬ੍ਰਾਹਮਣ ਨੂੰ ਜੋ ਆਦਮੀ ਦਾਨ ਦਿੰਦਾ ਹੈ ਉਹ ਬ੍ਰਾਹਮਣ ਪਿੰਡ ਦਾ ਸੂਰ ਬਣਦਾ ਹੈ ਤੇ ਦਾਨੀ ਨਰਕਾਂ ਨੂੰ ਜਾਂਦਾ ਹੈ । ਯਸਤੇਮਾਖੰ ਪਵੇਤ ਸੋ ਅਪਿ ਸ੍ਰਸ਼ਮਾਂ ਨਿਰਯੰ ਪਤਤੇ ਨਾਰਦਤ੍ ਨ ਸੰਦੇਹ ਸਤਯੰ ਸਤਯੰ ਮਯੋਦਤਮ । (ਅਸਗੰਧ ਪੁਰਾਣ) ਅਰਥਾਤ ਹੁੱਕਾ ਪੀਣ ਵਾਲਾ ਕੁੰਭੀ ਨਰਕ ਵਿਚ ਸੜੇਗਾ, ਇਹ ਮੇਰਾ ਕਹਿਣਾ ਸੱਚ ਹੈ, ਸੱਚ ਹੈ, ਸ਼ੱਕ ਨਹੀਂ ।

Sri Satguru Jagjit Singh Ji eLibrary NamdhariElibrary@gmail.com

**ਮੂਲ— ਧਨਪ੍ਰਾਏ ਸਰਬ ਤੀਰਥੇਖੁ । ਪ੍ਰਯਾਗਾ ਦੂਖ ਕੋਟਿਸ:॥ ਬਿਰਥੈ ਵਤਾਨਿ ਸਰਬਾਣ ਤਮਾਲ ਅਨ ਪਰਾਪਤ ॥੮॥**

ਟੀਕਾ—ਸਰਬ ਜੋ ਹੈਂ ਤੀਰਥ-ਪ੍ਰਯਾਗ ਰਾਜ, ਜਮਨਾ, ਸੁਰਸਵਤੀ, ਹਰਿਦਵਰ, ਔਰ ਜੋ ਸਮੂਹ ਤੀਰਥ ਹੈਂ, ਤਿਨੋਂ ਮੇਂ ਕਰੋੜਾਂ ਹੀ ਅਸ਼ਨਾਨ ਕੀਤੇ ਹੋਏ ਨਿਸਫਲ ਹਨ, ਤਿਸ ਪੁਰਸ਼ ਦੇ, ਜਿਸ ਨੇ ਇਕ ਵਾਰੀ ਭੀ ਇਸ ਤੰਬਾਕੂ ਨੂੰ ਗ੍ਰਹਿਣ ਕੀਤਾ ਹੈ ॥੮॥

**ਮੂਲ— ਬ੍ਰਹਿਮਾਂ ਪਿਜਮਾਂ ਖਯਾਤੰ ਨਾਰਦਯ ਮਹਾਤਪੇਨ । ਨਾਰਦਾਤ੍ਰੂਨ ਸੰਦੇਹੁ ਮੱਤਯੰ ਸੱਤਯ ਮਯੋਦਤੰ ॥੯॥**

ਟੀਕਾ—ਬ੍ਰਹਿਮਾਂ ਜੀ ਭਲੀ ਪਰਕਾਰ ਕਹਿਤੇ ਹੈਂ ਕਿ ਹੇ ਮੁਨੀਓਂ ਵਿਖੇ ਸਰੇਸ਼ਟ ਸਪੁੱਤਰ ਨਾਰਦ ! ਤੂੰ ਮੇਰੇ ਵਾਕ ਮੇਂ ਨਾ ਕਰ ਜ਼ਰਾ ਭੀ ਸੰਦੇਹ। ਸੱਤ ਕਰਕੇ ਜਾਣ ॥੯॥

**ਮੂਲ— ਪਤਯਨੇ ਤਮਾਲੇ ਵੈਨ ਰੈਣ ਭਵ ਨਾਰਦ: । ਸੱਤ ਸਤੋਨ ਕ੍ਰਿਤੰ ਚੇਹਸਵ ਜਨਮ ਮਲੇਛ ਸੰਭਵੰ ॥੧੦॥**

ਟੀਕਾ—ਹੇ ਨਾਰਦ ! ਪਰੀਤੀ ਕਰਦਾ ਹੈ ਜੋ ਪੁਰਸ਼ ਇਸ ਭ੍ਰਸ਼ਟਾਚਾਰ ਪੁਨਾ ਤਮਾਲ ਕੇ ਪ੍ਰਿਥਵੀ ਪਰ ਸੰਦੇਹ ਸੇ ਰਹਿਤ ਹੋ ਕਰ ਗ੍ਰਹਿਣ ਕਰਦਾ ਹੈ, ਸੋ ਜਾਣੇ ਕਿ ਇਹ ਕਿਸੀ ਚੰਡਾਲ ਦਾ ਬੀਰਜ ਹੈ ਅਥਵਾ ਚੰਡਾਲ ਦਾ ਪੁੱਤਰ ਹੈ ਪਿਤਾ ਦਾ ਨਹੀਂ ਹੈ ॥੧੦॥

**ਮੂਲ— ਬ੍ਰਤਾਨਿ ਨਿਯਮ ਸਚੈਵ ਬਮਾਸ ਚੈਵ ਮਹਾਮਤੇ ॥ ਬਿਰਥੈ ਵਤਾਨਿ ਸਰਬਾਂਨਿ ਧੂਮਰ ਪਾਸਯ ਮਾਤ੍ਰਤ: ॥੧੧॥**

ਟੀਕਾ—ਜਪ, ਤਪ, ਯਮ, ਨਿਯਮ, ਬ੍ਰਤ ਔਰ ਸ਼ੁਭ ਸਾਧਨ ਤਿਸਕੇ ਸ਼ਕਲ ਹੀ ਨਾਸ ਹੋ ਜਾਣਗੇ, ਜਿਸਨੇ ਇੱਕ ਵਾਰ ਭੀ ਭ੍ਰਿਸ਼ਟਾਚਾਰ ਨੂੰ ਗ੍ਰਹਿਣ ਕੀਤਾ ਹੈ ॥੧੧॥

**ਮੂਲ— ਕਿਯੋਂ ਰਾਂਨ ਵੇਦੇਨ ਪਿਤ੍ਰੂ ਦੈ ਵਤੈ, ਕਿਵੰ ਵੇਕਰ ਪੌਨੇਨ ਤਮਾਲੰ ਚਿੰਤਿ ਪਵੇਨ ਨਰ: ॥੧੨॥**

ਟੀਕਾ—ਯੋਗ ਔਰ ਗਿਆਨ ਪਿਤਰ ਪੂਜ ਪੌਨ ਔਰ ਸਮੂਹ ਸਾਧਨ ਕੀਤੇ ਹੋਏ ਨਿਸਫਲ ਅਰਥਾਤ ਬਿਅਰਥ ਹਨ ਤਿਸ ਪੁਰਸ਼ ਦੇ ਜੋ ਇਸ ਤੰਬਾਕੂ ਭ੍ਰਿਸ਼ਟਾਚਾਰ ਨੂੰ ਗ੍ਰਹਿਣ ਕਰਤਾ ਹੈ ॥੧੨॥

**ਮੂਲ— ਸਨਯਾਮੇਨਚ ਕਿੰਤਸੱਯਾ ਗਿਸਯਥੇ ਨਾਪਿ ਕਿੰਪੁਨ ਪਤਿ ਬੇਨ ਤਮਾਲੰ ਵਾ ਸਵਪਦਾ ਦਧ ਮੋਹਿਸਯ ॥੧੩॥**

ਟੀਕਾ—ਗ੍ਰਹਿਸਥ ਬਾਣ ਪ੍ਰਸੇਤ, ਸੰਨਿਆਸ, ਔਰ ਬ੍ਰਹਮਚਰਯ ਬਿਅਰਥ ਹਨ, ਸਮੂਹ ਤਿਸਕੇ ਵੋਹ ਪੁਰਸ਼ ਇਸ ਭਰਿਸ਼ਟਾਚਾਰ ਕੋ ਗ੍ਰਹਿਣ ਕਰਤੇ ਹੈਂ ॥੧੩॥

Sri Satguru Jagjit Singh Ji eLibrary NamdhariElibrary@gmail.com

**ਮੂਲ— ਬ੍ਰਿਮਿਣ ਕਰਯੈਣ ਕ੍ਰਿਤਸਯ ਗ੍ਰਹਿਸਥੇ ਨਾਪਿ ਕਿਪੁੰਨ: ਵਾਨ ਪ੍ਰਸਥੇ ਧੰਨ ਕਿੰਤਸੇ ਸੰਨਯਾਸੇ ਨਾਪਿ ਕਿੰਪੁਨ ॥੧੪॥**

ਟੀਕਾ—ਨਹੀਂ ਫਲਦਾਇਕ ਹੁੰਦਾ ਤਿਸ ਦਾ ਧਰਮ ਕੀਤਾ ਹੋਇਆ ਬ੍ਰਹਮਚਰਯ ਗ੍ਰਿਹਸਥ, ਬਾਨ ਪ੍ਰਸਥ ਔਰ ਸੰਬ੍ਰਹ ਸ਼ੁਭ ਕਰਮ ਕੀਤੇ ਹੋਏ ਜਿਸਨੇ ਇਸ ਭ੍ਰਿਸ਼ਟਾਚਾਰ ਨੂੰ ਇਕ ਵਾਰ ਭੀ ਗ੍ਰਿਹਣ ਕੀਤਾ ਹੈ ॥੧੪॥

**ਮੂਲ— ਬ੍ਰਹਿਮਣ ਖਤ੍ਰੀ ਵਾ ਵੈਸ਼ਯ ਸ਼ੂਦਰਾਸਦ ਮੁਨਿ ਸਤੱਮ: ॥ ਸੁ ਸਭਵਿ: ਸਰਦ ਸੋ ਗੇਯ: ਤਮਾਲੰ ਚੇਤਿ: ਪਵੇਚਯ ॥੧੫॥**

ਟੀਕਾ—ਬ੍ਰਹਿਮਣ, ਛੱਤਰੀ, ਵੈਸ਼, ਸ਼ੂਦਰ ਅਰਥਾਤ ਨੀਚ ਜ਼ਾਤਿ ਹੋਵੇ, ਜੋ ਇਸ ਤਮਾਲ ਨੂੰ ਗ੍ਰਹਿਣ ਕਰੇਗਾ ਸੋ ਪੁਰਸ਼ ਚੰਡਾਲ ਅਰਥਾਤ ਚਮਾਰ ਕੇ ਸਦਰਸ਼ ਹੈ। ਹੇ ਨਾਰਦ ! ਮੁਨੀਓਂ ਵਿਖੇ ਸਰੇਸ਼ਟ ! ਮੇਰਾ ਬਚਨ ਸੱਤਯ ਕਰ ਜਾਨ ॥੧੫॥

**ਮੂਲ— ਪਤਿਤ ਨਰਕੇ ਘੋਰੇ ਰੇਰਣ ਨਾਤ੍ਰ ਸੰਸਯ ਬਿਰਥਾ ਸੰਸਯਾ ਬਿਰਥਾ ਗਿਆਨ ਬਿਰਥਾ ਵੈਰਾਗਯ ਪਵੇਚ ॥੧੭॥**

ਟੀਕਾ—ਉਹ ਪੁਰਸ਼ ਪਵੇਗਾ ਘੋਰ ਨਰਕ ਕੇ ਵਿਖੇ ਨਾ ਕਰ ਹੇ ਨਾਰਦ ! ਮੇਰੇ ਇਸ ਵਾਕ ਮੇਂ ਸੰਦੇਹੁ, ਤੁੱਛ ਅਰ ਬਿਅਰਥ ਹੈ ਅਰ ਉਸ ਦੀ ਸੰਧਜਾ ਔਰ ਵਿਅਰਥ ਹੈ ਉਸਦਾ ਗਿਆਨ ਅਰ ਵੈਰਾਗਜ ਜੋ ਪੁਰਸ਼ ਇਸ ਭ੍ਰਿਸ਼ਟਾਚਾਰ ਨੂੰ ਗ੍ਰਹਿਣ ਕਰੇਗਾ ॥੧੭॥

**ਮੂਲ— ਬਿਅਰਥਾ ਯੋਗ ਸਦ ਵਿਪਰੈ ਦਰ ਤਮਾਲੰਯ ਉਪਾਸਤੇ ॥ ਸਤਯੰਤਤਾ ਦੁਵਾਪਰੇ ਚਤਰ ਬੁਗੋਖੁਭਵੇ ਨਰਹਿ ॥੧੮॥**

ਟੀਕਾ—ਨਿਸਫਲ ਹੈ ਤਿਸ ਦਾ ਜੋਗ ਅਰ ਸਭ ਸਾਧਨ ਜੋ ਇਸ ਭ੍ਰਿਸ਼ਟਾਚਾਰ ਗ੍ਰਹਿਣ ਕਰੇਗਾ। ਸਤੁਜੁਗ ਤ੍ਰੇਤਾ ਦੁਵਾਪੁਰ ਵਿਖੇ ਪੁਰਸ਼ ਦਾ ਧਰਮ ਨਾਸ਼ ਕਰਨੇ ਲਈ ਪੈਦਾ ਹੋਵੇਗਾ ॥੧੮॥

**ਮੂਲ— ਅਧਨੈਵ ਕਲਿਰੰ ਜਾਤਸਤ ਮਾਲੈ ਨਮਾਨ: ਸਵਯੰ ਨ ਗਧੰ ਧਰਮ ਨਾਸ਼ਟਾਏ ਨਰਕੇ ਪਾਤ ਨਾਬਚਾ ॥੧੯॥**

ਟੀਕਾ—ਚੌਥੇ ਕਲਜੁਗ ਕੇ ਵਿਖੇ ਕਲਿ ਹੋਵੇਗਾ ਨਾਮ ਤਮਾਲ ਅਰਥਾਤ ਤਮਾਕੂ ਦਾ ਪੁਰਸ਼ਾਂ ਦਾ ਪਰਮ ਨਾਸ਼ ਕਰਨੇ ਕੇ ਲੀਏ ਅਰ ਨਰਕਾਂ ਦੇ ਭਰਨੇ ਕੇ ਲੀਏ ਭਲੀ ਪਰਕਾਰ ਹੇ ਨਾਰਦ ॥੧੯॥

**ਮੂਲ— ਇਹ ਲੋਕੇ ਸਵਯੰ ਜਾਤ: ਕਲਿ ਗੋਯਾ ਸਦਾ ਬੁਧੈ ॥ ਵਰਨਾਰਦ ਵਿਨਸਯਾਚਾ ਸਰ ਮੱਧਰੰ ਮਨਾਇਚ: ॥੨੦॥**

ਟੀਕਾ—ਕਲਜੁਗ ਕੇ ਵਿਖੇ ਨੀਚ ਹੋ ਜਾਣਗੇ ਜਸ ਤੋਂ ਸੋ ਪੁਰਸ਼ ਜੋ ਇਸ ਭ੍ਰਿਸ਼ਟਾਚਾਰ ਕੇ ਸਾਥ ਪਰੀਤੀ ਕਰੇਂਗੇ ਔਰ ਵਰਣ ਆਸ਼ਰਮ, ਧਰਮ, ਸ਼੍ਰੇਸ਼ਟ ਬੁਧੀ

ਭੀ ਨਾਸ ਹੋ ਜਾਏਗੀ, ਤਿਨਾਂ ਪੁਰਸ਼ਾਂ ਦੀ ਜੋ ਇਸ ਭ੍ਰਿਸ਼ਟਾਚਾਰ ਕੇ ਸਾਥ ਪਰੀਤੀ ਕਰੇਂਗੇ ॥੨੦॥

**ਮੂਲ— ਮਲੇਛ ਧਰਮ, ਵਿਯਾਨਾਯਜੀ ਵਸਯ ਮੈਂ ਨਾਯਚਾਂ ਮਹਾ ਮੋਹਿਨੰ ਗ੍ਰਹਿਸਤਾਯ ਜਾਵਚ ਮੋਹਿਤ ॥੨੧॥**

ਟੀਕਾ—ਮਲੇਛੋਂ ਕੇ ਧਰਮ ਕੀ ਬ੍ਰਿਧੀ ਕੇ ਵਾਸਤੇ, ਅਰਥਾਤ ਮਲੇਛ ਧਰਮ ਕੇ ਵਧਾਉਣ ਵਾਸਤੇ, ਜੀਵਾਂ ਕੇ ਪਤਿਤ ਕਰਨੇ ਕੇ ਵਾਸਤੇ, ਅਗਿਆਨ ਕੇ ਪ੍ਰਕਾਸ਼ ਕਰਨੇ ਕੇ ਵਾਸਤੇ ਤਮਾਲ ਪੈਦਾ ਹੂਆ ਹੈ, ਜੋ ਇਸ ਕੋ ਗ੍ਰਹਿਣ ਕਰੇਗਾ ਊਪਰ ਕਹੀ ਹੁਈ ਸਰਬ ਬਾਤੇਂ ਹੋਂਗੀ ॥੨੧॥

**ਮੂਲ— ਸ੍ਰਿਣੁਤ ਸਚਵਿ ਨਿੰਦੰਤੋਨ ਤਮਾਲੰਤਯ ਜੰਤਯੇ ॥ ਦੁਰਲੱਭੰ ਮਾਨਖੰ ਦੇਹੰ ਬ੍ਰਹਿਮਣਾਂ ਨਾ ਵਿਸੇਖਤਾ: ॥੨੨॥**

ਟੀਕਾ—ਬ੍ਰਹਮਾ ਜੀ ਕਹੇ ਹੈਂ ਕਿ ਮੁਨੀਓਂ ਵਿਖੇ ਸਰੇਸ਼ਟ, ਨਾਰਦ ! ਇਕ ਹੋਰ ਨਿੰਦਿਆ ਜੋ ਪੁਰਸ਼ ਤਿਆਗਤਾ ਨਉਂ ਇਸ ਭ੍ਰਿਸ਼ਟਾਚਾਰ ਕੋ ਅਰਥਾਤ ਤੰਬਾਕੂ ਕੋ ਸੋ ਆਪਣੀ ਮਨੁੱਸ਼ ਦੇਹੀ ਦੁਰਲਭ ਕੋ ਵਿਅਰਥ ਗਵਾਉਂਦਾ ਹੈ। ਯਦਿਪ ਬ੍ਰਹਮ ਜਾਣੇਤ ਬਾਹਮਣੰ ਭੀ ਕਿਉਂ ਨ ਹੋਵੇ ਸੋ ਭੀ ਇਸ ਨੂੰ ਗ੍ਰਹਿਣ ਕਰ ਆਪਣੀ ਮਾਨਸ ਦੇਹੀ ਗਵਾਉਂਦਾ ਹੈ ॥੨੨॥

**ਮੂਲ— ਸਰਬ ਬਿਰਥਵ ਵਿਗ੍ਰਯ ਤਮਾਲ ਸਯਚ ਮਾਨਤ: ਤਮਾਲ ਪਿਵਮਾਂਨੰਤ ਦ੍ਰਿਸ਼ਟਯ ਵਾਯੋਨ ਨਿਵਰਿਯੇਤ: ॥੨੩॥**

ਟੀਕਾ—ਸੋ ਪਿਛਲੇ ਕਹੇ ਹੂਏ ਸਰਬ ਹੀ ਸ਼ੁਭ ਸਾਧਨ ਤਿਸ ਪੁਰਸ਼ ਦੇ ਵਿਅਰਥ ਹੈਨ ਜਿਸਨੇ ਇਕ ਵਾਰ ਭੀ ਇਸ ਭ੍ਰਿਸ਼ਟਾਚਾਰ ਨੂੰ ਗ੍ਰਹਿਣ ਕੀਤਾ ਹੈ ਔਰ ਤਿਸਦੇ ਭੀ ਵਿਅਰਥ ਹੈਨ, ਨਿਸਚੇ ਕਰਕੇ ਜੇ ਕੋਈ ਇਸ ਭ੍ਰਿਸ਼ਟਾਚਾਰ ਕੇ ਗ੍ਰਹਿਣ ਕਰਨੇ ਵਾਲੇ ਕੋ ਸਮਰਥ ਹੈ ਤੇ ਡਾਂਟਦਾ ਨਹੀਂ, ਹੇ ਨਾਰਦ ! ਮੇਰਾ ਬਚਨ ਸੱਤਜ ਕਰ ਜਾਣੋ ॥੨੩॥

**ਮੂਲ— ਧੂਮਰ ਪਾਨੰ ਰਤੰ ਬ੍ਰਿਪ੍ਰੰਦਾ ਨਾਦ ਬਚਯਾਨਣਹ ॥ ਦਾਤਾਰਗਾ ਨਰਕੰ ਯਾਂਤਿ ਬ੍ਰਾਹਮਣਾਂ ਗ੍ਰਾਮ ਸ਼ੂਕਰਹਿ ॥੨੪॥**

ਟੀਕਾ ਬ੍ਰਹਮਾਂ ਜੀ ਕਹੇ ਹੈਂ, ਜੋ ਬ੍ਰਹਿਮਣ ਇਸ ਭ੍ਰਿਸ਼ਟਾਚਾਰ ਕੋ ਗ੍ਰਹਿਣ ਕਰਦਾ ਹੈ। ਇਸ ਨੂੰ ਜੋ ਪੁਰਸ਼ ਦੇਂਦੇ ਹਨ ਦਾਨ ਸੋ ਦਾਤਾ ਅਤਿਅੰਤ ਨਿਸਚੇ ਕਰਕੇ ਰੌਰਣ ਨਰਕ ਵਿਖੇ ਪਵੇਗਾ। ਔਰ ਵੁਹ ਬ੍ਰਹਮਣ ਦਾਨ ਲੈਣੇ ਵਾਲਾ ਬਰਾਹਮਣੰ (ਸੂਰ) ਦੀ ਦੇਹੀ (ਜੂਨ) ਪਵੇਗਾ। ਔਰ ਬਿਸ਼ਟਾਨ ਦਾ ਅਗਰ ਕਰੇਗਾ ॥੨੫॥

ਨੋਟ—ਉਪਰਲੇ ਲਿਖੇ ਸਲੋਕਾਂ ਬਾਰੇ ਹੋਰ ਟੀਕਾ ਟਿਪਣੀ ਦੀ ਕੋਈ ਲੋੜ ਨਹੀਂ ਪਾਠਕ ਜਨ ਖੁਦ ਸੋਚ ਸਕਦੇ ਹਨ, ਕਿ ਹਿੰਦੂ ਧਰਮਾਂ ਦੇ ਗ੍ਰੰਥਾਂ ਵਿਖੇ ਕਿਸ ਤਰ੍ਹਾਂ ਤੰਬਾਕੂ ਦੀ ਨਿਸ਼ੇਧੀ ਲਿਖੀ ਹੈ, ਪਰ ਇਸ ਪਰ ਅਮਲ ਕਰਨੋਂ ਇਤਨੇ ਦੂਰ ਹਨ,

Sri Satguru Jagjit Singh Ji eLibrary NamdhariElibrary@gmail.com

ਜਿਤਨਾ ਸੂਰਜ ਥੋਂ ਅੰਧੇਰਾ ਹੈ ।

ਮੁਸਲਮਾਨਾਂ, ਈਸਾਈਆਂ ਆਦਿ ਵਿਖੇ ਭੀ ਹੁੱਕੇ ਤੋਂ ਧਾਰਮਕ ਤੌਰ ਪਰ ਸਖਤ ਮਨਾਹੀ ਹੈ, ਤੁਦੇ ਓਹ ਮਸੀਤਾਂ, ਗਿਰਜਿਆਂ ਆਦਿ ਵਿਚ ਹੁੱਕਾ ਨੋਸ਼ੀ ਨੂੰ ਉੱਕਾ ਮਨ੍ਹਾ ਰੱਖਦੇ ਹਨ, ਬਲਕਿ ਹੁੱਕੇ ਨਾਲ ਅਪਵਿੱਤ੍ਰ ਹੋਏ ਮੁਖ ਨਾਲ ਨਿਮਾਜ਼ ਗੁਜ਼ਾਰਨੀ ਮਕਰੂਹ ਵਿਚ ਸ਼ਾਮਲ ਹੈ । ਫਿਰ ਪਤਾ ਨਹੀਂ ਇਹ ਲੋਕ ਤੰਬਾਕੂ ਤੋਂ ਉੱਕਾ ਪ੍ਰਹੇਜ਼ ਕਿਉਂ ਨਹੀਂ ਕਰਦੇ ? ਹਾਲਾਂਕਿ ਤੰਬਾਕੂ ਤਿਆਗ ਮਨੁਸ਼ ਮਾਤਰ ਦੇ ਭਲੇ ਲਈ ਹੈ।

ਦੂਰ ਨਾ ਜਾਓ ! ਹਿੰਦੂ ਹੀ ਨਹੀਂ ਬਲਕਿ ਗੈਰ-ਹਿੰਦੂ ਭੀ ਮਿਸਟਰ ਗਾਂਧੀ ਨੂੰ ਮਹਾਤਮਾ ਗਾਂਧੀ ਕਹਿੰਦੇ ਅਰ ਕਈ ਤਾਂ ਅਵਤਾਰ ਹੀ ਸਿੱਧ ਕਰਦੇ ਨੇ। ਗਾਂਧੀ ਜੀ ਤੰਬਾਕੂ ਬਾਰੇ ਇਸ ਤਰ੍ਹਾਂ ਕਹਿੰਦੇ ਹਨ, ਹੁੱਕੇ-ਨੋਸ਼ੀ ਦੀ ਆਦਿਤ ਨੂੰ ਜੰਗਲਿਤ ਬਹੁਤ ਹਾਨੀਕਾਰਕ ਮੰਨਦਾ ਆਇਆ ਹਾਂ, ਅਜੇ ਤੱਕ ਮੈਨੂੰ ਸਮਝ ਨਹੀਂ ਆਈ ਕਿ ਸਿਗਰਟ ਪੀਣ ਦਾ ਦੁਨੀਆਂ ਨੂੰ ਇਤਨਾ ਜ਼ਬਰਦਸਤ ਸ਼ੌਕ ਹੈ । ਜਿਸ ਗੱਡੀ ਦੇ ਡੱਬੇ ਵਿਚ ਬਹੁਤ ਸਾਰੀਆਂ ਬੀੜੀਆਂ ਫੂਕੀਆਂ ਜਾਂਦੀਆਂ ਹੋਣ ਉਥੇ ਬਹਿਣਾ ਮੇਰੇ ਲਈ ਮੁਸ਼ਕਲ ਹੋ ਜਾਂਦਾ ਹੈ ਤੇ ਇਸ ਦੇ ਧੂੰਏਂ ਨਾਲ ਦਮ ਘੁਟਣ ਲਗ ਜਾਂਦਾ ਹੈ। ਸੋ ਜੋ ਸੱਜਣ ਮਹਾਤਮਾਂ ਗਾਂਧੀ ਨੂੰ ਮਹਾਂ ਪਵਿਤ੍ਰ ਆਦਮੀ ਜਾਂ ਅਵਤਾਰ ਮੰਨਦੇ ਨੇ, ਜੇ ਉਹ ਫਿਰ ਭੀ ਤੰਬਾਕੂ ਪੀਣ ਉਨ੍ਹਾਂ ਲਈ ਸ਼ਰਮ ਆਉਣੀ ਚਾਹੀਦੀ ਹੈ ।

## ਮੁਸਲਮਾਨ ਕੌਮ ਨੂੰ ਉਨ੍ਹਾਂ ਦੇ ਲੀਡਰ ਵਲੋਂ ਹਲੂਣਾ

ਪਿਛੇ ਜਹੇ ਅਖਬਾਰਾਂ ਵਿਚ ਮੁਸਲਮਾਨਾਂ ਨੂੰ ਹੁੱਕਾ ਪੀਣ ਦੀ ਆਦਤ ਛੁਡਾਉਣ ਬਾਰੇ ਚਰਚਾ ਚੱਲੀ ਸੀ ਪਰ ਕਾਮਯਾਬ ਨਹੀਂ ਹੋ ਸਕੇ, ਕਿਉਂਕਿ ਹੁਕੱਈ ਹੁੱਕੇ ਦੀ ਆਦਤ ਨੂੰ ਛੱਡਣਾ ਮੌਤ ਸਮਝਦੇ ਹਨ। ਅਗਲੇ ਲੇਖ ਦਾ ਹਿਸਾ ਭਾਵੇਂ ਮੁਸਲਮਾਨਾਂ ਵਾਸਤੇ ਸੀ ਪਰ ਨੇਕ ਸਿੱਖਿਆ ਸਭ ਦੀ ਸਾਂਝੀ ਹੁੰਦੀ ਹੈ । ਪਰ ਮੇਰੀ ਇਸ ਦੇ ਚੰਗੇ ਮਾੜੇ ਹੋਣ ਨਾਲ ਅਜੇ ਕੋਈ ਬਹਿਸ ਨਹੀਂ । ਮੇਰਾ ਭਾਵ ਤਾਂ ਕੇਵਲ ਇਹ ਦੱਸਣ ਤੋਂ ਹੈ ਕਿ ਵਰਤਮਾਨ ਸਿਵਲ ਨਾਫੁਰਮਾਨੀ ਕਰਨ ਵਾਲਿਆਂ ਵਿਚ ਮੁਆਫੀ ਮੰਗਣ ਵਾਲਿਆਂ ਦੀ ਗਿਣਤੀ ਸ਼ਰਮਨਾਕ ਤੌਰ ਤੇ ਹੌਸਲਿਆਂ ਨੂੰ ਤੋੜਨ ਵਾਲੀ ਹੈ । ਮੁਸਲਮਾਨਾਂ ਵਿਚ ਜੋਸ਼ ਅਤੇ ਜਜ਼ਬੇ ਦੀ ਕਮੀ ਨਹੀਂ, ਪਰ ਜੇਲ੍ਹ ਵਿਚ ਹੁੱਕਾ ਨਾ ਮਿਲਣ ਦੇ ਕਾਰਨ ਉਨ੍ਹਾਂ ਦੀ ਸਾਰੀ ਦ੍ਰਿੜ੍ਹਤਾ ਧੂੰਏਂ ਦੇ ਬੱਦਲ ਬਣ ਕੇ ਹੀ ਉੱਡ ਜਾਂਦੀ ਹੈ । ਜੇਲ੍ਹ ਵਿਚ ਜਾ ਕੇ ਕੁਝ ਘੰਟਿਆਂ ਦੇ ਅੰਦਰ-ਅੰਦਰ ਹੀ ਮੁਸਲਮ ਵਾਲੰਟੀਅਰਾਂ ਦੇ ਮੂੰਹਾਂ ਵਿਚੋਂ ਪਾਣੀ ਵਗਣ ਲੱਗ ਪੈਂਦਾ ਹੈ ਤੇ ਚੇਹਰੇ ਤੇ ਉਦਾਸੀ ਜਹੀ ਛਾ ਜਾਂਦੀ ਹੈ । ਕੀ ਇਹ ਸਾਰੀ ਕੌਮ ਲਈ ਦੁੱਖ ਦੀ ਗੱਲ ਨਹੀਂ ਕਿ ੧੨੦ ਨੌਜੁਆਨ ਵਰਤਮਾਨ ਸਿਵਲ ਨਾਫੁਰਮਾਨੀ ਲਈ ਜਾਣ ਅਤੇ ਉਨ੍ਹਾਂ ਵਿਚੋਂ ਸੌ ਦੇ

ਕਰੀਬ ਮੁਆਫੀਆਂ ਵੀ ਮੰਗ ਆਉਣ। ਅਜੇ ਸਿਵਲ ਨਾਫੁਰਮਾਨੀ ਨੂੰ ਜਾਰੀ ਹੋਇਆਂ ਵੀ ਕਿਤਨੇ ਕੁ ਦਿਨ ਹੋਏ ਹਨ ! ਇਸ ਉਤੇ ਤੁਸੀਂ ਅਗੋਂ ਦਾ ਅੰਦਾਜ਼ਾ ਆਪ ਲਾ ਲਓ।

ਜ਼ਿੰਦਾ ਰਹਿਣ ਵਾਲੀਆਂ ਕੌਮਾਂ 'ਹਾਰ' ਤੋਂ ਬਾਅਦ 'ਹਾਰ' ਦੇ ਕਾਰਨਾਂ ਨੂੰ ਦੂਰ ਕਰਨ ਵਿਚ ਉਸੇ ਸਮੇਂ ਜੁੱਟ ਜਾਂਦੀਆਂ ਹਨ। ਸਾਨੂੰ ਇਕ ਨਹੀਂ ਕਈ ਸਿਵਲ ਨਾਫੁਰਮਾਨੀਆਂ ਦਾ ਤਲਖ ਤਜਰਬਾ ਹੈ ਕਿ ਹੁੱਕੇ ਨੇ ਜੀ ਸਾਡੇ ਵਿਚੋਂ ਸਿਪਾਹੀਆਨਾ ਗੁਣਾਂ ਨੂੰ ਤਬਾਹ ਕਰ ਦਿਤਾ ਹੈ ਤੇ ਅਸੀਂ ਲਗਾਤਾਰ ਮਿਹਨਤ ਨੂੰ ਸਹਿ ਸਕਣ ਦੇ ਯੋਗ ਨਹੀਂ ਰਹੇ। ਪਰ ਕੌਮ ਅਜੇ ਵੀ ਸਬਕ ਹਾਸਲ ਨਹੀਂ ਕਰਦੀ। ਇਸ ਆਦਤ ਦੇ ਖਿਲਾਫ ਇਕ ਆਲਮਗੀਰ ਪ੍ਰਾਪੇਗੰਡਾ ਕਰਨ ਦੀ ਬਜਾਏ ਗੱਲਾਂ ਦੇ ਤੋਤੇ ਬਣਾ-ਬਣਾ ਕੇ ਉਡਾਉਣ ਦੀ ਕੋਸ਼ਸ਼ ਕੀਤੀ ਜਾਂਦੀ ਹੈ। ਉਪਰੋਕਤ ਸਿਖਿਆ ਮੌਜੂਦਾ ਸੁਧਾਰਾਂ ਵਲ ਸਿੱਧੇ ਇਸ਼ਾਰੇ ਕਰ ਰਹੀ ਹੈ, ਪਰ ਸਾਡੀਆਂ ਅੱਖਾਂ ਸਚਾਈ ਵਲੋਂ ਬੰਦ ਹਨ। ਸਾਡੇ ਉਜੜੇ ਹੋਏ ਖੇਤਾਂ ਦੀ ਬੇਰੌਣਕੀ ਵੀ ਸਾਨੂੰ ਕੁਝ ਸਬਕ ਨਹੀਂ ਸਿਖਾ ਸਕਦੀ। ਲੋਕ ਹੁੱਕਾ ਪੀਣ ਵਾਲੇ ਸਮਝ ਕੇ ਮਾਨੂੰ ਮਜ਼ਦੂਰਾਂ ਤੇ ਨਹੀਂ ਲਾਉਂਦੇ, ਤਾਂ ਵੀ ਅਸੀਂ ਇਹ ਆਦਤ ਛੱਡਣ ਨੂੰ ਤਿਆਰ ਨਹੀਂ ਹੁੰਦੇ।

ਮੈਂ ਸਾਰੇ ਦਰਦ ਰੱਖਣ ਵਾਲੇ ਮੁਸਲਮਾਨਾਂ ਅਗੇ ਅਪੀਲ ਕਰਾਂਗਾ ਕਿ ਉਹ ਮੇਰੀਆਂ ਬੇਨਤੀਆਂ ਵਲ ਧਿਆਨ ਦੇਣ ਅਤੇ ਖਾਸ ਕਰਕੇ ਉਹ ਬਦਕਿਸਮਤ ਮਾਪੇ ਜ਼ਰੂਰ ਖਿਆਲ ਕਰਨ ਜਿਨ੍ਹਾਂ ਦੇ ਨਿੱਕੇ-ਨਿੱਕੇ ਬੱਚੇ ਇਸ ਬਦ ਆਦਤ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ ਅਤੇ ਬੜੀ ਬੁਰੀ ਤਰ੍ਹਾਂ ਮੁਸਲਮਾਨਾਂ ਦੀ ਫੌਜੀ ਤਾਕਤ ਨੂੰ ਨੁਕਸਾਨ ਪੁਚਾ ਰਹੇ ਹਨ। ਮੈਂ ਦਿਹਾਤੀ ਜੀਵਨ ਅਤੇ ਜ਼ਿਮੀਦਾਰਾ ਕੰਮ-ਕਾਰ ਦੀ ਬਿਨਾਅ ਤੇ ਕਹਿੰਦਾ ਹਾਂ ਕਿ ਉਨ੍ਹਾਂ ਕਿਸਾਨ ਕੌਮਾਂ ਨਾਲੋਂ ਜੋ ਹੁੱਕਾ ਪੀਣ ਵਾਲੀਆਂ ਨਹੀਂ, ਹੁੱਕਾ ਪੀਣ ਵਾਲਾ ਮੁਸਲਿਮ ਕਿਸਾਨ ਬਾਵਜੂਦ ਕੋਸ਼ਸ਼ ਦੇ ਵੀ ਇਕ ਦਿਨ ਵਿਚ ਮਸਾਂ ਅੱਧਾ ਕੰਮ ਖਤਮ ਕਰਦਾ ਹੈ। ਮੁਸਲਮਾਨਾਂ ਦੀਆਂ ਖੇਤੀਆਂ ਵੱਢਣ ਵਾਲੀਆਂ ਹੁੰਦੀਆਂ ਹਨ ਜਦ ਕਿ ਉਨ੍ਹਾਂ ਲੋਕਾਂ ਦੇ ਖੇਤ ਜੋ ਹੁੱਕਾ ਪੀਣ ਵਾਲੇ ਨਹੀਂ, ਮੁੜ ਕੇ ਹਰੇ ਭਰੇ ਖੜੇ ਹੁੰਦੇ ਹਨ। ਨਤੀਜਾ ਇਹ ਹੈ ਜੁ ਕਰੋੜਾਂ ਰੁਪਏ ਦੀ ਕੀਮਤੀ ਜਾਇਦਾਦ ਮੁਸਲਮਾਨਾਂ ਦੇ ਹੱਥੋਂ ਨਿਕਲੀ ਜਾ ਰਹੀ ਹੈ। ਜਦ ਸਾਰਾ ਸਾਲ ਮਿਹਨਤ ਕਰਕੇ ਵੀ ਖੇਤਾਂ ਵਿਚ ਖੇਹ ਪਈ ਉਡੇ ਅਤੇ ਦੂਜਿਆਂ ਦੀਆਂ ਪੈਲੀਆਂ ਲਹਿ-ਲਹਿ ਕਰ ਰਹੀਆਂ ਹੋਣ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੂਜਿਆਂ ਦੇ ਮੁਕਾਬਲੇ ਵਿਚ ਅਸੀਂ ਪੂਰੀ ਤਰ੍ਹਾਂ ਮਿਹਨਤ ਨਹੀਂ ਕਰ ਸਕਦੇ।

ਮਜਲਿਸ ਅਹਿਰਾਰ ਦੇ ਕਾਰਕੁਨਾਂ ਅੱਗੇ ਮੇਰੀ ਬੇਨਤੀ ਹੈ ਕਿ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰੋ। ਜੇ ਇਹ ਬਦ ਆਦਤ ਹੈ ਤਾਂ ਅੱਲਾ ਦਾ ਨਾਂ ਲੈ ਕੇ

ਤਰਕ ਕਰ ਦਿਓ, ਤਾਂ ਜੁ ਕੌਮ ਅਤੇ ਖਾਨਦਾਨ ਵਿਚ ਇਸ ਦਾ ਚੰਗਾ ਅਸਰ ਹੋਵੇ। ਕੋਈ ਅਹਿਰਾਰ ਆਪਣੇ ਆਪ ਨੂੰ ਇਸ ਬਦ ਆਦਤ ਵਿਚ ਨਾ ਪਾਏ। ਹੁਕੇ ਦੀ ਆਦਤ ਜ਼ਮੀਰ ਨੂੰ ਨਾਸ਼ ਅਤੇ ਅਮਲੀ ਤਾਕਤ ਨੂੰ ਬਰਬਾਦ ਕਰਨ ਵਾਲੀ ਹੈ। ਜਿਸ ਕੌਮ ਵਿਚ ਅਜਿਹੀ ਹਿੰਮਤ-ਤੋੜ ਆਦਤ ਹੋਵੇਗੀ ਉਹ ਲੋਕ ਪਰਲੋਕ ਦੇ ਕੰਮਾਂ ਵਿਚ ਅਸਫਲ ਰਹੇਗੀ। ਜੋ ਲੋਗ ਮੁਸਲਮਾਨਾਂ ਨੂੰ ਦੁਨੀਆਂ ਵਿਚ ਉਚਿਆਂ ਵੇਖਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਬਦ ਆਦਤ ਦੇ ਵਿਰੁਧ ਜਹਾਦ ਕਰਨ ਤਾਂ ਜੁ ਕੌਮ ਵਿਚ ਨਿਕੰਮਾਪਣ ਤੇ ਸੁਸਤੀ ਨਾ ਆ ਸਕੇ।

ਜਦ ਕਾਦੀਆਂ ਵਿਚ ਅਹਿਰਾਰੀਆਂ ਨੇ ਸਿਵਲ ਨਾਫੁਰਮਾਨੀ ਸ਼ੁਰੂ ਕੀਤੀ ਤਾਂ ਇਸ ਗੱਲ ਦਾ ਖਾਸ ਧਿਆਨ ਰਖਿਆ ਗਿਆ ਕਿ ਹੁੱਕਾ ਪੀਣ ਵਾਲਿਆਂ ਨੂੰ ਐਤਕਾਂ ਕੌਮ ਦੀ ਨਮੋਸ਼ੀ ਦਾ ਕਾਰਨ ਨਹੀਂ ਬਣਨ ਦਿਤਾ ਜਾਵੇਗਾ। ਪਰ ਆਮ ਸਿਵਲ ਨਾਫੁਰਮਾਨੀ ਦੀ ਸੂਰਤ ਵਿਚ ਕੀ ਕੀਤਾ ਜਾ ਸਕਦਾ ਹੈ, ਜਦ ਕਿ ਅੱਸੀ ਫੀ ਸਦੀ ਕੌਮ ਹੁੱਕਾ ਪੀਣ ਵਾਲੀ ਹੈ ? ਅਜਿਹੀ ਕੌਮ ਦੇ ਵਾਲੰਟੀਅਰ ਭੀ ਤਾਂ ਓਹੋ ਜਿਹੇ ਹੋਣੇ ਹੋਏ। ਸੋ ਮਤਲਬ ਇਹ ਕਿ ਹਕੂਮਤ ਦੇ ਫੈਸਲੇ ਉਤੇ ਕਿਸੇ ਤਰਾਂ ਦਾ ਅਸਰ ਪਾਉਣ ਲਈ ਸਾਡੇ ਕੋਲ ਕੋਈ ਮੁਨਾਸਬ ਤਾਕਤ ਨਹੀਂ। ਜਿਸ ਕੌਮ ਦੇ ਨੌਜੁਆਨ ਕੁਝ ਦਿਨਾਂ ਦੇ ਅੰਦਰ ਅੰਦਰ ਹੀ ਜੇਹਲਾਂ ਵਿਚ ਨੱਕ ਰਗੜਨ ਲੱਗ ਜਾਣ ਉਹ ਮੁਲਕ ਵਿਚ ਕੀ ਇਜ਼ਤ ਹਾਸਲ ਕਰ ਸਕਦੀ ਹੈ ? ਹੁੱਕਾ ਪੀਣ ਵਾਲਾ ਤੇ ਮਰਦਊ ਦੋ ਅੱਡ-ਅੱਡ ਚੀਜ਼ਾਂ ਹਨ। ਹੁੱਕਾ ਪੀਣ ਵਾਲਾ ਤਾਂ ਇਕ ਔਰਤ ਤੋਂ ਘੱਟ ਹਿੰਮਤ ਵਾਲਾ ਹੁੰਦਾ ਹੈ। ਉਹ ਆਪਣੇ ਜ਼ਰੂਰੀ ਤੇ ਲਾਭਕਾਰੀ ਸਮੇਂ ਨੂੰ ਬਿਅਰਥ ਗੁਆਉਣ ਲਈ ਮਜਬੂਰ ਹੁੰਦਾ ਹੈ। ਹੁੱਕਾ ਸਿਪਾਹੀਆਂ ਦੀ ਕੌਮ ਦਾ ਹਥਿਆਰ ਨਹੀਂ, ਸਗੋਂ ਇਹ ਤਾਂ ਦੀਨ ਦੁਨੀਆਂ ਤੋਂ ਵਾਂਞੇ ਲੋਕਾਂ ਦੀ ਨਿਸ਼ਾਨੀ ਹੈ। ਸੋ ਕੌਮ ਨੂੰ ਇਸ ਸ਼ੈਤਾਨੀ ਮਸ਼ੀਨ ਤੋਂ ਬਚਾਉਣ ਦੀ ਲੋੜ ਹੈ। ਇਹ ਆਦਤ ਸੀਨਾ ਸਾੜਦੀ ਹੈ ਅਤੇ ਦੀਨ ਦੁਨੀਆਂ ਦੇ ਕੰਮਾਂ ਵਿਚ ਸੁਸਤੀ ਪੈਦਾ ਕਰਦੀ ਹੈ। ਹੁੱਕਾ ਪੀਣ ਵਾਲੀ ਕੌਮ ਵਿਚ ਜੰਗਜੂ ਪੈਦਾ ਨਹੀਂ ਹੋ ਸਕਦੇ, ਨਿਕੰਮੇ ਪੈਦਾ ਹੁੰਦੇ ਹਨ, ਜਿਨ੍ਹਾ ਦੀ ਕੌਮਾਂ ਦੇ ਬਜ਼ਾਰ ਵਿਚ ਕੌਡੀ ਕੀਮਤ ਨਹੀਂ, ਸਗੋਂ ਕੌਮ ਤੇ ਮੁਲਕ ਲਈ ਭਾਰ ਰੂਪ ਹੁੰਦੇ ਹਨ।

Sri Satguru Jagjit Singh Ji eLibrary NamdhariElibrary@gmail.com

# ਤੀਜਾ ਭਾਗ

*ਪਿਛਲੇ ਦੋ ਭਾਗਾਂ ਵਿਖੇ ਮਾਸ ਅਤੇ ਤੰਬਾਕੂ ਬਾਰੇ ਖੋਲ੍ਹ ਕੇ ਲਿਖਿਆ ਗਿਆ ਹੈ, ਇਸ ਤੀਜੇ ਭਾਗ ਵਿਖੇ ਬੱਜਰ ਕੁਰਹਿਤ "ਪਰਇਸਤ੍ਰੀ ਪਰਪੁਰਖ ਗਾਮਤਾ" ਬਾਰੇ ਦਸਿਆ ਜਾਂਦਾ ਹੈ ।*

*(ਲਾਲ ਸਿੰਘ)*

## ਪਰਇਸਤ੍ਰੀ (ਪਰਪੁਰਖ) ਗਾਮਤਾ

ਸੰਸਾਰ ਵਿਚ ਵੱਡਾ ਪਾਪ ਪਰਇਸਤ੍ਰੀ-ਗਾਮਤਾ ਹੈ। ਧੀ, ਭੈਣ, ਮਾਤਾ, ਇਸਤ੍ਰੀ ਦੀ ਸੰਗਿਆ ਤਦ ਹੀ ਕਾਇਮ ਰਹਿ ਸਕਦੀ ਹੈ, ਜੇਕਰ ਪਰਇਸਤ੍ਰੀ-ਗਾਮਤਾ ਨੂੰ ਬੱਜਰ ਕੁਰਹਿਤ ਅਰਥਾਤ ਮਹਾਂ ਕੁਕਰਮ ਜਾਂ ਪੂਰਨ ਅਪਰਾਧ ਮੰਨਿਆਂ ਜਾਵੇ । ਇਹੋ ਸੱਭਯਤਾ ਜਾਂ ਪੂਰਨ ਆਦਮੀ (ਜਤਪੁਣਾ) ਹੈ ਕਿ ਧੀ, ਭੈਣ, ਮਾਤਾ, ਇਸਤ੍ਰੀ ਆਦਿ ਸਬੰਧੀ ਠੀਕ ਅਰਥ ਵਿਚ ਸਮਝੇ ਜਾਣ ਅਰ ਸਰਬ ਦੀ ਇੱਜ਼ਤ ਮਹਿਫ਼ੂਜ਼ ਰਹੇ । ਜੇ ਇਹ ਸੰਗਿਆ ਸੰਸਾਰ ਵਿਚੋਂ ਉੱਡ ਜਾਏ, ਜਾਂ ਉਡਾ ਦਿਤੀ ਜਾਵੇ ਤਾਂ ਸੰਸਾਰ ਵਿਖੇ ਮਨੁੱਖਾਂ ਅਰ ਪਸ਼ੂਆਂ ਵਿਚ ਕੋਈ ਤਮੀਜ਼ ਜਾਂ ਕੋਈ ਫ਼ਰਕ ਨਹੀਂ ਰਹਿ ਸਕਦਾ। ਜਗੰਤ ਗੁਰੂ ਤੇ ਸੰਸਾਰਕ ਮ੍ਰਿਯਾਦਾ ਦੇ ਪ੍ਰਬੰਧਕ ਅਤੇ ਪ੍ਰਚਾਰਕ ਸ੍ਰੀ ਗੁਰੂ ਦਸਮੇਸ਼ ਜੀ ਨੇ ਮਨੁੱਸ਼ ਸੰਗਿਆ ਨੂੰ ਕਾਇਮ ਰੱਖਣ ਹਿਤ ਜਾਂ ਹਰ ਇਕ ਦੀ ਇਜ਼ਤ ਨੂੰ ਬਰਕਰਾਰ ਰੱਖਣ ਹਿਤ ਪਰਇਸਤ੍ਰੀ-ਗਾਮਤਾ ਨੂੰ ਬੱਜਰ ਕੁਰਹਿਤ ਕਰਾਰ ਦੇ ਕੇ ਸਿੱਖ ਮੰਡਲ ਵਿਚ ਇਹ ਪੱਕਾ ਤੇ ਅਟੱਲ ਫੈਸਲਾ ਕਰ ਦਿੱਤਾ ਹੈ ਕਿ ਕੋਈ ਸਿੱਖ ਜਾਂ ਸਿੱਖ ਹੁੰਦਾ ਹੋਇਆ ਪ੍ਰਾਣੀ ਪਰਇਸਤ੍ਰੀ-ਗਾਮਤਾ ਨਹੀਂ ਕਰ ਸਕਦਾ। ਕੋਈ ਸਿੱਖ ਇਸਤ੍ਰੀ "ਸਿੱਖ ਰਹਿੰਦੀ ਹੋਈ ਪਰਪੁਰਖਾ-ਗਾਮੀ ਕੁਕਰਮ ਨਹੀਂ ਕਰ ਸਕਦੀ।" ਇਸ ਦਾ ਉੱਚ ਭਾਵ ਇਹ ਹੈ ਕਿ ਸੰਸਾਰ ਵਿਖੇ [੧]ਇਸਤ੍ਰੀਬ੍ਰਤ ਅਤੇ ਪਤਿਬ੍ਰਤ ਧਰਮ

---

੧. ਪੱਛਮੀ ਸੱਭਿਅਤਾ ਜਾਂ ਅੱਜ-ਕਲ੍ਹ ਦੀ ਰੋਸ਼ਨੀ ਦੇ ਪਰਚਾਰ ਨੇ ਆਦੀ ਪਤਿ-ਬ੍ਰਤ ਜਾਂ ਇਸਤ੍ਰੀ-ਬ੍ਰਤ ਧਰਮ ਨੂੰ, ਜੋਹੜਾ ਕਿ ਇਨਸਾਨ ਮਾਤ੍ਰ ਦੀ ਜਿੰਦ ਜਾਨ ਹੈ, ਰੋਲ ਦਿਤਾ ਹੈ । ਮਨੁੱਸ਼ ਮਾਤ੍ਰ ਦੇ ਉਚ ਆਚਰਣ ਕਾਇਮ ਰਖਣ ਲਈ ਇਹ ਨਿਯਮ ਜੜ੍ਹਾਂ ਸਰੂਪ ਹੈ । ਬਹੁਤ ਸਾਰੇ ਆਦਮੀ ਇਹੋ ਜਹੇ ਪੈਦਾ ਹੋ ਗਏ ਹਨ ਕਿ ਉਹ ਇਨ੍ਹਾਂ ਗੱਲਾਂ ਵਲ ਧਿਆਨ ਨਾ ਦਿੰਦੇ ਹੋਏ ਆਉਣ ਵਾਲੀਆਂ ਨਸਲਾਂ ਵਿਚ ਆਚਰਣ ਦੇ ਸਬੰਧ ਵਿਚ ਜੋ ਨੁਕਸ ਪੈਦਾ ਹੋ ਰਹੇ ਹਨ, ਉਨ੍ਹਾਂ ਵਲੋਂ ਅੱਖਾਂ ਮੀਚ ਕੇ ਲੜਕੇ ਲੜਕੀਆਂ ਨੂੰ ਐਸੀ ਤਾਲੀਮ ਵਿਚ ਪ੍ਰਵਿਰਤ ਕਰੀ ਜਾ ਰਹੇ ਹਨ, ਜਿਸ ਦਾ ਅਖੀਰੀ ਫਲ ਬੜਾ ਦੁਖਦਾਈ ਨਿਕਲੇਗਾ । ਕਿਉਂਕਿ ਪਹਿਲਾਂ ਸ਼ੁਭ ਆਚਰਣ ਤੋਂ ਪਿਛੋਂ ਵਿਦਿਆ ਹੈ, ਪਰੰਤੂ ਜਿਸ ਨੂੰ ਲੋਕੀਂ ਅੱਜ-ਕਲ੍ਹ ਸੁਤੰਤ੍ਰਤਾ ਖਿਆਲ ਕਰ ਰਹੇ ਹਨ, ਇਹੋ ਵਿਗਾੜ ਦਾ ਕਾਰਨ ਸਿੱਧ ਹੋਵੇਗੀ ।

ਕਾਇਮ ਰਹੇ, ਤਾਂਤੇ ਬੱਜਰ ਕੁਰਹਿਤ ਦਾ ਮੁਖ ਮੰਤਵ ਸਰਬ ਦੀ ਇੱਜ਼ਤ ਬਰਕਰਾਰ ਰਖਣਾ ਅਤੇ ਪਤੀਬ੍ਰਤ ਧਰਮ ਤੇ ਇਸਤ੍ਰੀ ਬ੍ਰਤ-ਧਰਮ ਨੂੰ ਨਿਭਾਉਣਾ ਸਿੱਧ ਹੈ।

ਇਸ ਤੋਂ ਚੰਗੀ ਤਰ੍ਹਾਂ ਨਿਸਚੇ ਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਦਾ ਫੈਸਲਾ ਸਰਬੱਤ ਅਰਥਾਤ ਮਨੁੱਸ਼ ਮਾਤਰ ਦੇ ਲਾਭ ਅਰ ਇੱਜ਼ਤ ਲਈ ਸਾਂਝਾ ਹੈ, ਇਸੇ ਲਈ ਸਿਖ ਧਰਮ ਆਲਮਗੀਰੀ ਧਰਮ ਹੈ।

ਕੌਣ ਕਹਿ ਸਕਦਾ ਹੈ ਕਿ ਮੇਰੀ ਇਸਤ੍ਰੀ, ਮਾਤਾ, ਭੈਣ ਆਦਿ ਸਬੰਧੀਆਂ ਦੀ ਇੱਜ਼ਤ ਕਾਇਮ ਨਾ ਰਹੇ, ਸੋ ਜਦ ਇਨਸਾਨ ਕਹਾਉਣ ਵਾਲੇ ਗੰਦੀ ਗਾਲੀ ਗਲੋਚ ਤੋਂ ਘਬਰਾਂਦੇ ਤੇ ਅਤਿਅੰਤ ਗੁੱਸੇ ਹੁੰਦੇ ਹਨ, ਬਲਕਿ ਮਰਨ ਮਾਰਨ ਤੀਕ ਜਾਂਦੇ ਹਨ, ਤਾਂ ਫਿਰ ਕਿਉਂ ਨਹੀਂ ਉਹ ਇੱਜ਼ਤ ਰੱਖਣ ਲਈ ਗੁਰੂ ਦਸਮੇਸ਼ ਜੀ ਦੇ ਮਿਸ਼ਨ ਨੂੰ ਗ੍ਰਹਿਣ ਕਰਦੇ ? ਤਾਂਕਿ ਸੰਸਾਰ ਵਿਚ ਪਤੀਬ੍ਰਤ ਧਰਮ ਅਤੇ ਇਸਤ੍ਰੀ ਬ੍ਰਤ ਧਰਮ ਸਰਬ ਦਾ ਸਾਂਝਾ ਨਿਯਮ ਅਰ ਹਰ ਇਕ ਦੀ ਆਬਰੂ ਲਈ ਯੋਗ ਰਸਤਾ ਕਾਇਮ ਹੋ ਜਾਵੇ।

ਪੁਰਾਣੇ ਇਤਿਹਾਸ ਫੋਲਣ ਤੋਂ ਪਤਾ ਲਗਦਾ ਹੈ ਕਿ ਵਿਸ਼ਨੂ, ਕ੍ਰਿਸ਼ਨ, ਮਹੇਸ਼, ਰਾਵਣ, ਇੰਦ੍ਰ, ਸਿੰਗੀ ਰਿਖੀ ਆਦਿ ਇਸ ਕੁਚਾਲੇ ਨੂੰ ਪੂਰਨ ਬਾਈਕਾਟ ਨਹੀਂ ਕਰ ਸਕੇ, ਬਲਕਿ ਖ਼ੁਦ ਇਸ ਭਿਆਨਕ ਦਲਦਲ ਵਿਚ ਫਸ ਗਏ। ਦਸਮ ਗ੍ਰੰਥ ਚਰਿੱਤਰ ੨੨ ਵਿਖੇ ਪੁਰਾਤਨ ਇਤਿਹਾਸ ਤੇ ਇਕ ਜਗ੍ਹਾ ਇਸ ਦੇ ਭਿਆਨਕ ਨਤੀਜੇ ਦੱਸ ਕੇ ਪਰਇਸਤ੍ਰੀ ਗਾਮਤਾ ਵਲੋਂ ਸਖਤ ਮਨਾਹੀ ਦਾ ਨੋਟ ਦਿਤਾ ਹੈ।

**ਯਥਾ:— "ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥**
**ਪੂਤ ਇਹੈ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ ॥"**

*(ਦਸਮ ਗ੍ਰੰਥ)*

ਸੂਚਨਾ:—ਉਪਰਲਾ ਉਪਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ੍ਰੀ ਗੁਰੂ ਦਸਮੇਸ਼ ਜੀ ਪ੍ਰਤਿ "ਪਿਤਾ ਪੂਤ ਦੀ" ਹਾਲਤ ਵਿਖੇ ਹੈ। ਅੱਗੇ ਪਰਇਸਤਰੀ-ਗਾਮਤਾ ਸਬੰਧੀ ਇਤਿਹਾਸਾਂ ਵਿਚ ਭਿਆਨਕ ਫਲ ਦਰਸਾਏ ਹਨ, ਯਥਾ:—

***"ਪਰਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥***
***ਪਰਣਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥"***

ਸੋ ਇਹ ਪਰਸਿੱਧ ਪੁਰਾਣਕ ਕਥਾ ਹਨ, ਜਿਸ ਸਬੰਧੀ ਗੁਰਬਾਣੀ ਵਿਖੇ ਭੀ ਟੀਕਾ ਟਿੱਪਣੀਆਂ ਦਿਤੀਆਂ ਗਈਆਂ ਹਨ, ਯਥਾ:—

'ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ ॥ ਸਹਸ

Sri Satguru Jagjit Singh Ji eLibrary 	NamdhariElibrary@gmail.com

ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥" (ਪੰਨਾ ੧੩੪੪) ਅਰਥਾਤ ਦੇਵ ਪੁਰੀ ਦਾ ਸ਼ਿਰੋਮਣੀ ਦੇਵ ਰਾਜਾ ਇੰਦਰ ਗੌਤਮ ਰਿਖੀ ਦੀ ਇਸਤ੍ਰੀ ਅਹਿਲਿਆ ਨਾਲ ਬਦ-ਕਰਮ ਕਰਕੇ ਫਿੱਟਿਆ ਅਰ ਪਛੁਤਾਇਆ ਤੇ ਚੰਦਰ ਨੂੰ ਕਲੰਕ ਲੱਗਾ ਆਦਿ। ਪੁਨਾ:—"ਪਰਨਾਰੀ ਕੇ ਭਜੇ ਸੀਸ ਦਸ [2]ਰਾਵਣ ਘਾਏ।" ਰਾਮਾਇਣ ਦੀ ਕਥਾ ਹੀ ਸੀਤਾ ਜੀ ਦੇ ਚੁਰਾਉਣ ਤੇ ਸ੍ਰੀ ਰਾਮ ਚੰਦਰ ਜੀ ਦੇ ਜੁੱਧ ਕਰਨ ਦਾ ਵੱਡਾ ਕਾਰਨ ਹੈ। ਇਸੀ ਪ੍ਰਕਾਰ ਮਹਾਂਭਾਰਤ ਗ੍ਰੰਥ ਦੀ ਮੁੱਖ ਕਥਾ ਦਾ ਭਾਵ "ਪਰਨਾਰੀ ਕੇ ਭਜੇ ਕਟਕ ਕੌਰਵਨ ਕੇ ਘਾਏ ॥" ਅਰਥਾਤ ਕੌਰਵਾਂ ਪਾਂਡਵਾਂ ਦਾ ਜੁੱਧ ਭੀ ਦ੍ਰੋਪਤੀ ਦੀ ਦੁਰਯੋਧਨ ਵਲੋਂ ਬੇਇਜ਼ਤੀ ਕਰਨ ਦਾ ਵੱਡਾ ਕਾਰਨ ਹੈ। ਰਾਮਾਇਣ ਤੇ ਮਹਾਂ ਭਾਰਤ ਗ੍ਰੰਥ ਪਰਨਾਰੀ ਗਮਨੇ ਦੇ ਕੁਰਸਤੇ ਨੂੰ ਦੱਸ ਰਹੇ ਨੇ ਕਿ ਇਸ ਕੁਕਰਮ ਦਾ ਫਲ ਇਹ ਹੈ। ਤਾਂਤੇ "ਪਰਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥ **ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥"** ਅਧਿਕ ਹਰੀਫੀ ਜਾਨ ਭੋਗ ਪਰਤ੍ਰਿਅ ਜੇ ਕਰਹੀ। ਅੰਤ ਜਵਾਨ ਕੀ ਮ੍ਰਿਤ ਹਾਥ ਲੌਂਡੀ ਸੇ ਮਰਹੀ।"

*(ਦੇਖੋ ! ਚਰਿਤ੍ਰ ੨੨ ਦਸਮ ਗ੍ਰੰਥ)*।

ਸੋ ਉਕਤ ਸਿਧਾਂਤ ਅਰ ਮਨੁੱਖੀ ਸਭਿਅਤਾ ਅਰ ਭਾਈਚਾਰਕ ਸੁਧਾਰ ਨੂੰ ਅੱਗੇ ਰੱਖ ਕੇ ਸ੍ਰੀ ਗੁਰੂ ਦਸਮੇਸ਼ ਜੀ ਨੇ "ਖਾਲਸਾ ਰਹਿਤਨਾਮੇ" ਵਿਖੇ ਪਰਇਸਤ੍ਰੀ-ਗਾਮਤਾ ਸਬੰਧੀ ਫੁਰਮਾਨ ਜਾਰੀ ਕੀਤਾ ਹੈ—

---

੨. ਰਾਵਣ ਬੜਾ ਵਿਦਵਾਨ, ਵੇਦ ਪਾਠੀ, ਪੂਰਨ ਪੰਡਿਤ ਤੇ ਆਪਣੇ ਸਮੇਂ ਦਾ ਪ੍ਰਸਿਧ ਮਹਾ-ਰਾਜਾ ਸੀ, ਹਿੰਦੂ ਮਤ ਨੇ ਉਸ ਦੇ ਕੁਕਰਮ ਨੂੰ ਦੇਖ ਕੇ ਉਸ ਤੋਂ ਵਿਰੁਧ ਆਵਾਜ਼ ਉਠਾ ਕੇ ਉਸ ਨੂੰ ਰਾਖਸ਼ ਤੇ ਅਧਰਮੀ ਪ੍ਰਸਿਧ ਕੀਤਾ, ਇਸ ਤੋਂ ਸਾਬਤ ਹੈ ਕਿ ਹਿੰਦੂ ਪਹਿਲਾ ਧਰਮ ਇਸ ਕੁਕਰਮ ਨੂੰ ਸਖਤ ਬੁਰਾ ਮੰਨਦਾ ਹੈ। ਰਾਵਣ ਦੇ ਵੇਦ ਪੰਡਿਤ ਹੁੰਦਿਆਂ ਵੀ ਰਾਮ ਲੀਲ੍ਹਾ ਸਮੇਂ ਦੇ ਸਵਾਂਗਾਂ ਵਿਚ ਉਸ ਦੇ ਦਸਾਂ ਸਿਰਾਂ ਵਿਚ ਗਧੇ ਦੀ ਤਸਵੀਰ ਬਨਾਉਣੀ ਮਾਨੋਂ ਇਹ ਉਸ ਨੂੰ ਲਾਅਨਤ ਪਾਉਣ ਦਾ ਨਮੂਨਾ ਤੇ ਲੋਕਾਂ ਲਈ ਸੰਥਿਆ ਹੈ, ਪਰ ਜੋ ਲੋਕ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਆਦਿ ਗਾ ਕੇ ਧੀਆਂ ਭੈਣਾਂ ਵਿਚ ਉਨ੍ਹਾਂ ਦੇ ਜੀਵਨਾਂ ਦਾ ਭੈੜਾ ਅਸਰ ਪਾ ਕੇ ਨਸਲਾਂ ਨੂੰ ਵਿਗਾੜ ਰਹੇ ਹਨ, ਐਸਾ ਪ੍ਰਚਾਰ ਕਰਨ ਵਾਲੇ ਲੋਕ ਧਰਮੀ ਨਹੀਂ ਬਲਕਿ ਕੁਕਰਮੀ ਕਹੇ ਜਾ ਸਕਦੇ ਹਨ।

ਇਹ ਬਾਤ ਭੀ ਪਰਮ ਸ਼ੋਕ ਵਾਲੀ ਹੈ ਕਿ ਮਾਨਸਕ ਗੰਦੇ ਕਿੱਸੇ ਪੰਜਾਬੀ ਦੇ ਵਿਦਿਆਰਥਾਲਯ ਪੰਜਾਬ ਯੂਨੀਵਰਸਿਟੀ ਦੀ ਗਿਆਨੀ, ਵਿਦਵਾਨੀ, ਬੁਧੀਮਾਨੀ ਕਲਾਸਾਂ ਲਈ ਕੋਰਮ ਸਮਝਕੇ ਲਾਏ ਜਾਂਦੇ ਹਨ, ਜਿਸ ਕਰਕੇ ਵਿਦਿਆਰਥੀਆਂ ਦਾ ਇਖਲਾਕ, ਚਾਲ ਚਲਣ ਅਤੇ ਸਭਿਅਤਾ ਦਿਨ-ਬਦਿਨ ਵਿਗੜਦੀ ਜਾ ਰਹੀ ਹੈ, ਵਿਦਵਾਨ ਗਹੁ ਕਰਨ।

Sri Satguru Jagjit Singh Ji eLibrary NamdhariElibrary@gmail.com

**"ਪਰ ਇਸਤ੍ਰੀ ਸਿਉ ਨੇਹੁੰ ਲਗਾਵੈ ॥**
**ਕਹੈ ਗੋਬਿੰਦ ਸਿੰਘ ਉਹ ਸਿਖ ਨਹੀ ਭਾਵੈ ॥"**

ਅਰਥਾਤ ਪਰ ਇਸਤ੍ਰੀ-ਗਾਮਤਾ ਕਰਨ ਵਾਲਾ ਗੁਰਸਿੱਖ "ਸਿੱਖੀ ਤੋਂ ਖਾਰਜ ਹੈ" ਭਾਵ ਉਹ ਖਾਲਸਾ ਪੰਥ ਦਾ ਮੈਂਬਰ ਨਹੀਂ ਰਹਿ ਸਕਦਾ ।

ਸਭ ਜਾਣਦੇ ਹੈਨ ਕਿ ਪੁਰਸ਼ ਬੇਅੰਤ ਹਨ, ਪਰੰਤੂ ਕੋਈ ਪੁਰਸ਼ ਰਾਜ, ਭਾਗ ਔਰ ਚੌਦਾਂ ਵਿੱਦਯਾ ਨਿਪੁੰਨ ਹੁੰਦਾ ਹੋਇਆ ਭੀ ਜੇ ਪਰਇਸਤ੍ਰੀ-ਗਾਮਤਾ ਕਰੇ, ਸੰਸਾਰ ਅੱਗੇ ਉਸ ਦੀ ਇੱਜ਼ਤ ਜ਼ਰਾ ਭੋਰਾ ਭੀ ਨਹੀਂ ਰਹਿੰਦੀ । ਅਰਥਾਤ ਉਸ ਦੇ ਲੋਕ-ਪ੍ਰਲੋਕ ਦੋਵੇਂ ਵਿਗੜ ਜਾਂਦੇ ਹਨ । ਕੋਈ ਮਹਾਤਮਾ, ਹਠੀ, ਤਪੀ, ਜਪੀ, ਰਿਖੀ, ਮੁਨੀ, ਯੋਗੀ, ਸਿੱਧ, ਫਕੀਰ, ਖ੍ਵਾਹ ਕਿਤਨੀ ਵੱਡੀ ਉਚੀ ਤੇ ਆਲ੍ਹਾ ਡਿਗਰੀ ਰੱਖਦਾ ਹੈ ! ਪਰ ਇਸਤ੍ਰੀ-ਗਾਮਤਾ ਕਰਕੇ ਬਦਨਾਮੀ ਔਰ ਖੁਆਰੀ ਤੋਂ ਕਦੀ ਭੀ ਨਹੀਂ ਬਚ ਸਕਦਾ ਤੇ ਨਾ ਹੀ ਉਸ ਨੂੰ ਕੋਈ ਭਲਾ ਕਹਿੰਦਾ ਹੈ । ਕਿਉਂਕਿ "ਪਰ ਤ੍ਰਿਅ ਰਾਵਣ ਜਾਹਿ ਸੇਈ ਤਾ ਲਾਜੀਅਹਿ ॥" (ਪੰਨਾ ੧੩੬੨) ਅਰਥਾਤ ਪਰਇਸਤ੍ਰੀ ਗਾਮੀ ਅਤੀ ਸ਼ਰਮਿੰਦਾ ਹੁੰਦਾ ਹੈ ਤੇ ਸਭ ਦੀ ਨਿਗਾਹ ਵਿਚੋਂ ਗਿਰ ਕੇ ਛੇਕਿਆ ਜਾਂਦਾ ਹੈ ।

ਪੁਨਾ—"ਪਰ ਘਰ ਜੋਹੈ ਹਾਣੇ ਹਾਣਿ ॥" (ਸਿਧ ਗੋਸਟ ਪੰਨਾ ੯੪੧) ਤਾਂਤੇ ਗੁਰ ਉਪਦੇਸ਼ ਹੈ :—

> **"ਨਿਮਖ ਕਾਮ ਸੁਆਦ ਕਾਰਿਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥ ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥੧॥ ਰਹਾਉ ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥"**
>
> *(ਪੰਨਾ ੪੦੩)*

ਪਰਇਸਤ੍ਰੀ-ਗਾਮਤਾ ਦੇ ਭਿਆਨਕ ਫਲ ਅਤੀ ਦੁਖਦਾਈ ਹੁੰਦੇ ਨੇ, ਯਥਾ:— "ਗੁਪਤ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥ ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥ ਰੇ ਨਰ ਕਾਇ ਪਰਗ੍ਰਿਹਿ ਜਾਇ ॥ ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥ ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾ ਸਾਗਰੁ ਸਮੁੰਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥" (ਪੰਨਾ ੧੦੦੧) ਸੋ ਜਦ ਪਰਇਸਤ੍ਰੀ-ਗਾਮਤਾ ਜਾਂ ਪਰਪੁਰਖ-ਗਾਮਤਾ ਦਾ ਪਰਲੋਕੀ ਦੰਡ ਮਹਾਂ ਕਰੜਾ ਹੈ । ਫਿਰ ਲੋਕਾਂ ਵਿਚ ਸਖਤ ਦੰਡ ਕਿਉਂ ਨਾ ਹੋਵੇ ? ਸਿੱਖ ਧਰਮ ਵਿਚ ਇਸ ਕੁਕਰਮ ਕਰਨ ਵਾਲੇ ਨੂੰ ਬਿਨਾਂ

ਦੰਡ ਲਾਏ ਦੇ ਅਰ ਅੱਗੇ ਨੂੰ ਕੁਕਰਮ ਵਲੋਂ ਤੋਬਾ ਕੀਤੇ ਤੋਂ ਬਗੈਰ ਨਹੀਂ ਬਖਸ਼ਿਆ ਜਾਂਦਾ। ਇਸੇ ਲਈ ਇਸ ਦਾ ਨਾਮ ਬੱਜਰ ਕੁਰਹਿਤ ਹੈ।

ਪੁਰਸ਼ ਸਮਝਦਾ ਹੈ ਕਿ ਮੇਰੇ ਇਸ ਗੁਨਾਹ ਨੂੰ ਅਰਥਾਤ ਪਰਇਸਤ੍ਰੀ ਕੁਕਰਮ ਨੂੰ ਕੌਣ ਦੇਖਦਾ ਹੈ, ਇਸ ਲਈ ਲੁਕ ਕੇ ਮੰਦਾ ਕਰਮ ਕਰਦਾ ਹੈ। ਪਰੰਤੂ ਗੁਰੂ ਸਾਹਿਬ ਜੀ ਇਸ ਕੁਕਰਮ ਦੀ ਚੋਰੀ ਕਰਨੇ ਵਾਲੇ ਸਬੰਧੀ ਸੰਬੋਧਨ ਕਰਦੇ ਹੈਨ, "ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣ ਪੜਦਾ ਤੇਰਾ ਢਾਕੈ ॥" (ਪੰਨਾ ੬੧੬)

ਪੁਨਾ:—"ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥ ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ ॥੧॥" *(ਪੰਨਾ ੪੦੩)*

ਸੰਸਾਰ ਵਿਚ ਲੋਕਿਕ ਦੰਡ ਭੀ ਬਥੇਰੇ ਹੈਨ। ਚੀਨ ਤੇ ਹਿੰਦੁਸਤਾਨ ਆਦਿ ਦੇਸਾਂ ਵਿਚ ਬਿਭਚਾਰੀ ਪੁਰਸ਼ਾਂ ਨੂੰ ਜ਼ਿੰਦਾ ਹੀ ਅੱਗ ਵਿਚ ਸਾੜਦੇ ਜਾਂ ਪਾਣੀ ਵਿਚ ਡੁਬੋਂਦੇ ਰਹੇ ਹਨ। ਅਥਵਾ ਸਿਰ ਮੂੰਹ ਮੁੰਡਾ ਕੇ ਨਸ਼ਰ ਕਰਦੇ ਆਏ ਹਨ। ਜਿਹਾ ਕਿ ਸੋਮਰਾਜ, ਵਰਨ ਆਦਿ ਸਬੰਧੀ ਵੇਦਾਂ ਦੇ ਪਰਸਿੱਧ ਪ੍ਰਸੰਗ ਹੈਨ। ਹੁਣ ਭੀ ਜ਼ਮਾਨੇ ਦੀਆਂ ਹਕੂਮਤਾਂ ਜ਼ਬਰ ਜਨਾਹ ਦਾ ਤਕੜਾ ਰਾਜ ਦੰਡ ਦਿੰਦੀਆਂ ਹੈਨ। ਪਰੰਤੂ ਸ਼ੋਕ ਦੁਆਰਾ ਲਿਖਣਾ ਪੈਂਦਾ ਹੈ ਕਿ ਬਿਭਚਾਰ ਦਾ ਰੋਗ ਵਧਦਾ ਹੀ ਜਾ ਰਿਹਾ ਹੈ। ਫਿਰ ਭੀ ਇਸ ਦਾ ਵੱਡਾ ਕਾਰਨ ਏਹੋ ਹੈ ਕਿ ਪ੍ਰਤੀਬ੍ਰਤ ਧਰਮ ਦੀ ਉੱਚਤਾ ਦਾ ਅੱਜ ਤੀਕ ਧਾਰਮਕ ਤੌਰ ਪਰ ਪ੍ਰਚਾਰ ਨਹੀਂ ਹੋਇਆ, ਤਦੇ ਹੀ ਧਰਮਹੀਣ ਲੋਕ ਪਏ ਠੋਕਰਾਂ ਖਾਂਦੇ ਆ ਰਹੇ ਹਨ ਅਰ ਵਿਸ਼ੇਸ਼ ਕਰਕੇ [3]"ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥" (ਪੰਨਾ ੭੮੮) ਦੇ ਕੁਦਰਤੀ ਅਤੇ ਇਲਾਹੀ ਸਿਧਾਂਤ ਤੋਂ ਸੱਖਣੇ ਜਾ ਰਹੇ ਹੈਨ, ਤਦੇ ਗੁਰੂ ਫੁਰਮਾਨ ਹੈ:— "ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ [4]ਕੰਤ ਤੂ ॥ ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰ ਜਿਉ ॥" *(ਪੰਨਾ ੧੦੯੫)*

---

੩. ਵਿਸਥਾਰ ਲਈ ਪੜ੍ਹੋ ਗ੍ਰੰਥ (ਅਨੰਦ ਮਰਯਾਦਾ ਪ੍ਰਕਾਸ਼)

੪. ਹਿੰਦੁਸਤਾਨ ਵਿਚ ਪ੍ਰਤੀਬ੍ਰਤ ਧਰਮ ਸਬੰਧੀ ਬਹੁਤ ਸਾਰੇ ਉੱਤਮ ਗ੍ਰੰਥ ਬਣੇ ਹਨ। ਕਿਤਨੇ ਮਹਾਂਪੁਰਸ਼ਾਂ ਨੇ ਇਨ੍ਹਾਂ ਦਾ ਚੰਗਾ ਪਰਚਾਰ ਕੀਤਾ ਹੈ, ਪਰੰਤੂ ਪਤੀਬ੍ਰਤ ਧਰਮ ਦੇ ਮੁਕਾਬਲੇ ਵਿਚ ਮਨੁਸ਼ਾਂ ਲਈ ਇਸਤ੍ਰੀ-ਬ੍ਰਤ ਧਰਮ ਸਬੰਧੀ ਬਹੁਤ ਘੱਟ ਗ੍ਰੰਥ ਦੇਖਣ ਵਿਚ ਆਏ ਹਨ, ਇਹ ਬੜੀ ਬੇਇਨਸਾਫੀ ਹੈ, ਕਿ ਕੱਲੀ ਇਸਤ੍ਰੀ ਨੂੰ ਪਤੀਬ੍ਰਤ ਧਰਮ ਕਾਇਮ ਰੱਖਣ ਲਈ ਤਾਂ ਉਪਦੇਸ਼ ਦਿਤੇ ਜਾਣ ਪਰੰਤੂ ਮਨੁਖ ਜਿੱਥੇ ਖੁਸ਼ੀ ਪਿਆ ਖੁਆਰ ਹੋਵੇ। ਇਹ ਮਨੁੱਸ਼ ਸਰੇਣੀ ਦਾ ਧੱਕਾ ਅਤੇ ਇਸਤ੍ਰੀਜ਼ਾਤੀ ਨਾਲ ਸਖਤ ਬੇਇਨਸਾਫੀ ਅਥਵਾ ਬਦਨਾਮ ਕਰਨ ਦਾ ਸਾਧਨ ਹੈ।

Sri Satguru Jagjit Singh Ji eLibrary NamdhariElibrary@gmail.com

ਇਸ ਵਿਚ ਕੰਤ-ਪਣੇ ਦੀ ਉੱਚਤਾ ਅਰ ਫਰਜ਼ ਦੱਸੇ ਹਨ ਅਰਥਾਤ "ਕੰਤ" ਜਾਂ ਪਤੀ ਹੀ ਉਹ ਪੁਰਸ਼ ਹੈ, ਜੋ ਪਰਇਸਤ੍ਰੀ-ਗਾਮਤਾ ਨਾ ਕਰੇ ਅਰ ਪਤਨੀ ਜਾਂ ਅਰਧੰਗੀ ਹੀ ਉਹ ਇਸਤ੍ਰੀ ਹੈ ਜੋ ਕਿ ਪਰਪੁਰਖ-ਗਾਮਤਾ ਤੋਂ ਸਦਾ ਬਚੇ ! ਵੈਸੇ ਭੀ ਸੰਸਾਰ ਭਰ ਦੇ ਇਤਿਹਾਸ ਪੜ੍ਹਨ ਤੋਂ ਚੰਗੀ ਤਰ੍ਹਾਂ ਪਤਾ ਲਗਦਾ ਹੈ ਕਿ ਜੋ ਕਲੰਕ ਜਾਂ ਸਦੀਵੀ ਬਦਨਾਮੀ ਇਸ ਕੁਕਰਮ ਤੋਂ ਹੁੰਦੀ ਹੈ, ਹੋਰਸ ਤੋਂ ਇਤਨੀ ਨਹੀਂ, ਜਿਹਾ ਕਿ ਬ੍ਰਹਮਾ ਤੇ ਉਸ ਦੀ ਸਪੁਤਰੀ ਦੀ ਪੁਰਾਣਕ ਕਥਾ ਆਉਂਦੀ ਹੈ, ਜਿਸ ਪਰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਟੀਕਾ-ਟਿੱਪਣੀ ਕੀਤੀ ਹੈ ।

ਯਥਾ:— **ਬ੍ਰਹਮਾ ਵਡਾ ਅਖਾਇਦਾ ਨਾਭਿ ਕਵਲ ਦੀ ਨਾਲਿ ਸਮਾਣਾ । ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ । ਓੜਕ ਕੀਤੁਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ । ਚਾਰੇ ਵੇਦ ਵਖਾਣਦਾ ਚਤਰਮੁਖੀ ਹੋਇ ਖਰਾ ਸਿਆਣਾ । ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ ।**

ਪੁਨਾ:— ਚਾਰੇ ਵੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛਤਾਣਾ ।
**ਅਕਥ ਕਥਾ** ਨੇਤ ਨੇਤ ਵਖਾਣਾ । *(ਵਾਰ ੧੨, ਪੌੜੀ ੭)*

# ਮੁਸਲੀ-ਧਰ ਤੇ ਪਰਇਸਤ੍ਰੀ-ਗਾਮਤਾ

ਅਣਜਾਣ ਤੇ ਵਿਕਾਰ-ਪ੍ਰਸਤ ਲੋਕਾਂ ਨੇ ਆਪਣੇ ਕੁਕਰਮਾਂ ਨੂੰ ਢੱਕਣ ਹਿਤ "ਮੁਸਲੀ-ਧਰ" ਸ਼ਬਦ ਦੇ ਅਰਥ ਮੁਸਲਮਾਨੀ ਨਾਲ ਬਿਭਚਾਰ ਕਰਨ ਦੇ ਲਾਏ ਹਨ। ਇਸ ਦਾ ਭਾਵ ਇਹ ਹੈ ਕਿ ਸਿੱਖ ਮੁਸਲਮਾਨੀ ਇਸਤ੍ਰੀ ਨਾਲ ਬਿਭਚਾਰ ਕਰਨੇ ਸੇ ਬੱਜਰ ਕੁਰਹਿਤੀਆ ਅਰਥਾਤ ਪਤਿਤ ਹੈ, ਤੇ ਹੋਰ ਮਜ਼੍ਹਬਾਂ ਦੀਆਂ ਇਸਤ੍ਰੀਆਂ ਨਾਲ ਬਿਭਚਾਰ ਕਰਨਾ ਪਤਿਤ ਕਰਮ ਜਾਂ ਬੱਜਰ ਕੁਰਹਿਤ ਨਹੀਂ ਹੈ, ਮਾਨੋ ਇਹ ਇੱਕ ਤਰੀਕੇ ਨਾਲ ਬਿਭਚਾਰ ਕਰਨ ਦੀ ਖੁਲ੍ਹੀ ਰਾਹ ਨਿਕਾਲੀ ਗਈ ਹੈ । ਸ਼ੋਕ ! ਪਰਮ ਸ਼ੋਕ !! ਅਕਸਰ ਨਿਹੰਗਾਂ, ਪੁਜਾਰੀਆਂ, ਢਿੱਲੜਾਂ ਆਦਿ ਵਿਖੇ "ਮੁਸਲੀ ਨਾਲ ਯੁੱਧ" ਸ਼ਬਦ ਦੀ ਆੜ ਵਿਚ ਬਿਭਚਾਰ ਕਰਾਇਆ ਜਾ ਰਿਹਾ ਹੈ । ਕੁਕਰਮ ਲੁਕਾਉਣ ਲਈ ਖੁਲ੍ਹਮਖੁਲ੍ਹਾ ਪਰਚਾਰ ਕਰਾ ਰਹੇ ਹਨ । "ਮੁਸਲੀ-ਧਰ" ਨਾਮ ਸੇ ਏਹ ਬੱਜਰ ਕੁਰਹਿਤ ਚੱਲੀ ਹੈ । ਭਾਵੇਂ ਮੁਸਲੀਧਰ ਸ਼ਬਦ ਦੇ ਅਰਥ ਖਾਲਸਾ ਬੋਲਿਆਂ ਵਿਚ ਪਰਇਸਤਰੀ-ਗਾਮਤਾ ਕਰਨਾ ਹੀ ਹੈਨ, ਪਰੰਤੂ ਵਿਕਰਮੀ ਲੋਕ ਇਸ ਤੋਂ ਇਹ ਲਾਭ ਲੈਣਾ ਆਪਣਾ ਧਰਮ ਮੰਨਦੇ ਨੇ ਕਿ ਮੁਸਲਮਾਨੀ ਨਾਲ ਬਿਭਚਾਰ ਕਰਨਾ ਛੱਡ ਕੇ ਬਾਕੀ ਥਾਵੀਂ ਨਿਸ਼ੰਕ ਲੁਕ ਕੇ ਬਿਭਚਾਰ ਕਰੇ, ਪਰ ਇਹ ਅਸਚਰਜ ਮੰਤਕ

ਹੈ ਕਿ ਮੁਸਲਮਾਨੀ ਮੰਦੀ ਕਿਉਂ ? ਅਤੇ ਹੋਰ ਮਤਾਂ ਦੀ ਇਸਤ੍ਰੀ ਜਾਇਜ਼ ਕਿਉਂ ? ਕਈ ਕੁ ਫੋਕੇ ਮੰਤਕੀ ਇਸ ਦਾ ਭਾਵ ਇਹ ਦਸਿਆ ਕਰਦੇ ਨੇ ਕਿ ਜੇ ਸਿਖ ਦੀ ਅੰਸ ਤੋਂ ਮੁਸਲਮਾਨੀ ਦੇ ਬੱਚਾ ਪੈਦਾ ਹੋ ਜਾਵੇ ਤਾਂ ਸਿਖਾਂ ਦੇ ਹੱਥੋਂ ਜੰਗ ਵਿਚ ਉਹ ਸਿਖ ਅੰਸੀਆ ਮਾਰਨਾ ਠੀਕ ਨਹੀਂ ਹੈ। ਦੂਜੇ ਕਿ ਉਹ ਬਲੀ ਹੋਕੇ ਸਿੱਖਾਂ ਨੂੰ ਮਾਰੇਗਾ। ਤੀਜੀ ਦਲੀਲ ਇਹ ਦਿੰਦੇ ਹਨ ਕਿ ਸਿਖਾਂ ਅਰ ਮੁਸਲਮਾਨਾਂ ਦੇ ਪਰਸਪਰ ਜੰਗ ਜੁੱਧ ਹੁੰਦੇ ਆਏ ਅਰ ਜੰਗਾਂ ਜੁੱਧਾਂ ਵਿਚ ਸਿਖਾਂ ਦੇ ਹੱਥ ਜੋ ਮੁਸਲਮਾਨੀਆਂ ਲਗਦੀਆਂ ਤਿਨ੍ਹਾਂ ਨਾਲ ਬਿਭਚਾਰ ਕਰਨ ਤੋਂ ਜਾਂ ਜਬਰਨ ਇਸਤ੍ਰੀਆਂ ਛੀਨਣ ਤੋਂ ਸ੍ਰੀ ਗੁਰੂ ਦਸਮੇਸ਼ ਜੀ ਨੇ ਮੁਸਲੀਧਰ ਨੂੰ ਬੱਜਰ ਕੁਰਹਿਤ ਕਰਨੀ ਦੱਸ ਕੇ ਵਰਜਿਆ ਤੇ ਬਚਾਇਆ ਹੈ। ਪੁਨਾ:-ਜਿਵੇਂ [੫]ਮੁਸਲਮਾਨ ਜੰਗਾਂ ਜੁੱਧਾਂ ਦੀਆਂ ਜਿੱਤਾਂ ਨਾਲ ਆਪਣੇ ਲਈ ਜਿੱਤਾਂ ਵਿਚ ਆਈਆਂ ਇਸਤ੍ਰੀਆਂ ਜਾਂ ਸ਼ਿਕਸਤ ਖਾ ਚੁਕੇ ਦੁਸ਼ਮਨਾਂ ਦੀਆਂ ਧੀਆਂ, ਭੈਣਾਂ, ਮਾਵਾਂ, ਇਸਤ੍ਰੀਆਂ ਵੰਡ ਕੇ ਤਿਨ੍ਹਾਂ ਨਾਲ ਜਬਰਜਨਾਹ ਜਾਂ ਨਿਕਾਹ ਕਰਦੇ ਤੇ ਘਰੀਂ ਪਾਉਂਦੇ ਇਹ ਮੰਦੀ ਰੀਤੀ ਨੂੰ ਰੋਕਣ ਅਤੇ ਨਾਜਾਇਜ਼ ਬਦਲਾ ਲੈਣ ਵਾਲੀ ਅਗਨੀ ਨੂੰ ਸਿਖਾਂ ਵਿਚ ਨਹੀਂ ਆਉਣ ਦਿਤਾ। ਸੋ ਇੱਕਰ ਦੇ ਕਈ ਕੁ ਮੰਤਕ ਅੱਜ-ਕਲ੍ਹ ਦੇ ਚਾਲਬਾਜ਼ਾਂ ਨੇ ਘੜ ਰਖੇ ਨੇ, ਪਰ ਇਹ ਸਭੇ ਬ ਬੁਨਿਆਦੇ ਤੇ ਮਨਘੜਤ ਹੈਨ। ਵਿਸ਼ੇਸ਼ ਕਰਕੇ ਲੁਕਵੇਂ ਬਿਭਚਾਰ ਦਾ ਪ੍ਰਚਾਰ ਕਰਦੇ ਹੈਨ। ਕਿਉਂਕਿ ਸਿਖਾਂ ਦਾ ਜੰਗ ਨਾ ਕਦੀ ਕਿਸੀ ਮਜ਼ਹਬ ਜਾਂ ਕੌਮ ਨਾਲ ਹੋਇਆ, ਨਾ ਹੋਵੇਗਾ। ਸਿੱਖਾਂ ਦਾ ਜੰਗ ਜ਼ਾਲਮਾਂ ਨਾਲ ਰਿਹਾ, ਖ਼੍ਵਾਹ ਉਹ ਕਿਸੀ ਮਜ਼ਹਬ ਜਾਂ ਦੇਸ ਦਾ ਮੰਤਵ ਹੋਵੇ। ਸਿਖਾਂ ਲਈ ਹਿੰਦੂ ਮੁਸਲਮਾਨ, ਈਸਾਈ, ਜੈਨੀ, ਬੋਧੀ ਆਦਿ ਤਥਾ ਦੁਨੀਆਂ ਦੇ ਮਤ ਮਤਾਂਤਰ ਅਰਥਾਤ ਮਨੁਸ਼ ਮਾਤਰ ਸਾਮਾਨ ਹੈਨ ਅਤੇ ਸਰਬ ਜ਼ਾਤੀ ਦੀਆਂ ਇਸਤ੍ਰੀਆਂ ਭੀ ਸਮਾਨ ਹੈਨ, ਇਸ ਲਈ ਜ਼ਾਲਮ ਅਰ ਧਰਮੀ ਦੋ ਹੀ ਤਰ੍ਹਾਂ ਦੇ ਬੰਦੇ ਹੈਨ। ਤਾਂਤੇ ਮੁਸਲੀ-ਧਰ ਸ਼ਬਦ ਦੇ ਅਰਥ ਕਰਨੇ ਕਿ ਮੁਸਲਮਾਨੀ ਅਰਥਾਤ ਇਸਲਾਮ ਧਰਮ ਨੂੰ ਗ੍ਰਹਿਣ ਕਰਨੇ ਵਾਲੀ ਇਸਤ੍ਰੀ ਨਾਲ ਬਿਭਚਾਰ ਕਰਨਾ ਬੱਜਰ ਕੁਰਹਿਤ ਜਾਂ ਭਾਰੀ ਪਾਪ ਹੈ, ਨਿਰੀ ਬੇਇਨਸਾਫੀ ਤੇ ਧੋਖਾਦਾਰੀ ਤੇ ਗੁਰਬਾਣੀ ਆਸ਼ੇ ਤੋਂ ਵਿਰੁੱਧ

---

੫. ਮੁਸਲੀਧਰ ਪਰਚਾਰਕਾਂ ਦੇ ਚਾਪਲੋਸੀ ਵਾਲੇ ਲੇਖ ਬਚਿਆਂ ਨੂੰ ਚੁਪ ਕਰਾਉਣ ਵਾਲੇ ਦੇਖੇ ਗਏ ਹਨ। ਉਹ ਵੱਡੀ ਦਲੀਲ ਮੁਸਲਮਾਨਾਂ ਨਾਲ ਜੰਗ ਜੁਧ ਕਰਨੇ ਕਰਕੇ ਮੁਸਲੀਧਰ ਦਾ ਪਰਚਾਰ ਦੱਸਦੇ ਹਨ, ਨਹੀਂ ਤਾਂ ਇਹ ਸਭ ਨੂੰ ਸਮੇਟਣ ਨੂੰ ਤਿਆਰ ਸਨ। ਇਨ੍ਹਾਂ ਨੂੰ ਚਾਹੀਦਾ ਹੈ ਹੁਣ ਤਾਂ ਜੰਗ ਨਹੀਂ ਹਨ ? ਕੀ ਹਮੇਸ਼ਾਂ ਇਨ੍ਹਾਂ ਨਾਲੋ ਜੰਗ ਰਹਿਣਗੇ ? ਗੁਰੂ ਸਾਹਿਬਾਨ ਨੇ ਪਹਾੜੀ ਹਿੰਦੂਆਂ ਨਾਲ, ਮੁਸਲਮਾਨਾਂ ਨਾਲੋਂ ਵੱਧ ਜੰਗ ਕੀਤੇ ਹਨ। ਸਿੱਖਾਂ ਦਾ ਟਾਕਰਾ ਜ਼ਾਲਮਾਂ ਨਾਲ ਹੈ, ਕਿਸੇ ਕੌਮ ਨਾਲ ਨਹੀਂ ਹੈ, ਹਿੰਦੂਆਂ ਦੀ ਤਰ੍ਹਾਂ ਮੁਸਲਮਾਨ ਭੀ ਸਾਡੇ ਭਾਈਬੰਧ ਹਨ, ਵਿਤਕਰਾ ਪਾਉਣਾ ਭੁੱਲ ਹੈ।

Sri Satguru Jagjit Singh Ji eLibrary NamdhariElibrary@gmail.com

ਮਸਲਾ ਹੈ। ਸੋ ਜਦ ਗੁਰਬਾਣੀ ਵਿਖੇ ਥਾਂ-ਥਾਂ ਤੇ ਇਹ ਉਪਦੇਸ਼ ਮਿਲਦਾ ਹੈ: "ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥"

(ਆਸਾ ਮ: ੫, ਪੰਨਾ ੪੦੨)

ਅਰਥਾਤ ਪਰਇਸਤ੍ਰੀ ਗਾਮਤਾ ਮਹਾਂ ਭ੍ਰਿਸ਼ਟ ਕੁਕਰਮ ਹੈ, ਬਲਕਿ "ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥" (ਪੰਨਾ ੨੭੪) ਅਰਥਾਤ ਮੰਦਾ ਨਿਗਾਹ ਸੇ ਦੇਖਣਾ ਭੀ ਗੁਰਬਾਣੀ ਤੋਂ ਵਿਰੁਧ ਹੈ, ਫਿਰ ਮੁਸਲੀਧਰ ਦੇ ਅਰਥ ਮੁਸਲਮਾਨੀ ਕਿਵੇਂ ਹੋਏ ? ਨਾ ਹੀ ਇਹ ਮੁਸਲੀਧਰ ਸ਼ਬਦ ਗੁਰਬਾਣੀ ਵਿਖੇ ਕਿਤੇ ਵਰਤਿਆ ਹੈ ! ਗੁਰੂ ਫੁਰਮਾਨ ਤਾਂ ਇਹ ਹੈ, 'ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥" (ਪੰਨਾ ੧੧੬੩) ਅਰਥਾਤ ਰੱਬ ਹੀ ਤਿਨ੍ਹਾਂ ਦੇ ਨੇੜੇ ਰਹਿੰਦਾ ਹੈ, ਜੋ ਪਰਇਸਤਰੀ-ਗਾਮਤਾ ਨੂੰ ਬੱਜਰ ਪਾਪ ਮੰਨਦੇ ਹਨ। ਗੁਰ ਮਿਸ਼ਨ ਅਨੁਸਾਰ ਉਹ ਨੇਤਰ ਹੀ ਨਿਕੰਮੇ ਹੈਨ ਜੋ ਪਰਾਈ ਇਸਤਰੀ, ਮਾਤਾ, ਭੈਣ ਵਲ ਮੰਦੀ ਨਿਗਾਹ ਨਾਲ ਤੱਕਣ ! "ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦ ॥" (ਪੰਨਾ ੨੬੯) ਜੋ ਲੋਕ ਮੁਸਲੀਧਰ ਸ਼ਬਦ ਨਾਲ ਪਰਇਸਤ੍ਰੀ-ਗਾਮਤਾ ਕੁਕਰਮ ਤੋਂ ਬਰੀ ਹੋਣ ਦੀ ਇਕ ਖੋਟੀ ਪਾਲਸੀ ਚਲਦੇ ਨੇ, ਉਹ ਗੁਰਬਾਣੀ ਹੁਕਮ ਨੂੰ ਕਿਵੇਂ ਛੁਪਾ ਸਕਦੇ ਹੈਨ ? ਸਾਫ ਹੀ ਉਹ ਗੁਰੂ ਆਸ਼ੇ ਥੀਂ ਵਿਰੁਧ ਪਰਚਾਰ ਕਰਕੇ ਗੁਰੂ ਦੇ ਚੋਰ ਬਣਦੇ ਹਨ, ਕੀ ਮੁਸਲੀਧਰ ਨਾਲੋਂ ਹਿੰਦੂਧਾਰੀ ਜਾਂ ਈਸਾਈ ਧਾਰੀ ਬਿਭਚਾਰੀ ਤੇ ਕੁਰਹਿਤੀਏ ਨਹੀਂ ਹਨ ? ਸ਼ੋਕ ਹੈ ਮੁਸਲੀਧਰ ਪਰਚਾਰਕਾਂ ਪਰ ਜੋ ਸਿੱਖ ਪੰਥ ਵਿਚ ਆਮ ਬ੍ਰਿਭਚਾਰ ਦੀ ਖੁਲ੍ਹ ਕਰਕੇ ਕੁਕਰਮ ਛੁਪਾਂਦੇ ਹਨ, ਐਸੇ ਸੱਜਣ ਗੁਰਮਤਿ ਦੇ ਦੁਸ਼ਮਨ ਹਨ।

ਭਲਾ ਜੇ ਸਿੱਖਾਂ ਲਈ ਮੁਸਲਮਾਨੀ ਨਾਲ ਬਿਭਚਾਰ ਕਰਨੇ ਦੀ ਹੀ ਮਨਾਹੀ ਹੈ, ਜਾਂ ਇਹੋ ਬੱਜਰ ਕੁਰਹਿਤ ਹੈ, ਤਾਂ ਸਿੱਖ ਧਰਮ ਆਲਮਗੀਰੀ ਧਰਮ ਹੀ ਸਿੱਧ ਨਹੀਂ ਹੋ ਸਕਦਾ, ਬਲਕਿ ਇਕ-ਅੱਖ ਨਾਲ ਦੇਖਣ ਵਾਲਾ ਕਾਣਾ ਧਰਮ ਹੀ ਸਿੱਧ ਹੋਊਗਾ, ਕਿਉਂਕਿ ਮੁਸਲਮਾਨੀ ਨਾ ਭੋਗਣ ਦੇ ਅਰਥ ਹੀ ਬਾਕੀਆਂ ਨਾਲ ਬਿਭਚਾਰ ਕਰਨਾ ਜਾਇਜ਼ ਸਿੱਧ ਹੁੰਦਾ ਹੈ, ਜਾਂ ਖੁਲ੍ਹ ਦਿਤੀ ਗਈ ਹੈ। ਤਾਂਤੇ ਮੁਸਲੀਧਰ ਵਾਲਾ ਮਸਲਾ ਸਿਰ ਤੋਂ ਪੈਰਾਂ ਤੀਕਰ ਗਲਤ ਹੈ। ਗੁਰੂ ਸਾਹਿਬ ਦਾ ਮਿਸ਼ਨ ਸਰਬ ਸਾਂਝਾ ਹੈ, ਤਦੇ ਗੁਰੂ ਫੁਰਮਾਨ ਹੈ—"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ। ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀਂ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥" (ਪੰਨਾ ੧੪੧) ਇਸ ਤੋਂ ਸਿੱਧ ਹੈ ਕਿ ਮੁਸਲਮਾਨਾਂ ਤੇ ਹਿੰਦੂਆਂ ਨੂੰ ਚਾਹੀਦਾ ਹੈ ਕਿ ਉਹ ਸੂਅਰ ਅਤੇ ਗਊ ਦੇ ਪਰਹੇਜ਼ ਦੀ ਤਰ੍ਹਾਂ "ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥" (ਪੰਨਾ ੧੩੬੨) ਪੁਨਾ:— "ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ....ਅਜਰਾਈਲੁ ਫਰੇਸਤਾ ਤਿਲ

ਪੀੜੇ ਘਾਣੀ॥" (ਪੰਨਾ ੩੧੫) ਅਨੁਸਾਰ ਵਰਤੋਂ ਕਰਨ, ਭਾਵ ਹਿੰਦੂਆਂ ਅਰ ਮੁਸਲਮਾਨਾਂ ਨੂੰ ਤਥਾ ਮਨੁਸ਼ ਮਾਤਰ ਨੂੰ ਇਹ ਉਪਦੇਸ਼ ਮਿਲੇ ਕਿ ਪਰਇਸਤ੍ਰੀ-ਗਾਮਤਾ ਮਹਾਂ-ਮੰਦ ਕਰਮ ਹੈ, ਇਸ ਦੇ ਹਾਮੀ ਤਿਲਾਂ ਦੀ ਤਰ੍ਹਾਂ ਪੀੜੇ ਜਾਣਗੇ, ਪਰੰਤੂ ਮੁਸਲੀਧਰ ਦੇ ਪਰਚਾਰਕਾਂ ਲਈ ਇਹ ਖੁਲ੍ਹ ਹੋਵੇ ਕਿ ਮੁਸਲਮਾਨੀ ਨੂੰ ਛੋਡ ਕੇ ਹੋਰ ਕਿਧਰੇ ਖੇਹ ਖਾਣ, ਕੀ ਇਹ ਭੀ ਕੋਈ ਇਨਸਾਫ ਹੈ ? ਗੁਰੂ ਸਾਹਿਬ ਸਿੱਖਾਂ ਲਈ ਤਾਂ ਮੁਸਲੀਧਰ ਮਸਲਾ ਦੱਸਣ ਤੇ ਹੋਰਨਾਂ ਨੂੰ ਉਪਦੇਸ਼ਣ ਕਿ ਪਰਇਸਤ੍ਰੀ-ਗਾਮਤਾ ਦੇ ਕੁਕਰਮੀ ਤਿਲ ਘਾਣੀ ਦੀ ਤਰ੍ਹਾਂ ਪੀੜੇ ਜਾਣਗੇ। ਤਾਂਤੇ ਮੁਸਲੀਧਰ ਪ੍ਰਚਾਰਕਾਂ ਨੂੰ ਕੋਈ ਅਕਲ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦਾ ਇਹ ਅਨੋਖਾ ਮਸਲਾ ਗੁਰਮਤਿ ਕਸੌਟੀ ਪਰ ਕੋਈ ਭੀ ਵਜ਼ਨ ਨਹੀਂ ਰੱਖਦਾ ਅਰ ਨਾ ਹੀ ਉਨ੍ਹਾਂ ਨੂੰ ਸਿੱਖ ਧਰਮ ਵਿਖੇ ਰਹਿ ਕੇ ਕੁਕਰਮ ਕਰਨ ਦੀ ਖੁਲ੍ਹ ਮਿਲ ਸਕਦੀ ਹੈ।

ਦੇਖੋ ਸ੍ਰੀ ਗੁਰੂ ਦਸਮੇਸ਼ ਜੀ ਨੇ ਖਾਲਸਾ ਰਹਿਤਨਾਮੇ ਵਿਖੇ ਇਹੋ ਹੁਕਮ ਦਿਤਾ ਹੈ—"ਪਰ ਬੇਟੀ ਕੋ ਬੇਟੀ ਜਾਨੈ॥ ਪਰਇਸਤ੍ਰੀ ਕੋ ਮਾਤ ਪਛਾਨੈ॥ ਅਪਨੀ ਇਸਤ੍ਰੀ ਸਿਉ ਰਤ ਹੋਈ॥ ਰਹਿਤਵਾਨ ਗੁਰ ਕਾ ਸਿੰਘ ਸੋਈ॥" ਇਸ ਤੋਂ ਸਪੱਸ਼ਟ ਹੈ ਕਿ ਮੁਸਲੀਧਰ ਮਸਲੇ ਵਾਲੇ ਬਿਭਚਾਰ ਨੂੰ ਨਹੀਂ ਰੋਕ ਸਕਦੇ, ਬਲਕਿ ਇਸ ਦੇ ਹਾਮੀ ਕਹੇ ਜਾ ਸਕਦੇ ਹਨ। ਬੱਜਰ ਕੁਰਹਿਤ ਪਰਇਸਤ੍ਰੀ ਤੇ ਪਰਪੁਰਖ-ਗ਼ਾਮਤਾ ਨੂੰ ਛੁਪਾਉਣਾ ਮਹਾਂ ਪਾਪ ਅਰ ਗੁਰਮਤਿ ਤੋਂ ਬੇਮੁਖਤਾ ਹੈ।

## ਬਿਭਚਾਰ ਖੰਡਣ

ਸੰਸਾਰ ਵਿਚ ਕੋਈ ਭੀ ਭਲਾ ਪੁਰਸ਼ ਨਹੀਂ ਹੈ, ਜੋ ਕਿ ਬਿਭਚਾਰ ਨੂੰ ਨਾ ਰੋਕੇ, ਬਲਕਿ ਵਿਕਾਰੀ ਲੋਕ ਭੀ ਲੁਕਵਾਂ ਹੀ ਬਿਭਚਾਰ ਕਰਦੇ ਨੇ। ਭਾਈ ਸਾਹਿਬ ਗੁਰਦਾਸ ਜੀ ਦਾ ਕਥਨ ਹੈ—"ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ" ਅਰਥਾਤ ਮਹਾਂ ਵਿਕਰਮੀ ਪੁਰਸ਼ ਭੀ ਆਪਣੀ ਧੀਆਂ ਭੈਣਾਂ ਤੋਂ ਸ਼ਰਮ ਕਰਦਾ ਹੈ, ਪਰ ਜੋ ਸ਼ਰਮ ਛੱਡ ਕੇ ਨੱਚੇ ਉਸ ਦਾ ਨਾਮ ਕੰਜਰ ਜਾਂ ਮਹਾਂ ਲੁੱਚਾ, ਗੁੰਡਾ ਆਦਿ ਕਿਹਾ ਜਾਂਦਾ ਹੈ। ਸੰਸਾਰ ਵਿਚ ਇਨ੍ਹਾਂ ਨੂੰ ਆਚਰਨੇ ਜਾਂ ਸ਼ਰਮੋਂ ਭਾਵੇਂ ਧਰਮੋਂ ਡਿਗੇ ਹੋਏ ਮੰਨਿਆ ਜਾਂਦਾ ਹੈ, ਜਿਸ ਨੇ ਪੁੱਤਰਾਂ, ਧੀਆਂ, ਮਾਵਾਂ ਦੀ ਪੱਤ ਨਹੀਂ ਰੱਖੀ। ਇਨ੍ਹਾਂ ਤੋਂ ਵੱਧ ਡਿੱਗੇ ਹੋਏ ਹੋਰ ਬੰਦੇ ਨਹੀਂ ਹੁੰਦੇ! ਬਾਮ ਮਾਰਗੀਆਂ ਵਿਚ ਸ਼ਰਮੋਂ ਧਰਮੋਂ ਡਿਗੇ ਹੋਏ ਕੁਕਰਮੀ ਦਸੇ ਗਏ ਨੇ, ਪਰ ਐਲਾਨੀਆਂ ਕਰਨੋਂ ਤੇ ਕਹਿਣੋਂ ਉਹ ਭੀ ਸੰਕੋਚਦੇ ਹੈਨ! ਇਨ੍ਹਾਂ ਥੋਂ ਡਿਗਵੇਂ ਕੋਕ ਸ਼ਰਮ ਧਰਮ ਛੱਡ ਕੇ ਬਾਜ਼ਾਰਾਂ ਵਿਚ ਬੈਠਣ ਵਾਲੇ ਕੁਕਰਮੀ ਕੰਜਰ ਕੰਜਰੀਆਂ ਕਹੇ ਜਾ ਸਕਦੇ ਨੇ, ਜਿਨ੍ਹਾਂ ਨੇ ਆਪਣਾ ਕਰਮ ਧਰਮ

Sri Satguru Jagjit Singh Ji eLibrary NamdhariElibrary@gmail.com

ਹੀ ਬਿਭਚਾਰ ਕਰਨਾ ਮੰਨਿਆ ਹੈ । ਸੋ ਜੋ ਲੋਕ ਐਲਾਨੀਆਂ ਕੁਕਰਮ ਕਰਨ ਉਹ ਭਲੇ ਲੋਕਾਂ ਲਈ ਸਖਤ ਨੁਕਸਾਨਦੇਹ ਹੁੰਦੇ ਹਨ । ਗੁਰੂ ਸਾਹਿਬਾਨ ਦਾ ਫੁਰਮਾਨ ਹੈ, "ਚਿਤਵਤ ਪਾਪ ਨ ਆਲਕੁ ਆਵੈ । ਬੇਸੁਆ ਭਜਤ ਕਿਛੁ ਨਹਿ ਸਰਮਾਵੈ ॥" (ਪੰਨਾ ੧੧੯੩) ਅਰਥਾਤ ਕੰਜਰ ਕਰਮ ਬਹੁਤ ਬੱਜਰ ਪਾਪ ਤੇ ਮਹਾਂ ਸ਼ਰਮ ਦਾ ਘਰ ਹੈ । ਵੇਸਵਾ-ਗਾਮੀ ਹੋਣ ਤੋਂ ਵੱਡੀ ਸ਼ਰਮ ਕੋਈ ਨਹੀਂ, ਕਿਉਂਕਿ ਵੇਸਵਾ ਜਾਂ ਵੇਸਵਾ-ਗਾਮੀ ਇਸ ਬਾਤ ਦੇ ਹਾਮੀ ਜਾਂ ਪ੍ਰਚਾਰਕ ਹਨ ਕਿ ਸੰਸਾਰ ਵਿਚ ਬਿਭਚਾਰ ਫੈਲੇ। ਉਨਕੀ ਔਲਾਦ ਭੀ ਅਕਸਰ ਇਹੋ ਕਿੱਤਾ ਕਰਦੀ ਹੈ । ਵੇਸਵਾ ਦੀ ਲੜਕੀ ਅਰ ਵੇਸਵਾ-ਗਾਮੀ ਪੁਰਸ਼ ਦੀ ਅੰਸ (ਨੁਤਫਾ) ਵੇਸਵਾ ਕਰਮ ਹੀ ਕਰਦੇ ਨੇ । ਫਿਰ ਕੌਣ ਕਹਿ ਸਕਦਾ ਹੈ ਕਿ ਵੇਸਵਾ ਕਰਮ ਚੰਗਾ ਹੈ ? ਭਾਵੇਂ ਕਈ ਕੁ ਮੰਤਕੀ ਅਰ ਮੁਸਲੀਧਰ ਸ਼ਬਦ ਦਾ ਟਾਕਰਾ ਕਰਕੇ ਇਸ ਰਸਤੇ ਤੋਂ ਨੱਠਦੇ ਨੇ, ਪਰੰਤੂ ਉਨ੍ਹਾਂ ਦੇ ਅੰਦਰ ਪਰਇਸਤ੍ਰੀ-ਗਾਮਤਾ ਨੂੰ ਪਾਪ-ਕਰਮ ਜਾਂ ਅਧਰਮ ਮੰਨਣ ਦੇ ਸੰਸਕਾਰ ਉੱਕੇ ਉੱਡ ਜਾਂਦੇ ਹਨ ।

ਦਸਮ ਗੁਰੂ ਜੀ ਨੇ ਵੇਸਵਾ ਪੇਸ਼ੇ ਦੀ ਹਾਲਤ ਵਿਚ ਕਿਸੀ ਵੇਸਵਾ, ਭੰਡ (ਕੰਜਰ) ਨੂੰ ਸਿੱਖ ਧਰਮ ਵਿਚ ਸ਼ਾਮਲ ਹੀ ਨਹੀਂ ਰਖਿਆ, ਜਿਵੇਂ ਮੁਸਲਮਾਨਾਂ, ਈਸਾਈਆਂ, ਹਿੰਦੂਆਂ ਅਥਵਾ ਅਨਮਤੀਆਂ ਦੀ ਮਰਦਮ ਸ਼ੁਮਾਰੀ ਵਿਚ ਸ਼ਾਮਲ ਹਨ, ਹੁਕਮ ਹੈ:-ਵੇਸਵਾ ਦੁਆਰੇ ਸਿੱਖ ਜੋ ਜਾਵੈ ॥ ਕਹੈ ਗੁਰੂ ਵੋਹ ਸਿੱਖ ਨਾ ਭਾਵੈ ॥ ਬਲਕਿ ਇਥੇ ਤੀਕਰ ਮਨ੍ਹਾਂ ਹੈ ਕਿ ਵੇਸਵਾ ਦਾ ਗੌਣ ਸੁਣਨੇ ਵਾਲਾ ਸਿੱਖ ਤਨਖਾਹੀ ਹੈ। ਵੇਸਵਾ ਰਾਗੁ ਸੁਣੈ ਚਿਤ ਲਾਇ ॥ ਕਹੈ ਗੁਰੂ ਸੋ ਯਮ ਪੁਰ ਜਾਇ ॥

*(ਖਾਲਸਾ ਰ: ਨਾ:)*

ਵੈਸੇ ਜੇ ਸੋਚਿਆਂ ਜਾਵੇ ਕਿਸੀ ਸਤਵੰਤੀ ਦਾ ਸਤ ਭੰਗ ਕਰਨਾ ਜਾਂ ਪਤੀਬ੍ਰਤ ਧਰਮੋਂ ਪਤਿਤ ਕਰਨਾ ਵੇਸਵਾ-ਗਾਮੀ ਹੋਣ ਤੋਂ ਭੀ ਵੱਡਾ ਪਾਪ ਹੈ । ਇਸ ਵਿਚ ਆਪ ਧਰਮੋਂ ਗਿਰਨਾ ਅਤੇ ਦੂਜੇ ਨੂੰ ਗੇਰਨਾ ਦੋ ਬੱਜਰ ਪਾਪ ਹੈਨ, ਪਰ ਵੇਸਵਾ ਪਹਿਲੇ ਹੀ ਗਿਰ ਚੁੱਕੀ ਮੰਨੀ ਜਾਂਦੀ ਹੈ । ਵੇਸਵਾ ਸਬੰਧੀ ਭਗਤ ਨਾਮਦੇਵ ਜੀ ਨੇ ਫੁਰਮਾਇਆ ਹੈ—"ਜਿਉ ਬੇਸ੍ਵਾ ਕੇ ਪਰੈ ਅਖਾਰਾ ॥ ਕਾਪਰੁ ਪਹਿਰਿ ਕਰਹਿ ਸੀਗਾਰਾ ॥ ਪੂਰੇ ਤਾਲ ਨਿਹਾਲੇ ਸਾਸ ॥ ਵਾ ਕੇ ਗਲੇ ਜਮ ਕਾ ਹੈ ਫਾਸ ॥" (ਪੰਨਾ ੧੧੬੫) ਸੋ ਵੇਸਵਾ ਆਪ ਪਾਪਣ ਹੈ, ਪਰ ਲੋਕਾਂ ਲਈ ਜਮਾਂ ਦੀ ਫਾਹੀ ਹੈ । ਆਪ ਡੁੱਬਣ ਤੇ ਲੋਕਾਂ ਨੂੰ ਡੁਬਾਉਣ ਦਾ ਰਸਤਾ ਹੈ। ਇਸੇ ਤਰ੍ਹਾਂ ਲੁਕਵੀਂ ਬਿਭਚਾਰਨਾਂ ਹੈਨ, ਭਾਵੇਂ ਪਰਗਟ ਤੌਰ ਪਰ ਕੁਕਰਮ ਕਰਨੋਂ ਸ਼ਰਮ ਕਰਦੀਆਂ ਹੈਨ, ਪਰੰਤੂ ਘਟ ਘਟ ਕੇ ਪਟ-ਪਟ ਕੀ ਜਾਨਣਹਾਰ ਤੋਂ ਲੁਕਵਾਂ ਬਿਭਚਾਰ ਕੋਈ ਨਹੀਂ ਕਰ ਸਕਦਾ, ਯਥਾ—"ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ

Sri Satguru Jagjit Singh Ji eLibrary NamdhariElibrary@gmail.com

ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥" (ਪੰਨਾ ੬੧੬) ਤਾਂਤੇ ਗੁਪਤ ਜਾਂ ਲੁਕਵੇਂ ਕੁਕਰਮ ਸਮਾਂ ਪਾ ਕੇ ਉਜਾਗਰ ਹੁੰਦੇ ਅਤੇ ਕਰਤਾਰ ਵਲੋਂ ਉਨ੍ਹਾਂ ਦੀ ਸਜ਼ਾ ਮਿਲਦੀ ਹੈ। ਲੁਕਵੇਂ ਬਿਭਚਾਰੀਆਂ ਲਈ ਗੁਰੂ ਉਪਦੇਸ਼ ਹੈ—"ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥" (ਸ੍ਰੀ ਰਾਗੁ ਮ: ੧, ਪੰਨਾ ੫੬) ਅਰਥਾਤ ਬਿਭਚਾਰਨ ਸਹੁਰੇ ਪੇਕੇ ਘਰ ਤੋਂ ਬਦਨਾਮੀ ਖੱਟ ਕੇ ਹੀ ਬਦਨਾਮ ਹੁੰਦੀਆਂ ਹਨ। ਕਿਧਰੇ ਭੀ ਉਨ੍ਹਾਂ ਦੀ ਇਜ਼ਤ ਨਹੀਂ ਹੁੰਦੀ ਤੇ ਲੋਕ ਪਰਲੋਕ ਦਾ ਕਲੰਕ ਹੀ ਲਗਦਾ ਹੈ। "ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲ ਪਿਆਰ॥ ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥" (ਸਿਰੀ ਰਾਗੁ ਮ: ੧, ਵਾਰ ਮ: ੩, ਪੰਨਾ ੮੯) "ਦੋਹਾਗਣੀ ਕਿਆ ਨੀਸਾਣੀਆ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥" (ਸਿਰੀ ਰਾਗੁ ਮ: ੧, ਪੰਨਾ ੭੨) ਸੋ ਉਕਤ ਗੁਰੂ ਹੁਕਮਾਂ ਨੂੰ ਪੜ੍ਹ ਵੀਚਾਰ ਕੇ ਕੌਣ ਇਸਤ੍ਰੀ ਹੈ ਜੋ ਗੁਰੂ ਘਰ ਵਿਚ ਰਹਿਣ ਲਈ ਪਰਪੁਰਖ-ਗਾਮਤਾ ਨੂੰ ਬੱਜਰ ਕੁਰਹਿਤ ਮੰਨ ਕੇ ਕੁਕਰਮਾਂ ਤੋਂ ਨਾ ਬਚੇ, ਅਥਵਾ ਕੌਣ ਕਹਿ ਸਕਦਾ ਹੈ ਕਿ ਪਰਇਸਤ੍ਰੀ-ਗਾਮਤਾ ਜਾਂ ਪਰਪੁਰਖ-ਗਾਮਤਾ ਬੱਜਰ ਕੁਰਹਿਤ ਨਹੀਂ ? ਗੁਰੂ ਸਾਹਿਬ ਨੇ ਬਿਭਚਾਰਨਾਂ ਨੂੰ "ਕੁਨਾਰ, ਕੁਲੱਖਣੀ, ਮਨਮੁਖ, ਮੈਲੀ (ਗੰਦੀ), ਨਿਮਾਣੀ, ਦੋਹਾਗਣੀ, ਡੂੰਮਣੀ, ਕਾਮਣੀ" ਆਦਿ ਘ੍ਰਿਣਤ ਸ਼ਬਦਾਂ ਨਾਲ ਯਾਦ ਕੀਤਾ ਹੈ। ਫਿਰ ਬਿਭਚਾਰੀ ਲੋਕ ਗੁਰੂ ਘਰ ਵਿਖੇ ਕਿਵੇਂ ਆਦਰ ਪਾ ਸਕਦੇ ਨੇ ?

ਜੋ ਪਤੀਬ੍ਰਤ ਧਰਮੋਂ ਗਿਰਦੀਆਂ ਹੈਨ ! "ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥" (ਸਾਰੰਗ ਮ: ੧, ੧੧੯੭) ਦਰਜੇ ਵਿਚ ਹੈਨ। ਉਨ੍ਹਾਂ ਦਾ ਪਤਨੀ ਸੁਪਤਨੀ ਦਰਜਾ ਨਹੀਂ ਰਹਿੰਦਾ। ਇਸੀ ਤਰ੍ਹਾਂ ਜੋ ਕੁਕਰਮੀ ਤਿਨ੍ਹਾਂ ਭ੍ਰਿਸ਼ਟਾਂ ਦਾ ਸੰਗ ਕਰਦੇ ਨੇ ਉਹ ਭੀ ਮਹਾਂ ਭ੍ਰਿਸ਼ਟ ਮੰਨੇ ਗਏ ਨੇ ਤੇ ਪਤੀ ਦਰਜੇ ਤੋਂ ਖਾਰਜ ਹਨ। ਗੁਰੂ ਘਰ ਵਿਚ ਅੰਮ੍ਰਿਤ ਪਾਨ ਕਰਾਉਣ ਸਮੇਂ ਹਰ ਇਕ ਸਿੱਖ (ਇਸਤ੍ਰੀਆਂ ਤੇ ਮਰਦਾਂ) ਲਈ ਇਹ ਉਪਦੇਸ਼ ਪੰਜ ਪਿਆਰਿਆਂ ਵਲੋਂ ਮਿਲਦਾ ਹੈ ਕਿ ਅੱਜ ਤੋਂ ਤੁਸੀਂ (ਇਸਤ੍ਰੀਆਂ ਲਈ) ਆਪਣੇ ਪਤੀ ਤੋਂ ਬਿਨਾਂ ਅਨ-ਪੁਰਸ਼ਾਂ ਨੂੰ ਇਸਤ੍ਰੀ ਰੂਪ ਵਿਚ ਦੇਖਣਾ ਹੋਵੇਗਾ, ਪੰਜਾਂ ਪਿਆਰਿਆਂ ਵਲੋਂ ਇਹ ਉਪਦੇਸ਼ ਮਿਲਦਾ ਹੈ, ਵੱਡਿਆਂ ਨੂੰ ਪਿਤਾ ਸਮਾਨ, ਬਰਾਬਰ ਦੇ ਭਰਾਤਾ ਅਰ ਛੋਟੇ ਪੁਤਰਾਂ ਸਮਾਨ ਮੰਨਣੇ ਹੋਣਗੇ। ਇਸੇ ਤਰ੍ਹਾਂ ਮਰਦਾਂ ਲਈ ਉਪਦੇਸ਼ ਹੁੰਦਾ ਹੈ ਕਿ ਅੱਜ ਤੋਂ ਤੁਸੀਂ ਆਪ ਤੋਂ ਵੱਡੀਆਂ ਇਸਤ੍ਰੀਆਂ ਨੂੰ ਮਾਤਾ ਸਦਰਸ਼ ਅਰ ਬਰਾਬਰ ਦੀਆਂ ਭੈਣਾਂ ਵਤ ਅਤੇ ਆਪ ਤੋਂ ਛੋਟੀਆਂ ਨੂੰ ਧੀਆਂ ਸਦਰਸ਼ ਜਾਣਨਾ ਹੋਊਗਾ। ਸੋ ! ਇਹੋ ਖਾਲਸਾ ਰਹਿਤ ਹੈ।

Sri Satguru Jagjit Singh Ji eLibrary NamdhariElibrary@gmail.com

"ਪਰਬੇਟੀ ਕੋ ਬੇਟੀ ਜਾਨੈ। ਪਰਇਸਤ੍ਰੀ ਕੋ ਮਾਤ ਪਛਾਨੈ। ਅਪਨੀ ਇਸਤ੍ਰੀ ਸੋਂ ਰਤ ਹੋਈ। ਰਹਿਤਵਾਨ ਗੁਰ ਕਾ ਸਿੰਘ ਸੋਈ॥" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਮਣਾ ਇਸਤ੍ਰੀਆਂ ਨੂੰ ਭੀ ਜੋ ਕਿ ਸ਼ਿਵਨਾਭ ਰਾਜੇ ਵਲੋਂ ਆਪ ਜੀ ਦੀ ਪ੍ਰੀਖਿਆ ਹਿਤ ਘੱਲੀਆਂ ਸਨ ਅਰਥਾਤ ਮੋਹਣ ਆਈਆਂ ਸਨ, ਤਿਨ ਕੋ ਪੁਤ੍ਰੀਆਂ ਸ਼ਬਦ ਨਾਲ ਉਪਦੇਸ਼ ਦਿਤਾ ਹੈ, ਯਥਾ:-"ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮ ਭਣਹੁ ਸਚ ਦੋਤੁ ਸਵਾਰਿ॥"(ਬਸੰਤ ਮ: ੧, ਪੰਨਾ ੧੧੮੭) ਇਸ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਅਨਇਸਤ੍ਰੀ ਨੂੰ ਦਰਜੇ-ਬਦਰਜੇ ਬੀਬੀ, ਭੈਣ, ਮਾਤਾ, ਬੇਬੇ ਜੀ ਆਦਿ ਸ਼ਬਦ ਕਹਿਣ ਦਾ ਅਧਿਕਾਰ ਹੈ ਅਤੇ ਬਿਭਚਾਰ ਵਲੋਂ ਸਖਤ ਮਨਾਹੀ ਹੀ ਨਹੀਂ ਬਲਕਿ ਏਹ ਕੁਕਰਮ ਬੱਜਰ ਕੁਰਹਿਤ ਮੰਨੀ ਗਈ ਹੈ। ਤਾਂਤੇ ਪਤੀਬ੍ਰਤ ਧਰਮ ਇਹ ਹੈ, "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥" (ਵਾਰ ਸੂਹੀ ਮ: ੩, ਪੰਨਾ ੭੮੮) ਇਸ ਤੋਂ ਸਪੱਸ਼ਟ ਹੈ ਕਿ ਇਸਤ੍ਰੀਬ੍ਰਤ ਅਰ ਪਤੀਬ੍ਰਤ ਧਰਮ ਨੂੰ ਕਾਇਮ ਰੱਖਣਾ ਹੀ ਸਿੱਖੀ ਧਰਮ ਹੈ ਅਰ ਇਸ ਤੋਂ ਵਿਰੁੱਧਤਾ ਨੂੰ ਖਾਲਸਾ ਰਹਿਤਨਾਮੇ ਵਿਖੇ ਬਿਭਚਾਰ ਦਸਿਆ ਹੈ—"ਆਨੰਦ ਬਿਨਾ ਜੋ ਭੋਗੇ ਨਾਰ॥ ਜਮ ਪੁਰ ਬਧੇ ਹੋਇ ਖੁਆਰ॥ ਬਿਨ ਅਨੰਦ ਬਿਭਚਾਰ ਸਮਾਨੈ॥ ਕਰ ਆਨੰਦ ਨਿਜ ਨਾਰ ਪਛਾਨੈ॥" ਉਕਤ ਰਹਿਤ ਨਿਰਨਯ ਤੋਂ ਇਹ ਭੀ ਸਿੱਧ ਹੈ ਕਿ ਕੋਈ ਸਿੱਖ ਅਨਮਤ ਰੀਤੀ ਨਾਲ ਸ਼ਾਦੀ ਕੀਤੀ ਹੋਈ ਇਸਤ੍ਰੀ ਨਾਲ ਭੀ ਅਨੰਦ ਕੀਤੇ ਬਿਨਾਂ ਸਬੰਧ ਨਹੀਂ ਰੱਖ ਸਕਦਾ ਅਰਥਾਤ ਪਿਛਲੀ ਰੀਤੀ ਤੋੜ ਕੇ ਮੁੜ ਅਨੰਦ ਵਿਵਾਹ ਹੋਣਾ ਜ਼ਰੂਰੀ ਹੈ। (ਦੇਖੋ ਅਨੰਦ ਮ੍ਰਯਾਦਾ ਪ੍ਰਕਾਸ਼)। ਅਨਮਤਣ ਇਸਤ੍ਰੀ ਨਾਲ ਇਸਤ੍ਰੀ ਸਬੰਧ ਭੀ ਬਿਭਚਾਰ ਦੇ ਸਮਾਨ ਮੰਨਿਆ ਹੈ। ਇਸੇ ਤਰ੍ਹਾਂ ਬਿਭਚਾਰ ਦੇ ਡਰ ਤੋਂ ਸਿੱਖ ਧਰਮ ਵਿਖੇ [੬]ਵਿਧਵਾ ਰੱਖਣ ਦਾ ਰਿਵਾਜ ਕਤਈ ਬੰਦ ਹੈ। ਕਿਉਂਕਿ "ਜਿਉ ਤਨ ਬਿਧਵਾ ਪਰ ਕਉ ਦੇਈ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ॥ ਬਿਨ ਪਿਰ ਤ੍ਰਿਪਤਿ ਨ ਕਬਹੂੰ ਹੋਈ॥" (ਗਉੜੀ ਮ: ੧, ਪੰਨਾ ੨੨੬) ਭਾਵ ਵਿਧਵਾ ਲਈ ਭੀ ਜ਼ਰੂਰੀ ਹੈ ਕਿ ਉਹ ਆਪਣੀ ਰੁਚੀ ਮੁਜਬ ਪਤੀ ਕਾਇਮ ਕਰੇ ਤੇ ਬਿਭਚਾਰ ਕਰਮ ਤੋਂ ਬਚੇ। ਇਹੋ ਧਾਰਨਾ ਪੁਰਸ਼ਾਂ ਲਈ ਹੈ ਕਿ ਉਹ ਵੱਸ ਲਗਦੇ ਸ਼ਾਦੀ-ਸ਼ੁਦਾ ਹੋਣ, ਤਾਂਕਿ ਮਨ ਨੂੰ ਥਿਰਤਾ ਹੋਵੇ ਅਰ ਬਿਭਚਾਰ ਦੀ ਭ੍ਰਿਸ਼ਟਾ ਚਾਲ ਨਾ ਫੈਲੇ।

੬. "ਹਾਏ ਅਫਸੋਸ ! ਸੰਨ ੧੯੦੦ ਦੀ ਇਕ ਸਰਕਾਰੀ ਰੀਪੋਟ ਵਿਚ ਦਰਜ ਹੈ ਕਿ ਹਿੰਦੁਸਤਾਨ ਵਿਚ ਇਕ ਬਰਸ ਤੋਂ ਘੱਟ ਉਮਰ ਦੀਆਂ ਵਿਧਵਾ ਲੜਕੀਆਂ ਇਕ ਹਜ਼ਾਰ ਚੌਸਟ, ਦੋ ਬਰਸ ਤੱਕ ਦੀਆਂ ਬਾਰਾਂ ਸੌ ਸਤਾਰਾਂ, ਤਿੰਨ ਬਰਸ ਤਕ ਦੀਆਂ ਬਾਈ ਸੌ ਸਤਾਰਾਂ, ਚਾਰ ਬਰਸ ਦੀਆਂ ਪੰਤਾਲੀ ਸੌ ਤੇਰਾਂ, ਪੰਜ ਬਰਸ ਤਕ ਦੀਆਂ ਦਸ ਹਜ਼ਾਰ ਚਾਰ ਸੌ ਬਾਈਸ, ਦਸ ਬਰਸ ਦੀਆਂ ਪਚਾਸੀ ਹਜ਼ਾਰ ਸਤ ਸੌ ਅਠਾਨਵੇਂ, ਪੰਦਰਾਂ ਬਰਸਾਂ ਦੀਆਂ ਦੋ ਲੱਖ ਪਝੰਤਰ ਹਜ਼ਾਰ ਅੱਠ ਸੌ ਬਾਸਠ, ਤੀਸ ਬਰਸ ਦੀਆਂ ਨੌ ਲੱਖ ! ਫਿਰ ਬੇੜਾ ਕਿਉਂ ਨਾ ਡੁਬੇ ?"

Sri Satguru Jagjit Singh Ji eLibrary NamdhariElibrary@gmail.com

ਸਿਧਾਂਤ ਕੀ ! ਗੁਰੂ ਘਰ ਵਿਖੇ ਹਰ ਤਰ੍ਹਾਂ ਸੇ ਬਿਭਚਾਰੀ ਆਦਮੀ ਭ੍ਰਿਸ਼ਟ ਮੰਨੇ ਗਏ ਹਨ, ਯਥਾ:-"[੭]ਮੁਸਲੀ ਡੂਮਣ ਦੂਤੀ ਚੇਲੀ ॥ ਬਿਭਚਾਰਨ ਜੋ ਫਿਰੈ ਇਕੇਲੀ ॥ ਨਿਜ ਯਾ ਆਨ ਵਰਣ ਕੀ ਨਾਰਿ ॥ ਇਨਸੇ ਸਿੰਘ ਨਾ ਕਰੇ ਪਿਆਰ ॥ ਪਿਆਰ ਕਰੇ ਹੋਵੇ ਕੁਲ ਹਾਨੀ ॥ ਤਾਂਤੇ ਇਨ ਕੋ ਤਜੇ ਗਿਆਨੀ ॥" (ਖਾਲਸਾ ਰਹਿਤਨਾਮਾ) ਸਿੱਟਾ ਕੀ ! ਬਿਭਚਾਰ ਦਾ ਫਲ ਇਹ ਹੈ, 'ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥" (ਮਾਰੂ ਮ: ੨, ਪੰਨਾ ੧੦੨੯) ਭਾਵ ਬਿਭਚਾਰ ਹਰਾਮ ਦੀ ਉਲਾਦ ਪੈਦਾ ਕਰਨ ਦਾ ਗੰਦਾ ਪ੍ਰਚਾਰ ਹੈ ਅਤੇ ਪੂਰਨ ਭ੍ਰਿਸ਼ਟਾਚਾਰ ਹੈ ।

## ਬਿਭਚਾਰ ਦੀ ਸਖਤ ਵਿਰੋਧਤਾ

1. *ਜਿਉਂ ਬਹੁ ਮਿਤੀ ਵੇਸੁਆ ਸਭਿ ਕੁਲਖਣ ਪਾਪ ਕਮਾਵੈ ।*
*ਲੋਕਹੁ ਦੇਸਹੁ ਬਾਹਰੀ ਤਿਹੁ ਪਖਾਂ ਨੋ ਅਉਲੰਗੁ ਲਾਵੈ ।*
*ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ ।*
*ਘੰਡਾ ਹੇੜਾ ਮਿਰਗ ਜਿਉਂ ਦੀਪਕ ਹੋਇ ਪਤੰਗ ਜਲਾਵੈ ।*
*ਦੁਹੀ ਸਰਾਈ ਜਰਦਰੂ ਪਥਰ ਬੇੜੀ ਪੂਰ ਡੁਬਾਵੈ ।*
*ਮਨਮੁਖ ਮਨੁ ਅਠ ਖੰਡ ਹੋਇ ਦੁਸ਼ਟਾ ਸੰਗਤਿ ਭਰਮਿ ਭੁਲਾਵੈ ।*
*ਵੇਸੁਆ ਪੁਤੁ ਨਿਨਾਉ ਸਦਾਵੈ ॥੧੧॥*

*(ਵਾਰ ੫, ਪਉੜੀ ੧੭)*

2. *ਪਰ ਧਨ ਸੂਅਰ ਗਾਇ ਜਿਉਂ, ਮਕਰੂਹ ਹਿੰਦੂ ਮੁਸਲਮਾਣੈ ।*
*ਘਰ ਬਾਰੀ ਗੁਰ ਸਿਖੁ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ ।*
*ਪਾਰਬ੍ਰਹਮੁ ਪੂਰਨ ਬ੍ਰਹਮੁ ਗਿਆਨੁ ਧਿਆਨੁ ਗੁਰਸਿਖ ਸਿਞਾਣੇ ।*

*(ਵਾਰ ੬, ਪਉੜੀ ੮)*

3. *ਹਉ ਤਿਸ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ।*

*(ਵਾਰ ੧੨, ਪਉੜੀ ੪)*

4. *ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ ।*
*ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰੁਣੀ ।*

*(ਵਾਰ ੨੭, ਪਉੜੀ ੧੦)*

5. *ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।*

੭. ਇਥੇ ਮੁਸਲੀ ਦੇ ਅਰਥ ਵੇਸਵਾ ਹਨ; 'ਇਸ ਦੇ ਅਰਥ ਮੁਸਲਮਾਨੀ ਕਿਧਰੇ ਬੀ ਨਾ ਆਏ ॥'

Sri Satguru Jagjit Singh Ji eLibrary NamdhariElibrary@gmail.com

*ਉਸੁ ਸੂਅਰ ਉਸ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।*

*(ਵਾਰ ੨੯, ਪਉੜੀ ੧੧)*

6. *ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।*
*ਪੁਤੁ ਜਣੇ ਜੇ ਵੇਸੁਆ ਨਾਨਕਿ ਦਾਦਕਿ ਨਾਉਂ ਨ ਕੋਈ।*
*ਨਰਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ।*
*ਘੰਡਾਹੇੜੁ ਅਹੇੜੀਆਂ ਮਾਣਸ ਮਿਰਗ ਵਿਣਾਹੁ ਸਥੋਈ।*
*ਏਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ।*
*ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ ਸੋਈ।*
*ਵਿਗੜੈ ਆਪਿ ਵਿਗਾੜੈ ਲੋਈ ॥੯॥*

*(ਵਾਰ ੩੩, ਪਉੜੀ ੯)*

**ਸਾਹੁਰੁ ਪੀਹਰੁ ਪਲਰੈ ਹੋਇ ਨਿਲਜ ਨ ਲਜਾ ਧੋਵੈ।**
**ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਣਿ ਖੁਸ਼ੀ ਕਿਉ ਹੋਵੈ।**
**ਸਮਝਾਈ ਨਾ ਸਮਝਈ ਮਰਣੇ ਪਰਣੇ ਲੋਕੁ ਵਿਗੋਵੈ।**
**ਧਿਰਿ ਧਿਰਿ ਮਿਲਦੇ ਮੇਹਣੇ ਹੁਇ ਸਰਮਿੰਦੀ ਅੰਝੂ ਰੋਵੈ।**
**ਪਾਪ ਕਮਾਣੇ ਪਕੜੀਐ ਹਾਣਿ ਕਾਣਿ ਦੀਬਾਣਿ ਖੜੋਵੈ।**
**ਮਰੈ ਨ ਜੀਵੈ ਦੁਖ ਸਹੈ ਰਹੈ ਨ ਘਰਿ ਵਿਚਿ ਪਰ ਘਰ ਜੋਵੈ।**
**ਦੁਬਿਧਾ ਅਉਗੁਣ ਹਾਰੁ ਪਰੋਵੈ ॥੬॥** *(ਵਾਰ ੩੩, ਪਉੜੀ ੬)*

ਉਕਤ ਪੰਜੇ ਅੰਕਾਂ ਵਿਖੇ ਬਿਭਚਾਰ ਸਬੰਧੀ ਸਭ ਕੁਝ ਖੰਡਣ ਆ ਜਾਂਦਾ ਹੈ, ਬਲਕਿ ਸਿਖ ਨਿਯਮਾਂ ਵਿਚੋਂ "ਇਕ ਇਸਤ੍ਰੀ ਵਾਲਾ" (ਏਕਾ ਨਾਰੀ ਜਤੀ ਹੋਇ ਨਿਯਮ ਭੀ ਸਪੱਸ਼ਟ ਹੈ।

ਯੂਰਪ ਆਦਿ ਦੇਸਾਂ ਵਿਖੇ ਵਿਸ਼ੇਸ਼ ਕਰਕੇ ਈਸਾਈ ਕੌਮਾਂ ਵਿਚ "ਅੱਜ ਕਲ੍ਹ ਦੀ ਸੱਭਿਅਤਾ ਜਾਂ ਸੁਧਾਰ ਮੂਜਬ ਇਕ ਪੁਰਸ਼ [੮]ਇਕੋ ਇਸਤ੍ਰੀ ਨਾਲ ਸ਼ਾਦੀ ਕਰ ਸਕਦਾ ਹੈ ਅਰ ਦੂਜੀ ਨੂੰ ਤਲਾਂਜਲੀ (ਤਲਾਕ) ਹੋਣੇ ਪਰ ਹੀ ਦੂਜੀ ਇਸਤ੍ਰੀ ਨਾਲ ਸ਼ਾਦੀ ਹੋ ਸਕਦੀ ਹੈ। ਇਹੋ ਨਿਯਮ ਇਸਤ੍ਰੀ ਲਈ ਨੇ, ਸਿੱਖ ਧਰਮ ਦਾ ਭੀ ਇਹੋ ਅਸੂਲ ਹੈ, ਪਰੰਤੂ ਸਿਖ ਨਿਯਮਾਂ ਵਿਚ ਇਹ ਵਾਧਾ ਹੈ ਕਿ ਬਿਭਚਾਰ ਕੋਈ ਨਹੀਂ ਕਰ ਸਕਦਾ, ਪਰੰਤੂ ਹੋਰ ਕੌਮਾਂ ਵਿਚ ਬਿਭਚਾਰ ਬੰਦਸ਼ ਦੀ ਸਿਖਾਂ ਦੀ ਤਰ੍ਹਾਂ ਕੋਈ ਖਾਸ ਪਾਬੰਦੀ ਨਹੀਂ, ਬਲਕਿ **ਰਜ਼ਾਮੰਦੀ ਬਿਭਚਾਰ ਨੂੰ ਅਕਸਰ ਕਾਨੂੰਨੀ ਸਜ਼ਾ**

੮. ਦੂਜੀ ਸ਼ਾਦੀ ਦੀ ਲੋੜ ਅਰ ਅਵਿਕਾਰ ਦੱਸਣ ਲਈ ਸਿਖ ਕਾਨੂੰਨ ਗ੍ਰੰਥ ਦੇ "ਅਨੰਦ ਸੰਸਕਾਰ" ਭਾਗ ਵਿਖੇ ਖੋਲ੍ਹ ਕੇ ਦੱਸਿਆ ਹੈ। ਦੂਜੀ ਸ਼ਾਦੀ ਅਰ ਤਲਾਕ ਸਬੰਧੀ ਸਿੱਖ ਕਾਨੂੰਨ ਗ੍ਰੰਥ ਵਿਚ ਭੀ ਜ਼ਿਕਰ ਹੈ।

Sri Satguru Jagjit Singh Ji eLibrary NamdhariElibrary@gmail.com

**ਤੋਂ ਭੀ ਬਰੀ ਦੇਖੀਦਾ ਹੈ,** ਸਿੱਖਾਂ ਦੀ ਤਰ੍ਹਾਂ ਪਰਇਸਤ੍ਰੀ ਜਾਂ ਪਰਪੁਰਖ-ਗਾਮਤਾ ਬੱਜਰ ਕੁਰਹਿਤ ਕਿਧਰੇ ਭੀ ਨਹੀਂ ਮੰਨੀ ਗਈ। ਬੇਸ਼ਕ ਜ਼ਬਰ ਜਨਾਹ ਦੀ ਕਰੜੀ ਸਜ਼ਾ ਹੈ, ਪਰ ਰਜ਼ਾਮੰਦੀ ਦੀ ਨਹੀਂ ਹੈ। ਭਾਵੇਂ ਹਿੰਦੂ ਗ੍ਰੰਥਾਂ ਵਿਚ ਪਰਇਸਤ੍ਰੀ-ਗਾਮਤਾ ਅਰਥਾਤ ਬਿਭਚਾਰ ਦੀ ਬੰਦਸ਼ ਲਈ ਯਤਨ ਤੇ ਸਜ਼ਾਵਾਂ ਮਿਲਦੀਆਂ ਰਹੀਆਂ ਦੇ ਜ਼ਿਕਰ ਮਿਲਦੇ ਹੈਨ, ਜਿਹਾ ਕਿ ਸੋਮ ਰਾਜ ਤੇ ਵਰਨ ਦੇ ਦੇਵ ਪ੍ਰਸੰਗ ਹੈਨ। ਸੋਮ ਰਾਜ ਨੇ ਦੇਵਤਿਆਂ ਦੇ ਆਚਾਰਜ ਬ੍ਰਹਸਪਤੀ ਦੀ ਇਸਤ੍ਰੀ "ਤਾਰਾ" ਦਾ ਸਤ ਭੰਗ (ਅਪ੍ਰਾਧ ਕਰਨ ਦਾ ਹੀਆ) ਕੀਤਾ ਜਿਸ ਕਾਰਨ ਸੋਮਰਾਜ ਨੂੰ ਸਿਰ ਕੱਟਣ ਦੀ ਸਜ਼ਾ ਦੀ ਥਾਂ ਸਿਰ ਮੂੰਹ ਮੰਡਣ ਦੀ ਸਜ਼ਾ ਮਿਲੀ, ਪ੍ਰੰਤੂ ਲੜਕਾ ਸੋਮਰਾਜ ਦਾ ਹੋਣ ਕਰਕੇ (ਤਾਰਾ ਦੇ ਫੈਸਲੇ ਪਰ) ਉਸ ਨੂੰ ਦਿਲਾਇਆ ਗਿਆ, ਜਿਸ ਦਾ ਨਾਮ ਬੁੱਧ ਦੱਸਿਆ ਹੈ। ਇਹੋ ਚੰਦ੍ਰਵੰਸੀ ਕੁਲ ਦਾ ਭੀ ਮੰਨਿਆ ਹੈ। ਇਸੀ ਤਰ੍ਹਾਂ ਦਾ ਇਕ ਪ੍ਰਸੰਗ ਮਹਾਂਭਾਰਥ ਵਿਖੇ ਭੀ ਆਉਂਦਾ ਹੈ ਕਿ ਉਤਸ਼ੇਹ ਨਾਮੀ ਬ੍ਰਾਹਮਣ ਦੀ ਇਸਤ੍ਰੀ ਨੂੰ ਵਰਮ ਦੇਵ ਚੋਰੀ ਚੁੱਕ ਕੇ ਲੈ ਗਿਆ ਸੀ, ਜਿਸ ਪਰ ਰਿਖੀ ਮੰਡਲ ਦਾ ਫੈਸਲਾ ਇਹ ਹੋਇਆ, ਕਿ ਵਰਨ ਦੇਵ ਦਾ ਸਿਰ ਮੂੰਹ ਮੁੰਡਿਆ ਜਾਵੇ। ਉਸ ਸਮੇਂ ਇਹ ਸਭ ਤੋਂ ਵੱਧ ਕਰੜੀ ਸਜ਼ਾ ਸੀ। ਸੋ ਇਸ ਤਰ੍ਹਾਂ ਦੇ ਕਈ ਜ਼ਿਕਰ ਹੈਨ। ਬਲਕਿ "ਸਤੀ ਹੋਣ" ਦਾ ਭੀ ਇਹੋ ਭਾਵ ਸੀ ਕਿ ਇਸਤ੍ਰੀ ਨੂੰ ਕਿਸੀ ਦੂਜੇ ਮਰਦ ਨਾਲ ਸਬੰਧ ਕਰਨ ਦਾ ਸਮਾਂ ਨਾ ਮਿਲੇ। ਇਸੀ ਦੀ ਇਕ ਸ਼ਾਖ ਵਿਧਵਾ ਰੱਖਣਾ ਹੈ, ਪ੍ਰੰਤੂ ਇਸ ਦੇ ਫਲ ਮੰਦੇ ਹੀ ਨਿਕਲਦੇ ਗਏ, ਕਿਉਂਕਿ "ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ [੯]ਭਰਤਾਰੇ।" (ਪੰਨਾ ੧੨੬੮) ਅਰਥਾਤ ਪਤੀ ਹੋਣਾ ਕੁਦਰਤੀ ਨਿਯਮ ਹੈ ਤੇ ਇਸੀ ਵਿਚ ਸੋਭਾ ਤੇ ਉੱਚਾ ਆਚਰਣ ਕਾਇਮ ਰਹਿੰਦਾ ਹੈ।

ਮਨੂ ਸਿਮ੍ਰਤੀ ਦੇ ਅਧਿਆਯ ਸਲੋਕ ੩੭ ਦਾ ਸਾਫ ਭਾਵ ਹੈ ਕਿ ਬਿਭਚਾਰੀ ਅਧਰਮੀ ਮਨੁਸ਼ ਨੂੰ ਲੋਹੇ ਦੇ ਜਲਦੇ (ਅਗਨ ਨਾਲ ਤਪਾਏ ਹੋਏ) ਮੰਜੇ ਪਰ ਡਾਲ

੯. ਅਕਾਲ ਪੁਰਖ ਨੇ ਇਸਤ੍ਰੀ ਤੇ ਮਨੁੱਸ਼ ਦਾ ਜੋੜਾ ਬਣਾਇਆ ਹੈ, ਪਰ ਇਹ ਗੱਲ ਗਲਤ ਹੈ ਕਿ ਇਸਤ੍ਰੀ ਮਨੁੱਖ ਦੇ ਬਹਿਲਾਵੇ ਲਈ ਪੈਦਾ ਕੀਤੀ ਗਈ ਹੈ, ਜਿਹਾ ਕਿ ਬਾਬਾ ਆਦਮ ਤੇ ਅੰਮਾ ਹੱਵਾ ਦੇ ਪ੍ਰਸੰਗ ਵਿਚ ਆਉਂਦਾ ਹੈ। ਅਸਲੋਂ ਇਹ ਇਕ ਦੂਜੇ ਦੀ ਸਹੈਤਾ ਲਈ ਸੱਜੀ ਖੱਬੀ ਬਾਂਹਾਂ ਵਤ ਹਨ, ਇਸ ਬਾਤ ਦਾ ਪ੍ਰਚਾਰ ਕਰਨਾ ਅਤੀ ਭੈੜਾ ਹੈ ਕਿ ਇਸਤ੍ਰੀ ਪਤੀ ਤੋਂ ਬਿਨਾਂ ਆਪਣੀ ਜ਼ਿੰਦਗੀ ਨੂੰ ਸੁਖ ਨਾਲ ਗੁਜ਼ਾਰ ਸਕਦੀ ਹੈ, ਅਥਵਾ ਬਿਨਾਂ ਸ਼ਾਦੀ ਤੋਂ ਰਹਿ ਸਕਦੀ ਹੈ, ਇਸ ਦੇ ਭੈੜੇ ਨਤੀਜੇ ਜੋ ਨਿਕਲੇ ਹਨ, ਉਹ ਬੜੇ ਭਿਆਨਕ ਤੇ ਦੁਖਦਾਈ ਹਨ। ਕਿਸੀ ਨੌਜਵਾਨ ਲੜਕੀ ਨੂੰ ਬਿਨਾਂ ਪਤੀ ਤੋਂ ਰਹਿਣ ਦੀ ਸੰਥਯ ਹੋਣੀ ਬੜੀ ਹੀ ਹਾਨੀਕਾਰਕ ਹੈ, ਬਥੇਰੇ ਨਮੂਨੇ ਪੱਛਮੀ ਕੌਮਾਂ ਵਿਚ ਮਿਲਦੇ ਹਨ. ਜਿਸ ਨੂੰ ਉਹ ਆਪਣੀ ਸੁਤੰਤ੍ਰਤਾ ਪ੍ਰਗਟ ਕਰਦੀਆਂ ਹਨ, ਅਸਲੋਂ ਇਹ ਬੇ-ਮੁਹਾਰੀ ਐਸ਼ਪ੍ਰਸਤੀ ਤੇ ਲੁਕਵੇਂ ਬਿਭਚਾਰ ਦਾ ਪ੍ਰਚਾਰ ਹੈ, ਯਾਂ ਤੇ ਕਿਸੇ ਕੁਆਰੀ ਲੜਕੀ ਨੂੰ ਬਿਨਾਂ ਪਤੀ ਰਹਿਣ ਦੇਣਾ ਭਾਰੀ ਗੁਨਾਹ ਹੀ ਨਹੀਂ ਬਲਕਿ ਕੌਮੀ ਸ਼ਾਨ ਲਈ ਬੜੀ ਹਾਨੀ ਹੋਣੇ ਦਾ ਰਸਤਾ ਹੈ।

Sri Satguru Jagjit Singh Ji eLibrary NamdhariElibrary@gmail.com

ਕੇ ਉਸ ਪਰ ਸਾਰੇ ਲੋਕ ਲੱਕੜਾਂ ਸੁੱਟਣ ਅਰਥਾਤ ਉਨ੍ਹਾਂ ਲੱਕੜਾਂ ਵਿਚ ਬਿਭਚਾਰ ਕਰਨੇ ਵਾਲਾ ਸੜੇ ਬਲੇ ! ਭਾਵੇਂ ਇਹ ਸਜ਼ਾ ਹੱਦ ਦਰਜੇ ਦੀ ਲਿਖੀ ਹੈ। ਏਂਵੇਂ ਚੀਨ ਆਦਿ ਦੇਸਾਂ ਵਿਚ ਭੀ ਬਿਭਚਾਰੀ ਇਸਤ੍ਰੀਆਂ ਪੁਰਸ਼ਾਂ ਨੂੰ ਰੱਸੇ ਨਾਲ ਇਕੱਠੇ ਬੰਨ੍ਹ ਕੇ ਗਹਿਰੇ ਸਮੁੰਦਰ ਆਦਿ ਵਿਚ ਸੁੱਟ ਕੇ ਮਾਰਦੇ, ਪਰ ਇਹ ਇਨਸਾਨੀਅਤ ਤੋਂ ਬਾਹਰ ਸਜ਼ਾਵਾ ਹੋਣ ਕਰਕੇ ਇਸ ਨੂੰ ਮੌਜੂਦਾ ਸਮੇਂ ਦੇ ਕਾਨੂੰਨ ਹੀ ਨਾ ਮੰਨਣ ! ਇਸ ਤੋਂ ਇਲਾਵਾ ਮਨੂ ਸਿਮ੍ਰਿਤੀ ਵਿਖੇ ਇਸ ਭਾਵ ਦੇ ਫਤਵੇ ਭੀ ਹੈਨ ਕਿ ਮਾਤਾ ਨਾਲ ਭੋਗ ਕਰਨ ਵਾਲੇ ਦੀ ਇੰਦਰੀ ਕੱਟ ਦਿੱਤੀ ਜਾਏ, ਇੱਕਰ ਦੀਆਂ ਸਜ਼ਾਵਾਂ ਗੁਰੂ ਪਤਨੀ ਗਵਨ ਆਦਿ ਬਾਰੇ ਭੀ ਲਿਖੀਆਂ ਹੈਨ, ਪਰੰਤੂ ਇਹ ਭੁੱਲਾਂ ਨੂੰ ਸੁਧਾਰਣ ਦੇ ਵੀਚਾਰ ਨਹੀਂ ਹੈਨ। ਇਸ ਦਾ ਫਲ ਇਹ ਹੈ ਕਿ ਬਿਭਚਾਰੀ ਲੋਕਾਂ ਨੇ ਭਰਜਾਈ ਜੋ ਵੱਡੀ ਹੈ ਉਹ ਮਾਤਾ ਸਦਰਸ਼ ਸੀ, ਅਰ ਛੋਟੀ ਭਰਜਾਈ ਭੈਣ ਸਦਰਸ਼ ਸੀ, ਅਤੇ ਸਾਲੀ (ਇਸਤ੍ਰੀ ਦੀ ਭੈਣ) ਬੇਟੀ ਜਾਂ ਭੈਣ ਸਮਾਨ ਰਿਸ਼ਤਾ ਹੋਣਾ ਚਾਹੀਦਾ ਹੈ, ਪਰੰਤੂ ਸ਼ੋਕ ! ਉਸ ਨੂੰ ਬਿਭਚਾਰ ਦੀ ਥਾਂ ਰੱਖ ਲਿੱਤਾ, ਆਮ ਕਰਕੇ ਇਸ ਤਰ੍ਹਾਂ ਭਰਜਾਈਆਂ, ਸਾਲੀਆਂ ਆਦਿ ਨਾਮ ਸੇ ਬਿਭਚਾਰ ਹੁਣ ਕਲੀ ਕਾਲ ਬਨਾਉਣ ਲਈ ਏਥੇ ਤੀਕ ਬੇ-ਸ਼ਰਮੀ ਫੜਦਾ ਜਾ ਰਿਹਾ ਹੈ ਕਿ ਤਾਈ, ਚਾਚੀ, ਨੂੰਹ ਤੀਕ ਉੱਪੜ ਗਿਆ ਹੈ, ਭੂਆ ਦੀਆਂ ਧੀਆਂ ਅਤੇ ਤਾਏ ਚਾਚੇ ਛੱਡ ਕੇ ਆਮ ਭਾਈਚਾਰੇ ਜਾਂ ਗੋਤਾ ਦੀ ਸੁਸਾਇਟੀ ਵਿਚ ਵਿਘਨ ਜਾ ਪਾਏ ! ਸਿਆਣੇ [੧੦]ਆਚਾਰਜ ਨਿੱਤ ਨਵੇਂ ਸੁਧਾਰ ਕਰਦੇ ਆਏ ਪਰ ਬਿਭਚਾਰੀ ਹਮੇਸ਼ਾਂ ਨਵਾਂ ਰਸਤਾ ਢੂੰਡ ਕੇ ਬੰਧਾਨ ਜਾਂ ਇਨਸਾਨੀ ਸੱਭਿਅਤਾ ਨੂੰ ਤੋੜਦੇ ਰਹਿੰਦੇ ਨੇ।

ਮੁਸਲਮਾਨਾਂ ਵਿਚ ਸ਼ਰ੍ਹਾ ਸੇ ਚਾਰ ਇਸਤ੍ਰੀਆਂ ਨਾਲ ਸ਼ਾਦੀਆਂ ਕਰਨੀਆਂ ਜਾਇਜ਼ ਮੰਨ ਲਿੱਤੀਆਂ, ਪਰ ਲੌਂਡੀਆਂ ਨਾਲ ਮਨਾਹੀ ਨਹੀਂ ਰੱਖੀ ਅਤੇ ਇਹ ਨਹੀਂ ਸੋਚਿਆ ਜੇ ਇੱਕ ਪੁਰਸ਼ ਚਾਰ ਇਸਤ੍ਰੀਆਂ ਰਖੇ ਤਾਂ ਸਾਰੇ ਪੁਰਸ਼ਾਂ ਲਈ ਚਾਰ ਗੁਣਾ ਇਸਤ੍ਰੀਆਂ ਕਿੱਥੋਂ ਆਉਣਗੀਆਂ ? ਅਰ ਜਿਨ੍ਹਾਂ ਨੂੰ ਇਕ ਭੀ ਨਾ ਮਿਲੀ ਉਹ ਕੀ ਅਸੂਲ ਵਰਤਣਗੇ ? ਜਿਸ ਪਰ ਲੋਕਾਂ ਨੇ ਵੇਸਵਾਗਾਮੀ ਪ੍ਰਚਾਰ ਸ਼ੁਰੂ ਕਰ ਦਿੱਤਾ। ਤਕਰੀਬਨ ਇਹ ਰਿਵਾਜ ਮੁਸਲਮਾਨੀ ਸ਼ਰ੍ਹਾ ਦੇ ਪ੍ਰਚਾਰ ਦਾ ਫਲ ਹੀ ਮੰਨਿਆ ਜਾ ਸਕਦਾ ਹੈ। ਗਿਣਤੀ ਸੇ ਵੇਸਵਾ ਮੁਸਲਮਾਨੀਆਂ ਹੀ ਵੱਧ ਨਿਕਲਣਗੀਆਂ, ਪਰ ਹੁਣ ਇਹ ਪਰਚਾਰ ਸਾਰੇ ਚੱਕ੍ਰ ਲਗਾ ਰਿਹਾ ਹੈ। ਹਿੰਦੂ ਧਰਮ ਵਿਚ ਵੇਸਵਾ ਦਾ ਕੋਈ ਧਰਮ ਨਹੀਂ ਮੰਨਿਆ ਹੈ। ਸਿੱਖ ਅਸੂਲ ਵੇਸਵਾ ਪ੍ਰਚਾਰ ਤੋਂ ਸਖਤ ਵਿਰੁੱਧ

੧੦. ਸਤਿਗੁਰੂ ਨਾਨਕ ਦੇਵ ਜੀ ਜੋ ਕਿ ਜਗਤ ਸੁਧਾਰਕ ਤੇ ਸਰਬ ਸ਼ਰੋਮਣੀ ਗੁਰੂ ਹਨ, ਆਪ ਨੇ ਪਰਇਸਤ੍ਰੀ ਯਾ ਪਰਪੁਰਖ-ਗਾਮਤਾ ਨੂੰ ਬੱਜਰ ਕਰਹਿਤ ਥਾਪ ਕੇ ਮਨੁੱਖ ਦੇ ਸਦਾਚਾਰ ਦਾ ਧੁਰਵਾ ਬੰਨ੍ਹ ਦਿਤਾ।

Sri Satguru Jagjit Singh Ji eLibrary NamdhariElibrary@gmail.com

ਹੈ ਪਰ ਮੁਸਲਮਾਨਾਂ ਵਿਚ ਕਲਮਾਂ ਤੇ ਨਿਮਾਜ਼ ਆਦਿ ਦੀ ਵੇਸਵਾਵਾਂ ਜਾਂ ਕੰਜਰਾਂ ਨੂੰ ਪੂਰਨ ਤੌਰ ਪਰ ਮਨਾਹੀ ਜਾਂ ਵਖਤਾ ਨਹੀਂ। ਕੰਜਰ ਲੋਕ [੧੧]ਰੋਜ਼ੇ ਆਦਿ ਭੀ ਰੱਖਦੇ ਹਨ। ਇਸੇ ਤਰ੍ਹਾਂ ਈਸਾਈਆਂ, ਜੈਨੀਆਂ, ਧੋਬੀਆਂ ਆਦਿ ਵਿੱਚ ਭੀ ਕਈ ਰਿਵਾਜ ਹਨ। ਚੀਨ ਵਿਚ ਵੱਡਾ ਧਨੀ ਉਹ ਹੈ ਜਿਸ ਦੇ ਬਹੁਤੀਆਂ ਇਸਤ੍ਰੀਆਂ ਹੋਵਣ। ਹਿੰਦੂਆਂ ਵਿਚ ਇਹੋ ਰਿਵਾਜ ਸੀ, ਜਿਵੇਂ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਤਿੰਨ ਸੌ ਸੱਠ (੩੬੦) ਗੋਪੀਆਂ ਦੱਸੀਆਂ ਹੈਂ, ਪਰ ਇਹ ਤਰੀਕਾ ਮਨੁਸ਼ਾਂ ਦੇ ਸੁਧਾਰ ਦਾ ਨਹੀਂ ਬਲਕਿ ਵਿਗਾੜਦਾ ਹੀ ਕਿਹਾ ਜਾ ਸਕਦਾ ਹੈ, ਇਸ ਲਈ :—**'ਏਕਾ ਨਾਰੀ ਜਤੀ ਹੋਇ'**

ਅਸੂਲ ਉੱਤਮ ਹੈ, ਅਰ ਇਸਤ੍ਰੀ ਜ਼ਾਤੀ ਦੀ ਗਿਣਤੀ ਨੂੰ ਠੀਕ ਰੱਖਣ ਹਿਤ ਕੁੜੀ ਮਾਰ ਨੂੰ ਛੇਕਣਾ ਅਰ ਵਿਧਵਾ ਨਾ ਰੱਖਣਾ, ਬਾਲ ਵਿਆਹ ਨਾ ਕਰਨੇ, ਇਸਤ੍ਰੀਆਂ ਨੂੰ ਸਾਮਾਨ ਹੱਕ ਦੇਣੇ ਆਦਿ ਅਸੂਲ ਹੈਨ। ਵੈਸੇ ਇਸਤ੍ਰੀ ਤੇ ਪਤੀ ਦੋ ਹੀ ਸ਼ਬਦ ਹੈਨ। ਇਸਤ੍ਰੀਆਂ ਤੇ ਪਤੀ ਜਾਂ ਇਸਤ੍ਰੀ ਦੇ ਬਹੁਪਤੀ ਅਸੂਲ ਇਹ ਗਲਤ ਹੈ, ਪਰ ਫਿਰ ਭੀ ਇੱਕ ਰਿਵਾਜਨ ਐਸਾ ਅਸੂਲ ਸੀ ਕਿ ਬਿਭਚਾਰ ਨਾਲੋਂ ਬਹੁ ਇਸਤ੍ਰੀਆਂ ਉੱਤਮ ਹੈਨ, ਅਰ ਆਮ ਬਿਭਚਾਰ ਨਾਲੋਂ ਬਹੁਪਤੀ ਯੋਗ ਹੈਨ! ਜਿਹਾ ਕਿ [੧੨]ਦਰੋਪਤੀ ਪੰਜੇ ਪਾਂਡਵਾਂ ਦੀ ਇਸਤ੍ਰੀ ਮੰਨੀ ਗਈ ਹੈ, ਪਰੰਤੂ ਨਯੋਗ ਦੀ ਰਸਮ ਮਹਾਂ ਮੰਦੀ ਹੈ। ਇਸ ਲਈ ਸਰਬ ਸਾਂਝਾ ਗੁਰ-ਸਿੱਖੀ ਦਾ ਹੀ ਉੱਚ ਅਸੂਲ, ਯਥਾ:—"ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਪਛਾਨੈ ॥ ਅਪਨੀ ਇਸਤ੍ਰੀ ਸਿਉਂ ਰਤ ਹੋਈ ॥ ਰਹਿਤਵਾਨ ਗੁਰ ਕਾ ਸਿੰਘ ਸੋਈ ॥" ਸੋ ਇਹ ਅਸੂਲ ਖਾਲਸਾ ਪੰਥ ਵਿਖੇ ਸੰਮਤ ੧੭੫੬ ਬਿ: ਦੀ ਵੈਸਾਖੀ ਤੋਂ ਅਟੱਲ ਤੌਰ ਪਰ ਕਾਇਮ ਕੀਤਾ। ਪਿਛਲੇ ਸੰਸਾਰਕ ਫੈਸਲੇ ਜਾਂ ਵਤੀਰੇ ਰੱਦ ਸਮਝੇ ਗਏ, ਅੱਗੋ ਨੂੰ ਇਹੋ ਅਸੂਲ ਮਨੁਸ਼ ਮਾਤਰ ਲਈ ਸੱਭਿਅਤਾ ਦਾ ਬੰਧਾਨ ਹੋ ਸਕਦਾ ਹੈ। ਅਰ ਏਕਾ ਨਾਰੀ ਸਦਾ ਜਤੀ ਦਾ ਇਹੋ ਧੁਰਵਾ ਹੈ।

---

੧੧. ਇਹ ਠੀਕ ਹੈ ਕਿ ਕਿਸੇ ਮੰਦੇ ਪੁਰਸ਼ ਨੂੰ ਚੰਗੇ ਕੰਮ ਪਰ ਲਾਉਣਾ ਬੁਰਾ ਨਹੀਂ ਹੈ, ਪ੍ਰੰਤੂ ਐਸੇ ਪੇਸ਼ੇ ਵਾਲੇ ਨੂੰ ਆਪਣੀ ਕੌਮ ਵਿਚ ਗਿਣਤੀ ਦੇ ਵਾਧੇ ਲਈ ਸ਼ੁਮਾਰ ਕਰਨਾ ਕੌਮੀ ਸ਼ਾਨ ਦੇ ਵਿਰੁੱਧ ਹੈ, ਲੋੜ ਹੈ ਕਿ ਇਨ੍ਹਾਂ ਨੂੰ ਐਸੇ ਗੰਦੇ ਪੇਸ਼ੇ ਤੋਂ ਉੱਕਾ ਹੀ ਹਟਾ ਦਿੱਤਾ ਜਾਵੇ।

੧੨. ਦਸਿਆ ਹੈ ਕਿ ਦਰੋਪਤੀ ਦੇ ਸਵੰਬਰ ਸਮੇਂ ਜਿੱਤੀ ਹੋਈ ਚੀਜ਼ ਸਾਰੇ ਭਰਾਵਾਂ ਦੀ ਸਾਂਝੀ ਮੰਨੀ ਗਈ ਕਰਕੇ ਇਹ ਵਰਤੋਂ ਹੋਈ, ਵੈਸੇ ਮਾਤਾ ਦਰੋਪਤੀ ਇਕ ਉੱਚ ਦਰਜੇ ਦੀ ਇਸਤ੍ਰੀ ਸੀ। ਮਨੁਸ਼ੀ ਅਸੂਲ ਅਨੁਸਾਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

"ਦੋਇ ਭੂਪ ਤਾਕੋ ਗਾਉ ਪਰਜਾ ਨ ਸੁਖੀ ਹੋਤ,
ਦੁਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ ॥"

Sri Satguru Jagjit Singh Ji eLibrary NamdhariElibrary@gmail.com

# ਨੇਤ੍ਰ ਹੁੰਦੇ ਸੁੰਦੇ ਅੰਧੇ ਕਾਮੀ ਪੁਰਸ਼

ਸੰਸਾਰ ਵਿਖੇ ਉਹ ਮਹਾਂ ਅੰਧੇ ਪੁਰਸ਼ ਮੰਨੇ ਗਏ ਹੈਨ, ਜੋ ਆਪਣੀ ਇਸਤ੍ਰੀ ਨੂੰ ਛੱਡ ਕੇ ਪਰ ਇਸਤ੍ਰੀਆਂ ਵਲ ਜਾਂਦੇ ਹਨ। ਉਨ੍ਹਾਂ ਦੀ ਦਸ਼ਾ ਭਗਤ ਨਾਮਦੇਵ ਜੀ ਨੇ ਇਕੁਰ ਦੀ ਦੱਸੀ ਹੈ:—"ਘਰਿ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥ ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਲਪਟਾਨਾ ॥੧॥ ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥"

*(ਰਾਗ ਭੈਰਉ ਨਾਮਦੇਵ, ਪੰਨਾ ੧੧੬੪)*

ਸੋ ਉਕਤ ਭਗਤ ਵਾਕ ਤੋਂ ਸਪਸ਼ਟ ਹੈ ਕਿ ਆਪਣੀ ਇਸਤ੍ਰੀ ਛੱਡ ਕੇ ਪਰਾਈ ਇਸਤ੍ਰੀ ਵਲ ਜਾਣਾ ਕਿਤਨਾ ਅਧਰਮ, ਪਾਪ ਤੇ ਅੰਧਤਾ ਹੈ। ਪੰਡਿਤ ਰਾਵਣ ਨੇ ਸੀਤਾ ਜੀ ਨੂੰ ਇਸ ਲਈ ਚੁਰਾਇਆ ਸੀ ਕਿ ਉਸ ਦੀ ਭੈਣ ਸਰੂਪਨਖਾ ਦਾ ਲਛਮਣ ਨੇ ਨੱਕ ਕੱਟਿਆ, ਸੋ ਦੋ-ਧਿਰੀ ਗਲਤੀ ਦਾ ਫਲ ਅਨੇਕਾਂ ਬੇ-ਗੁਨਾਹ ਮਾਰੇ ਗਏ। ਗੁਰੂ ਜੀ ਨੇ ਪੰਡਿਤ ਰਾਵਣ ਲਈ ਅੰਧਾ ਸ਼ਬਦ ਵਰਤਿਆ। "ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥" (ਪੰਨਾ ੩੫੦) ਭਾਵ ਪਰਇਸਤ੍ਰੀ ਨੂੰ ਚੁਰਾਉਣ ਪਿਛੇ ਪੁਨਾ:-ਘਰ ਵਿਚ ਨਾਰ ਹੁੰਦੇ ਸੁੰਦੇ ਰਾਵਣ ਨੇ ਅੰਧਤਾ ਵਰਤ ਕੇ ਸਿਰ ਹੀ ਕਟਵਾ ਲਿਆ ਤੇ ਰਾਜ ਭਾਗ ਭੀ ਗੁਵਾ ਲਿਆ। ਸਾਥ ਹੀ ਸ੍ਰੀ ਰਾਮ ਚੰਦਰ ਜੀ ਦੀ ਇਸ ਜੰਗ ਵਿਚ ਕੋਈ ਵਡਿਆਈ ਦੀ ਕਥਾ ਨਹੀਂ। ਕਿਸੀ ਦੀ ਭੈਣ ਦਾ ਨੱਕ ਕੱਟ ਕੇ ਕਾਹਨੂੰ ਟੰਟਾ ਖੜਾ ਕਰਨਾ ਸੀ। ਇਸ ਪਰ ਭਗਤ ਨਾਮਦੇਵ ਜੀ ਨੇ ਟੀਕਾ ਟਿੱਪਣੀ ਕੀਤੀ ਹੈ :-

"ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥" (ਪੰਨਾ ੬੭੫) ਅਰਥਾਤ ਇਹ ਜੰਗ ਇਸਤ੍ਰੀਆਂ ਪਿਛੇ ਸੀ। ਇਸੇ ਤਰ੍ਹਾਂ ਅਨੇਕ ਪ੍ਰਸੰਗ ਹੈਨ ਕਿ ਰਾਜਿਆਂ ਨੇ ਇਸਤ੍ਰੀਆਂ ਦੀ ਖੋਹਾ-ਖਿੰਜੀ ਵਿਚ ਅਨੇਕਾਂ ਖੂਨ-ਖਰਾਬੇ ਕੀਤੇ। ਕਬੀਰ ਭਗਤ ਜੀ ਨੇ ਦੱਸਿਆਂ ਹੈ ਕਿ ਪਰਇਸਤ੍ਰੀ-ਗਾਮਤਾ ਕਰਨ ਨਾਲ ਆਵਾਗਵਨੀ ਫਾਂਸੀ ਤੋਂ ਸੁਤੰਤ੍ਰ ਨਹੀਂ ਰਹਿ ਸਕਦੇ। ਯਥਾ:-"ਪਰ ਧਨ [੧੩]ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥ ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥" (ਰਾਮਕਲੀ ਕਬੀਰ, ਪੰਨਾ ੯੭੧) ਜੋ ਪੁਰਸ਼ ਪਰਇਸਤ੍ਰੀ-ਗਾਮਤਾ ਵਿਚ ਪ੍ਰਵਿਰਤ ਹੈ। ਉਹ ਪੁਰਸ਼ ਜਾਂ ਇਸਤ੍ਰੀ ਕਦੇ ਭੀ ਕਰਤਾਰ ਭਗਤ ਨਹੀਂ ਹੋ ਸਕਦੇ, ਬਲਕਿ ਮੁੜ-ਮੁੜ ਆਵਾਗਵਨੀ ਲੇਖਾ ਚਲਦਾ ਹੈ। ਤਾਂਤੇ ਇਹੋ ਭਾਰੀ ਅੰਧ ਅਗਿਆਨਤਾ ਹੈ।

---

੧੩. ਇਥੇ 'ਪਰ ਤਨ' ਤੋਂ ਭਾਵ ਲੌਂਡੇਬਾਜ਼ੀ ਹੈ ਜੋ ਅਕਸਰ ਪਸੂਬ੍ਰਿਤ ਬਦਮਾਸ਼ ਐਸੇ ਕੁਕਰਮ ਕਰਕੇ ਕੁਦਰਤ ਕਾਨੂੰਨ ਦੇ ਭੀ ਦੰਡ ਦੇ ਭਾਗੀ ਬਣਦੇ ਹਨ।

Sri Satguru Jagjit Singh Ji eLibrary NamdhariElibrary@gmail.com

ਪਰਇਸਤ੍ਰੀ-ਗਾਮਤਾ ਕਰਨੀ ਕੁਮੱਤ ਭਾਵ ਖੋਟੀ ਬੁੱਧ ਵਾਲੇ (ਭ੍ਰਿਸ਼ਟ) ਪੁਰਸ਼ਾਂ ਦਾ ਕੰਮ ਹੈ। ਭਲੇਮਾਨਸ ਜਾਂ ਸੁਮੱਤੀਏ ਅਰਥਾਤ ਸ੍ਰੇਸ਼ਟ ਜਨ ਉਹੀ ਮੰਨੇ ਜਾਂਦੇ ਨੇ ਜੋ ਦੂਸਰੇ ਦੀਆਂ ਧੀਆਂ, ਭੈਣਾਂ, ਮਾਵਾਂ ਨੂੰ ਆਪਣੀਆਂ ਸਦਰਸ਼ ਮੰਨਣ। ਯਥਾ:-"ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ। (ਭਾਈ ਗੁਰਦਾਸ) ਇਥੇ ਹੀ ਬੱਸ ਨਹੀਂ ਬਲਕਿ ਇਨਸਾਨੀ ਸੱਭਿਅਤਾ ਮੁਜਬ ਮੁਸਲਮਾਨਾਂ, ਹਿੰਦੂਆਂ ਆਦਿ ਲਈ ਭੀ ਪਰਇਸਤ੍ਰੀ-ਗਾਮਤਾ ਕਰਨਾ ਅਸਲੀ ਸੂਅਰ, ਗਊਆਂ ਵਤ ਹੁੰਦੇ ਹੈਨ, ਭਾਵ ਪਸ਼ੂਆਂ ਪਿੱਛੇ ਫਿਰਨਾ ਕੋਈ ਅਰਥ ਨਹੀਂ ਹੈ, ਕਸਮ ਤਾਂ ਕੁਕਰਮਾਂ ਤੋਂ ਹਟਣੇ ਦੀ ਲਾਭਕਾਰੀ ਹੋ ਸਕਦੀ ਹੈ। ਸ੍ਰੀ ਗੁਰੂ ਨਵਮ ਪਾਤਸ਼ਾਹ ਜੀ ਨੇ ਫੁਰਮਾਇਆ ਹੈ- "ਮਰ ਰੇ ਕਉਨੁ ਕੁਮਤਿ ਤੈ ਲੀਨੀ। ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥" (ਸੋਰਠਿ ਮ: ੯, ਪੰਨਾ ੬੩੧) ਸੋ ਪਰਇਸਤ੍ਰੀ-ਗਾਮਤਾ ਕੁਮੱਤ ਹੈ ਅਰ ਨਿੰਦਾ ਦੀ ਤਰ੍ਹਾਂ ਕੁਰੱਸ ਹੈ, ਤਾਂਤੇ ਸੰਸਾਰ ਵਿਚ ਸ੍ਰੇਸ਼ਟ ਜਨ ਉਹੀ ਹਨ, ਜੋ ਇਸ ਕੁਕਰਮ ਤੋਂ ਬਚੇ ਨੇ, ਬਾਕੀ ਅੰਧ-ਮਾਰਗੀ ਕਹੇ ਜਾ ਸਕਦੇ ਹੈਨ।

## ਪਤੀ-ਬ੍ਰਤ ਧਰਮ

"ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤ ਤਾਤ, ਗਾਤਿ ਮੁਰਝਾਤਿ ਪ੍ਰਤਿਪਾਲੀ ਬਰਖਨ ਕੀ॥ ਜੈਸੇ ਕੋਟਿ ਭਾਰਿ ਤੂਲ ਰੰਚਕ ਚਿਨਨਾ ਪਰੇ, ਹੋਤ ਭਸਮਾਤ ਛਿਨ ਮੈ ਨ ਅਕਰਖਨ ਕੀ॥ ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ, ਪਰਤ ਕਾਂਜੀ ਕੀ ਬੂੰਦ ਬਾਤ ਨ ਰਖਨ ਕੀ॥ ਤੈਸੇ ਪਰ ਤਨ ਪਰ ਧਨ ਦੂਖਨਾ ਵਿਕਾਰ ਕੀਏ, ਹਰੈ ਨਿਧਿ ਸੁਕ੍ਰਿਤ ਸਹਜਿ ਹਰਖਨ ਕੀ ॥੫੦੬॥"

*(ਕਬਿੱਤ ਸਵੱਯੇ ਭਾਈ ਗੁਰਦਾਸ)*

ਉਕਤ ਕਵਿਤਾ ਤੋਂ ਇਹ ਸਿੱਧ ਹੈ, ਕਿ ਹਜ਼ਾਰਾਂ ਨੇਕੀਆਂ ਕਰਕੇ ਭੀ ਜੇ ਪਰਇਸਤ੍ਰੀ-ਗਾਮਤਾ ਕੁਕਰਮ ਕੀਤਾ ਜਾਵੇ ਤਾਂ ਸਭ ਨੇਕੀਆਂ ਛਿਨ ਵਿਚ ਖੂਹ ਵਿਚ ਡਿਗ ਪੈਂਦੀਆਂ ਹੈਨ।

ਅਸਲੋਂ ਸੰਸਾਰ ਵਿਖੇ ਸੱਭਿਅਤਾ ਅਰ ਉੱਚ ਆਚਾਰਣ ਦਾ ਰਸਤਾ ਪਤੀ-ਬ੍ਰਤ ਤੇ ਇਸਤ੍ਰੀ-ਬ੍ਰਤ ਧਰਮ ਹੈ। ਇਹੋ ਇੱਕ ਉੱਚ ਆਦਰਸ਼ ਅਰਥਾਤ ਦੰਪਤੀ ਪ੍ਰੇਮ ਹੈ (ਦੇਖੋ ਦਾਸ ਰਚਿਤ ਗ੍ਰੰਥ, ਦੰਪਤੀ ਪ੍ਰੇਮ)। ਜੋ ਇਸਤ੍ਰੀ ਜਾਂ ਮਨੁਸ਼ ਉਕਤ ਧਰਮ ਵਿਖੇ ਪੱਕੇ ਹਨ, ਉਹ ਸੁਭਾਗੇ ਹੈਨ। ਉਨ੍ਹਾਂ ਦਾ ਜੀਵਨ ਲੋਕਾਂ ਲਈ ਉੱਚ ਸਿਖਿਆ ਦਿੰਦਾ ਹੈ, ਪਤੀ-ਬ੍ਰਤ ਅਰ ਇਸਤ੍ਰੀ-ਬ੍ਰਤ ਧਰਮ ਦੇ ਧਾਰਨੀ ਹੀ ਸੁਭਾਗ

Sri Satguru Jagjit Singh Ji eLibrary NamdhariElibrary@gmail.com

ਜੋੜੇ ਹੈਨ, ਜੋ ਇਸਤ੍ਰੀ ਆਪਣੇ ਪਤੀ ਨੂੰ ਪਿੱਠ ਦੇ ਕੇ ਅਨ-ਪੁਰਖਾਂ ਦਾ ਸੰਗ ਕਰੇ ਅਤੇ ਜੋ ਪੁਰਸ਼ ਆਪਣੀ ਇਸਤ੍ਰੀ ਨੂੰ ਤਜ ਕੇ ਅਨ-ਇਸਤ੍ਰੀਆਂ ਵਲ ਦੌੜੇ ਇਹ ਇਸਤ੍ਰੀ ਤੇ ਪਤੀ ਵਾਲੇ ਦਰਜੇ ਤੋਂ ਖਾਰਜ ਹਨ। ਉਨ੍ਹਾਂ ਦਾ ਗੰਢਜੋੜ ਲੋਕਾਂ ਲਈ ਮੰਦੀ ਮਿਸਾਲ ਕਾਇਮ ਕਰਦਾ ਹੈ।

ਸੰਸਾਰ ਵਿਖੇ ਜਿਤਨੇ ਭੀ ਬਲੀ ਸੂਰਮੇ ਅਰ ਸੂਰਬੀਰ, ਜਤੀ ਤੇ ਸਤਵੰਤੀਆਂ ਆਦਿ ਹੋਏ, ਓਹ ਇਸ ਬੱਜਰ ਕੁਰਹਿਤ ਤੋਂ ਹੀ ਬਚਣ ਵਾਲੇ ਹੋਏ। ਬਿਭਚਾਰੀ ਲੋਕ ਸੁੱਤੇ ਹੀ ਕਾਇਰ ਹੁੰਦੇ ਹਨ। ਗੁਰੂ ਸਾਹਿਬਾਨ ਨੇ ਪਤੀ-ਬ੍ਰਤ ਤੇ ਇਸਤ੍ਰੀ-ਬ੍ਰਤ ਧਰਮ ਦੀਆਂ ਜੜ੍ਹਾਂ ਨੂੰ ਸਦਾ ਅਟੱਲ ਰੱਖਣ ਹਿਤ ਇਹ ਬੱਜਰ ਕੁਰਹਿਤ ਕਾਇਮ ਕੀਤੀ ਹੈ, ਅਰਥਾਤ ਬਿਭਚਾਰੀ ਇਸਤ੍ਰੀ ਤੇ ਪੁਰਸ਼ਾਂ ਨੂੰ ਖਾਲਸੇ ਧਰਮੋਂ ਪਤਿਤ ਕਰਾਰ ਦਿਤਾ ਹੈ ਅਤੇ ਗੁਰਬਾਣੀ ਵਿਚ ਪਤੀ-ਬ੍ਰਤ ਧਰਮ ਦੀ ਉੱਚ ਮਹਿਮਾ ਨੂੰ ਇਸ ਤਰ੍ਹਾਂ ਦੱਸਿਆ ਹੈ :-

***"ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥***
***ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥***
***ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥***
***ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲ ਲਈ ਅੰਗਿ ਲਾਏ ॥"***

*(ਮਾਝ ਮ: ੫, ਪੰਨਾ ੯੭)*

***'ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥***
***ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥'***

*(ਸੋਰਠ ਮ: ੫, ਪੰਨਾ ੬੮੯)*

***"ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥ ਪਰ ਪਿਰ ਰਾਤੀ ਖਸਮੁ ਵਿਸਾਰਾ ॥***
***ਜਿਉ ਬੇਸੁਆ ਪੂਤ ਬਾਪ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥"***

*(ਮਾਰੂ ਮ: ੧ ਸੋਲਹੇ, ਪੰਨਾ ੧੦੨੯)*

ਸ਼ਾਦੀ ਜਾਂ ਵਿਆਹ ਦਾ ਮੂਲ ਮੁੱਦਾ ਬੱਚੇ ਪੈਦਾ ਕਰਨ ਜਾਂ ਵਿਸ਼ੇ ਅਗਨੀ ਨੂੰ ਰੋਕਣਾ ਨਹੀਂ, ਸਗੋਂ ਇਹ ਪਤੀ ਅਤੇ ਇਸ੍ਰਤੀ-ਬ੍ਰਤ ਧਰਮ ਹੈ, ਤਾਂ ਕਿ ਇਨਸਾਨ ਪਸ਼ੂ ਬ੍ਰਿਤੀ ਤੋਂ ਬਚਣ ਹਿਤ ਇਹ ਪਤੀ-ਬ੍ਰਤ ਧਰਮ ਅਥਵਾ ਦੰਪਤੀ ਪਿਆਰ 'ਇਕੋ ਜੋਤ ਦੋਇ ਮੂਰਤੀ' ਦਾ ਲਖਾਇਕ ਹੁੰਦਾ ਹੋਇਆ ਅਕਾਲ ਪੁਰਖ ਦੀ ਪ੍ਰਾਪਤੀ ਤਕ ਪਹੁੰਚਾ ਦੇਵੇ। (ਦੇਖੋ ਦੰਪਤੀ ਪ੍ਰੇਮ ਅਤੇ ਅਨੰਦ ਮਰਯਾਦਾ ਪਰਕਾਸ਼ ਗ੍ਰੰਥ) ਸੋ ਇਨਸਾਨ ਨੂੰ ਇਨਸਾਨੀਅਤ ਵਿਚ ਕਾਇਮ ਰੱਖਣ ਹਿਤ ਸ੍ਰੀ ਗੁਰੂ ਸਹਿਬਾਨ ਨੇ ਪਤੀ ਤੇ ਇਸਤ੍ਰੀ-ਬ੍ਰਤ ਧਰਮ ਵਿਰੋਧੀਆਂ ਨੂੰ ਬੱਜਰ ਪਾਪੀ ਜਾਂ ਪਤਤ ਕਹਿਆ ਹੈ। ਸਿੱਖ ਮੰਡਲ ਵਿਚ ਇਸ ਦਾ ਨਾਮ ਬੱਜਰ ਕੁਰਹਿਤ ਹੈ।

Sri Satguru Jagjit Singh Ji eLibrary NamdhariElibrary@gmail.com

ਸਿੱਖ ਮੰਡਲ ਤੋਂ ਬਿਨਾ ਤਥਾ ਗੁਰੂ ਮਿਸ਼ਨ ਤੋਂ ਬਗੈਰ ਸਾਰੇ ਸੰਸਾਰ ਦੇ ਮੱਤ-ਮਤਾਂਤ੍ਰ ਭਾਲ ਦੇਖੋ ਅਰਥਾਤ ਕਿਧਰੇ ਭੀ ਇਨਸਾਨੀ ਸੁਸਾਇਟੀਆਂ ਪੜਤਾਲ ਕੇ ਦੇਖੋ, ਪਰਇਸਤ੍ਰੀ-ਗਾਮਤਾ ਅਰ ਪਰਪੁਰਖ-ਗਾਮਤਾ ਨੂੰ ਸਿੱਖ ਮੰਡਲ ਦੀ ਤਰ੍ਹਾਂ ਬੱਜਰ ਪਾਪ ਮੰਨ ਕੇ, (ਬੱਜਰ ਕੁਰਹਿਤ ਠਹਿਰਾ ਕੇ) ਪੱਕਾ ਬਿਵਰਜਤ ਨਿਯਮ ਨਹੀਂ ਬਣਾਇਆ ਮਿਲੇਗਾ।

ਇਸ ਕਰਮ ਨੂੰ ਬੇਸ਼ੱਕ ਬੁਰਾ ਮੰਨਿਆ ਜਾਂਦਾ ਹੈ ਅਤੇ ਬਿਭਚਾਰੀਆਂ ਲਈ ਪਾਣੀ ਵਿਚ ਡੋਬ ਦੇਣਾ, ਅੱਗ ਵਿਚ ਸਾੜਨਾ ਅਰ ਕਤਲ ਦੇ ਡਰਾਵੇ ਜਾਂ ਫਤਵੇ ਮਿਲਦੇ ਹਨ, ਪਰ ਇਹ ਲਿਖਤੀ ਜਾਂ ਇਕ-ਤਰਫੇ ਅਥਵਾ ਇਕ-ਕਲਮੀਏ ਹਨ, ਜੋ ਇਨ੍ਹਾਂ ਪਰ ਸਦਾ ਅਮਲ ਨਾ ਹੋਵੇਗਾ ਤੇ ਨਾ ਹੀ ਹੈ। ਪਰੰਤੂ ਸ੍ਰੀ ਗੁਰੂ ਦਸਮੇਸ਼ ਜੀ ਨੇ ਮਨੁੱਖਾਂ ਨੂੰ ਸਭਯ ਮਨੁੱਖਾਂ ਰੱਖਣ ਹਿਤ ਸਰਬ ਸਾਂਝਾ ਭਾਈਚਾਰਕ ਤੇ ਧਾਰਮਕ ਫੈਸਲਾ ਕਰ ਦਿਤਾ ਹੈ ਕਿ ਬਿਭਚਾਰੀ ਪੁਰਸ਼ ਜੋ ਆਪਣੇ ਹੱਕ ਨੂੰ ਛੱਡ ਕੇ ਦੂਜਿਆਂ ਦੇ ਆਚਰਨ ਤੇ ਧਰਮ ਨੂੰ ਕਲੰਕਤ ਕਰਕੇ ਨਸ਼ਰ ਹੁੰਦਾ ਹੈ ਉਸ ਨੂੰ ਸਿੱਖ ਸੰਗਤ ਪੰਗਤ ਵਿਚੋਂ ਖਾਰਜ ਸਮਝਿਆ ਜਾਵੇ, ਜਦੋਂ ਤੀਕਰ ਕਿ ਉਹ ਆਪਣੀ ਭੁੱਲ ਮੰਨ ਕੇ ਅੱਗੇ ਲਈ ਠੀਕ ਰਹਿਣ ਦਾ ਪ੍ਰਣ ਨਾ ਕਰੇ। ਅਰਥਾਤ ਮੁੜ ਅੰਮ੍ਰਿਤ ਛਕਾ ਕਰਕੇ ਤਿਆਰ-ਬਰ-ਤਿਆਰ ਖਾਲਸਾ ਮੰਨਿਆ ਜਾਵੇ। ਭਾਈਚਾਰਕ ਸੁਧਾਰ ਦਾ ਵੱਡਾ ਸਾਧਨ ਨਾਮਿਲਵਰਤੋਂ ਹੈ। ਖੋਟੇ ਪੁਰਸ਼ ਇਸ ਤ੍ਰੀਕੇ ਨਾਲ ਸ਼ੀਘਰ ਸੋਧੇ ਜਾ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

# ਚੌਥਾ ਭਾਗ

***ਸਿੱਖੀ ਮਾਰਗ ਵਿਖੇ ਚੌਥੀ ਬੱਜਰ ਕੁਰਹਿਤ ਸਰੀਰ ਦੇ ਕੇਸਾਂ (ਰੋਮਾਂ) ਨੂੰ ਕਿਸੇ ਤਰੀਕੇ ਨਾਲ ਨਾਸ਼ ਜਾਂ ਕਤਲ ਕਰਨਾ ਹੈ, ਕੇਸ ਦਾ ਸੰਬੰਧ ਕੁਦਰਤ ਕਾਨੂੰਨ ਅਰ ਸਰੀਰ ਦੇ ਅੰਗਾਂ ਨਾਲ ਹੈ ।***

*(ਲਾਲ ਸਿੰਘ)*

# ਕੇਸ ਕੀ ਹਨ ?

ਡਾਕਟਰਾਂ ਨੇ ਆਪਣੀ ਖੋਜ ਭਾਲ ਦੁਆਰਾ ਦੱਸਿਆ ਹੈ ਕਿ ਇਨ੍ਹਾਂ ਵਿਚ ੨੮ ਹਿੱਸੇ ਆਕਸੀਜਨ, ੬ ਹਿੱਸੇ ਹਾਈਡਰੋਜਨ, ੫੦ ਹਿੱਸੇ ਕਾਰਬਨ, ੧੭ ਹਿੱਸੇ ਨਾਈਟਰੋਜਨ ਤੇ ੫ ਹਿੱਸੇ ਸਲਫਰ ਹੁੰਦਾ ਹੈ । ਇਨ੍ਹਾਂ ਤੋਂ ਬਿਨਾਂ ਚਿਕਨਾਹਟ ਤੇ ਅਗਨ ਵੀ ਹੈ, ਸਫੈਦ ਕੇਸਾਂ ਵਿਚ ਚੂਨਾ ਭੀ ਹੁੰਦਾ ਹੈ ।

ਵਿਦਵਾਨਾਂ ਨੇ ਕੇਸਾਂ ਦੀ ਸੁੰਦਰਤਾ ਸਬੰਧੀ ਵੱਖ ਵੱਖ ਖਿਆਲ ਦੱਸੇ ਹਨ । ਕਈਆਂ ਨੇ ਦੱਸਿਆ ਹੈ ਕਿ ਵਾਲ ਸੁਨਹਿਰੀ, ਚਮਕੀਲੇ ਤੇ ਲੰਮੇ ਸੁੰਦਰ ਹਨ, ਕਈਆਂ ਦਾ ਖਿਆਲ ਹੈ ਕਿ ਕਾਲੇ, ਲੰਮੇ ਤੇ ਬਹੁਤੇ ਹੋਣ ! ਅਸਲੋਂ ਕੁਦਰਤ ਨੇ ਇਨ੍ਹਾਂ ਦਾ ਸਬੰਧ ਚੇਹਰੇ ਨਾਲ ਰਖਿਆ ਹੈ । ਜਿਸ ਤਰ੍ਹਾਂ ਕਿ ਜਵਾਨ ਸਮੇਂ ਦੇ ਕਾਲੇ ਤੇ ਬੁਢਾਪੇ ਵਿਚ ਧੌਲੇ ਰੰਗ ਦੇ ਸੋਹਣੇ ਲਗਦੇ ਹਨ । ਵੱਖੋ-ਵੱਖ ਦੇਸ਼ਾਂ ਦੀ ਵੱਖੋ-ਵੱਖ ਆਬੋ-ਹਵਾ (ਪਉਣ ਪਾਣੀ) ਅਨੁਸਾਰ ਵੀ ਇਨ੍ਹਾਂ ਦੇ ਰੰਗ ਕਈ ਤਰ੍ਹਾਂ ਦੇ ਹੁੰਦੇ ਨੇ, ਜਿਹਾ ਕਿ ਗਰਮ ਦੇਸਾਂ ਦੇ ਕਾਲੇ ਤੇ ਕਈ ਠੰਢੇ ਦੇਸ਼ਾਂ ਦੇ ਭੂਰੇ ਤੇ ਕੁਝ ਕੁ ਸੁਰਖੀ ਮਾਇਲ ਹਬਸ਼ੀਆਂ ਦੇ ਮੋਟੇ ਕਾਲੇ ਤੇ ਘੁੰਗਰੂਆਂ ਵਾਲੇ ਹੁੰਦੇ ਨੇ, ਸਰਦ ਦੇਸਾਂ ਵਾਲਿਆਂ ਦੇ ਬਹੁਤੇ ਤੇ ਲੰਬੇ ਹੁੰਦੇ ਹਨ ਜੋ ਬਹੁਤੇ ਬੁਢਾਪੇ ਵਿਚ ਸੁਨਹਿਰੀ ਰੰਗ ਦੇ ਹੋ ਜਾਂਦੇ ਹਨ ।

ਕੇਸਾਂ ਨੂੰ ਸਾਫ ਰੱਖਣ ਦਾ ਸਭ ਤੋਂ ਵੱਡਾ ਸਾਧਨ ਸੁਬ੍ਹਾ ਸ਼ਾਮ, ਭਾਵ ਦੋਵੇਂ ਵੇਲੇ ਕੰਘਾ ਕਰਨਾ ਹੈ, ਇਸੇ ਲਈ ਖਾਲਸਾ ਰਹਿਤਨਾਮਿਆਂ ਵਿਚ ਦੋਨੋਂ ਵੇਲੇ ਕੰਘਾ ਕਰਨ ਦੀ ਤਾਕੀਦ ਕੀਤੀ ਹੈ । "ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ" ॥

*(ਖਾ: ਰ: ਨਾਮਾ)*

ਦੂਸਰਾ ਸਾਧਨ ਇਨ੍ਹਾਂ ਨੂੰ ਮਿੱਟੀ ਘੱਟੇ ਤੋਂ ਬਚਾ ਕੇ (ਢੱਕ ਕੇ) ਰੱਖਣ ਦਾ ਹੈ । ਤੀਜਾ ਧੋਣਾ ਅਰਥਾਤ ਸ਼ਨਾਨ ਕਰਨ ਦਾ ਹੈ । ਬਹੁਤ ਸਾਰੇ ਅਨਜਾਣ ਕੰਘਾ

Sri Satguru Jagjit Singh Ji eLibrary NamdhariElibrary@gmail.com

ਕਰਨ ਵਲੋਂ ਬੜੀ ਆਲਸ ਕਰਦੇ ਹਨ, ਮਿੱਟੀ ਘੱਟੇ ਦਾ ਵੀ ਬਚਾਉ ਨਹੀਂ ਕਰਦੇ, ਜਿਸ ਕਾਰਨ ਜੂੰਆਂ ਪੈ ਜਾਂਦੀਆਂ ਹਨ ਤੇ ਪੁਰਸ਼ ਦੇਵਤੇ ਦੀ ਥਾਂ ਰਾਖਸ਼ ਤੇ ਅਘੋਰੀ ਬਣ ਜਾਂਦਾ ਹੈ। ਕੇਸਾਂ ਨੂੰ ਮਿੱਟੀ ਘੱਟੇ ਤੋਂ ਬਚਾਅ ਕੇ ਰੱਖਣ ਲਈ ਜ਼ਰੂਰੀ ਹੈ ਕਿ ਸਿਰ ਪਰ ਪੱਗ (ਦੁਪੱਟਾ, ਦਸਤਾਰਾ) ਸਜਾ ਕੇ ਰੱਖਿਆ ਜਾਵੇ। ਦੇਖਣ ਵਿਚ ਆਉਂਦਾ ਹੈ ਕਿ ਪੇਂਡੂ ਇਸਤ੍ਰੀਆਂ ਕੇਸ ਧੋਣ ਲਈ ਗਾਚਨੀ, ਮੁਲਤਾਨੀ ਮਿੱਟੀ, ਖੱਟੀ ਤੇ ਸੜੀ ਹੋਈ ਲੱਸੀ, ਕਪਾਹ ਦੀਆਂ ਛੱਟੀਆਂ ਦੀ ਸਵਾਹ ਜਾਂ ਪੀਲੀ ਮਿੱਟੀ ਆਦਿ ਰੱਦੀ ਚੀਜ਼ਾਂ ਵਰਤਦੀਆਂ ਹਨ, ਜਿਨ੍ਹਾਂ ਨਾਲ ਕਿ ਕੇਸ ਖੁਰਦਰੇ ਤੇ ਖਰਾਬ ਹੋ ਜਾਂਦੇ ਹਨ ਤੇ ਲੋੜਵੰਦੀ ਸਫਾਈ ਨਹੀਂ ਹੋ ਸਕਦੀ, ਐਸੀਆਂ ਨਿਕੰਮੀਆਂ ਚੀਜ਼ਾਂ ਨਾਲ ਕਦੀ ਕੇਸ ਨਹੀਂ ਧੋਣੇ ਚਾਹੀਦੇ ਜੋ ਕੇਸਾਂ ਲਈ ਹਾਨੀਕਾਰਕ ਹੋਣ। ਮੱਖਣ ਯਾ ਘਿਉ ਆਦਿ ਲਾਉਣ ਨਾਲ ਬਦਬੂ ਪੈਦਾ ਹੋ ਜਾਂਦੀ ਹੈ, ਬਲਕਿ ਐਸੀ ਚਿਕਨੀ ਚੀਜ਼ਾਂ ਨਾਲ ਸਿਰ ਦੇ ਮਸਾਮ ਅਕਸਰ ਬੰਦ ਰਹਿੰਦੇ ਹਨ, ਜਿਸ ਕਰਕੇ ਕਈ ਪ੍ਰਕਾਰ ਦੀਆਂ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ। ਕੇਸਾਂ ਲਈ ਰੱਦੀ ਸਾਬਣ ਤੇ ਬਾਜ਼ਾਰੀ ਤੇਲ ਵੀ ਹਾਨੀਕਾਰਕ ਹੈਨ। ਕੇਸਾਂ ਦੀ ਸਫਾਈ ਲਈ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ :-

ਜ਼ਰੂਰੀ ਹੈ ਕਿ ਹਫਤੇ ਵਿਚ ਘੱਟ ਤੋਂ ਘੱਟ ਇਕ ਵਾਰੀ ਜ਼ਰੂਰ ਕੇਸੀ ਅਸ਼ਨਾਨ ਕਰਨਾ ਚਾਹੀਦਾ ਹੈ, ਜੇ ਦੋ ਵਾਰੀ ਵੀ ਹੋ ਸਕੇ ਤਾਂ ਅਤੀ ਲਾਭਦਾਇਕ ਹੈ। ਕੇਸਾਂ ਨੂੰ ਧੋਣ ਸਾਰ ਬੰਨ੍ਹ ਕੇ ਬਹੁਤ ਚਿਰ ਨਹੀਂ ਰੱਖਣਾ ਚਾਹੀਦਾ, ਜਦੋਂ ਤਾਈਂ ਪੂਰਨ ਤੌਰ ਪਰ ਖੁਸ਼ਕ ਨ ਹੋ ਜਾਣ ਕੱਠੇ ਕਰਨੇ ਜਾਂ ਦਸਤਾਰ ਸਜਾਉਣੀ ਠੀਕ ਨਹੀਂ। ਕੌਣ ਨਹੀਂ ਜਾਣਦਾ ਕਿ ਕੇਸਾਂ ਨਾਲ ਮਨੁਸ਼ ਦੀ ਸੁੰਦਰਤਾ ਹੈ, ਸਿਰ ਮੂੰਹ ਮੁੰਡਾਇਆ ਭੁੜਕੀ ਬੇਰ ਵਤ ਸੁੱਕੇ ਜਿਹੇ ਮੂੰਹ ਵਾਲਾ ਹੋ ਜਾਂਦਾ ਹੈ। ਉਸਤਰੇ ਦੀ ਰਗੜ ਨਾਲ ਝਿਰੜੀਆਂ ਪੈ ਜਾਂਦੀਆਂ ਹਨ। ਉਸਤਰਾ ਚੰਮ ਆਦਿ ਪਰ ਘਿਸਰਨੇ ਸੇ ਲਹੂ ਖਾਰਜ ਹੋਕੇ ਅੱਖ ਦੀ ਸੁਰਖੀ ਉੱਡ ਜਾਂਦੀ ਹੈ, ਉਸਤਰੇ ਨੂੰ ਪਸੂਆਂ ਦੇ ਮੁਰਦੇ ਚੰਮਾਂ ਪਰ ਤਿੱਖਾ ਕਰਕੇ ਮੁਖ ਪਰ ਫੇਰਨ ਨਾਲ (ਚੰਮ ਦਾ ਇਕ ਛਿੱਤਰ ਜਿਹਾ ਹੁੰਦਾ ਹੈ, ਜਿਸ ਪਰ ਉਸਤਰੇ ਦੀ ਧਾਰ ਨਾਈ ਲੋਕ ਘਸਾ ਕੇ ਸਿੱਧੀ ਕਰਿਆ ਕਰਦੇ ਹਨ) ਘਿ੍ਣਾ ਯੋਗ ਅਪਵਿੱਤ੍ਰਤਾ ਫੈਲਦੀ ਹੈ, ਮਾਨੋਂ ਚੰਮ ਨਾਲ ਮੁਖ ਭ੍ਰਿਸ਼ਟ ਕੀਤਾ ਜਾਂਦਾ ਹੈ। ਮੁਰਦੇ ਚਮੜੇ ਤੋਂ ਪ੍ਰਹੇਜ਼ਵਾਨਾਂ ਲਈ ਇਹ ਕਰਮ ਸ਼ੋਕਦਾਇਕ ਹੈ।

ਸ਼ਿੰਗਾਰ ਰਸਕ ਗ੍ਰੰਥਾਂ ਵਿੱਚ ਕੇਸ ਸ਼ਿਰੋਮਣੀ ਅਰ ਕੁਦਰਤੀ ਸ਼ਿੰਗਾਰ ਮੰਨੇ ਹਨ। ਦੇਖੋ ! ਰੋਡੀ ਭੋਡੀ ਕੀਤੀ ਗਈ ਇਸਤ੍ਰੀ ਸੋਭਾ ਨਹੀਂ ਪਾ ਸਕਦੀ। ਗੰਗਾ ਆਦਿ ਪਰ ਸਿਰ ਮੁਨਾ ਕੇ ਆਈਆਂ ਬੁੱਢੀਆਂ ਅਤਿਅੰਤ ਕਰੂਪ ਲਗਦੀਆਂ ਹਨ। ਕੇਸਾਂ ਵਾਲੀ ਇਸਤ੍ਰੀ ਦੇ ਮੁਕਾਬਲੇ ਘੋਨੀ ਮੋਨੀ ਅਰ ਕੇਸਾਂ ਵਾਲੇ ਦੇ ਮੁਕਾਬਲੇ ਰੋਡ-

Sri Satguru Jagjit Singh Ji eLibrary NamdhariElibrary@gmail.com

ਭੋਂਡ ਮਨੁਖ ਕਰੂਪ ਸਾਬਤ ਹੋਵੇਗਾ। ਤਾਂਤੇ ਇਸਤ੍ਰੀਆਂ ਅਰ ਮਨੁਖਾਂ ਦੀ ਸੁੰਦਰਤਾ ਅਰ ਬੀਰਤਾ ਤੇ ਸੱਭਿਅਤਾ ਕੇਸਾਂ ਨਾਲ ਵਧਦੀ ਫੁਲਦੀ ਹੈ। ਸਿਰ ਮੂੰਹ ਮੁੰਡਾਉਣ ਵਾਲੇ ਦੇ ਮੁਖ ਪਰ ਸੂਈਆਂ ਜੈਸੇ ਤਿੱਖੇ ਵਾਲ ਹੁੰਦੇ ਨੇ, ਜੋ ਕੰਡੇਰਨੇ ਨਾਲ ਮਿਲਦੇ ਹੈਨ।

ਕੇਸਾਂ ਦੀ ਤਾਰੀਫ ਹਜ਼ਾਰਾਂ ਕਵੀ ਲੋਕ ਕਰਦੇ ਆ ਰਹੇ ਹਨ। ਜ਼ੁਲਫਾਂ, ਪੱਟੀਆਂ ਕੇਸਾਂ ਦੇ ਸੁੰਦਰਤਾ ਬਾਰੇ ਗ੍ਰੰਥਾਂ ਦੇ ਗ੍ਰੰਥ ਭਰੇ ਪਏ ਹਨ। ਸੂਫੀ ਮੱਤ ਵਿਚ ਪ੍ਰੀਤੀ ਦਾ ਝਗੜਾ ਹੀ ਇਹੋ ਹੈ ਭਾਵੇਂ ਇਹ ਵਹਿਮ ਮਾਰਗ ਹੈਨ, ਪਰ ਇਹ ਤਾਂ ਸਿੱਧ ਹੈ ਕਿ 'ਕੇਸ' ਹੀ ਸੁੰਦਰਤਾ ਵਿਚ ਸ਼ਰੋਮਣੀ ਅੰਗ ਹੈਨ, ਕੇਸ ਤੇ ਦਾਹੜੇ ਆਦਿ ਤੋਂ ਹੀਣੇ ਪੁਰਸ਼ ਗੰਜੇ, ਘੋਦੇ ਆਦਿ ਸ਼ਰੇਣੀ ਵਿਚ ਪਏ ਨਸ਼ਰ ਹੁੰਦੇ ਹਨ। ਗੁਰੂ ਸਾਹਿਬਾਂ ਨੇ ਭੀ ਦਾਹੜੀ ਆਉਣ ਪਰ ਪੁਰਸ਼ ਦੀ ਸੁੰਦਰਤਾ ਮੰਨੀ ਹੈ। ਯਥਾ :-

"ਦਸ ਬਾਲਤਣਿ ਬੀਸ ਰਵਣਿ ਤੀਸ ਕਾ ਸੁੰਦਰ ਕਹਾਵੈ ॥" (ਪੰਨਾ ੧੩੮) ਅਰਥਾਤ ਦਸ ਬਰਸਾਂ ਦਾ ਬਾਲਕ, ਬੀਸ ਸਾਲ ਦੀ ਉਮਰ ਜਵਾਨ, ਉਪ੍ਰੰਤ ਪੂਰਨ ਦਾੜ੍ਹੇ ਸਹਿਤ ਸੁੰਦਰ ਅਵਸਥਾ ਸਰੂਪ ਸੇ ਕਰਤਾਰ ਦੀ ਤਾਰੀਫ ਵਿਚ ਉਸ ਦੀ ਸੁੰਦਰਤਾ ਲਈ ਲੰਮੇ ਕੇਸ਼ਾਂ ਨੂੰ ਉੱਚਤਾ ਦਿੱਤੀ ਹੈ, ਯਥਾ :-

"ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ (ਲੰਮੇ ਕੇਸ)॥.... ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ। ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥" (ਵਡਹੰਸ ਮ: ੧, ਛੰਤ, ਪੰਨਾ ੫੬੭)

ਸੋ ਜਦ ਸਰਗੁਣ ਸਰੂਪ ਸੇ ਰੱਬ ਦੀ ਸੁੰਦਰਤਾ ਦੀ ਤਾਰੀਫ ਭੀ ਲੰਮੇ ਕੇਸਾਂ ਨਾਲ ਕੀਤੀ ਹੈ, ਫਿਰ ਉਸ ਦਾ ਬੰਦਾ ਮਹਾਂ ਮੂਰਖ ਹੈ, ਜੋ ਕੇਸਾਂ ਦੀ ਸੁੰਦਰਤਾ ਦਾ ਤਿਆਗਣ ਕਰਕੇ ਘੋਨ ਮੋਨ ਹੋ ਕੇ ਡਰਾਉਣਾ (ਕਰੂਪ) ਬਣੇ। ਜਦ ਰੱਬ ਭੀ ਕੇਸਾਂ ਨਾਲ ਸੋਭਾ ਪਾ ਸਕਦਾ ਹੈ, ਫਿਰ ਉਹ ਮੂਰਖ ਹਨ, ਜੋ ਕੇਸਾਂ ਨੂੰ ਨਿੰਦਣ। ਜਦ ਸ੍ਰੀ ਵਿਸ਼ਨੂੰ ਜੀ ਅਰ ਉਸ ਦੇ ਮੰਨੇ ਗਏ ਰੱਬ ਅਵਤਾਰ ਸ੍ਰੀ ਕ੍ਰਿਸ਼ਨ ਜੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਕੇਸਾਂ ਨਾਲ ਸੋਭਨੀਕ ਸਦਾਏ, ਫਿਰ ਉਨ ਕੇ ਪੈਰੋਕਾਰ ਜੇ ਕੇਸਾਂ ਨੂੰ ਨਿੰਦਣ ਤਾਂ ਸਾਫ ਹੈ ਕਿ ਉਹ ਆਪਣੇ ਅਵਤਾਰਾਂ ਦੀ ਭੀ ਬੇ-ਇੱਜ਼ਤੀ ਕਰਨ ਵਾਲੇ ਹਨ। ਇਸੇ ਤਰ੍ਹਾਂ ਹੋਰ ਕੇਸਾਧਾਰੀਆਂ ਦੇ ਪੈਰੋਕਾਰ ਸਮਝੋ।

ਕੇਸਾਂ ਦੀ ਸੁੰਦਰਤਾ ਸਬੰਧੀ ਸੈਂਕੜੇ ਪ੍ਰਮਾਣ ਹਨ, ਪਰ ਪਰਤੱਖ ਨੂੰ ਪ੍ਰਮਾਣ ਦੀ ਇਤਨੀ ਲੋੜ ਭੀ ਨਹੀਂ ਹੁੰਦੀ। ਹਰ ਕੋਈ ਸੱਚਾ ਹਿਰਦਾ ਰੱਖਣ ਵਾਲਾ ਕਹਿ ਸਕਦਾ ਹੈ ਕਿ ਕੇਸ ਮਨੁੱਖ ਦੀ ਸੁੰਦਰਤਾ ਹਨ। ਲੰਬੇ ਕੇਸਾਂ ਨਾਲ ਇਸਤਰੀਆਂ ਦੀ ਖਾਸ ਸੁੰਦਰਤਾ ਹਨ। ਬਲਕਿ ਰਸਿਕ ਗ੍ਰੰਥਾਂ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਇਸ ਤਰ੍ਹਾਂ ਉਪਮਾਂ ਕੀਤੀ ਗਈ ਹੈ, 'ਮੱਯਾ ਮੋਰੀ ਕਬ ਬਾਢੈਗੀ ਚੋਟੀ। ਕਿਤੀ ਬਾਰ ਮੋਹਿ ਦੂਧ ਪਿਆਯੋ ਯਹ ਅਜਹੂ ਲੌਂ ਛੋਟੀ। ਤੂੰ ਜੋ ਕਹਤ ਬਲ ਬੇਨੀ ਜੈਸੀ ਹ੍ਵੈ ਹੈ ਲਾਂਬੀ

ਚੋਟੀ !' ਸੋ ਜਦ ਸ੍ਰੀ ਕ੍ਰਿਸ਼ਨ ਜੀ ਲੰਬੇ ਕੇਸ (ਚੋਟੀ) ਪਸਿੰਦ ਕਰਦੇ ਹਨ, ਅਸੀਂ ਕਿਉਂ ਨਾ ਕਰੀਏ ?

ਹਿੰਦੂ ਗ੍ਰੰਥ ਪੜ੍ਹ ਦੇਖੋ, ਰਾਮ ਚੰਦਰ ਜੀ ਮਹਾਰਾਜ ਦੇ ਸੀਸ ਪਰ ਕੇਸ ਸਿੱਧ ਹਨ, ਫਿਰ ਤਿਨ੍ਹਾਂ ਨੂੰ ਅਵਤਾਰ ਮੰਨਣ ਵਾਲੇ ਰੋਡ-ਭੋਡ ਹੋਣ ਵਿਚ ਤਿਨ੍ਹਾਂ ਨਾਲੋਂ ਕੀ ਉੱਤਮਤਾ ਸਮਝਦੇ ਹਨ ? ਰਾਮਾਇਣ ਦੇ ਅਯੁਧਿਆ ਕਾਂਡ ੧੯੭ ਵਿਖੇ ਲਿਖਿਆ ਹੈ, "ਸਕਲ ਸੋਚ ਕਰ ਰਾਮ ਨਹਾਵਾ। ਸੁਚ ਸੁਜਾਨ ਬਟ ਬੀਰ ਮੰਗਾਵਾ। ਅਨੁਜ ਸਹਿਤ **ਸਿਰ ਜਟਾਂ ਬਨਾਏ।** ਦੇਖ ਸਮਤ ਨਯਤ ਜਲ ਛਾਏ।" ਉਕਤ ਹਾਲਤ ਦਾ ਅਨੁਵਾਦ ਪੰਡਤ ਹਿਰਦਾ ਰਾਮ ਨੇ ਭੀ ਹਨੂੰਮਾਨ ਨਾਟਕ ਦੇ ਅੰਕ ੩ ਦ ਬਾਈਸਵੇਂ ਸਵੱਯੇ ਵਿਖੇ ਇਉਂ ਕੀਤਾ ਹੈ :-

"ਰਾਮ ਸਮਾਜ ਉਤਾਰ ਸਭੈ ਰਘੁਰਾਜ ਕਹੀ ਅਬ ਹੈ ਸਭ ਫੀਕੋ। **ਲੈ ਬਟ ਦੂਧ ਬਨਾਏ ਜਟਾਂ ਸਿਰ** ਬੀਰਹਿ ਬੀਰ ਬਨਾਵਤ ਨੀਕੋ ॥" ਸੋ ਸ੍ਰੀ ਰਾਮ ਚੰਦਰ ਜੀ ਨੇ ਕੇਸਾਂ ਦੀ ਜਟਾਂ ਬੋੜ੍ਹ ਦੇ ਦੁੱਧ ਨਾਲ ਬਣਾਈਆਂ, ਸੋ ਜੇ ਉਹ ਕੇਸ ਵਿਰੋਧੀ ਹੁੰਦੇ, ਤਾਂ ਸਿਰ ਨਾ ਮੁੰਡੌਂਦੇ ? ਸਪੱਸ਼ਟ ਹੈ ਬਾਰ੍ਹਾਂ ਸਾਲਾਂ ਦੇ ਬਨਵਾਸ ਸਮੇਂ ਫਕੀਰੀ ਲਿਬਾਸ ਵਿਚ ਸ੍ਰੀ ਰਾਮ ਚੰਦਰ ਜੀ ਨੇ ਕੇਸਾਂ ਨੂੰ ਬੋਹੜ ਦੇ ਦੁੱਧ ਨਾਲ ਜੋੜ ਜਟਾਂ ਬਣਾਈਆਂ ਸੋ ਜੇ ਉਹ ਕੇਸ ਨਾ ਰਖਦੇ ਹੁੰਦੇ, ਤਾਂ ਹਜਾਮਤ ਦਾ ਜ਼ਿਕਰ ਹੁੰਦਾ, ਪਰ ਸੁੰਦਰ ਕੇਸ ਉਤਾਰਨ ਦੀ ਗਲਤੀ ਕਿਉਂ ਕਰਦੇ ? [1]ਜਟਾਂ ਕਰਨ ਥੋਂ ਭਾਵ ਫਕੀਰੀ ਵੇਸ ਸੀ। ਕੇਸਾਂ ਦੀਆਂ ਜਟਾਵਾਂ ਕਰੀਆਂ।

# ਕੇਸ ਜ਼ਿੰਦਾ ਅੰਗ ਤੇ ਸੁੰਦਰਤਾ

'ਕੇਸ' ਇਨਸਾਨਾਂ ਦਾ ਜ਼ਿੰਦਾ ਅੰਗ ਹਨ। ਕੇਸਾਂ ਨੂੰ ਮੁਰਦਾ ਕਹਿਣਾ ਭਾਰੀ ਅਗਿਆਨਤਾ ਹੈ। **ਕੇਸ ਆਪਣੀ ਆਯੂ ਅਨੁਸਾਰ ਸਰੀਰ ਬਦਲਦੇ ਹਨ,** ਕਾਲਿਆਂ ਤੋਂ ਧੌਲੇ (ਚਿੱਟੇ) ਹੋਣਾ ਜ਼ਿੰਦਾ ਹੋਣ ਦਾ ਪੱਕਾ ਸਬੂਤ ਹੈ। ਇਹ ਸਵਾਲ ਗ਼ਲਤ ਹੈ ਕਿ ਕੱਟਣ ਸਮੇਂ ਦੁੱਖ ਕਿਉਂ ਨਹੀਂ ਹੁੰਦਾ। ਇਨ੍ਹਾਂ ਵਿਚ ਰੂਹ (ਜ਼ਿੰਦਾ ਬਿਜਲੀ) ਹੈ। ਇਨ੍ਹਾਂ ਵਿਚੋਂ ਦੀ ਬਿਜਲੀ ਆਉਂਦੀ ਜਾਂਦੀ ਹੈ, ਅਰ ਇਨ੍ਹਾਂ ਦੀ ਬਹੁਤ ਸੂਖਮ ਸ਼ਕਲ ਹੈ, ਜੋ ਦੁੱਖ ਨੂੰ ਮਹਿਸੂਸ ਕਰਦੀ ਹੈ। ਦਿਮਾਗ ਪਰ ਉਸ ਦਾ ਭਾਰਾ ਸਦਮਾ ਪਹੁੰਚਦਾ ਹੈ। ਕੇਸ ਵਧਦੇ ਹਨ, ਵਧਣਾ ਫੁਲਣਾ ਜ਼ਿੰਦਾ ਚੀਜ਼ ਦਾ ਗੁਣ ਹੈ। ਉਪਰੋਂ ਕੱਟਣ ਨਾਲ ਭੀ ਆਪਣੀ ਕਮੀ ਪੂਰਨ ਕਰਨ ਹਿਤ ਮੁੜ-ਮੁੜ

੧. ਹਿੰਦੂਆਂ ਵਲੋਂ ਖਿਚੀਆਂ ਤਸਵੀਰਾਂ ਵਿਚ ਤਾਂ ਰਾਮ, ਲਛਮਣ ਤੇ ਸੀਤਾ ਜੀ ਦੇ ਸੀਸ ਦੇ ਵਿਚਕਾਰ ਜੂੜਾ ਹੀ ਦਿਖਾਇਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਵਧਦੇ ਹਨ। ਇਸ ਤਰ੍ਹਾਂ ਇਕ ਮੋਨੇ ਦੇ ਸੀਸ ਵਿਚੋਂ ਉਮਰ ਭਰ ਵਿਚ ਸੈਂਕੜੇ ਗਜ਼ ਲੰਮੇ ਕੇਸ ਨਿਕਲਦੇ ਹਨ, ਜਿਸ ਕਰਕੇ ਵਾਰ-ਵਾਰ ਕੇਸ ਕਟੌਣ ਨਾਲ ਕੇਸਾਂ ਦਾ ਬੇਅੰਤ ਮਾਦਾ ਖਾਰਜ ਹੁੰਦਾ ਜਾਂਦਾ ਹੈ। 'ਕੇਸ' ਦਿਮਾਗ ਦੀ ਰੱਛਾ ਲਈ ਹੈਨ, ਮੁੰਡੌਣ ਵਾਲੇ ਅਰਥਾਤ ਹਫਤੇਵਾਰ ਜਾਂ ਰੋਜ਼ਾਨਾ ਉਸਤਰਿਆਂ, ਕੈਂਚੀਆਂ ਨਾਲ ਚੱਟਮ ਕਰਨੇ ਸੇ ਦਿਮਾਗ ਦੀ ਰੁਚੀ ਅਰ ਤਾਕਤ ਕੇਸ ਪੈਦਾ ਕਰਨ ਵਿਚ ਲੱਗੀ ਰਹਿੰਦੀ ਹੈ, ਇਸ ਲਈ ਸੈਂਕੜੇ ਗਜ਼ ਲੰਮੇ ਕੇਸ ਬਿਨਾਂ ਮਾਦਾ ਤੇ ਤਾਕਤ ਖਰਚਣੋਂ ਨਹੀਂ ਬਣ ਸਕਦੇ। ਇਸ ਤਰ੍ਹਾਂ ਮੋਨੇ ਲੋਗ ਕੇਸ ਮੁੰਡਾ ਕੇ ਦਿਮਾਗ ਨੂੰ ਇੱਕ ਐਸੇ ਨਿਕੰਮੇ ਪਾਸੇ ਲਾ ਛੱਡਦੇ ਨੇ ਜਿੱਥੋਂ ਕੋਈ ਵੀ ਲਾਭ ਨਹੀਂ, ਬਲਕਿ ਭਾਰੀ ਨੁਕਸਾਨ ਹੁੰਦਾ ਹੈ। ਕੇਸ ਉਮਰ ਭੋਗਦੇ ਹਨ, ਸਮੇਂ ਨਾਲ ਬੁੱਢੇ ਹੁੰਦੇ ਹਨ।

ਕੇਸ ਗੁੱਸੇ ਜਾਂ ਬੀਰ-ਰਸ ਸਮੇਂ ਖੜੇ ਹੁੰਦੇ ਹਨ। ਸਰੀਰ ਦੇ ਵਾਲ (ਰੋਮ) ਖੜੇ ਹੋਣੇ ਇਕ ਜ਼ਿੰਦਾ ਮਿਸਾਲ ਹੈ। ਕੇਸ਼ ਕਾਲੇ, ਭੂਰੇ ਕੱਕੇ ਧੌਲੇ ਆਦਿ ਰੰਗਾਂ ਵਿਚ ਹਨ। ਰੰਗ ਦੇ ਬਦਲਨੇ ਕਰਕੇ ਕੇਸ ਜ਼ਿੰਦਾ ਸਿੱਧ ਨੇ। ਉਹ ਉਮਰ ਮੁਜਬ, ਵਿਸ਼ੇਸ਼ ਕਰਕੇ ਮੋਟੇ ਪਤਲੇ ਹੋਣਾ, ਜਨਮ ਸਮੇਂ ਸਰੀਰ ਦੇ ਵਿਤ ਨਾਲ ਝੰਡ ਹੋਣੀ ਪ੍ਰਤੱਖ ਬਾਤਾਂ ਹਨ। ਕੇਸਾਂ ਵਿਚ ਨੂਰ (ਪ੍ਰਕਾਸ਼) ਮੌਜੂਦ ਹੈ। ਵਿਸ਼ੇਸ਼ ਕਰਕੇ ਚੇਤਨ ਸ਼ਕਤੀ ਹੈ, ਜਿਸ ਤੋਂ ਗ਼ਮੀ ਔਰ ਖੁਸ਼ੀ ਦੇ ਆਸਾਰਾਂ ਦਾ ਪਤਾ ਲਗਦਾ ਹੈ। ਕੇਸ ਉਮਰ ਭੋਗ ਕੇ ਮੁਰਦੇ ਹੁੰਦੇ ਨੇ ਜੋ ਕੰਘੇ ਨਾਲ ਸਾਫ ਕਰਨੇ ਸੇ ਨਿਕਾਲੇ ਜਾਂਦੇ ਹਨ ਔਰ ਨਵੇਂ ਉਗਦੇ ਹਨ। ਥਾਂ-ਥਾਂ ਸਿਰ ਵਿਚ ਭੀ ਵੱਡੇ ਛੋਟੇ ਹੁੰਦੇ ਨੇ। ਨਾਖੁਨਾਂ ਦੀ ਤਰ੍ਹਾਂ ਕੇਸਾਂ ਦੇ ਜ਼ਿੰਦਾ ਅਰ ਮੁਰਦਾ ਦੋ ਹਿੱਸੇ ਨਹੀਂ, ਇਹ ਜੜ੍ਹਾਂ ਤੋਂ ਅਖੀਰ ਤੀਕ ਇਕ-ਰਸ ਅਰ ਲੋੜ ਮੁਜਬ ਵਧਦੇ ਹਨ। ਸਿਰ ਪਰ ਉਤਨੀ ਥਾਂ ਵਿਚ ਹਨ ਜਿਥੇ ਕਿ ਇਨ੍ਹਾਂ ਦੀ ਲੋੜ ਹੈ। ਵਿਸ਼ੇਸ਼ ਕਰਕੇ ਸੀਸ ਦਾੜ੍ਹੇ, ਅੱਖਾਂ, ਫਿੱਫਣਾਂ ਅਰ ਪਲਕਾਂ ਦੇ ਕਿਸਮਵਾਰ ਤੇ ਲੋੜ ਅਨੁਸਾਰ ਹਨ। ਕੇਸਾਂ ਨੂੰ ਵਾਧੂ ਕਹਿਣਾ ਕਰਤਾਰ ਨੂੰ ਮੂਰਖ ਬਨਾਉਣਾ ਹੈ। ਦੇਖੋ ਪਲਕਾਂ ਤੇ ਫਿੱਫਣਾ ਦੇ ਕੇਸ ਉਤਾਰਨ ਨਾਲ ਕਿਵੇਂ ਅੱਖਾਂ ਨੂੰ ਨੁਕਸਾਨ ਪਹੁੰਚਦਾ ਹੈ। ਨੱਕ ਦੇ ਵਾਲ ਪੁੱਟਣ ਨਾਲ ਸੈਂਕੜੇ ਜ਼ਹਿਰੀਲੇ (ਦੁਖਦਾਈ) ਸੂਖਮ ਕ੍ਰਿਮ ਆਦਿ ਅੰਦਰਡ ਜਾਂਦੇ ਹਨ। ਕਰਤਾਰ ਦੀ ਕੁਦਰਤ ਵਲ ਤੱਕੋ! ਨੱਕ ਦੇ ਵਾਲਾਂ ਤੇ ਕੰਨਾਂ ਦੇ 'ਵਾਲਾਂ ਵਿੱਚ' ਕਿਸ ਤਰ੍ਹਾਂ ਦਾ ਫਰਕ ਤੇ ਬਨੌਟ ਮੁਤਾਬਿਕ ਰੱਖੀ ਹੈ, ਕਿਵੇਂ ਥਾਂ-ਥਾਂ ਦੀ ਲੋੜਾਂ ਲਈ ਹੈ, ਤਾਂਤੇ ਸੀਸ ਦੇ ਕੇਸ ਅਰ ਦਾੜ੍ਹੇ ਠੀਕ ਨਾ ਮੰਨੇ ਜਾਣ ? ਇਸਤ੍ਰੀ ਜਾਤੀ ਦਾ ਚੇਹਰਾ ਇਸੇ ਲਈ ਪ੍ਰਕਾਸ਼ਤ ਹੈ ਕਿ ਉਹ ਸ਼ੁਰੂ ਤੋਂ ਕੇਸਾਂ ਵਾਲੀਆਂ ਰਹੀਆਂ ਹਨ। ਪੁਰਸ਼ ਇਸੇ ਲਈ ਕੋਹਝੇ ਹੁੰਦੇ ਜਾ ਰਹੇ ਹਨ ਕਿ ਉਹ ਕੇਸਾਂ ਦਾ ਬੁਰਾ ਕਰਦੇ ਨੇ, ਕਿਉਂਕਿ ਕੇਸਾਂ ਵਿਖੇ ਸੁੰਦਰਤਾ ਹੈ, ਇਸੀ ਦਾ ਨਾਮ ਪ੍ਰਕਾਸ਼ ਹੈ, ਜਿਸ ਦਾ ਸਬੰਧ ਸਰੂਪ ਨਾਲ ਹੈ। ਚੂੰਕਿ ਕੇਸ ਜ਼ਿੰਦਾ ਹਨ, ਇਸੇ ਲਈ ਇਨ੍ਹਾਂ ਦੇ ਬੁਰਾ ਤੱਕਣ ਨਾਲ ਸਰੂਪ ਭੀ ਉੱਡ

ਜਾਂਦਾ ਹੈ। ਇਸ ਦੀ ਪ੍ਰੀਖਿਆ ਇਕ ਰੂਪਵੰਤੀ ਇਸਤ੍ਰੀ ਦੇ ਵਾਲ ਕੱਟਣ ਨਾਲ ਹੋ ਜਾਂਦੀ ਹੈ ਅਰ ਪੁਰਸ਼ ਦਾ ਸਿਰ ਮੂੰਹ ਮੁੰਡੌਣਾ ਹੀ ਸ਼ੋਕ ਜਾਂ ਨਿਰਾਸਤਾ ਦੇ ਨਿਸ਼ਾਨ ਹਨ। ਮਾਨੋਂ ਕੇਸਾਂ ਦੇ ਕਾਤਲ ਦਾ ਏਹੋ ਹਾਲ ਹੁੰਦਾ ਹੈ ਕਿ ਉਹ ਘੋਨ ਮੋਨ [2]ਹੋ ਕੇ ਬਦਨਾਮ ਹੀ ਹੁੰਦਾ ਫਿਰੇ। ਕੇਸ ਰੋਂਦੇ ਤੇ ਅਫਸੋਸ ਭੀ ਕਰਦੇ ਨੇ, ਪਰੰਤੂ ਉਸ ਸੂਖਮਤਾ ਨੂੰ ਅਸੀਂ ਚੰਗੀ ਤਰ੍ਹਾਂ ਤੱਕ ਨਹੀਂ ਸਕਦੇ। ਚੇਹਰੇ ਨਾਲ ਬਦਲਦੇ ਨੇ। ਫਿਕਰ ਨਾਲ ਛੇਤੀ ਧੌਲੇ ਹੁੰਦੇ ਹਨ। ਉਦਾਸੀਨਤਾ ਦੇ ਆਸਾਰ ਡੂੰਘੀ ਨਿਗ੍ਹਾ ਕਰਨੇ ਸੇ ਪ੍ਰਗਟ ਹੁੰਦੇ ਰਹਿੰਦੇ ਹਨ। ਸਿਰ ਮੂੰਹ ਮੁੰਡੌਣ ਵਾਲਾ ਘੜੀ ਮੁੜੀ [3]ਸ਼ੀਸ਼ਾ ਦੇਖਦਾ ਹੈ, ਪਰ ਉਸ ਨੂੰ ਇਹ ਤਸੱਲੀ ਨਹੀਂ ਆਉਂਦੀ ਕਿ ਮੈਂ ਸੋਹਣਾ ਭੀ ਹਾਂ, ਪਰੰਤੂ ਕੇਸਾਂ ਵਾਲੇ ਦੀ ਸੁੰਦਰਤਾ ਅਟੱਲ ਹੈ। ਉਸ ਨੂੰ ਸੁੰਦਰਤਾ ਸੁੱਤੇ ਹੀ ਮਿਲਦੀ ਰਹਿੰਦੀ ਹੈ। ਕੇਸੀ ਇਸ਼ਨਾਨ ਕਰਨ ਨਾਲ ਕੁਦਰਤੀ ਰੂਪ ਆਉਂਦਾ ਹੈ, ਇਸੇ ਕਰਕੇ ਸਿੱਖ ਧਰਮੀ ਕੇਸਾਂ ਨੂੰ ਸੁਕਾਉਣਾ (ਕੇਸ ਹਰੇ ਕਰਨਾ) ਸ਼ੁਭ ਬੋਲੇ ਬੋਲਦੇ ਨੇ। ਕੇਸ ਸਾਫ ਕਰਨੇ ਸੇ ਹਰ ਰੋਜ਼ ਤਾਜ਼ਗੀ ਮਿਲਦੀ ਹੈ। ਕੇਸਾਂ ਦੀਆਂ ਲਟਾਂ ਵਿਚੋਂ ਮਨੁਸ਼ ਦੀ ਸੁੰਦਰਤਾ ਇਉਂ ਟਪਕਦੀ ਹੈ, ਜਿਵੇਂ ਪਹਾੜੀ ਹਰਿਆਵਲ ਨਾਲ ਸੁਭਾਇਮਾਨ ਹੁੰਦੀ ਹੈ। ਦੇਖਣ ਵਾਲੇ ਨੂੰ ਪਰਮ ਆਨੰਦ ਦਿੰਦੀ ਹੈ। ਕਿਸੀ ਸੂਰਤ ਵੱਲ ਤੱਕੋ ਮਾਨੋ ਕੇਸਾਂ ਵਿਚੋਂ ਗੰਭੀਰਤਾ, ਚਾਤ੍ਰਤਾ, ਸੁੰਦਰਤਾ, ਝਰ ਝਰ ਪੈਂਦੀ ਹੈ। ਸੰਸਾਰ ਭਰ ਦੀਆਂ ਮਹਾਂ ਸੁੰਦਰੀਆਂ (ਪਰੀਆਂ) ਕੇਸਾਂ ਨਾਲ ਸੁਸ਼ੋਭਤ ਨੇ। ਇਹੋ ਦਸ਼ਾ ਮਰਦਾਂ ਦੀ ਹੈ। ਪੁਰਾਣੇ ਤੋਂ ਪੁਰਾਣੇ ਮੁਸੱਵਰ ਕੇਸਾਂ ਵਾਲੀਆਂ ਤਸਵੀਰਾਂ ਵਿਚ ਰੂਪ ਮੰਨਦੇ ਆਏ ਨੇ। ਦੇਖੋ ਸ੍ਰੀ ਕ੍ਰਿਸ਼ਨ ਜੀ ਕਿਸ ਤਰ੍ਹਾਂ ਕੇਸਾਂ ਦੀ ਛਹਿਬਰ ਨਾਲ ਬਨੌਟੀ ਤਸਵੀਰਾਂ ਵਿਚ ਸ਼ੋਭਦੇ ਨੇ। ਸਿਧਾਂਤ ਕੀ ! ਕੇਸ ਸੁੰਦਰਤਾ ਦਾ ਘਰ ਹਨ। ਮਾਨੋਂ ਇਹ ਰੂਪ ਦੀ ਸੁਹਾਵਨੀ ਕੁਟੀਆ ਹੈ। ਤਦੇ ਮੋਨੇ ਲੋਕ ਕਦੀ ਪਟੇ, ਕਦੇ ਬੋਦੇ, ਕਿਧਰੇ ਮੱਥੇ ਪਰ ਵਾਲ ਆਦਿ ਹਜ਼ਾਮਤਾਂ ਨਾਲ ਰੱਖਦੇ ਹਨ, ਪਰ ਇਹ ਕੇਸ ਨਾ ਰੱਖਣ ਦੇ ਤਰਲੇ ਹਨ।

---

੨. ਹਿੰਦੁਸਤਾਨ ਵਿਚ ਕਈ ਫਿਰਕੇ ਹੀ ਸਿਰ ਮੂੰਹ ਮੁੰਡੌਣ ਵਾਲੇ ਚੱਲ ਪਏ ਹਨ, 'ਰੋਡੇ' ਸਾਧਾਂ ਦੀ ਸੰਘਯਾ ਸਿਰ ਮੂੰਹ ਮੁੰਡੌਣ ਕਰਕੇ ਹੀ ਹੋਈ ਹੈ, ਸਤਿਨਾਮੀ ਸਾਧਾਂ ਦਾ ਇਕ ਫਿਰਕਾ ਹੈ, ਜੋ ਭੌਆਂ ਦੇ ਵਾਲ ਵੀ ਮੁਨਾ ਦਿੰਦੇ ਹਨ। ਨਾਗਪੁਰ ਦੇ ਇਲਾਕੇ ਵਿਚ ਇਕ ਅਭਯਸ ਜਾਤਿ ਦਾ ਨਾਮ ਹੀ 'ਮੁੰਡਾ' ਹੈ, ਭਗਤ ਕਬੀਰ ਜੀ ਨੇ ਸਿਰ ਮੁੰਡਿਆਂ ਨੂੰ "ਰੁੰਡਤ ਮੁੰਡਤ" ਲਿਖਿਆ ਹੈ, ਪੰਜਾਬ ਵਿਖੇ ਛੋਟੀਆਂ ਲੜਕੀਆਂ ਦਾ ਸਿਰ ਮੁੰਡੌਣੇ ਸੇ ਇਨ੍ਹਾਂ ਦਾ ਨਾਮ ਮੁੰਨੀਆਂ ਪਿਆ ਜੋ ਕਿ ਨਿਰਾਦਰੀ ਦਾ ਵਾਚਯ ਹੈ। ਮਾਤਾ ਪਿਤਾ ਦੇ ਮਰਨੇ ਪਰ ਹਿੰਦੂ ਲੋਕ ਸਿਰ ਮੂੰਹ ਮੁਨਾ ਕੇ ਸ਼ੋਕ ਪ੍ਰਗਟ ਕਰਦੇ ਹਨ, ਹਰ ਰੋਜ਼ ਮੁਨੌਣੇ ਵਾਲੇ ਖਬਰੇ ਕੀ ਸਮਝ ਕੇ ਮੁੰਡਾਈ ਕਰਦੇ ਨੇ ?

੩. ਸਿਰ ਮੂੰਹ ਮੁੰਡਣ ਵਾਲੇ ਨਾਈ ਅਕਸਰ ਸ਼ੀਸ਼ਾ ਪਾਸ ਹੀ ਰਖਦੇ ਹਨ ਤਾਂ ਕਿ ਮੁੰਡਿਆ ਗਿਆ ਆਦਮੀ ਦੇਖਦਾ ਰਹੇ ਕਿ ਉਸ ਦੀ ਹਜ਼ਾਮਤ ਕੇਸੀ ਹੁੰਦੀ ਹੈ ਅਰ ਮਨੁਖੀ ਸੂਰਤ ਕਿਵੇਂ ਸੁਧਾਰੀਦੀ ਹੈ। ਜਾਂ ਨਵੀਂ ਘਾੜਤ ਦਾ ਮਨੁੱਖ ਸੂਰਤ ਕਿਵੇਂ ਬਣਦਾ ਹੈ। ਹਜ਼ਾਮਤ ਕਰਾਉਣ ਵਾਲੇ ਨੂੰ ਸ਼ੀਸ਼ੇ ਵਿਚ ਮੂੰਹ ਦੇਖੇ ਬਿਨਾਂ ਸੰਤੋਖ ਭੀ ਨਹੀਂ ਆਉਂਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਸਿਰ ਕਟੌਣ ਤੋਂ ਕੇਸ ਕਟੌਣ ਦੀ ਸਜ਼ਾ ਭਾਰੀ ਹੈ !

ਕੇਸ ਸਰੀਰ ਦਾ ਅੰਗ ਹੋਣ ਕਰਕੇ ਹੀ ਇਹ ਬੋਲਾ ਪ੍ਰਚੱਲਤ ਹੈ ਕਿ ਸਿਰ ਮੁਨਾ ਲਿਆ ਮੁਖ ਦੇ ਕੇਸ ਉਤਾਰਨੇ ਪਰ ਕਿਹਾ ਜਾਂਦਾ। ਮੂੰਹ ਮੁਨਾ ਲਿਆ ਹੈ ਜਾਂ ਮੇਰਾ ਸਿਰ ਮੁੰਨ ਦੇ, 'ਯੂ. ਪੀ. ਵਿਚ ਕਹਿੰਦੇ ਹਨ ਅਰੇ ਮੈਂ ਮੂੰਡ ਤੋ ਕਟਵਾ ਲੂੰ' ਅਸਚਰਜ ਹੈ ਕਿ ਕਲਜੁਗੀ ਲੋਗ ਨਾਈਆਂ ਨੂੰ ਪੈਸੇ ਦੇ ਕੇ ਸਿਰ ਮੂੰਹ ਮੁੰਡੌਣਾ ਕਹਿੰਦੇ ਹਨ, ਵੈਸੇ ਸਿਰ ਕੱਟਣ ਵਾਲਾ ਸਜ਼ਾ ਦਾ ਭਾਗੀ ਹੈ।

ਪੁਰਾਤਨ ਗ੍ਰੰਥ ਫੋਲ ਦੇਖੋ ! ਸਤਿਜੁਗੀ ਲੋਗ ਕੇਸ ਕਟੌਣ ਨਾਲੋਂ ਸਿਰ ਕਟੌਣਾ ਅੱਛਾ ਜਾਣਦੇ ਸਨ। ਰਾਮਾਇਣ ਆਦਿ ਹਿੰਦੂ ਗ੍ਰੰਥਾਂ ਵਿਚ ਬਹੁਤ ਸਾਰੇ ਵਿਸਥਾਰ ਨਾਲ ਸਿੱਧ ਕੀਤਾ ਹੈ, ਕਿ ਸ੍ਰੀ ਪਰਸਰਾਮ ਜੀ ਨੇ ਸਿਰ ਦੀ ਥਾਂ ਕੇਸਾਂ ਨੂੰ ਉੱਤਮ ਮੰਨਿਆ ! ਜੈਸਾ ਕਿ ਪਰਸੰਗ ਹੈਨ ਕਿ ਜਿਸ ਵੇਲੇ ਪੰਡਿਤ ਪਰਸਰਾਮ ਜੀ ਦੇ ਪਿਤਾ ਰਿਖੀ ਜਮ-ਦਗਨ ਨੂੰ ਸਹੰਸਰ ਬਾਹੂ ਨੇ ਕਤਲ ਕਰ ਦਿੱਤਾ (ਸਹੰਸਰ ਬਾਹੂ ਛੱਤ੍ਰੀ ਸੀ ਜੋ ਪਰਸਰਾਮ ਦਾ ਮਾਸੜ ਲਗਦਾ ਸੀ) ਪਰਸਰਾਮ ਉਸ ਵੇਲੇ ਨਿਰਬਲ ਸੀ, ਪਰੰਤੂ ਸਮਾਂ ਪਾ ਕੇ ਉਸ ਨੇ ਆਪਣੇ ਪਿਉ ਦੇ ਕਤਲ ਦਾ ਇਵਜ਼ਾਨਾ ਲੈਣ ਹਿਤ, ਸਾਰੇ ਛਤ੍ਰੀਆਂ ਨੂੰ ਹੀ ਸਣ-ਮੂਲੋਂ ਮੁਕੌਣਾ ਚਾਹਿਆ। ਸਵਾ ਮਣ ਦਾ ਕੁਹਾੜਾ ਮੋਢੇ ਪਰ ਰੱਖਦਾ, ਛੱਤ੍ਰੀਆਂ ਨੂੰ ਮਾਰ ਕੇ ਤਿਨ੍ਹਾਂ ਦਾ ਲਹੂ ਇਕ ਕੁੰਡ (ਤਾਲਾਬ) ਵਿਚ ਨਿਚੋੜ ਕੇ ਉਸ ਨੂੰ ਭਰ ਕੇ ਅਸ਼ਨਾਨ ਕਰਕੇ, ਆਪਣੀ ਹਾਰਦਿਕ ਤਪਤ ਬੁਝਾਉਂਦਾ। ਦੱਸਿਆਂ ਹੈ ਕਿ ਇੱਕੀ ਵਾਰੀ ਇਸ ਤਰ੍ਹਾਂ ਉਸ ਨੇ ਛੱਤ੍ਰੀਆਂ ਦੇ ਲਹੂ ਨਿਚੋੜ ਕੇ ਤਾਲਾਬ ਭਰੇ ਤੇ ਲਹੂ ਵਿਚ ਅਸ਼ਨਾਨ ਕਰਕੇ ਹਿਰਦਾ ਠੰਡਾ ਕੀਤਾ। ਉਸ ਪਾਸੋਂ ਸਿਰ ਮੁੰਡਾ ਕੇ ਕਾਇਰਤਾ ਦਿਖਲੌਣ ਵਾਲੇ [8]ਛਤ੍ਰੀ ਬਚ ਨਿਕਲਦੇ, ਪਰ ਕੇਸਾਂ ਦੀ ਥਾਂ ਕੇਸ ਮੁੰਡੌਨ ਦਾ ਨਿਸ਼ਾਨ **ਬੋਦੀ ਰੱਖਦੇ ਮਾਨੋਂ ਇਹ ਛੱਤ੍ਰੀ ਪਰਸ ਰਾਮ ਦੇ ਅੱਗੇ ਨਸ਼ਰ ਹੋ ਕੇ ਬਚ ਨਿਕਲੇ ਹਨ,** ਭਾਵ ਬੋਦੀ ਰੱਖਣੀ ਕਾਇਰਤਾ ਦੇ ਨਿਸ਼ਾਨ ਦਰਸਾਏ ਗਏ, ਮਰਦੇ-ਮੈਦਾਨ ਲੋਕ ਬੋਦੀ ਵਾਲਿਆਂ ਨੂੰ ਡਾਕੂ ਆਦਿ ਬੁਜ਼ਦਿਲ ਮੰਨਦੇ, ਪਰ ਸਮਾਂ ਪਾ ਕੇ ਇਹ ਕਾਇਰਤਾ ਇਕ ਮਰਯਾਦਾ ਹੀ ਬਣ ਗਈ। ਕੇਸਾਂ ਨੂੰ ਪਿੱਠ ਦੇਣ ਦੇ ਨਿਸ਼ਾਨ ਬੋਦੀ ਹੀ ਪ੍ਰਵਿਰਤ ਹੋ ਗਈ। ਭਾਵੇਂ ਬੋਦੀ ਮੌਕੇ ਦਾ ਗਵਾਹ ਹੈ ਕਿ ਇਤਨੇ-ਇਤਨੇ ਕੇਸ ਇਥੋਂ ਕਤਲ ਹੋ ਚੁਕੇ ਹੈਨ, ਪਰ ਉਲਟੀ ਰਸਮ ਨੇ ਬੋਦੀ ਨੂੰ ਹਿੰਦੂਪੁਣਾ ਹੀ ਸਿੱਧ ਕਰ ਵਿਖਾਇਆ।

---

੪. ਮਾਨੋ ਪਰਸਰਾਮ ਦੇ ਕੁਹਾੜੇ ਤੋਂ ਜੋ ਬਚਨਾ ਚਾਹੁੰਦਾ ਸੀ ਸਿਰ ਦੀ ਥਾਂ ਕੇਸ ਮੁੰਡਾ ਕੇ ਉਸਦੇ ਰਹਿਮ ਦਾ ਪਾਤ੍ਰ ਬਣਦਾ, ਬੋਦੀ ਦਾ ਰਿਵਾਜ ਕੇਸ ਨਾ ਰੱਖਣ ਦਾ ਰੰਗੜ ਉਹੀ ਸਿੱਧ ਹੁੰਦਾ, ਇਸ ਨਾਲ ਚੋਟੀ (ਛੋਟੀ) ਹੈ। ਜਿਸ ਤੋਂ ਜਾਪਦਾ ਹੈ ਪਰਸਰਾਮ ਵਲੋਂ ਛੱਡੇ ਗਏ (ਛੋਟ) ਚੋਟੀ ਦੇ ਅਰਥਾਤ ਕੇਸ ਭੀ ਹਨ, ਭਾਵ ਸ਼ਰੋਮਣੀ (ਸਿਰਤਾਜ)।

Sri Satguru Jagjit Singh Ji eLibrary NamdhariElibrary@gmail.com

ਬੋਦੀ ਵਾਲੇ ਨੂੰ ਬਾਮਨੀ ਲੋਕ ਬੀਰਚੋਰ ਆਦਿ ਕਹਿੰਦੇ ਸਨ।

ਸੂਚਨਾ—ਇਲਾਕਾ ਮਦਰਾਸ ਵਿਚ ਬੋਦੀ ਦੀ ਸ਼ਕਲ ਇਰਦਾ ਗਿਰਦਾ ਮੁੰਡਾ ਕੇ ਵਿਚਕਾਰ ਕੇਸ ਰੱਖਣੇ ਹੈ। ਕਲਿੰਗੀ ਜਾਂ ਮਦਰਾਸੀ ਹਿੰਦੂ ਹੁਣ ਤੀਕਰ ਵਿਚਕਾਰ ਕੇਸ ਰੱਖ ਕੇ ਪਿਛੇ ਜੂੜਾ ਕਰਦੇ ਨੇ, ਪਰੰਤੂ ਇਸਤ੍ਰੀਆਂ ਵਿਚ ਇਹ ਰਸਮ ਘਟ ਗਈ ਹੈ, ਪਰ ਪੰਜਾਬੀਆਂ (ਮੱਧ ਦੇਸ) ਵਿਚ ਵੱਧ ਕੇਸ ਮੁੰਡਾ ਕੇ ਨਿੱਕੀ ਜਿਹੀ ਲੰਬੀ ਬੋਦੀ ਰਹਿ ਗਈ, ਕਈ ਘੋਨ ਮੋਨ ਤੀਕ ਆ ਪਹੁੰਚੇ ਨੇ। ਇਸ ਤਰ੍ਹਾਂ ਬਹੁਤ ਫੈਸ਼ਨਾਂ ਵਿਚ ਸਿਰ ਮੁੰਡਾਈ ਵਧ ਗਈ, ਬੋਦੀਆਂ ਭੀ ਅਨੇਕ ਤਰ੍ਹਾਂ ਦੀਆਂ ਹਨ, ਚੀਨ ਵਿਚ ਅੱਧਾ ਚੁਗਿਰਦਾ ਮੁਨੌਂਦੇ ਹਨ।

ਉਕਤ ਪ੍ਰਸੰਗਾਂ ਤੋਂ ਨਿਸਚੇ ਹੁੰਦਾ ਹੈ ਕਿ ਬੋਦੀ ਦਾ ਰਿਵਾਜ ਪਰਸ ਰਾਮ ਜੀ ਦੇ ਕੁਹਾੜੇ ਅੱਗੇ ਭਾਂਜ ਖਾ ਕੇ ਛੱਤ੍ਰੀਪਣਾ ਤਜਨ ਦੇ ਨਿਸ਼ਾਨ ਹਨ। ਇਹ ਬਾਤ ਪ੍ਰਸਿੱਧ ਹੈ ਕਿ ਜਿਸ ਵੇਲੇ ਸ੍ਰੀ ਰਾਮ ਚੰਦਰ ਜੀ ਜਨਕ ਸੁਤ, ਸ੍ਰੀ ਸੀਤਾ ਜੀ, ਨੂੰ ਵਰ ਕੇ ਲਿਆਏ, ਉਸ ਖੁਣਸ ਵਿੱਚ ਪਰਸ ਰਾਮ (ਆਪ ਜਾਤੀ ਕਰਕੇ ਬ੍ਰਾਹਮਣ ਮੰਨੇ ਗਏ ਅਤੇ ਅਵਤਾਰਾਂ ਵਿਚ ਭੀ ਸ਼ਾਮਲ ਹਨ) ਸ੍ਰੀ ਰਾਮ ਚੰਦਰ ਜੀ ਨੂੰ ਛੱਤ੍ਰੀ ਹੋਣ ਦੀ ਹਾਲਤ ਕਰਕੇ ਰਸਤੇ ਵਿੱਚ ਆ ਟੱਕਰਿਆ, ਪਰ ਤਿਨ੍ਹਾਂ ਅੱਗੇ ਆਪਣਾ ਬਲ ਹਾਰ ਬੈਠਾ, ਤਿਸ ਪਰ ਸ੍ਰੀ ਰਾਮ ਚੰਦਰ ਜੀ ਦੇ ਛੋਟੇ ਭ੍ਰਾਤਾ ਲਛਮਣ ਜੀ ਨੇ ਕਿਹਾ ਕਿ ਆਗਿਆ ਕਰੋ ਤਾਂ **'ਕਹੋ ਬਾਰਧ ਉਤਾਰੋਂ, ਕਹੋਂ ਭੁਜਾ ਕਾਟ ਡਾਰੋਂ, ਕਹੋ ਸੀਸ ਤੇ ਉਤਾਰੋਂ, ਕਹੋਂ ਜੂਰ (ਕੇਸਾਂ ਦਾ ਜੂੜਾ) ਕਾਟ ਲੀਜੀਏ।** (ਹਨੂਮਾਨ ਨਾਟਕ) ਇਸ ਪ੍ਰਸੰਗ ਤੋਂ ਪਤਾ ਲਗਦਾ ਹੈ ਕਿ ਪਰਸ ਰਾਮ ਨੇ ਸੀਸ ਕਟੌਣਾ ਮਨਜ਼ੂਰ ਕੀਤਾ, ਪਰ ਕੇਸ ਕਟਾ ਕੇ ਨਸ਼ਰ ਹੋਣਾ ਨਾ ਮੰਨਿਆ। ਦਸਿਆ ਹੈ ਕਿ ਬ੍ਰਾਹਮਣ ਘਾਤ ਕਰਨ ਦੇ ਅਪਰਾਧ ਦੇ ਡਰ ਤੋਂ ਸ੍ਰੀ ਰਾਮ ਚੰਦਰ ਜੀ ਨੇ ਪਰਸ ਰਾਮ ਨੂੰ ਜਾਨੋਂ ਨਹੀਂ ਮਾਰਿਆ ਸੀ, ਕੇਵਲ ਕੁਹਾੜਾ ਹੀ ਖੋਹ ਲਿਆ ਸੀ। ਪਰਸ ਰਾਮ ਇਸ ਤਰ੍ਹਾਂ ਹਾਰ ਖਾ ਕੇ ਪਹਾੜਾਂ ਵਿਚ ਤਪ ਕਰਨ ਜਾ ਲੱਗਾ। ਇਸੇ ਨੂੰ ਸੁਲਾਹ ਹੋਣੀ ਭੀ ਦਸਿਆ ਹੈ। ਖੈਰ ਕੁਝ ਭੀ ਹੋਵੇ ਸ੍ਰੀ ਪਰਸ ਰਾਮ ਦੇ ਸਿਰ ਪਰ ਕੇਸ ਹੋਣੇ ਸਿੱਧ ਹਨ ਅਰ ਕੇਸਾਂ ਨਾਲੋਂ ਸਿਰ ਕਟਾਉਣਾ ਚੰਗਾ ਮੰਨਣਾ ਭੀ ਸਾਬਤ ਹੈ ਅਤੇ ਕੇਸ ਕੱਟਣ ਦਾ ਮੰਤਵ ਕਾਇਰ ਹਾਲਤ ਵਿਚ ਭਾਂਜ ਖਾਣ ਵਾਲਾ ਜਾਂ ਗੁਲਾਮ ਮੰਨਿਆ ਜਾਣਾ ਹੈ। ਸ੍ਰੀ ਰਾਮ ਚੰਦਰ ਜੀ ਸੁਧੇ ਭਰਾਵਾਂ ਦੇ ਕੇਸਾਂ ਸਹਿਤ ਸਿੱਧ ਹਨ ਅਰ ਬੋਦੀ ਵਾਲੇ ਜਾਂ ਮੁੰਡੇ ਗਏ, ਹਾਰੇ ਹੋਏ, ਜਾਂ ਨਸ਼ਰ ਕੀਤੇ ਸਿੱਧ ਹੁੰਦੇ ਨੇ ਅਤੇ ਬੋਦੀ ਵਾਲੇ ਛਤ੍ਰੀ ਕੁਹਾੜੇ ਤੋਂ ਭਾਂਜ ਖਾ ਕੇ ਬੋਦੀ ਵਾਲੇ ਹੀ ਰਹਿ ਗਏ। ਇਹੋ ਤ੍ਰੇਤੇ ਵਿਚ ਧਰਮ ਵਲੋਂ ਢਹਿੰਦੀ ਕਲਾ ਮੰਨੀ ਗਈ ਕਿ ਧਰਮ ਨਾਲੋਂ ਜਾਨ ਪਿਆਰੀ ਹੋ ਗਈ ਹੈ।

ਦੁਆਪੁਰ ਸਮੇਂ ਦੇ ਮਹਾਂਭਾਰਥ ਆਦਿ ਗ੍ਰੰਥਾਂ ਤੋਂ ਭੀ ਇਹੋ ਸਿੱਧ ਹੈ ਕਿ ਅਸਲੀ

Sri Satguru Jagjit Singh Ji eLibrary NamdhariElibrary@gmail.com

ਛੱਤ੍ਰੀ (ਮਰਦਿ ਮੈਦਾਨ) ਕੇਸਾਂ ਵਾਲੇ ਹੀ ਰਹੇ, ਪਰ ਬੋਦੀਆਂ ਵਾਲੇ ਜਾਂ ਮੋਨੇ ਕਾਇਰ ਬਣੇ। ਸ੍ਰੀ ਕ੍ਰਿਸ਼ਨ ਜੀ ਮਹਾਰਾਜ ਤੋਂ ਰੁਕਮਣੀ ਦੇ ਲਿਆਵਣ ਸਮੇਂ ਕ੍ਰਿਸ਼ਨ ਜੀ ਦੇ ਵੱਡੇ ਭ੍ਰਾਤਾ ਬਲਭੱਦਰ ਨੇ ਪੁਛਿਆ ਕਿ ਕੀ ਆਪ ਨੇ ਰੁਕਮਣੀ ਦੇ ਭ੍ਰਾਤਾ ਰੁਕਮਈਆ ਨੂੰ ਕਤਲ ਕਰ ਦਿੱਤਾ ? ਉੱਤਰ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਫੁਰਮਾਇਆ ਹੈ—**ਹੇ ਬਲਭੱਦਰ ਧਰਮ ਸ਼ਾਸਤ੍ਰ ਦੀ ਆਗਿਆ ਹੈ ਕਿ ਮੌਤ ਦੀ ਸਜ਼ਾ ਵਾਲੇ ਤੇ ਖੱਤ੍ਰੀ ਨੂੰ [5]ਸਿਰ ਮੁੰਨ ਕੇ ਛੱਡ ਦੇਣਾ ਹੀ ਮੌਤ ਦੇ ਸਾਮਾਨ ਹੈ,** ਕੀ ਉਕਤ ਉੱਚ ਭਾਵ ਨੂੰ ਸਿਰ ਮੁੰਡੌਣਾਂ ਉੱਤਮ ਕਹਿਣ ਵਾਲੇ ਲੋਕ ਦੱਸ ਸਕਦੇ ਹਨ, ਕੇਸ ਮੁੰਡੌਣੇ ਵਾਲੇ ਕੀ ਹਨ ?

ਮਹਾਂਭਾਰਥ ਵਿਚ ਦੱਸਿਆ ਹੈ ਕਿ ਜਿਸ ਵੇਲੇ ਉਤਰਹਿ ਨਾਮੀ ਰਿਖੀ ਆਪਣੀ ਸੁਪਤਨੀ ਸਮੇਤ ਤਪ ਕਰਦੇ ਸੀ, ਤਾਂ ਉਸ ਦੀ ਸੁੰਦਰ ਸਰੂਪ ਇਸਤ੍ਰੀ ਪਰ ਵਰਨ ਦੇਵਤਾ ਜੀ ਮੋਹਤ ਹੋ ਗਏ, ਜਿਸ ਪਰ ਮਹਾਂ ਕ੍ਰੋਧਤ ਹੋ ਕੇ ਤਪ ਦੇ ਬਲ ਨਾਲ ਰਿਖੀ "ਉਤਰਹਿ" ਨੇ ਦੇਵਤੇ ਬੁਲਾ ਲਏ, ਦੇਵ ਮੰਡਲ ਨੇ ਉਸ ਪਤਤ ਕੁਕਰਮੀ ਵਰਨ ਦੇਵਤੇ ਦਾ ਸਿਰ ਮੁੰਡ ਕੇ ਨਸ਼ਰ ਕਰਨ ਦੀ ਸਜ਼ਾ ਦਿਤੀ। ਇਸ ਪ੍ਰਸੰਗ ਤੋਂ ਸਪਸ਼ਟ ਹੁੰਦਾ ਹੈ ਕਿ ਸਿਰ ਮੂੰਹ ਮੁੰਡੌਣਾ ਪੁਰਾਣੀ ਕਥਾ ਮੂਜਬ ਬਦਨਾਮ ਕਰਨੇ ਦੀ ਸਜ਼ਾ ਸੀ, ਜਿਸ ਨੂੰ ਕਲਜੁਗੀ ਲੋਕ ਖੁਸ਼ੀ ਨਾਲ ਭੁਗਤ ਰਹੇ ਹਨ। ਭਾਵ ਸਿਰ ਮੁੰਡੌਣ ਨੂੰ ਉੱਤਮ ਦੱਸ ਕੇ ਅਮਲ ਕਰਦੇ ਨੇ। ਪਰਤੀਤ ਹੁੰਦਾ ਹੈ ਕਿ ਇਹ ਦਸ਼ਾ ਬਿੱਲੀ ਕੇ ਡਾਸੇ (ਵਿਸ਼ਟਾ) ਦਾ ਨਾਮ "ਮੁਸ਼ਕ ਬਿਲਾਈ" ਧਰਨ ਵਤ ਹੈ। ਪੁਰਾਣਕ ਕਥਾ ਤੋਂ ਇਹ ਵੀ ਸਿੱਧ ਹੈ ਕਿ ਸੋਮਰਾਜਾ ਨੇ ਬ੍ਰਹਸਪਤੀ ਦੀ ਸੁਪਤਨੀ ਉੱਤੇ ਬੁਰੀ ਦ੍ਰਿਸ਼ਟੀ ਧਾਰੀ ਸੀ, ਉਸ ਵੇਲੇ ਭੀ ਸੋਮਰਾਜ ਲਈ ਸਿਰ ਮੂੰਹ ਮੁੰਡਾ ਕੇ ਨਸ਼ਰ ਕਰਨੀ ਸਜ਼ਾ ਦਿੱਤੀ ਗਈ, ਤਾਂਤੇ ਕੇਸ ਮੁੰਡੌਣ ਦਾ ਭਾਵ ਸਿਰ ਕੱਟਣ ਦੀ ਸਜ਼ਾ ਅਤੇ ਮਹਾਂ-ਸ਼ਰਮਿੰਦਾ ਕਰਨਾ ਹੈ ਤੇ ਕੇਸ ਮੁੰਡੌਣੇ ਕਾਇਰਾਂ, ਚੋਰਾਂ ਦੇ ਚਿੰਨ੍ਹ ਸਨ।

ਅੱਜ ਚਾਹੇ ਫੈਸ਼ਨ-ਪ੍ਰਸਤ ਜਾਂ ਇਹ ਹਾਜ਼ਰ ਜਵਾਬੀਏ ਕਿ ਸਿਰ ਹਮਾਰਾ ਹੈ, ਹਮਾਰੇ ਬਾਲ ਹੈਂ, ਜੋ ਹਮ ਖੁਸ਼ੀ ਕਰੇਂਗੇ ਆਦਿ ਨੋਕਾਂ-ਝੋਕਾਂ ਕਰਕੇ ਬਰੀ ਹੋ ਜਾਣ, ਪਰ ਪੁਰਾਣੇ ਸਮੇਂ ਵਿਚ ਸਿਰ ਮੂੰਹ ਮੁਨੌਣਾ ਸਜ਼ਾ ਸੀ। ਬਹੁਤੇ ਆਦਮੀ ਰਲ ਕੇ ਸੱਚ ਨੂੰ ਝੂਠ ਅਰ ਝੂਠ ਸੱਚ ਬਣਾ ਲੈਂਦੇ ਹਨ, ਕਮਜ਼ੋਰ ਸੱਚੇ ਨੂੰ ਬਹੁਤਿਆਂ ਅੱਗੇ ਨੀਵਾਂ ਹੋਣਾ ਪੈਂਦਾ ਹੈ, ਪਰੰਤੂ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥" (ਪੰਨਾ ੯੫੩) ਪਰ ਨਿਸਚਾ ਧਾਰਨੇ ਵਾਲਾ ਡੋਲ ਨਹੀਂ ਸਕਦਾ।

੫. ਪੁਰਾਣੇ ਸਮੇਂ ਦੇ ਸਭ ਲੋਕ ਕੇਸ ਰਖਦੇ ਸਨ, ਕੇਸ ਕੱਟਣਾ ਬੜਾ ਭਾਰੀ ਅਪਰਾਧ ਮੰਨਿਆ ਜਾਂਦਾ ਸੀ (ਦੇਖੋ, ਅਥਰਬਣ ਵੇਦ ਅ: ੬, ਮੰਤ੍ਰ ੩੦ ਤੇ ੧੩੬. ਯਮਸਿਮ੍ਰਤਿ ਸ: ੫੩ ਤੋਂ ੫੮ ਤਕ, ਇਸ ਤੋਂ ਇਲਾਵਾ ਆਪਸਤੰਭ ਸਿਮ੍ਰਤਿ, ਅ: ੧, ਸ: ੩੨-੩੩ ਅਤੇ ਪਰਾਸ਼ਰ ਸਿਮ੍ਰਤਿ ਦਾ ਅ: ੯, ਸਲੋਕ ੫੨ ਤੋਂ ੫੪ ਤਕ)।

Sri Satguru Jagjit Singh Ji eLibrary NamdhariElibrary@gmail.com

# ਕੇਸਾਂ ਤੋਂ ਕੇਸ਼ਵ

ਵੇਦਾਂ ਕਤੇਬਾਂ ਦੇ ਮਤ ਅਨੁਸਾਰ ਕਰਤਾਰ ਚਲਦੀ ਫਿਰਦੀ ਮੂਰਤ ਤਥਾ ਆਦਮੀ ਸੂਰਤ ਵਿੱਚ ਮੰਨਿਆ ਜਾਂਦਾ ਹੈ। ਤਦੇ ਖੁਦਾ ਨੇ ਆਪਣੀ ਸ਼ਕਲ ਪਰ ਬਾਬਾ ਆਦਮ ਦੀ ਘਾੜਤ ਕਤੇਬੀ ਮਤਾਂ ਨੇ ਦੱਸੀ ਹੈ। ਏਧਰ ਮੁਕਾਬਲੇ ਤੇ ਬ੍ਰਹਮਾਂ, ਬਿਸ਼ਨ, ਮਹੇਸ਼ ਜੀ ਭੀ ਹੈਨ, ਜੋ ਬਾਰੰਬਾਰ ਰਚਨਾ ਦੇ ਮੋਢੀ ਮੰਨੇ ਹੈਨ। ਲੋੜ ਮੁਜਬ ਇਸੇ ਸ਼ਕਲ ਵਿੱਚ ਰੱਬ ਨੂੰ ਮੰਨਿਆ ਗਿਆ ਹੈ। ਵੈਸੇ ਭੀ ਵੇਦਾਂ ਦੇ ਮੁਖੀ ਜਾਂ ਹਰਤੇ ਕਰਤੇ ਅਥਵਾ **'ਮੁਖੀ ਦੇਵ'** ਇਹੋ ਹੈਨ, ਇੰਦ੍ਰਾਦ ਸੁਰਗੀ ਦੇਵ ਮੰਨੇ ਗਏ। 'ਪਦਮ ਚੰਦ ਕੋਸ਼' ਵਿੱਚ ਭੀ ਕੇਸ਼ਵ ਸ਼ਬਦ ਵਿਸ਼ਨੂੰ ਭਗਵਾਨ ਦਾ ਵਾਚਕ ਮੰਨਿਆ ਹੈ, ਯਥਾ:-ਵਿਸ਼ਨੂੰ ਭਗਵਾਨ ਕੇਸਦੰਤ ਕੋ ਮਾਰਨੇਹਾਰਾ, ਕ੍ਰਿਸ਼ਨ ਸੂਰਜ ਆਦਿ ਅੰਸ ਵਾਲਾ ਪ੍ਰਮੇਸ਼ਰ **'ਅੱਛੇ ਕੇਸਾਂ ਵਾਲਾ'** ਲੰਮੇ ਸੋਹਣੇ ਵਾਲਾਂ ਵਾਲਾ (ਪਦਮ ਚੰਦ ਕੋਸ਼)[੬]

ਕਰਤਾਰ ਭਾਵੇਂ ਚੱਕ੍ਰ ਚਿੰਨ੍ਹਾਂ ਤੋਂ ਰਹਿਤ ਨਿਰਗੁਣ ਸਰੂਪ ਹੈ, ਪਰੰਤੂ ਵੇਦਾਂ ਕਤੇਬਾਂ ਦੇ ਮੱਤ ਅਨੁਸਾਰ ਤਾਂ ਉਹ [੭]ਸੁੰਦਰ ਕੇਸਾਂ ਵਾਲਾ [੮]'ਕੇਸ਼ਵ' ਹੈ ਉਸ ਦੀ ਪਰਤੱਖਤਾ ਲਈ ਸ੍ਰੀ ਵਿਸ਼ਨੂੰ ਜੀ ਦੀਆਂ 'ਤਸਵੀਰਾਂ' ਲੰਮੇ ਅਰ ਸੁੰਦਰ ਕੇਸਾਂ ਨਾਲ ਦਿਖਲਾਈਆਂ ਜਾਂਦੀਆਂ ਹਨ। ਜਦ ਸ੍ਰੀ ਵਿਸ਼ਨੂੰ ਜੀ ਲੰਮੇ ਅਰ ਸੁੰਦਰ ਕੇਸਾਂ ਨਾਲ ਹਨ ਤਾਂ ਸਿੱਧ ਹੈ ਕਿ ਅਵਤਾਰ ਦਾ ਮੁਖੀ ਜਾਂ ਸਾਖਯਾਤ ਮੰਨਿਆ ਰੱਬ ਭੀ ਕੇਸਾਂ ਤੋਂ ਬਿਨਾਂ ਨਹੀਂ ਰਹਿ ਸਕਦਾ। ਫਿਰ ਉੱਤਮ ਜਾਂ ਪੈਰੋਕਾਰ ਕਿਵੇਂ ਕੇਸ ਧਾਰਨਾ ਤੋਂ ਬਾਗ਼ੀ ਹੋ ਕੇ ਵੈਸ਼ਨਵ ਧਰਮੀ ਕਹਾ ਸਕਦੇ ਹਨ ? ਅਥਵਾ ਕੇਸਾਂ ਤੋਂ ਵਿਰੁੱਧ ਕਿਵੇਂ ਬੋਲਣਗੇ ? ਜੇਕਰ ਇੰਞ ਕਰਨਗੇ ਤਾਂ ਧਰਮੋਂ ਬਾਗੀ ਹੋਣ ਦੀ ਡਿਗਰੀ ਲੈਣ ਦੇ ਭਾਗੀ ਹਨ।

ਵੈਸੇ ਭੀ ਸੁੰਦਰਤਾ ਦੇ ਖਿਆਲ ਨਾਲ ਅਲੰਕਾਰੀ ਕਥਨਾਂ ਵਿੱਚ ਕੇਸਾਂ ਦਾ ਜ਼ਿਕਰ ਜ਼ਰੂਰ ਆਵੇਗਾ, ਬਲਕਿ ਬਿਕ੍ਰਾਲ ਸ਼ਕਲ ਵਿੱਚ ਤਥਾ ਬੀਰ ਰਸੀ ਕਵਿਤਾ ਵਿੱਚ ਭੀ "ਕੇਸ" ਉਸ ਦ੍ਰਿਸ਼ਯ ਦੇ ਭੀ ਮੁਖੀ ਮੰਨੇ ਗਏ ਹਨ।

ਯਥਾ :- ਮੁੰਡ ਦੀ ਮਾਲ ਦਿਸਾਨ ਕੋ ਅੰਬਰ ਬਾਮ ਕਰਯੋਂ ਗਲ ਮੈਂ ਅਸਿ

੬. ਗੁਰੂ ਬਾਣੀ ਵਿਚ ਕੇਸ਼ਵ ਸ਼ਬਦ ਨੂੰ ਕਰਤਾਰ ਦੀ ਥਾਂ ਭੀ ਵਰਤਿਆ ਹੈ, 'ਕੇਸਵ ਚਲਤ ਕਰਹਿ ਨਿਰਾਲੇ' (ਮਾਰੂ ਮ: ੫)

੭. ਕੁਰਹਿਤਾਂ ਵਿਖੇ ਕੇਸਾਂ ਦਾ ਜ਼ਿਕਰ ਇਸ ਲਈ ਆਇਆ ਹੈ ਕਿ ਕੇਸ ਪੰਜਾਂ ਕਕਾਰਾਂ ਤੇ ਕੁਰਹਿਤਾਂ ਵਿਖੇ ਸ਼ਾਮਲ ਹਨ।

੮. ਭਗਤ ਨਾਮਦੇਵ ਜੀ ਨੇ 'ਕੇਸ਼ਵ ਸਾਂਵਲੀਓ'! ਕਹਿਕੇ ਕ੍ਰਿਸ਼ਨ ਨੂੰ ਕੇਸ਼ਾਂ ਵਾਲਾ, ਸੌਲੇ ਰੰਗ ਦਾ ਰੱਬ ਕਿਹਾ ਹੈ—'ਕੇਸਵਾ ਬਚਉਨੀ ਅਈਏ ਮਈਏ' (ਧਨਾਸਰੀ ਨਾਮਦੇਵ)।

Sri Satguru Jagjit Singh Ji eLibrary NamdhariElibrary@gmail.com

ਭਾਰੋ ॥ ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥ **ਛੂਟੇ ਹੈਂ ਬਾਲ** [੯]**ਮਹਾ ਬਿਕਰਾਲ** ਬਿਸਾਲ ਲਸੈ ਰਦ ਪੰਤਿ ਉਜਯਾਰੋ ॥

*(ਮਹਾਂ ਕਾਲ ਚਰਿਤ੍ਰ ਪਖਯਾਨ ਸਵਯੇ ੧੭)*

ਭਗਤ ਬਾਣੀ ਵਿਚ ਭੀ "ਕੇਸ" ਅਲੰਕਾਰ ਵਿਚ ਲਿੱਤੇ ਹਨ, "ਲਟ ਛੁਟਕੀ ਵਰਤੈ ਬਿਕਰਾਲ" ਪੁਨਾ:—'ਲਟ ਛਿਟਕਾਏ ਤਿਰੀਆ ਰੋਵੇ' (ਭਗਤ ਬਾਣੀ) ਇੱਕੁਰ ਸ਼ਿਵਜੀ ਦੇ ਬਿਕਰਾਲ ਸਰੂਪ ਦੀਆਂ ਜਟਾਵਾਂ ਨਾਲ ਦਿਖਲਾਏ ਹਨ ਕਿਧਰੇ ਗੰਗਾ ਤਿਨ੍ਹਾਂ ਦੀਆਂ ਜਟਾਂ ਵਿਚੋਂ ਨਿਕਲਦੀ ਦਿਖਲਾਈ ਹੈ, ਮਾਨੋਂ ਜਟਾਂ ਹੀ ਸਰਬ ਉੱਤਮਤਾ ਭਾਵ ਪਵਿੱਤ੍ਰਤਾ ਦਾ ਸੋਮਾ ਜਾਂ ਤੀਰਥਾਂ ਸਿਰ ਤੀਰਥ ਹਨ। ਹਿੰਦੂ ਆਸ਼ੇ ਮੂਜਬ ਗੰਗਾ ਜੀ ਭੀ ਸੁਰਗਾਂ ਨੂੰ ਛੱਡ ਕੇ ਜਟਾਂ ਰਾਹੀਂ ਸੰਸਾਰ ਯਾਤਰਾ ਕਰਨੀ ਆਪਣੇ ਉੱਤਮ ਭਾਗ ਮੰਨਦੀ ਹੈ, ਬਲਕਿ ਸ਼ਿਵਜੀ ਮਹਾਰਾਜ ਦਾ ਖਿਤਾਬ ਹੀ ਇਹ ਹੈ, **'ਜਟਾ ਜੂਟ ਸਿਰ ਗੰਗ'** ਅਰਥਾਤ ਜਟਾਂ ਦੇ ਜੂੜੇ ਵਾਲਾ ਤੇ [੧੦]ਸਿਰ ਪਰ ਜਿਸਦੇ ਗੰਗਾ ਹੈ ਇੱਕੁਰ ਹੀ ਸ੍ਰੀ ਬ੍ਰਹਮਾਂ ਜੀ ਮਹਾਰਾਜ ਜੂੜੇ ਨਾਲ ਦਿਖਲਾਏ ਜਾਂਦੇ ਨੇ, ਜਿਨ੍ਹਾਂ ਦੇ ਸੀਸ ਵਿਚੋਂ ਕੇਸਾਂ ਰਾਹੀਂ ਨਾਗ (ਸਰਪ) ਨਿਕਲਦੇ ਮੰਨੇ ਹਨ ਤੇ ਏਹੋ ਨਾਗਾਂ ਦੀਆਂ ਜ਼ੁਲਫਾਂ ਦਾ ਨਜ਼ਾਰਾ (scene) ਦਿਖਾਇਆ ਹੈ। ਕੇਸਵ ਸ਼ਬਦ "ਕੇਸਾਂ ਕਰਕੇ" ਆਮ ਪ੍ਰਸਿੱਧ ਹੋਇਆ ਅਰ ਗੁਰੂ ਸਾਹਿਬਾਂ ਨੇ ਭੀ ਇਸਨੂੰ ਅਲੰਕਾਰਾਂ ਵਿਖੇ ਵਰਤਿਆ ਹੈ, ਯਥਾ:—

"ਕੇਸਵ ਕਲੇਸ ਨਾਸ" "ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥" (ਪੰਨਾ ੧੬੭੬)। ਕੇਸਵ ਚਲਤ ਕਰਹਿ ਨਿਰਾਲੇ" ਆਦਿ। ਸੋ ਰੱਬ ਕੇਸਾਂ ਕਰਕੇ ਕੇਸ਼ਵ ਹੈ ਫਿਰ ਉਸ ਦੇ ਬੰਦੇ ਘੋਨੇ ਮੋਨੇ ਕਿਵੇਂ ਸੋਭਾ ਪਾ ਸਕਣਗੇ ?

# ਕੇਸ ਤੇ ਸੁੰਦਰਤਾ

ਅਸਲੋਂ ਸਰੀਰ ਦੀ ਖ਼ੂਬਸੂਰਤੀ ਦਾ ਨਿਚੋੜ ਕੇਸ ਹਨ। ਚਿਹਰੇ ਦੀ ਸੁੰਦਰਤਾ ਦਾ ਮੁੱਢ ਇਹੋ ਹਨ। ਕੇਸਾਂ ਵਿਚੋਂ ਪ੍ਰਮਾਤਮਾ ਦੀ ਜੋਤ ਤੇ ਬਰਕਤ ਟਪਕਦੀ ਹੈ। ਸਿਰ ਦੇ ਕੇਸ ਮਨੁਸ਼ ਮਾਤਰ ਦਾ ਤਾਜ ਤੇ ਤਖਤਗਾਹ ਹਨ। ਸੀਸ ਉੱਪਰੋਂ ਕੇਸਾਂ ਨੂੰ ਉਤਾਰ ਦੇਣਾ ਮਾਨੋ ਬਾਦਸ਼ਾਹਤ ਨੂੰ ਗੁਆ ਦੇਣਾ ਤੇ ਰਾਜਧਾਨੀ ਨੂੰ ਬਰਬਾਦ ਕਰ ਦੇਣਾ ਹੈ, ਇਸ ਦਾ ਸਬੂਤ ਇਕ ਖ਼ੂਬਸੂਰਤ ਇਸਤ੍ਰੀ ਦੇ ਕੇਸ ਮੁੰਡਨ ਨਾਲ

੯. 'ਕੇਸਵ ਕਲੇਸ ਨਾਸ' (ਬਿਲਾਵਲ ਮ: ੫) "ਕੇਸੀ ਕੰਸ ਮਥਨੁ ਜਿਨਿ ਕੀਆ ॥" (ਗੋਂਡ ਨਾਮਦੇਵ, ਪੰਨਾ ੮੭੪)। ਸ੍ਰੀ ਕ੍ਰਿਸ਼ਨ ਜੀ ਨੇ ਕੰਸ ਨੂੰ ਕੇਸਾਂ ਥੀਂ ਫੜ ਕੇ ਪਛਾੜਿਆ।

੧੦ ਇਸਦਾ ਅੰਤ੍ਰੀਵੀ ਭਾਵ ਇਹੋ ਹੈ ਕਿ ਕੇਸਾਂ ਵਿਚੇ ਗੰਗਾ ਤੀਰਥ ਹੈ। ਕੇਸ ਅੰਮ੍ਰਿਤ ਦੇ ਪਹਿਰੇਦਾਰ ਹਨ।

Sri Satguru Jagjit Singh Ji eLibrary NamdhariElibrary@gmail.com

ਪ੍ਰਤੱਖ ਮਿਲਦਾ ਹੈ ਕਿ ਉਹ ਛਿਨ ਵਿਚੀਂ ਕਿਹੋ ਜੇਹੀ ਕੋਝੀ ਦਿੱਸਣ ਲਗ ਪੈਂਦੀ ਹੈ, ਸ਼ੋਕ ! ਇਸ ਰੱਬੀ ਦਾਤ ਨੂੰ ਅਗਿਆਨੀ ਮਨੁੱਖ ਪੈਰਾਂ ਹੇਠ ਮਲ ਦਲ ਰਹੇ ਹਨ। ਸਿਰ ਦੇ ਕੇਸਾਂ ਤੋਂ ਬਿਨਾਂ ਮਨੁਸ਼ ਦੇ ਸਰੀਰ ਪਰ ਹੋਰ ਵੀ ਛੋਟੇ-ਛੋਟੇ ਵਾਲ (ਰੋਮ) ਹੁੰਦੇ ਹਨ ਜਿਨ੍ਹਾਂ ਨੂੰ ਆਮ ਤੌਰ ਪਰ ਰੋਮ ਕਿਹਾ ਜਾਂਦਾ ਹੈ। ਇਹ ਵੀ ਲੋੜ ਅਨੁਸਾਰ ਜ਼ਰੂਰੀ ਥਾਵਾਂ ਪਰ ਬੜੇ ਤੇ ਛੋਟੇ ਕਿਸਮ ਦੇ ਹਨ, ਰੋਮ ਮਨੁਸ਼ ਦੀ ਤੰਦਰੁਸਤੀ ਦਾ ਬੀਮਾਂ ਹਨ, ਇਨ੍ਹਾਂ ਦੀ ਰਾਹੀਂ ਸਰੀਰ ਵਿਚੋਂ ਕਈ ਪ੍ਰਕਾਰ ਦਾ ਜ਼ਹਿਰੀਲਾ ਮਾਦਾ ਖਾਰਜ ਹੁੰਦਾ ਰਹਿੰਦਾ ਹੈ। ਸਿਰ ਦੇ ਕੇਸਾਂ ਦੇ ਹੇਠਾਂ ਬਹੁਤ ਸਾਰੀਆਂ ਗਦੂਦਾਂ (ਸਫੈਦ ਮਾਦਾ) ਹੁੰਦੀਆਂ ਹਨ, ਜਿਨ੍ਹਾਂ ਦੁਆਰਾ ਸਰੀਰ ਦੀ ਤੰਦਰੁਸਤੀ ਵਧਦੀ ਫੁਲਦੀ ਹੈ। ਕੇਸ ਚਮੜੀ ਦੇ ਅੰਦਰ ੭—੮ ਇੰਚ ਤੋਂ ਲੈ ਕੇ ੭—੧੨ ਇੰਚ ਡੂੰਘੇ ਹੁੰਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਨਾੜੀਆਂ ਵਿਚੋਂ ਦੌਰਾ ਕਰਦਾ ਹੋਇਆ ਖ਼ੂਨ (ਲਹੂ) ਪ੍ਰਾਪਤ ਹੁੰਦਾ ਰਹਿੰਦਾ ਹੈ। ਕੇਸ ਵਿਚਕਾਰੋਂ ਖਾਲੀ (ਥੋਥਾ, ਪੋਲਾ) ਹੁੰਦਾ ਹੈ ਜਿਸ ਦਵਾਰਾ ਇਸ ਨੂੰ ਸਰੀਰ ਦੀ ਚਰਬੀ ਵਿਚੋਂ ਥੰਦਿਆਈ ਮਿਲਦੀ ਰਹਿੰਦੀ ਹੈ। ਕਾਲੇ ਕੇਸਾਂ ਦੇ ਅੰਦਰ ਇਕ ਰੰਗਦਾਰ ਮਾਦਾ ਮੰਨਿਆ ਗਿਆ ਹੈ, ਜਿਸ ਦੇ ਘਟਣ ਕਰਕੇ ਕੇਸ ਧੌਲੇ ਹੋ ਜਾਂਦੇ ਹਨ। ਪ੍ਰਸਿੱਧ ਡਾਕਟਰਾਂ ਦਾ ਕਥਨ ਹੈ ਕਿ ਇਨ੍ਹਾਂ ਦੀ ਉਮਰ ੨-੬ ਸਾਲਾਂ ਤੀਕ ਹੁੰਦੀ ਹੈ, ਦਸਿਆ ਹੈ ਕਿ ਇਕ ਮਹੀਨੇ ਵਿਚ ਵਾਲ ਆਮ ਤੌਰ ਤੇ ੩/੪ ਇੰਚ ਤੱਕ ਵਧ ਜਾਂਦਾ ਹੈ, ਪਰੰਤੂ ਕੇਸ ਮੁੰਡੌਣ ਵਾਲਿਆਂ ਦੇ ਵਾਲ ਢਾਈ ਤਿੰਨ ਇੰਚ ਦੇ ਕਰੀਬ ਹਰ ਮਹੀਨੇ ਨਿਕਲਦੇ ਰਹਿੰਦੇ ਹਨ, ਜਿਸ ਕਾਰਨ ਦਿਮਾਗ ਪਰ ਖਾਸ ਬੋਝ ਪੈਂਦਾ ਹੈ। ਆਮ ਗਿਣਤੀ ਅਨੁਸਾਰ ਸਿਰ ਦੇ ਕੇਸ ਸਵਾ ਕੁ ਲੱਖ ਤੇ ਵੱਧ ਤੋਂ ਵੱਧ ਢਾਈ ਜਾਂ ਤਿੰਨ ਲੱਖ ਹੁੰਦੇ ਹਨ। ਇਹ ਇਕ ਐਸੀ ਮਜ਼ਬੂਤ ਚੀਜ਼ ਹਨ ਕਿ ਚਾਰ ਪੰਜ ਹਜ਼ਾਰ ਬਰਸ ਤੀਕ ਧਰਤੀ ਵਿਚ ਦੱਬੇ ਰਹਿਣ ਉਪ੍ਰੰਤ ਵੀ ਨਹੀਂ ਗਲਦੇ।

## ਕੇਸ ਤੇ ਵੇਦ ਕਤੇਬ ਮੱਤ

ਕੇਸ ਮੁੰਡੌਣੇ ਵਿਦਿਅਕ ਸਿਧਾਂਤ ਨਹੀਂ ਬਲਕਿ ਮੁੰਡਨ ਦੇ ਅਰਥ ਨਸ਼ਰ ਜਾਂ ਬਦਨਾਮ ਕਰਨਾ ਹੀ ਹੋ ਸਕਦੇ ਹਨ।

ਮਨੁੱਖ ਦੀ ਖੁਸ਼ੀ ਤੇ ਗਮੀ ਵਿਚ ਸਹਾਇਤਾਕਾਰ ਹਨ, ਜਿਵੇਂ ਗਮੀ ਵਿੱਚ ਇਸਤ੍ਰੀਆਂ ਵਾਲ ਖੁਲ੍ਹੇ ਛੱਡ ਕੇ ਕੇਸਾਂ ਦੁਆਰੇ ਸੋਗ ਜ਼ਾਹਰ ਕਰਦੀਆਂ ਹਨ, ਜਾਂ ਤੇ ਕੇਸ ਖੁਲ੍ਹੇ ਰੱਖਣੇ ਮੌਤ ਜਾਂ ਸ਼ੋਕ ਦੇ ਨਿਸ਼ਾਨ ਮੰਨੇ ਹਨ, ਵਾਲਾਂ ਦਾ ਜੂੜਾ ਕਰਨਾ ਖੁਸ਼ੀ ਜਾਂ ਸੁਹਾਗ ਦੇ ਨਿਸ਼ਾਨ ਮੰਨੇ ਹਨ। ਕੇਸ ਖੋਹਲਣੇ ਬਿਕਰਾਲ ਰੂਪ ਹੈ। ਕੱਠੇ

Sri Satguru Jagjit Singh Ji eLibrary NamdhariElibrary@gmail.com

ਕਰਨੇ ਸ਼ਾਂਤੀ (ਖੁਸ਼ੀ) ਦੇ ਨਿਸ਼ਾਨ ਹਨ। ਇਸੇ ਤਰ੍ਹਾਂ ਕਿਸੀ ਚੀਜ਼ ਨੂੰ ਵੱਢਣਾ ਟੁਕਣਾ ਜਾਂ ਮੁੰਡਨੇ ਖੁਸ਼ੀ ਦੇ ਨਿਸ਼ਾਨ ਨਹੀਂ ਹੋ ਸਕਦੇ। ਵਸਿਸ਼ਟ, ਵੇਦ, ਵਯਾਸ ਆਦਿ ਪੰਡਿਤਾਂ ਦੇ ਸਮੇਂ ਕੇਸ਼ ਮੁੰਡਨ ਕੋਈ ਸੰਸਕਾਰ ਸਿੱਧ ਨਹੀਂ ਹੁੰਦਾ, ਬਲਕਿ ਪੰਡਤ ਸੁਕਦੇਵ ਦੇ ਪ੍ਰਸੰਗਾਂ ਤੋਂ ਕੇਸਾਂ ਦੀ ਸੋਭਾ ਮਿਲਦੀ ਹੈ। ਵਿਸ਼ੇਸ਼ ਕਰਕੇ ਮਹਾਰਾਜਾ ਰਾਮ ਚੰਦਰ ਜੀ ਦਾ ਮੁੰਡਨ ਸੰਸਕਾਰ ਕਰਨਾ ਸਿੱਧ ਨਹੀਂ। ਸ੍ਵਾਮੀ ਪੰਡਿਤ [੧੧]ਤੁਲਸੀ ਦਾਸ ਨੇ ਬਾਲ ਕਾਂਡ ਦੀ ੪੪੨ਵੀਂ ਚੌਪਈ ਵਿਚ ਸਾਫ ਦੱਸਿਆ ਹੈ ਕਿ—"ਚਿਕਨੇ ਕਚ ਕੁੰਚਤ ਗਬੁਆਰੇ॥ ਬਹੁ ਪ੍ਰਕਾਰ ਰਚ ਮਾਤ ਸਵਾਰੇ॥" ਸੋ ਇਥੇ ਮੁੰਡਨ ਸੰਸਕਾਰ ਦੀ ਥਾਂ ਕੇਸਾਂ ਨੂੰ ਸਾਫ ਸੁਥਰੇ ਕਰਕੇ ਸ਼ਿੰਗਾਰਨਾ ਲਿਖਿਆ ਹੈ। ਸੋ ਜਦ ਹਿੰਦੂ ਰੱਬ ਅਵਤਾਰ ਮੰਨੇ ਗਏ ਮੁੰਡਨ ਸੰਸਕਾਰਾਂ ਵਿਚ ਨਹੀਂ ਆਏ, ਫਿਰ ਉਪਾਸ਼ਕ ਜਾਂ ਪੈਰੋਕਾਰਾਂ ਲਈ ਕੇਸ ਮੁੰਡਨ ਦਾ ਸੰਸਕਾਰ (ਅਸਲੋਂ ਦੰਡ) ਕਿਉਂ ? ਇਸ ਤੋਂ ਬਿਨਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਬਨਵਾਸ ਸਮੇਂ ਕੇਸਾਂ ਨੂੰ ਖੋਹਲ ਕੇ ਬੋਹੜ ਦੀ ਚੀਪ ਨਾਲ ਜਟਾਂ ਬਨਾਉਣਾਂ ਰਾਮਾਇਣ, ਹਨੂੰਮਾਨ ਨਾਟਕ ਆਦਿ ਹਿੰਦੂ ਗ੍ਰੰਥਾਂ ਤੋਂ ਚੰਗੀ ਤਰ੍ਹਾਂ ਸਿੱਧ ਹੁੰਦਾ ਹੈ। ਕੀ ਓਹ ਕੇਸ ਮੁੰਡਵਾ ਨਹੀਂ ਸਕਦੇ ਸੀ ? ਜੇ ਐਸਾ ਹੀ ਹੁੰਦਾ ਤਾਂ ਹਿੰਦੂ ਗ੍ਰੰਥ ਜਾਂ ਸਮੇਂ ਦੇ ਗ੍ਰੰਥਾਕਾਰ ਨਾ ਲਿਖਦੇ ? ਕਿ ਕੇਸ ਮੁੰਡਾਏ ਗਏ। ਜੇ ਨਾਈ (ਰਬ ਦੀ ਗਲਤੀ ਕੱਢਣ ਵਾਲੇ) ਨਾ ਮਿਲੇ ਤਾਂ ਅਜੁੱਧਿਆ ਤੋਂ ਤਾਂ ਮਿਲਦੇ, ਜਾਂ ਨਾਲੇ ਰਖਦੇ, ਅਥਵਾ ਅੱਜ-ਕਲ੍ਹ ਦੇ ਲੋਕਾਂ ਜੈਸੇ ਤਰੀਕੇ ਨਾਲ ਆਪੇ ਮੁੰਡਨ ਦਾ ਸਾਮਾਨ ਪਾਸ ਰਖਦੇ ? ਪਰ ਉਹ ਐਸਾ ਕਿਉਂ ਕਰਦੇ, ਜਦ ਕਿ ਉਹ ਕੇਸਾਂ ਤੇ ਸ਼ਸਤ੍ਰਧਾਰੀ ਛੱਤ੍ਰੀ ਸਨ।

ਸ਼੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਭਗਤ ਮੁਖ ਤੋਂ ਤਾਂ ਇਕਰ ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਗਾਉਂਦੇ ਹਨ, "ਬੰਸੀ ਵਾਲੇ ਆ ਰਹੇ ਹਮਾਰੇ ਦੇਸ਼, **ਤੇਰੀ ਸੋਹਣੀ ਸੂਰਤ ਲੰਬੇ ਕੇਸ**" ਕਿਉਂ ਜੀ ! ਜੇਕਰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਲੰਬੇ ਕੇਸਾਂ ਨਾਲ ਸੁੰਦਰਤਾ ਸਹਿਤ ਸੁਸ਼ੋਭਤ ਸਨ, ਫਿਰ ਪੈਰੋਕਾਰਾਂ ਜਾਂ ਕ੍ਰਿਸ਼ਨ ਭਗਤਾਂ ਨੂੰ ਕੇਸਾਂ ਦਾ ਕਤਲ ਕਿਥੋਂ ਸੁਝਦਾ ਹੈ ? ਕੀ ਉਹ ਲੰਬੇ ਕੇਸਾਂ ਵਾਲੇ ਜੰਗਲੀ ਲੋਕ ਸਨ ? ਭਗਤ ਪੁਰਾਣ ਦੇ ਪਹਿਲੇ ਸਕੰਧ ਵਿਚ ਦੱਸਿਆ ਹੈ ਕਿ ਜਿਸ ਵੇਲੇ ਮਹਾਂਰਥੀ ਅਰਜਨ ਅਸਵਥਾਮਾ ਦਾ ਸੀਸ ਉਤਾਰਨ ਲਗਿਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਮਨ੍ਹਾਂ ਕੀਤਾ ਕਿ ਬ੍ਰਾਹਮਣ ਦਾ ਮਾਰਨਾ ਅਧਰਮ ਹੈ। ਇਹੋ ਮਹਾਰਾਜ ਯੁਧਿਸ਼ਟਰ ਨੇ ਕਿਹਾ। ਬ੍ਰਾਹਮਣ ਦਾ ਮਾਰਨਾ ਇਹ ਹੈ ਕਿ ਉਸ ਦੇ ਕੇਸ ਮੁੰਡਨ ਕਰਕੇ ਛੱਡ ਦੇਣਾ। ਸੋ ਅਰਜਨ ਨੇ ਅਸਵਥਾਮਾਂ ਦਾ ਜੂੜਾ ਕੱਟਿਆ। ਇੱਕਰ ਦਾ ਹੀ ਜ਼ਿਕਰ ਭਗਵਤ ਦੇ ਦਸਵੇਂ

੧੧. ਪੰਡਿਤ ਤੁਲਸੀ ਦਾਸ ਸੱਚੇ ਕ੍ਰਿਸ਼ਨ ਭਗਤ ਸਨ, ਆਪ ਸਾਬਤ ਕੇਸ ਤੇ ਦਾਹੜੀ ਨੂੰ ਰੱਖ ਕੇ ਸੋਭਾ ਪਾਉਂਦੇ।

Sri Satguru Jagjit Singh Ji eLibrary NamdhariElibrary@gmail.com

ਸਕੰਧ ਵਿਚ ਆਉਂਦਾ ਹੈ ਕਿ ਜਦੋਂ ਸ੍ਰੀ ਕ੍ਰਿਸ਼ਨ ਜੀ ਰੁਕਮਣੀ ਨੂੰ ਲੈ ਜਾਣ ਸਮੇਂ ਉਸ ਦੇ ਅਣਖੀਲੇ ਭਰਾਤਾ ਰੁਕਮਈਏ ਦਾ ਸੀਸ ਕੱਟਣ ਲੱਗੇ ਸੀ ਤਾਂ ਰੁਕਮਣੀ ਨੇ ਰੋਕਿਆ, ਪਰੰਤੂ ਸ੍ਰੀ ਕ੍ਰਿਸ਼ਨ ਜੀ ਨੇ ਆਪਣਾ ਪ੍ਰਣ ਪੂਰਨ ਕਰਨ ਹਿਤ ਕੇਵਲ ਉਸ ਦਾ ਜੂੜਾ ਕੱਟ ਕੇ ਛੱਡ ਦਿੱਤਾ, ਜਿਸ ਦਾ ਭਾਵ ਸੀਸ ਉਤਾਰਨ ਦੀ ਭਾਰੀ ਸਜ਼ਾ ਦਿਤੀ ਗਈ। ਇਸ ਤੋਂ ਸਪਸ਼ਟ ਹੈ ਕਿ ਕੇਸ ਉਤਾਰਨੇ, ਸੀਸ ਕੱਟਣ ਸਦਰਸ਼ ਹੈਨ ਤੇ ਸਭ ਤੋਂ ਵੱਡਾ ਦੰਡ ਹੈ, ਪ੍ਰੰਤੂ ਸ਼ੋਕ ! ਪਰਮ ਸ਼ੋਕ !! ਹੁਣ ਨਾਈ ਨੂੰ ਪਾਸੋਂ ਮਾਇਆ ਦੇ ਕੇ ਸਿਰ ਮੁੰਡਵਾਇਆ ਜਾਂਦਾ ਹੈ, ਉਸ ਦਾ ਨਾਮ ਮੁੰਡਨ ਸੰਸਕਾਰ ਕਹਿ ਕੇ ਧਰਮ ਹੀ ਮੰਨ ਲੀਤਾ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਸ ਮੰਦੀ (ਭੈੜੀ) ਰਸਮ ਨੂੰ ਬਹੁਤ ਤਾਕੀਦ ਨਾਲ ਵਰਜ ਕੇ ਗੁਰਸਿੱਖਾਂ ਨੂੰ ਜਟਾਜੂਟ ਰਹਿਣ ਦਾ ਹੁਕਮ ਦਿੱਤਾ ਹੈ। ਯਥਾ:—ਭੱਦਨ **(ਸਿਰ ਮੂੰਹ ਮੁੰਡਾਈ)** ਤਜਾਗ ਕਰੋ ਰੇ ਭਾਈ। ਸਭ ਸਿੱਖਨ ਇਹ ਬਾਤ ਸੁਨਾਈ ॥ **ਸੰਗਤ ਭੱਦਨ ਮਤ ਕਰੋ ਛੁਰ** (ਉਸਤਰਾ ਕੈਂਚੀ ਆਦਿ) **ਨਾ ਲਗਾਇਓ ਸੀਸ** ॥ ਮਾਤ ਪਿਤਾ ਕੋਈ ਮਰੇ ਸਤਿਗੁਰ ਕੀ ਹਦੀਸ ॥ (ਸੌ ਸਾਖੀ)। ਇਸ ਤੋਂ ਇਹ ਵੀ ਸਿੱਧ ਹੈ ਕਿ ਸਿਰ ਮੂੰਹ ਮੁੰਡੌਨ ਦੀ ਰਸਮ ਹਿੰਦੂਆਂ ਵਿਚ ਮਾਂ ਪਿਉ ਦੇ ਮਰਨੇ ਦੇ ਸ਼ੋਕ ਵਿਚ ਭੀ ਆਈ, ਅਰਥਾਤ ਜਿਸ ਦੇ ਮਾਪੇ ਮਰਨ ਉਹ ਸਿਰ ਮੂੰਹ ਮੁੰਡਾ ਕੇ ਸ਼ੋਕ ਕਰੇ। ਫਿਰ ਪਤਾ ਨਹੀਂ ਫਾਲਤੂ ਸਿਰ ਮੂੰਹ ਮੁੰਡਾਈ ਕਰਾਉਣ ਵਾਲਿਆਂ ਜਾਂ ਮੁੰਡਨ ਜਾਂ ਭੱਦਣ ਦੀ ਰਸਮ ਨਾਲ ਕੀ ਸਬੰਧ ਹੈ ? ਭਲਾ ਜਿਨ ਕੇ ਮਾਪੇ ਜ਼ਿੰਦਾ ਹੈਨ, ਉਹ ਸਿਰ ਮੂੰਹ ਕਿਉਂ ਮੁੰਡਾਉਣ ? ਜੇ ਇਕ ਵਾਰ ਮੁੰਡਨ ਸੰਸਕਾਰ ਹੋ ਗਿਆ ਫਿਰ ਰੋਜ਼-ਰੋਜ਼ ਕਿਸ ਲਈ ? ਜਿਸ ਰੁਕਮਯੇ ਦੇ ਸ੍ਰੀ ਕ੍ਰਿਸ਼ਨ ਜੀ ਨੇ ਕੇਸ ਮੁੰਡੇ ਸੀ ਉਸ ਨੇ ਕੇਸ ਮੁੰਡੇ ਜਾਣ ਦੀ ਇਤਨੀ ਸ਼ਰਮ ਖਾਧੀ ਜਿਸ ਦਾ ਗਵਾਹ ਭਾਗਵਤ ਸਕੰਧ ਹੈ। (ਦੇਖੋ ਧਿਆਇ ਪਪ ਉਲਥਾ ਭਾਸ਼ਾ) ਹਾਰਯੋ ਤਨੁਯਾ ਪਤਿ ਹੂੰ ਗਈ॥ ਮੇਰੇ ਮਨ ਅਤਿ ਲੱਜਾ ਭਈ ॥ ਜੀਵਤ ਨਹਿ ਕੁੰਡਨ ਪੁਰ ਜਾਊਂ ॥ ਔਰ ਦੂਸਰੋ ਗਾਂਵ ਬਸਾਊਂ ॥ ਯੋ ਕਹਿ ਤਿਨ ਇਕ ਨਗਰ ਬਸਾਯੋ ॥ ਸੁਤ ਦਾਰਾ ਧਨ ਤਹਾਂ ਮੰਗਾਯੋ॥ ਤਾਂਕੇ ਧਰਿਓ ਭਜ ਕਟ ਨਾਮ ॥ ਜਾਂ ਮਹਿ ਕੀਓ ਰੁਕਮ ਬਿਸਰਾਮ ॥

ਇਸ ਤੋਂ ਸਾਫ ਹੈ ਕਿ ਰੁਕਮਣੀ ਦਾ ਭਰਾਤਾ ਰੁਕਮਣ ਕੇਸਾਂ ਦਾ ਜੂੜਾ ਕੱਟੇ ਜਾਣ ਦੀ ਸ਼ਰਮਿੰਦਗੀ ਨਾਲ ਆਪਣਾ ਪਿੰਡ ਹੀ ਛੱਡ ਗਿਆ। ਪਤਾ ਨਹੀਂ ਅੱਜ ਕੱਲ੍ਹ ਪੈਸੇ ਦੇ ਕੇ ਕੇਸ ਮੁੰਡਾਉਣੇ ਵਾਲੇ ਕਿਸ ਗ਼ੈਰਤ ਦੇ ਬੰਦੇ ਹੈਨ ?

ਕੇਸ ਮੁੰਡੌਣ ਦਾ ਜ਼ਿਕਰ ਹਿੰਦੂਆਂ ਦੀ ਕਿਸੀ ਭੀ ਧਰਮ ਪੁਸਤਕ ਵਿੱਚ ਨਹੀਂ ਆਉਂਦਾ। ਉਸ ਤੋਂ ਉਲਟ ਕੇਸ ਮੁੰਡੌਣ ਨੂੰ ਮੰਦੀ ਤੋਂ ਮੰਦੀ ਸਜ਼ਾ ਮੰਨਿਆ ਹੈ, ਯਥਾ:—ਵਪਨੰ ਸ਼ਮਸ਼ਰੂ ਕੇਸਾਂ ਨੂੰ ਵੈਰੂਪਿਅੰ ਸਹਿਰ ਦਿਉ ਵਧਾ ਭਗਤ ਸ: ੧੦॥

Sri Satguru Jagjit Singh Ji eLibrary NamdhariElibrary@gmail.com

(ਅ: ੫੪ ਅਤੇਸ਼: ੩੫) ਅਰਥਾਤ ਹੇ ਬਲਰਾਮ ਸ਼ਾਸਤ੍ਰ ਦੀ ਆਗਿਆ ਹੈ, ਕਿ ਪ੍ਰਾਣ ਦੰਡ ਦੇ ਦੋਸ਼ੀ ਨੂੰ ਬ੍ਰਿਮਣ ਖੱਤਰੀ ਨੂੰ **ਸਿਰ ਮੁੰਨ ਕੇ ਛੱਡ ਦੇਣਾ ਹੀ ਮੌਤ ਤੁੱਲਜ ਦੰਡ ਹੈ**, ਏਸੇ ਕਰਕੇ ਅਸੀਂ ਭੀ ਰੁਕਮ ਦੇ ਕੇਸ ਦਾਹੜੀ ਮੁੰਨ ਕੇ ਛੱਡ ਦਿੱਤਾ। ਉਸੇ ਲਈ ਇਹੋ ਸਜ਼ਾ ਬਹੁਤ ਹੈ, ਕਿਉਂਕਿ ਤੱਤਵੇਤਾ ਮਨੂੰ ਜੀ ਨੇ ਮਨੂੰ ਸਿਮਰਤੀ ਵਿੱਚ ਲਿਖਿਆ ਹੈ ਕਿ ਪ੍ਰਾਣ ਦੰਡ ਦੇ ਦੋਸ਼ੀ ਵੈਸ਼ ਅਤੇ ਸ਼ੂਦਰਾਂ ਨੂੰ ਬੇਸ਼ਕ ਕਤਲ ਕਰ ਦੇਵੋ, ਪਰੰਤੂ ਨਿਆਇਕਾਰੀ ਰਾਜਾ ਖੱਤਰੀ ਅਤੇ ਬ੍ਰਿਮਣ ਨੂੰ ਸਿਰ ਮੂੰਹ ਮੁੰਨ ਕੇ ਹੀ ਛੱਡ ਦੇਵੇ। ਯਮ ਪੁਰਾਣ ਵਿੱਚ ਭੀ ਏਸੇ ਬਾਤ ਦੀ ਪੁਸ਼ਟੀ ਕੀਤੀ ਹੈ 'ਰਾਜ ਵੇ ਰਾਜ ਪੁਤ੍ਰੋ ਬ੍ਰਹਮਣੈ ਵਹੁ ਸ੍ਰਤਾ ॥ ਅੰਕਰੰਤਵਾ ਵਪਨੰ ਤੇ ਸ਼ਾਨ ਪ੍ਰਾਸ ਚਿਤੇਵ ਨਿਰਦੋਸਤੇ ॥' ਅਰਥਾਤ ਜਿਥੇ ਵੈਸ਼ ਅਤੇ ਸ਼ੂਦਰ ਨੂੰ ਮੁੰਡਨ ਦਾ ਦੰਡ ਦੇਣਾ ਹੋਵੇ ਉਥੇ ਇਸੇ ਤਰ੍ਹਾਂ ਦੇ ਦੋਸ਼ੀ ਬ੍ਰਾਹਮਣ ਅਤੇ ਛੱਤਰੀ ਦਾ ਮੁੰਡਨ ਨਾ ਕਰਵਾਇਆ ਜਾਵੇ, ਸਗੋਂ ਬ੍ਰਤ ਜਾਂ ਦਾਨ ਆਦਿ ਪ੍ਰਾਸਚਿਤ ਕਰਵਾ ਦਿੱਤੇ ਜਾਣ. ਕਿਉਂਕਿ ਛੱਤਰੀ ਆਦਿ ਉੱਚੀਆਂ ਕੁਲਾਂ ਲਈ ਮੁੰਡਨ ਮਹਾਂ ਨਖਿੱਧ ਹੈ।

*(ਦੇਖੋ ਪੰਚ ਕਕਾਰ)*

ਸੋ ਉਕਤ ਸਿਧਾਂਤਾਂ ਤੋਂ ਚੰਗੀ ਤਰ੍ਹਾਂ ਨਿਸਚੇ ਹੁੰਦਾ ਹੈ, ਕਿ ਸਿਰ ਮੂੰਹ ਮੁੰਡਾਉਣਾ ਅਸਲੋਂ ਸ਼ਰਮਸਾਰ ਕਰਨ ਵਾਲੀ ਸਜ਼ਾ ਹੈ, ਜਿਸ ਨੂੰ ਹਿੰਦੂ ਲੋਕ ਹੁਣ ਮੁੰਡਨ ਸੰਸਕਾਰ ਕਰਨਾ ਦੱਸ ਕੇ ਇੱਕ ਹਿੰਦੂ ਰਸਮ ਸਿੱਧ ਕਰਦੇ ਨੇ।

ਸਾਧੂ ਦਿਆਨੰਦ ਨੂੰ ਭੀ ਕਿਤੋਂ ਮੁੰਡਨ ਸੰਸਕਾਰ ਦੀ ਸਿੱਧੀ ਲਈ ਪ੍ਰਮਾਣ ਨਹੀਂ ਮਿਲੇ, ਹਾਰ ਕੇ ਅਥਰਬਣ ਕਾਂਡ ੬ ਸੂਤਕ ੬੮ ਮੰਤ੍ਰ ੩ ਦਾ ਉਹ ਹਵਾਲਾ ਦਿੱਤਾ ਹੈ, ਜਿਸ ਤੋਂ ਕੇਸ਼ ਮੁੰਡਨ ਦੇ ਅਰਥ ਸਜ਼ਾ ਹੈਨ, ਯਥਾ:—ਓਅੰ ਯੇਨ ਵਪਤਸ ਸਵਿਤਾ ਸ਼ੁਰੇਨ ਸੋਮਸਯਾ ਰਾਜਿਓ ਵਰੇਣੱਸਿਯ ਵਿਦਵਾਨ ਤੇ ਨ ਬ੍ਰਹਮਣੋ ਵਪਿਤੇ ਦੱਮਸਯਗੋ ਮਾਨਸ਼੍ਵਾਨ ਅਸਟੂ ਪ੍ਰਜਾਵਨ ॥ (ਸੰਸਕਾਰ ਵਿਧੀ) ਅਰਥਾਤ ਜਿਸ ਛੁਰੇ (ਉਸਤਰੇ) ਨਾਲ ਸਵਿਤਾ ਦੇਵ ਨੇ ਵਰਣ ਅਤੇ ਸੋਮਰਾਜਾ ਦਾ ਸਿਰ ਮੁੰਨਿਆ ਹੈ, ਉਸੇ ਛੁਰੇ ਨਾਲ ਇਸ ਬ੍ਰਹਮਚਾਰੀ ਦੇ ਕੇਸਾਂ ਨੂੰ ਕੱਟ ਕੇ ਲੌਕਿ ਮਰਯਾਦਾ ਪੂਰਨ ਕੀਤੀ ਜਾਂਦੀ ਹੈ ॥ *(ਪੰਚ ਕਕਾਰ)*

ਮਹਾਂਭਾਰਥ ਵਿਚ ਵਰਣ ਆਦਿ ਨੂੰ ਇਸਤ੍ਰੀਆਂ ਪਰ ਬਦਨੀਤੀ ਕਰਨੇ ਕਰਕੇ ਸਜ਼ਾ ਮਿਲਣੀ ਲਿਖੀ ਹੈ, ਕਿ ਵਰਨ ਦੇਵ ਨੇ ਇਕ ਬਾਹਮਣ ਦੀ ਇਸਤ੍ਰੀ, ਜਿਸ ਦਾ ਨਾਮ ਉਤਸ਼ਾਹ ਸੀ, ਉਹ ਚੋਰੀ ਨਾਲ ਚੁਕੀ ਅਰ ਸੋਮਰਾਜ ਨੇ ਦੇਵਤਿਆਂ ਦੇ ਆਚਾਰਯ ਬ੍ਰਹਸਪਤੀ ਦੀ ਇਸਤਰੀ "ਤਾਰਾ" ਨਿਕਾਲੀ, ਜਿਸ ਤੋਂ ਪਰਸਪਰ ਜੰਗ ਹੋਏ। ਅੰਤ ਬ੍ਰਹਸਪਤੀ ਨੂੰ ਇਸਤ੍ਰੀ ਮਿਲੀ ਅਰ ਲੜਕਾ ਜੋ ਸੋਮਰਾਜ ਦਾ ਸੀ ਉਹ ਸੋਮਰਾਜ ਨੂੰ ਦਿਲਾਇਆ ਗਿਆ। ਇਨ੍ਹਾਂ ਨੂੰ ਸਿਰ ਮੂੰਹ ਮੁੰਡਨ ਦੀ ਸਜ਼ਾ ਮਿਲੀ।

ਇਸ ਤੋਂ ਮੁੰਡਨ ਸੰਸਕਾਰ ਸਿੱਧ ਕਰਨਾ ਕੀ ਅਰਥ ਰਖਦਾ ਹੈ ? ਬਲਕਿ ਇਹ ਸਿਰ ਮੂੰਹ ਮੁੰਡਨ ਦੀ ਸਜ਼ਾ ਬਿਭਚਾਰੀਆਂ ਲਈ ਸਿੱਧ ਹੁੰਦੀ ਹੈ ।

ਵੇਦਾਂ ਵਿਚੋਂ ਕੇਸ ਰੱਖਣ ਬਾਬਤ ਟੀਕਾਕਾਰਾਂ ਨੇ ਬਹੁਤ ਪ੍ਰਮਾਣ ਦਿਤੇ ਨੇ, ਯਥਾ :—

ਵਾਕੰ ਮੇ ਆਸਨ ਸੋ ਪ੍ਰਾਣਸ਼ ਚਕਿਸ਼ੂ ਰਖ ਸੁਣੋ ॥ ਅਪਿਲਤਾ ਕੇਸ਼ਾ ਆਸ਼ਰੋਣ ਦੰਤਾ ਬਹੁ ਬਾਹਰੋਬਲ ॥ (ਅਥਰਬਣ ਕਾਂਡ ੧੯ ਸੂਤਕ ੬੦ ਮੰਤ੍ਰ ੧) ਅਰਥਾਤ ਹੇ ਪ੍ਰਭੂ ! ਮੁਖ ਮੇਂ ਸੁਧ ਬਾਣੀ, ਨਾਸਕਾ ਮੇਂ ਪ੍ਰਾਣੰ ਕਾ ਸੁਧ ਸੰਚਾਰ, ਆਖੋਂ ਮੇਂ ਸ੍ਵਛ ਦ੍ਰਿਸਟੀ, ਪੱਕੇ ਦਾਂਤ **ਲੰਮੇ ਕੇਸ** ਅਰ ਅਮਿੱਤ ਬਲ ਬਖਸ਼ੋ ! ਤਥਾ ਹੀ, ਇਦਨ ਮੂਲ ਆਗਰੰ ਯਦ ਬਿਮਧਾਯੰ ਯਾਂਮੇ ਔਸ਼ੁਧੇ ॥ ਕੇਸ਼ਾ ਡਾਇਬ ਵਰਧਤਾਂ ਸ਼ੀਰਣਸਤੇ ਅਸਤਾ ਪਰਿ ॥ (ਅਥਰਬਣ, ਕਾਂਡ ੬, ਸੂਤਕ ੨੩੨, ਮੰਤਰ ੩ ਪੰ: ੨) ਅਰਥਾਤ ਹੇ ਔਸ਼ਧ, ਹਮਾਰੇ ਕੇਸੋਂ ਕੇ ਮੂਲ ਕੋ ਦ੍ਰਿੜ੍ਹ ਕਰਕੇ ਕੇਸੋਂ ਕੇ ਨਰਕਟ ਘਾਸੀ ਕੇ ਸਦਰਸ਼ ਲੰਬੇ ਕਰ ਦੇ । (ਪੰਚ ਕਕਾਰ) ਇਸ ਤੋਂ ਸਪਸ਼ਟ ਹੈ ਕਿ ਵੇਦਾਂ ਵਾਲੇ ਲੰਬੇ ਕੇਸਾਂ ਲਈ ਈਸ਼ਵਰ ਅੱਗੇ ਤਰਲੇ ਕੱਢਦੇ ਰਹੇ ! ਅਰ ਨਰਮ ਕੇਸਾਂ ਦੀ ਮੰਗ ਗ੍ਰਹਿਸਤੀ ਸੰਨਿਆਸੀ ਆਦਿ ਸੁੰਦਰਤਾ ਸਮਝਦੇ, ਫਿਰ ਉਲਟਾ ਮੁੰਡਨ ਸੰਸਕਾਰ ਕਿਥੋਂ ਆ ਗਿਆ ?

ਹਜ਼ਰਤ ਯਸੂਹ ਮਸੀਹ ਦੇ ਪੈਰੋਕਾਰ ਕਦੀ ਸਾਬਤ ਨਹੀਂ ਕਰ ਸਕਦੇ ਕਿ ਹਜ਼ਰਤ ਸਾਹਿਬ ਦੇ ਕੇਸ ਨਹੀਂ ਸਨ, ਬਲਕਿ ਉਹ ਪ੍ਰੇਮ ਨਾਲ ਹਜ਼ਰਤ ਸਾਹਿਬ ਦੀਆਂ ਤਸਵੀਰਾਂ ਕੇਸਾਂ ਸਹਿਤ ਪੇਸ਼ ਕਰਕੇ ਸਿੱਧ ਕਰਦੇ ਨੇ ਕਿ ਆਪ ਦੇ ਸੀਸ ਪਰ ਕੇਸ ਸਨ। ਇਸਾਈ ਮਤ ਅਨੁਸਾਰ ਹਜ਼ਰਤ ਜੀ ਖ਼ੁਦਾ ਦੇ ਇਕਲੌਤੇ ਸਪੁਤ੍ਰ ਮੰਨੇ ਹਨ। ਸੋ ਜਦ ਪੁੱਤ੍ਰ ਦੇ ਕੇਸ ਹੋਵਨ ਫਿਰ ਬਾਪ ਦੇ ਅਵੱਸ਼ਯ ਹੋਣੇ ਚਾਹੀਦੇ ਨੇ । ਵੈਸੇ ਭੀ ਬਾਬਾ ਆਦਮ ਜੋ ਅੰਜੀਲ ਵਿਚ ਪਹਿਲਾ ਪੁਰਸ਼ ਖ਼ੁਦਾ ਦੇ ਹੱਥਾਂ ਦੀ ਘਾੜਤ ਮੰਨਿਆ ਹੈ ਉਸ ਦੀ ਫੋਟੋ ਭੀ ਕੇਸਾਂ ਸਹਿਤ ਦਿਖਲਾਈ ਜਾਂਦੀ ਹੈ । ਬਾਈਬਲ, ਜਿਸ ਨੂੰ ਇਸਾਈ ਲੋਕ ਅਸਮਾਨੀ ਕਿਤਾਬ ਸਿੱਧ ਕਰਦੇ ਤੇ ਮੰਨਦੇ ਹਨ, ਉਸ ਵਿਚ ਕੇਸਾਂ ਦੀ ਬਹੁਤ ਮਹਿਮਾ ਲਿਖੀ ਮਿਲਦੀ ਹੈ । ਈਸਾਈ ਮਤ ਦੇ ਧਾਰਮਿਕ ਗ੍ਰੰਥ ਬਾਈਬਲ ਵਿਚ ਜ਼ੋਰਹ ਦੇ ਵਸਨੀਕ ਸੈਮਸਮ ਦਾ ਇਕ ਥਾਂ ਜ਼ਿਕਰ ਆਉਂਦਾ ਹੈ। ਇਹ ਬੜਾ ਬਲਵਾਨ ਸੀ, ਇਸ ਦਾ ਬਿਨਾਂ ਹਥਿਆਰਾਂ ਤੋਂ ਸ਼ੇਰ ਮਾਰਨ ਦਾ ਹਾਲ ਲਿਖਿਆ ਹੈ । ਇਸ ਨੇ ੧੦੦੦ ਆਦਮੀ ਖੋਤੇ ਦੀ ਹੱਡੀ ਨਾਲ ਕਤਲ ਕਰ ਦਿਤੇ ਸਨ । ਇਕ ਵੇਰ ਇਸ ਦੇ ਵਿਰੋਧੀਆਂ ਨੇ ਸੰਗਲਾਂ ਨਾਲ ਜਕੜ ਕੇ ਕੋਠੇ ਵਿਚ ਬੰਦ ਕਰ ਦਿੱਤਾ, ਪਰ ਇਹ ਬਹਾਦਰ ਸੰਗਲ ਤੋੜ ਕੇ ਬਾਹਰ ਨਿਕਲ ਆਇਆ, ਉਹ ਬੜੇ ਅਸਚਰਜ ਰਹਿ ਗਏ । ਇਸ ਦਾ ਪ੍ਰੇਮ ਇਕ ਦੇਲਿਲਾ ਨਾਮੀ ਇਸਤ੍ਰੀ ਨਾਲ ਸੀ, ਉਸ ਨੂੰ ਲਾਲਚ ਦੇ ਕੇ ਪੁਛਿਆ ਗਿਆ ਕਿ ਉਸ ਆਦਮੀ ਵਿਚ ਇੰਨੀ

Sri Satguru Jagjit Singh Ji eLibrary NamdhariElibrary@gmail.com

ਤਾਕਤ ਕਿਉਂ ਹੈ ? ਉਸ ਨੇ ਸੈਮਸਨ ਕੋਲੋਂ ਇਸ ਦਾ ਭੇਤ ਲੈ ਲਿਆ ਕਿ ਸ਼ੁਰੂ ਤੋਂ ਉਸ ਦੇ ਕੇਸ ਨਹੀਂ ਮੁੰਨੇ ਗਏ, ਜਿਸ ਕਰਕੇ ਉਸ ਵਿਚ ਇਤਨਾ ਬਲ ਹੈ। ਫੇਰ ਉਸ ਇਸਤ੍ਰੀ ਨੇ ਵੈਰੀਆਂ ਦੇ ਪੱਖ ਵਿਚ ਹੋ ਕੇ ਸੁੱਤੇ ਪਏ ਸੈਮਸਨ ਦੇ ਕੇਸ ਕਤਲ ਕਰ ਦਿਤੇ। ਸਵੇਰੇ ਆ ਕੇ ਵੈਰੀਆਂ ਨੇ ਉਸ ਨੂੰ ਘੇਰ ਲਿਆ, ਜਿਸ ਪਰ ਸੈਮਸਨ ਮੁਕਾਬਲਾ ਨਾ ਕਰ ਸਕਿਆ ਸੋ ਉਸ ਦੀਆਂ ਅੱਖਾਂ ਕੱਢ ਕੇ ਜੇਹਲ ਵਿਚ ਬੰਦ ਕਰ ਦਿੱਤਾ। (ਦੇਖੋ, ਜੱਜਿਜ਼ ਕਾਂਡ, ੧੩-੧੬)

ਸੋ ਜਦ ਕਤੇਬੀ ਮੱਤਾਂ ਦੀ ਇਹ ਪੱਕੀ ਗਵਾਹੀ ਹੈ। ਜਾਂ ਅਸਮਾਨੀ ਕਥਾ ਹੈ ਕਿ ਕੇਸ ਮੁੰਡੇ ਜਾਣ ਕਰਕੇ ਪੁਰਸ਼ ਬਲਹੀਣ ਹੋ ਜਾਂਦਾ ਹੈ। ਫਿਰ ਕਿਨ੍ਹਾਂ ਸਬੂਤਾਂ ਨਾਲ ਈਸਾਈ ਲੋਕ ਕੇਸਾਂ ਨੂੰ ਨਿੰਦ ਸਕਦੇ ਹਨ ? ਜਦ ਹਜ਼ਰਤ ਯਸੂਹ ਮਸੀਹ ਦੇ ਸੁਨਹਿਰੀ ਅਰ ਚਮਕੀਲੇ ਕੇਸਾਂ ਦੀ ਥਾਂ ਥਾਂ ਉਪਮਾਂ ਲਿਖੀ ਮਿਲਦੀ ਹੈ, ਫੇਰ ਬਾਈਬਲ ਦੇ ਪੈਰੋਕਾਰਾਂ ਲਈ ਕੇਸਾਂ ਦੀ ਵਿਰੋਧਤਾ ਕਰਨਾ ਕਿਵੇਂ ਭੀ ਨਹੀਂ ਬਣ ਆਉਂਦਾ। ਜਦ ਬਾਈਬਲ ਦੇ ਚਾਰੇ ਭਾਗ ਮਤੀ, ਮਰਕਸ, ਯਹੂਨਾ ਤੇ ਲੂਕ (ਨਵਾਂ ਇਕਰਾਰ ਨਾਮਾ) ਕੇਸ ਧਾਰਨਾ ਦੇ ਹੱਕੀ ਹੋਣ ਅਰ ਬਾਈਬਲ, ਤੌਰੇਤ, ਜ਼ਬੂਰ ਆਦਿ ਪਹਿਲੇ ਗ੍ਰੰਥਾਂ ਨੂੰ ਸਹੀ ਮੰਨੇ।

ਜਿਹਾ ਕਿ—"ਇਹ ਨਾ ਸਮਝੋ ਕਿ ਮੈਂ ਤੌਰੇਤ ਜਾਂ ਨਬੀਆਂ ਦੀਆਂ ਕਿਤਾਬਾਂ ਨੂੰ ਰੱਦ ਕਰਨ ਆਇਆਂ ਹਾਂ, ਰੱਦ ਕਰਨ ਨਹੀਂ, ਸਗੋਂ ਪੂਰਾ ਕਰਨ ਆਇਆ ਹਾਂ। ਮਤੀ ਬਾਬ ੫, ਆਇਤ ੧੭ ਤੋਂ ੨੦ ਤੀਕ। ਇਸ ਤੋਂ ਸਪੱਸ਼ਟ ਹੈ ਕਿ ਇਹ ਸਾਰੀ ਅਸਮਾਨੋਂ ਉੱਤਰੀਆਂ ਪੋਥੀਆਂ ਦੀ ਇੱਕੋ ਰਾਇ ਹੈ। ਸੋ ਜਦ ਤੌਰੇਤ ਦਾ ਬਚਨ ਹੈ ਕਿ "ਖੁਦਾ ਦੇ ਨਜ਼ੀਰ ਦੇ ਸਿਰ ਤੇ ਉਸ ਤਰ੍ਹਾ ਨਹੀਂ ਫੇਰਿਆ" ਪੁਨਾ ਨਜ਼ੀਰ ਦੇ ਪਵਿੱਤ੍ਰ ਵਾਲ ਵਧਦੇ ਰਹਿਣੇ ਚਾਹੀਏ, ਫਿਰ ਕੀ ਵਜ੍ਹਾ ਹੈ, ਜੋ ਮੰਨੇ ਗਏ ਅਸਮਾਨੀ ਹੁਕਮਾਂ ਨੂੰ ਕਿ **ਵਾਲ ਵਧਦੇ ਜਾਣ** ! ਕਿਤਾਬਾਂ ਦੇ ਹੁਕਮਾਂ ਪਰ ਸ਼ਰਧਾ-ਰੱਖਣ-ਹਾਰ ਨਾ ਮੰਨਣ ! ਅਰਥਾਤ ਸਿਰ ਮੁੰਡੋਂਣ ਤੇ ਅਸਮਾਨੀ ਹੁਕਮਾਂ ਦੀ ਤੌਹੀਨ ਕਰਨ ? ਹਜ਼ਰਤ ਸਾਹਿਬ ਸਬੰਧੀ ਸਲੀਬ ਦੀ ਅੱਖੀਂ ਡਿਠੀ ਗਵਾਹੀ ਦੇ ਪੰਨਾ ੨੮ ਤੋਂ ਅੱਗੇ ਲਿਖਿਆ ਹੈ, "ਭਾਵ ਪਲਾਤੁਸ ਤੋਂ ਪਹਿਲਾਂ, ਜੋ ਦਿਯਾ ਦਾ ਗਵਰਨਰ ਸੀ, ਦੀ ਗਵਾਹੀ ਹੈ (ਇਹ ਉਸ ਸਮੇਂ ਦਾ ਹਵਾਲਾ ਹੈ, ਜਦ ਕਿ ਸਮੇਂ ਦੇ ਬਾਦਸ਼ਾਹ ਵੱਲੋਂ ਹਜ਼ਰਤ ਸਾਹਿਬ ਨੂੰ ਬਾਗੀ ਠਹਿਰਾਇਆ ਗਿਆ ਸੀ) ਤੇ ਪਬਲੀਸ ਲਨਟੀਉਲਸ ਆਪਣੀ ਰੀਪੋਟ ਵਿੱਚ ਲਿਖਦਾ ਹੈ, ਇਸ ਦੇ ਕੇਸ ਪੂਰੇ (ਪੂਰਨ ਕੇਸ, ਬਿਨਾਂ ਕਟਾਏ) ਪੱਕੇ ਤੇ ਸਾਹ ਬਲੂਤ ਵਾਂਗ ਕਾਲੇ ਰੰਗ ਦੇ ਹਨ। ਕੰਨਾਂ ਤੋਂ ਲੈ ਕੇ ਹੇਠਲੇ ਪਾਸੇ ਮੋਢਿਆਂ ਤੱਕ ਇਨ੍ਹਾਂ ਦਾ ਰੰਗ ਮਿੱਟੀ ਜਿਹਾ ਹੈ, ਪਰ ਇਨ੍ਹਾਂ ਵਿੱਚ ਇੱਕ ਖਾਸ ਚਮਕ ਦਮਕ ਹੈ। ਅਰ ਨਾਸਰੀ ਲੋਕਾਂ (ਕੇਸ ਧਾਰਨੀ

ਲੋਕਾਂ) ਦੀ ਤਰ੍ਹਾਂ ਇਹ ਭੀ ਵਿਚਕਾਰੋਂ ਵੰਡੇ ਹੋਏ (ਚੀਰਵੀਂ ਪਾ ਕੇ) ਹਨ। ਇਸ ਤੋਂ ਅੱਗੇ ਦਾੜ੍ਹੀ ਬਾਰੇ ਲਿਖਿਆ ਹੈ ਕਿ ਇਸ ਦੀ ਦਾੜ੍ਹੀ ਘਣੀ **(ਸੰਘਣੀ ਤੇ ਪੂਰਨ)** ਸਿਰ ਦੇ ਵਾਲਾਂ ਦੀ ਤਰ੍ਹਾਂ ਵਿਚਕਾਰੋਂ ਵੰਡੀ ਹੋਈ ਨਹੀਂ, ਭਾਵ ਦਾੜ੍ਹੇ ਵਿੱਚ ਚੀਰਵੀਂ ਨਹੀਂ ਨਿਕਾਲੀ ਹੋਈ, ਉਕਤ ਦ੍ਰਿਸ਼ਟਦੀ ਰੀਪੋਟ ਤੋਂ **ਸਿੱਧ ਹੈ ਕਿ ਹਜ਼ਰਤ ਸਾਹਿਬ ਦੇ ਕੇਸ ਤੇ ਦਾੜ੍ਹੀ ਸਾਬਤ ਸੀ ਅਰ ਈਸਾਈ ਇਸ ਰੀਪੋਟ ਨੂੰ ਠੀਕ ਮੰਨਦੇ ਹਨ।**

ਕੇਸਾਂ ਦਾ ਇਨਸਾਨ ਮਾਤ੍ਰ ਨਾਲ ਸਬੰਧ ਹੈ, ਪਰ ਮੁਸਲਮਾਨਾਂ ਦੇ ਆਗੂ ਅਕਸਰ ਮੁੱਲਾਂ ਮੁਲਾਣੇ, ਆਦਿ ਲੰਬੇ ਦਾੜ੍ਹੇ ਨਾਲ ਸ਼ਸ਼ੋਬਤ ਦੇਖੇ ਜਾਂਦੇ ਨੇ, ਮਾਨੋਂ ! ਸਾਬਤ ਦਾੜ੍ਹਾ ਭਲਮਨਸਾਊ ਜਾਂ ਸ਼ਰੀਫਾਨਾ ਰਹਿਤ ਮੰਨੀ ਗਈ ਹੈ। ਵੈਸੇ ਵੀ ਹਰ ਇੱਕ ਮੁਸਲਮਾਨ ਲਈ ਮੁੱਠੀ ਭਰ ਲੰਮਾ ਦਾੜ੍ਹਾ ਰੱਖਣਾ ਸ਼ਰ੍ਹਾ ਵਿੱਚ ਲਾਜ਼ਮੀ ਹੈ। ਦਾੜ੍ਹੀ ਮੁੱਛਾਂ ਦਾ ਘੋਟਮ ਕਰਾਉਣਾਂ ਮੁਸਲਮਾਨੀ ਰਹਿਤ ਤੋਂ ਭੀ ਵਿਰੁੱਧ ਹੈ। ਪਰ ਸ਼ੋਕ ਹੈ, ਲਾਪਰਵਾਹ ਲੋਕ ਆਪਣੀ ਨੀਯਤ ਸ਼ਰ੍ਹਾ ਤੋਂ ਭੀ ਵਿਰੁੱਧ ਚਲਦੇ ਹਨ। ਸੂਫੀ ਮੱਤ ਦੇ ਮੁਸਲਮਾਨ ਅਕਸਰ ਰੋਮ ਨਹੀਂ ਛੇੜਦੇ। ਫਕੀਰ ਲੰਬੇ ਲੰਬੇ ਕੇਸਾ ਨਾਲ ਹੁੰਦੇ ਨੇ ਆਰ ਦਾੜ੍ਹਾ ਬਿਲਕੁਲ ਨਹੀਂ ਮੁਨੌਂਦੇ। ਮੁਸਲਮਾਨਾਂ ਵਿੱਚ ਬਹਾਉਲਾ ਮੱਤ (ਗਉਲਾ) ਈਰਾਨੀ ਮੱਤ ਦੇ ਲੋਕ ਬਿਲਕੁਲ ਕੇਸ ਨਹੀਂ ਮੁਨੌਂਦੇ 'ਉਥੇ ਬਹਾਉਲ, ਅੱਛੇ ਮਸ਼ਾਹੂਰ ਆਗੂ ਮੰਨੇ ਗਏ ਨੇ, ਬਲਕਿ ਹਜ਼ਰਤ ਮੁਹੰਮਦ ਸਾਹਿਬ ਤੋਂ ਪਿੱਛੋਂ ਇਨ੍ਹਾਂ ਦੀਆਂ ਕਰਾਮਾਤਾਂ (ਮੁਅਜਜ਼ੇ) ਪ੍ਰਵਾਨਿਕ ਮੰਨੇ ਜਾਣੇ ਪ੍ਰਸਿੱਧ ਹਨ।

ਇਨ੍ਹਾਂ ਦੀ ਸ਼ਰੀਅਤ ਵਿੱਚ ਇਹ ਭੀ ਇੱਕ ਕਰਾੜ ਹੁਕਮ ਨੀਯਤ ਹੈ, ਯਥਾ:— ਲਾ ਤਾਲਕਵਾ ਮਰਉ ਸਕਮ ਕੁਦ, ਜੀਵਹਿ ਅਲ੍ਹਾ ਬਿਲ ਸੁਅਰ। ਇਸ ਦਾ ਭਾਵ ਇਹ ਹੈ, ਐ ! ਬਹਾਉਲਾ ਦੇ ਮੁਰੀਦੋ ! ਆਪਣੇ ਸਿਰ ਨੂੰ (ਕੇਸਾਂ ਨੂੰ) ਕਤਈ ਨਾ ਮੁਨੌਣਾ, ਕਿਉਂਕਿ ਕੇਸਾਂ ਨਾਲ ਸੁੰਦਰਤਾ ਹੈ। ਇਸ ਬਾਤ ਦੀਆਂ ਕਈ ਗਵਾਹੀਆਂ ਭੀ ਹਨ। ਜਿਹਾ ਕਿ "ਅਨ ਅਬਨ ਅਬਾਸ ਕਾਲ ਕਾਨ ॥ ਅਲਉਲ ਕਿਤਾਬ ਸਬਕ ਲੋਕ ॥ ਅਸ਼ਆ ਰਹਿਮ ਵਕਾਨ ਅਲਮ ਸੂਰ ਕੂਨ ॥ ਯਫਰ ਭੂਨ ॥ ਰੋਸ ਬਹਮ ੬ ਕਾਨ ਰਸਲ ॥ ਇਹ ਹਵਾਲਾ "ਉਲਰ ਜਲ" ਨਾਮਕ ਕਿਤਾਬ ਦਾ ਹੈ। ਭਾਵ ਇਬਨ ਅਬਾਸ ਕਹਿੰਦਾ ਹੈ, ਕਿਤਾਬ ਦੇ ਮੰਨਣ ਵਾਲੇ ਯਹੂਦੀ ਈਸਾਈ ਮੁਸਾਈ ਆਦਿ ਜੋ ਕਿ ਅੰਜੀਲ ਤੌਰੇਤ ਜਬੂਰ ਨੂੰ ਰੱਬੀ ਕਲਾਮ ਮੰਨਦੇ ਨੇ ਆਪਣੇ ਕੇਸਾਂ ਨੂੰ ਵਧਾਈ ਰੱਖਦੇ ਨੇ (ਪੂਰਨ ਕੇਸ ਅਤੇ ਮੁਸ਼ਬਕ ਚੀਰਵੀਂ ਕੱਢਦੇ ਨੇ ਪ੍ਰੰਤੂ ਹਜ਼ਰਤ ਮੁਹੰਮਦ ਸਾਹਿਬ, ਕਿਤਾਬ ਵਾਲਿਆਂ ਦੀ ਪੈਰਵੀ ਕਰਦੇ ਨੇ ਭਾਵ ਹਜ਼ਰਤ ਸਾਹਿਬ ਭੀ ਕੇਸਾਂ ਨਾਲ ਸਸ਼ੋਭਤ ਹਨ, ਭਾਵੇਂ ਇਹ ਇਤਿਹਾਸਕ ਸਬੂਤ ਹੈ, ਪ੍ਰੰਤੂ ਹਜ਼ਰਤ ਸਾਹਿਬ ਨੇ ਕੁਰਾਨ ਸਰੀਫ਼ ਵਿੱਚ ਸਾਫ ਫੁਰਮਾਇਆ ਹੈ—"ਵਅਤਿਮੁਲ ਹੱਜਾ ਵਲ ਓਮਰਤਾਲਿਲਾ ਹਫਾਇਨ ਓਹਸਿਰ ਤੁਮ ਫਮਸ ਤੈਸਰਾ ਮਿਲਲ ਹਦਯੇ ਵਲਾ ਤਾਹਲੋ

ਕੁ ਰੋਊਸਾ ਕੁਮ । ਸਿਪਾਰਾ ੨ ਸੂਰਤ ਬਕਰ ਰ: ੨੪, ਆਯਤ ੧੯੫ ॥

ਅਰਥਾਤ ਪੂਰਾ ਕਰੋ ਹੱਜ ਨੂੰ ਤੇ ਉਮਰਾ ਨੂੰ ਵਾਸਤੇ ਅੱਲਾ ਦੇ, ਪਾਸ ਜੇ ਘੇਰੇ ਜਾਓ ਤੁਸੀਂ, ਪਰ ਜੋ ਕੁਝ ਪ੍ਰਾਪਤ ਹੋ ਸਕੇ ਕੁਰਬਾਨੀ ਤੋਂ ਤੇ **ਨਾ ਮੁਨਾਓ ਸਿਰਾਂ ਆਪਣਿਆਂ ਨੂੰ**। ਇਸ ਤੋਂ ਵੱਧ ਕੀ ਸਬੂਤ ਹੋ ਸਕਦਾ ਹੈ, ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਖੁਦਾ ਵਲੋਂ ਹੁਕਮ ਹੈ, ਮੇਰੇ ਹਜ ਲਈ ਮੱਕੇ ਸ਼ਰੀਫ ਆਉਣ ਸਮੇਂ ਕੇਸ ਨਾ ਮੁੰਡਾਓ ਅਰਥਾਤ ਕੇਸਾਂ ਬਿਨਾਂ ਦਰਸ਼ਨ ਨਹੀਂ ਹੁੰਦੇ, ਜਾਂ ਸਿਰ ਮੁੰਡਾਣਾ ਗੁਨਾਹ ਹੈ। "ਇਹੋ ਗੁਰੂ ਹੁਕਮ ਹੈ—**ਬਿਨਾ ਕੇਸ ਤੇਗੰ ਦਿਵੋ ਨਾ ਦਿਦਾਰੇ"** ਸ੍ਰੀ ਦਸਮੇਸ਼ ਜੀ ਕੇਸ ਤੇ ਕ੍ਰਿਪਾਨ ਹੀਣਿਆਂ ਨੂੰ ਦਰਸ਼ਨ ਦੇਣ ਲਈ ਤਿਆਰ ਨਹੀਂ। ਇਹੋ ਮੰਤਵ ਕੁਰਾਨ ਸ਼ਰੀਫ ਦਾ ਹੈ। ਸੁੰਨਤ ਦਾ ਜ਼ਿਕਰ ਕੁਰਾਨ ਸ਼ਰੀਫ਼ ਵਿਖੇ ਉੱਕਾ ਨਹੀਂ ਹੈ, ਫਿਰ ਕਾਰਨ ਕੀ ਹੈ ਕਿ ਮੁਸਲਮਾਨ "ਸਾਬਤ ਸੂਰਤ ਦਸਤਾਰ ਸਿਰਾ" ਧਾਰਨਾ ਨਾ ਰੱਖਣ ? ਤੇ "ਸ਼ਰਮ ਸੁੰਨਤ" ਦੀ ਵਰਤੋਂ ਨਾ ਹੋਵੇ ? ਗੁਰੂ ਸਾਹਿਬ ਨੇ ਹਿੰਦੂ ਮੁਸਲਮਾਨਾਂ ਦੀ ਮੌਜੂਦਾ ਵਰਤੋਂ ਜਾਂ ਇਸ ਭੁੱਲ ਪਰ ਦੋ ਸ਼ਬਦ ਖਾਸ ਤੌਰ ਪਰ ਉਚਾਰੇ ਹਨ, ਯਥਾ:—"ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ॥ (ਮ: ੧, ਪੰਨਾ ੧੫੫) ਇਸ ਤੋਂ ਮੁੰਡਨ ਸੰਸਕਾਰ ਚੰਗੀ ਤਰ੍ਹਾਂ ਖੰਡਣ ਹੈ। ਪੁਨਾ:—"ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ ॥ ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ ॥ (ਮ: ੧, ਪੰਨਾ ੧੨੪੫) ਇਸ ਵਿਚ ਰੋਮਾਂ ਦਾ ਛੇਦਨ ਕਰਨਾ ਤੇ ਸੁੰਨਤ ਆਦਿ ਕਰਾਉਣ ਦਾ ਪੂਰਨ ਖੰਡਣ ਹੈ। ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ ਕਰਤਾਰ ਨੇ ਬੰਦੇ ਨੂੰ ਉੱਕਰ ਦਾ ਘੜਿਆ, ਜੈਸੀ ਕਿ ਲੋੜ ਸੀ, ਭਾਵ ਲੋੜ ਮੂਜਬ ਅੰਗ ਰਚੇ, ਤਾਂਤੇ ਪੁਰਸ਼ ਸਾਬਤ ਸੂਰਤ ਰਹੇ। ਸਰੀਰ ਦੇ ਅੰਗ ਭੰਗ ਨਾ ਕਰੇ, ਅਰਥਾਤ ਸਰੀਰ ਛੇਦਨ ਨਾ ਕਰੇ, ਭਾਵ ਕੇਸ ਨਾ ਮੁੰਡਾਵੇ, ਸੁੰਨਤ ਨਾ ਕਰੇ, ਠੱਪੇ ਛਾਪੇ ਨਾ ਲਗਾਵੇ, ਮੁੰਦਰਾਂ ਆਦਿ ਨਾ ਪਾਵੇ।

ਨਾ ਮੁੰਡਾਉ ਸਿਰਾਂ ਆਪਣਿਆਂ ਨੂੰ ਇਸ ਹੁਕਮ ਦਾ ਅਨੁਵਾਦ ਗਿਣਤੀ ਸਾਖ ੬ ਆਯਤ ੫ ਵਿਖੇ ਇਕੁੱਰ ਹੈ 'ਨਜ਼ੀਰ ਅਰਥਾਤ ਭੇਟਾ ਚੜ੍ਹਾਉਣ ਵਾਲੇ ਦੇ ਸਿਰ ਤੇ ਉਸਤਰਾ ਨਾ ਫੇਰਾ ਜਾਵੇ। ਸੋ ਜੇ ਨਜ਼ੀਰ ਲਈ ਸਿਰ ਪਰ ਉਸਤਰਾ ਫੇਰਨਾ ਅਪਵਿੱਤ੍ਰ ਜਾਂ ਗੁਨਾਹ ਹੈ ਅਧਰਮੀਆਂ ਲਈ ਤਾਂ ਹੋਰ ਭੀ ਮੰਦਾ ਹੈ। ਸੋ ਜਦ ਕੇਸਾਂ ਵਾਲੇ ਦਾ ਹੀ ਹੱਜੂ ਜਾਂ ਭੇਟਾ ਪ੍ਰਵਾਨ ਹੈ ਫਿਰ ਮੋਨਿਆਂ ਲਈ ਸਾਫ ਜਵਾਬ ਹੈ।

## ਕੇਸਾਂ ਸਬੰਧੀ ਮੱਕੇ ਦੀ ਗੋਸ਼ਟ

ਗੁਰੂ ਸਾਹਿਬਾਨ ਨੇ ਕੇਸਾਂ ਨੂੰ ਕੇਵਲ ਸਿੱਖਾਂ ਲਈ ਰੀਜ਼ਰਵ ਨਹੀਂ ਰਖਿਆ, ਬਲਕਿ ਇਨਸਾਨ ਮਾਤ੍ਰ ਲਈ ਕੇਸ ਜ਼ਰੂਰੀ ਮੰਨੇ ਹਨ। ਮੱਕੇ ਦੇ ਪੀਰ ਬਹਾਉਦੀਨ ਦੀ ਗੋਸ਼ਟ

Sri Satguru Jagjit Singh Ji eLibrary NamdhariElibrary@gmail.com

ਵਿਚ ਸਪੱਸ਼ਟ ਲਿਖਿਆ ਹੈ --"ਆਖੇ ਪੀਰ ਬਹਾਓਦੀਨ ਸੁਣਹੁ ਨਾਨਕ ਸ਼ਾਹ ॥ ਹਿੰਦੂ ਮੁਸਲਮਾਨ ਦੁਇ ਦਿਤੇ ਨੀ ਮੁੰਢਹੁ ਉਠਾਇ ॥" ਇਸ ਤੋਂ ਸਪੱਸ਼ਟ ਹੈ ਕਿ ਸਤਿਗੁਰੂ ਨਾਨਕ ਜੀ ਨੇਂ ਹਿੰਦੂਆਂ ਦੀ ਤੇ ਮੁਸਲਮਾਨੀ ਸ਼ਰ੍ਹਾ ਰੱਦ ਕਰ ਦਿਤੀ, ਅਰ ਬੇਦੀ ਅਯੋਦੀ ਜਾਂ ਸ਼ਰੱਈ ਦਾੜ੍ਹੀ (ਮੁੱਛਾਂ ਹਜ਼ਾਮਤਾਂ) ਨੂੰ ਗਲਤ ਤਰੀਕਾ ਦਸਿਆ, ਕਿਉਂਕਿ "ਆਖੀ ਨਾਨਕ ਸ਼ਾਹ ਸਚੁ, ਸੁਣਹੁ ਬਹਾਉਦੀਨ ਪੀਰ॥ ਹਿੰਦੂ ਮੁਸਲਮਾਨ ਦੁਇ ਸਿਰ ਗੁੰਮ ਥੀਏ ਜ਼ਹੀਰ ॥" ਅਰਥਾਤ ਹਿੰਦੂ ਮੁਸਲਮਾਨ ਸਿਰਗੁੰਮ (ਮੋਨੇ) ਹੋ ਕੇ ਨਸ਼ਰ ਹੋ ਰਹੇ ਹਨ, ਭਾਵ ਦੁਖਤ ਹਨ। ਪੀਰ ਨੇ ਫਿਰ ਕਿਹਾ— "ਸ਼ਾਹ ਰਾਹ ਸ਼ਰੀਅਤੇ, ਕਦੇ ਪਾਕ ਨਾ ਹੋਇ ॥ ਬਾਝੋਂ ਸੁੰਨਤ ਆਦਮੀ ਦਰਗਹ ਲਏ ਨ ਢੋਇ॥" ਇਸ ਦੇ ਉੱਤਰ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ, "ਸਚੀ ਸੁੰਨਤ ਰੱਬ ਦੀ, **ਸੋਇ (ਕੇਸ) ਲੈ ਆਇਆ ਨਾਲ ॥** ਜੇ ਰਖੇ ਸੋਇ ਅਮਾਨਤੀ ਸੋ ਖਾਸਾ ਬੰਦਾ ਭਾਲ ॥ ਫੇਰ ਆ ਗਿਆ ਦਰਗਾਹ ਵਿਚ ਅਗੇ ਰਖ ਨੀਸ਼ਾਨ ॥ **ਹੋਰ ਦਰਗਹ ਢੋਈ ਨ ਲਹਿਣ ਜੋ ਰਾਣੇ ਸ਼ੈਤਾਨ ॥ ਅਵਲ ਸੁੰਨਤ ਸੋਇ ਹੈ, ਸਿਰ ਪਰ ਰਖੇ ਜੋਇ ॥** ਪਾਵੈ ਮਰਾਤਬ ਸਯਦੀ ਵਡਾ ਰਖੀਸ਼ਰ ਹੋਇ ॥ ਰਖੇ ਹੋਏ (ਕੇਸ) ਹਲਾਲ ਖਾਇ (ਹੱਕ ਦਾ) ਨਿਕਟ ਹਰਾਮ ਨ ਜਾਇ ॥ ਸਭ ਜਹਾਨ ਦੀ ਕੀ ਚਲੀ ਤਿਸ ਤੇ ਡਰੇ ਖੁਦਾਇ॥" ਸਪੱਸ਼ਟ ਹੈ ਕਿ ਸਤਿਗੁਰੂ ਨਾਨਕ ਜੀ ਦਾ ਉਪਦੇਸ਼ ਕੇਸਾਧਾਰੀ ਰਹਿਣਾ ਹੈ ! ਇਹੋ ਅਕਾਲੀ ਨਿਸ਼ਾਨ (ਸੁੰਨਤ ਹੈ) ਹੱਕ ਦੀ ਕਮਾਈ ਹਲਾਲ ਹੈ। ਨਹੱਕੀ ਕਮਾਈ ਖਾਣੀ ਹਰਾਮ ਖਾਣਾ ਹੈ। ਸੁੰਨਤਾਂ ਅਰ ਮੁੰਡਨ ਸੰਸਕਾਰਾਂ ਜਾਂ ਹਜ਼ਾਮਤਾਂ ਨਾਲ ਮਜ਼੍ਹਬ ਤੋਰਨੇ ਸਭ ਉਸ ਦੀ ਰਚਨਾਂ ਤੋਂ ਵਿਰੁੱਧ, ਬੇ-ਮੁਖਤਾ ਤੇ ਕਰਤਾਰ ਦੀ ਵਿਰੋਧਤਾ ਹੈ।

ਸਤਿਗੁਰੂ ਨਾਨਕ ਜੀ ਨੇ, ਜਿਸ ਨੂੰ ਭੀ ਸਿੱਖ ਮੱਤ ਦਿਤੀ ਕੇਸ ਰਖਾਏ ! ਅਰ ਕੇਸਾਂ ਦਾ ਉਪਦੇਸ਼ ਦਿਤਾ। ਸ੍ਰੀ ਮਾਨ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਨੂਰੇ ਅੱਯਾਲੀ ਨੂੰ ਸਿੱਖ ਮਤ ਦਿਤੀ, ਯਥਾ :-"ਇਕ ਸਿਰ ਤੇ ਕੇਸ ਰਖਣੇ, ਦੂਜਾ ਪਿਛਲੀ ਰਾਤੀਂ ਸਤਿਨਾਮ ਦਾ ਜਾਪ ਜਪਣਾ, ਤੀਜੇ ਆਉਂਦੇ ਜਾਂਦੇ ਸੰਤ ਸਾਧ ਦੀ ਟਹਿਲ ਸੇਵਾ ਕਰਨੀ।

ਪੁਨਾ :-ਕਿਸੇ ਛਦਾਇਆ ਡਾਲ (ਲਿੰਗ) ਕੋ, ਕਿਸੇ ਛਦਾਇਆ ਕਾਨ (ਮੁੰਦ੍ਰਾਂ)॥ "ਸਾਬਤ ਸੂਰਤ ਰਬ ਦੀ ਭੰਨਣ ਬੇਈਮਾਨ ॥" (ਜਨਮ ਸਾਖੀ) ਤਾਂਤੇ "ਸਾਬਤ ਸੂਰਤ ਦਸਤਾਰ ਸਿਰਾ ॥" (ਮਾਰੂ ਮ: ੧) ਆਲਮਗੀਰੀ ਨਿਯਮ ਹੈ।

# ਕੇਸ ਅਲੰਕਾਰ

***'ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥'*** *(ਪੰਨਾ ੪੭੮)*

ਇਹ ਇਸਤ੍ਰੀਆਂ ਦਾ ਪਤੀ-ਵਿਯੋਗ ਸਮੇਂ ਦਾ ਅਗਿਆਨ ਨਕਸ਼ਾ ਅਤੇ ਕੇਸ

Sri Satguru Jagjit Singh Ji eLibrary NamdhariElibrary@gmail.com

ਖੁੱਲਣ ਸਮੇਂ ਦਾ ਭਿਆਨਕ ਨਜ਼ਾਰਾ ਹੈ। ਸਿਆਪਾ ਕਰਨ ਵੇਲੇ ਅਨਮਤਣਾਂ ਸਿਰ ਦੇ ਕੇਸ ਖੋਹਲ ਕੇ ਪਿੱਟਦੀਆਂ ਹਨ, ਗਲਾਂ ਪਿੱਟਣ ਅਰ 'ਸਿਰ ਖੋਹਣ ਕਰਨ ਸਮਾਇ' ਸਿਰ ਖੋਹਲਣਾ ਸੈਤਾਨੀ ਪਹਿਰਾਵਾ ਭੀ ਮੰਨਿਆ ਹੈ—'ਸਿਰ ਖੁਥੈ ਸੈਤਾਨੀ' (ਮ: ੧) ਜੂੜਾ ਕਰਨਾ ਭਾਵ ਕੇਸਾਂ ਨੂੰ ਸੰਭਾਲਣਾ ਉੱਤਮਤਾ ਸਮਝੀ ਜਾਂਦੀ ਹੈ।

ਇਸੀ ਪ੍ਰਕਾਰ "ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥" (ਪੰਨਾ ੪੧੭) ਇਸ ਸ਼ਬਦ ਵਿਖੇ ਸ਼ਿੰਗਾਰ ਰਸ ਵਿਚ ਕੇਸਾਂ ਦੀਆਂ ਪੱਟੀਆਂ ਦਾ ਗੁੰਦਣਾ ਦਰਸਾ ਕੇ ਮਾਂਗਾਂ ਤੇ ਸੰਧੂਰ ਦਾ ਲਾਉਣਾ ਦਰਸਾਇਆ ਹੈ, ਜੋ ਕਿ ਸੋਲਾਂ ਸ਼ਿੰਗਾਰਾਂ ਵਿਚ ਸ਼ਾਮਲ ਹੈ। ਐਸੇ ਹੀ ਸਰੇਵੜਾ ਦਸ਼ਾ ਦਾ ਅਲੰਕਾਰ ਖਿੱਚ ਕੇ ਦਸਿਆ ਹੈ ਜੋ ਕਿ ਇਥੇ ਦੁੱਖ ਅਗੇ ਸੁਖ ਕਹਿ ਕੇ ਕੇਸ ਪੁਟ ਕੇ ਬਦਨਾਮ ਹੁੰਦੇ ਫਿਰਦੇ ਨੇ। ਯਥਾ :-'ਸਿਰੁ ਖੋਹਾਇ ਪੀਅਹਿ ਮਲਵਾਣੀ'।

ਪੁਨਾ—

**"ਸਿਰ ਖੁਥੈ ਸੈਤਾਨੀ"** ਅਰਥਾਤ ਸਿਰ ਨੂੰ ਖੋਹ ਕੇ ਭਾਵ ਵਾਲ ਪੁੱਟ ਕੇ ਸ਼ੈਤਾਨੀ ਢੰਗ ਕਰਦੇ ਨੇ, ਤਾਂਤੇ ਉਕਤ ਜੈਨੀ, ਸਰੇਵੜੇ ਪੂਜ ਆਦਿਕਾਂ ਦੇ ਸਿਰ ਦੇ ਵਾਲ ਪੁੱਟਣ ਦਾ ਖੰਡਣ ਹੈ। ਅਰਥਾਤ ਗੁਰੂ ਕਸੌਟੀ ਅਗੇ ਇਹ ਕੰਮ ਸ਼ੈਤਾਨਪੁਣੇ ਦਾ ਮੰਨਿਆ ਹੈ, ਕੇਸਾਂ ਨੂੰ ਜੜ੍ਹਾਂ ਥੀਂ ਪੁੱਟਣਾ ਹੋਰ ਭੀ ਗਲਤੀ ਹੈ।

'ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥' (ਪੰਨਾ ੭੬੨) ਇਸ ਸ਼ਬਦ ਵਿਚ ਕਾਲੇ ਕੇਸਾਂ ਨੂੰ ਅਸਮਾਨੀ ਕੂੰਜਾਂ ਅਰ ਧੌਲੇ ਕੇਸਾਂ ਨੂੰ ਬੱਗਾਂ ਦਾ ਸਰੋਵਰ ਪਰ ਉਤਰਨ ਵਾਲਾ ਨਜ਼ਾਰਾ ਦੱਸ ਕੇ ਸੋਭਾ ਦਿਖਲਾਈ ਹੈ। ਸਾਥ ਹੀ 'ਕਾਲੀ ਹੂ ਫੁਨਿ ਧਉਲੇ ਆਏ॥' (ਪੰਨਾ ੧੦੨੭) ਕਾਲੇ ਤੋਂ ਧੌਲੇ ਆਉਣੇ ਅਵਸਥਾ ਦੀ ਤਬਦੀਲੀ ਅਲੰਕਾਰ ਹੈ। ਪੁਨਾ—'ਭਏ ਕੇਸ ਦੁਧ ਵਾਨੀ ॥' ਬ੍ਰਿਧ ਅਵਸਥਾ ਵਿਚ ਕੇਸ ਦੁੱਧ ਰੰਗੇ ਅਰਥਾਤ ਧੌਲੇ ਹੋ ਜਾਂਦੇ ਨੇ, ਸੋ! ਕੇਸਾਂ ਤੋਂ ਭਾਵ ਪੂਰੇ ਕੇਸਾਂ ਦਾ ਹੈ। ਸਿਰ ਮੂੰਹ ਮੁੰਡੌਣੇ ਵਾਲੇ 'ਕੇਸਾਂ ਰਹਿਤ' ਹਨ। ਧੌਲੇ ਕੇਸ ਸ਼ਬਦ ਉਸੀ ਪਰ ਘਟੇਗਾ ਜਿਸ ਦੇ ਕੇਸ ਹੋਵਣ।

'ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥' (ਮ: ੫, ਪੰਨਾ ੧੯੯) ਇਥੇ ਜ਼ੁਲਮ ਕਰਨ ਵਾਲੇ ਨੂੰ ਤਾੜਨਾ ਕੀਤੀ ਹੈ। ਕਈ ਦਾੜ੍ਹੀ ਪਰ ਹੱਥ ਫੇਰਕੇ ਗਰੀਬਾਂ ਜਾਂ ਕਮਜ਼ੋਰਾਂ ਨੂੰ ਕਿਹਾ ਕਰਦੇ ਨੇ ਕਿ ਜੇ ਤੇਰੀ ਖਬਰ ਨਾਂ ਲਵਾਂਗਾ, ਮੇਰੇ ਮੂੰਹ ਪਰ ਦਾੜ੍ਹੀ ਨਾ ਸਮਝੀਂ ਆਦਿ। ਭਗਤ ਫਰੀਦ ਜੀ ਨੇ ਦਾੜ੍ਹੀ ਦੇ ਵੱਲ ਇਸ਼ਾਰਾ ਕਰਕੇ ਫੁਰਮਾਇਆ ਹੈ।

'ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥ ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥' (ਪੰਨਾ ੧੩੭੮) ਇਸ ਤੋਂ ਧੌਲਿਆਂ ਵਲ ਇਸ਼ਾਰਾ ਕਰਕੇ ਅੰਤਮ

Sri Satguru Jagjit Singh Ji eLibrary NamdhariElibrary@gmail.com

ਸਮੇਂ ਵੱਲ ਦ੍ਰਿਸ਼ਟੀ ਦਿਲਾਈ ਹੈ। ਪੁਨਾ:-'ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥' (ਪੰਨਾ ੧੩੮੦)

ਸੇਖ ਫਰੀਦ ਜੀ ਦੀ ਬਾਣੀ ਤੋਂ ਸਿੱਧ ਹੈ ਕਿ ਮਾਨੁਖੀ ਸੂਰਤ ਮੁੱਛਾਂ ਦਾੜ੍ਹੀ ਸਹਿਤ ਹੈ। ਕੇਸਾਂ ਨੂੰ 'ਕਾਲੀ ਹੂੰ ਫੁਨਿ ਧਉਲੇ ਆਏ' ਦਸ਼ਾ ਦਿਖਲਾਈ ਹੈ ਮਾਨੋਂ ਉਮਰ ਗੁਜਰੀ ਜਾਂ ਰਹਿੰਦੀ ਪਰਖਣ ਦਾ ਥਰਮਾ ਮੀਟਰ ਕੇਸ ਹਨ।

ਕੇਸ [12]ਬ੍ਰਿਧ ਅਵਸਥਾ ਦਾ ਨਿਸ਼ਾਨ ਹੈ ਯਥਾ:-'ਜਰ ਆਈ ਜੋਬਨ ਹਾਰਿਆ ॥'

ਨੋਟ-ਫਰੀਦ ਜੀ ਜਾਤ ਦੇ ਮੁਸਲਮਾਨ ਹੁੰਦੇ ਹੋਏ ਭੀ ਦਾੜ੍ਹੀ ਕੇਸਾਂ ਦੀ ਰਖਿਆ ਤੇ ਹੋਂਦ ਦਸਦੇ ਨੇ। ਹਾਲਾਂਕਿ ਆਪ ਇਕ ਪੂਰਨ ਸ਼ਰਈ ਦਸੇ ਗਏ ਨੇ। ਫਿਰ ਕਾਰਨ ਕੀ ਹੈ, ਜੋ ਮੁਸਲਮਾਨ ਕਿਉਂ ਨਾ ਸਾਬਤ ਸੂਰਤ ਵਿਚ ਰਹਿਣ ?

## ਜਟਾਂ ਵਾਲੇ ਨਾਂਗੇ, ਜੋਗੀ, ਸੰਨਿਆਸੀ ਅਤੇ ਪਰਮ ਹੰਸ ਆਦਿ

ਜਟਾਂ ਵਾਲੇ ਅਰ ਮੋਨੇ ਸਾਧ ਕਈ ਭੇਖਾਂ ਵਿਚ ਹਨ, ਸੋ ਗੁਰਮਤਿ ਵਿਖੇ ਜਟਾਂ ਨੂੰ ਵਧਾਉਣਾ ਅਰਥਾਤ ਜੋਗੀ, ਨਾਂਗੇ ਪੁਣਾਂ ਆਦਿ ਦਸਣਾ, ਜਾਂ ਸਿਰ ਮੂੰਹ ਮੁੰਡਾ ਕੇ ਸੰਨਿਆਸੀ ਪਰਮ ਹੰਸ ਆਦਿ ਪੁਣਾਂ ਦਸਣਾ, ਪਾਖੰਡ ਭੇਖ ਹੈ। ਅਸੂਲਣ ਕੇਸ ਵਧਾਉਣੇ (ਜਟਾਂ) ਜਾਂ ਘਰਰਿ ਮੁੰਡੌਣਾਂ ਦੋਵੇਂ ਰੱਬੀ ਰਾਹ ਨਹੀਂ ਹਨ। ਰੱਬੀ ਰਜ਼ਾ, ਨਿਰਯਤਨ 'ਕੇਸ' ਅਰਥਾਤ ਸੁਤੇ ਸਿਧ ਕੇਸਾਂ ਦਾ ਆਪਣੀ ਲੰਬਾਈ ਵਿਚ ਹੋਣਾ ਹੈ। ਬ੍ਰਹਮਚਾਰੀ, ਨਾਂਗੇ, ਜੋਗੀ, ਦੰਡੀ, ਸੰਨਿਆਸੀ, ਪਰਮ ਹੰਸ ਆਦਿ ਇਸ ਝਗੜੇ ਵਿਚ ਡਟ ਰਹੇ ਹਨ ਕਿ ਰੱਬ ਜਟਾਂ ਵਧਾਏ (ਮਲਸੀ, ਦੂਜਾ ਪੱਖ ਕਹਿ ਰਿਹਾ ਹੈ ਕਿ ਸਿਰ ਮੁੰਡੌਣ ਵਿਚ ਰਬ ਖੁਸ਼ ਹੁੰਦਾ ਹੈ, ਜਾਂ ਇਹ ਰੱਬੀ ਰਾਹ ਹੈ। ਪ੍ਰੰਤੂ ਗੁਰੂ ਮਿਸ਼ਨ ਅਗੇ ਦੋਵੇਂ ਫੇਹਲ, ਭਾਵ ਕੁਮਾਰਗੀਏ ਹਨ, ਅਥਵਾ ਭੁੱਲੜ ਹਨ, ਕਿਉਂਕਿ ਜਟਾਂਧਾਰੀ ਹੋਣਾ ਜਾਂ ਘਰਰ ਮੁੰਡੌਣਾ ਦੋਵੇਂ ਸਿਧਾਂਤ ਅਗਿਆਨ ਪਖੰਡ (ਭੇਖ) ਦੇ ਹੀ ਹਨ।

ਇੱਕਰ ਦਾ ਹੀ ਝਗੜਾ ਹਿੰਦੂਆਂ ਮੁਸਲਮਾਨਾਂ ਵਿਚ ਹੈ। ਹਿੰਦੂ ਬੋਦੀ ਰਖ ਕੇ ਆਪ ਨੂੰ ਦੇਵਤੇ ਮੰਨਦੇ ਨੇ। ਮੁਸਲਮਾਨ ਕਟਾ ਕੇ ਮੋਮਨ ਬਣਦੇ ਨੇ, ਸੋ ਇਹ ਨਿਰੋਲ ਵਹਿਮੀ ਝਗੜੇ ਹਨ। ਇਸੇ ਤਰ੍ਹਾਂ ਮੁੱਛਾਂ, ਦਾੜ੍ਹੀਆਂ ਤੇ ਸਿਰ ਦੀ ਹਜਾਮਤ ਦੇ ਤਰੀਕੇ ਹਿੰਦੂ ਮੁਸਲਮਾਨ ਪੁਣਾ ਦੱਸੀਦਾ ਹੈ ਹਿੰਦੂ ਤਾਂ ਬੋਦੀ ਰੱਖ ਕੇ ਹਿੰਦੂ ਬਣਦੇ

੧੨. ਬੁਢੇ ਵਾਰੇ ਪੁਰਸ਼ ਬਜ਼ੁਰਗਾਂ ਵਿਚ ਸ਼ਾਮਲ ਸਮਝਿਆ ਹੈ, ਉਸ ਪਾਸੋਂ ਜੇ ਗਲਤੀ ਹੋਵੇ ਤਾਂ ਉਸ ਨੂੰ ਕੋਸਿਆ ਜਾਂਦਾ ਹੈ ਕਿ "ਤੇਰੇ ਮੂੰਹ ਪਰ ਧੌਲੀ ਦਾੜ੍ਹੀ ਆਈ ਹੈ" ਉਸ ਵੇਲੇ ਜੇ ਕੋਈ ਦਾੜ੍ਹੀ ਮੁੰਡਾਵੇ, ਲੋਕੀਂ ਮਖੌਲ ਭੀ ਕਰਦੇ ਹਨ ਕਿ ਹੁਣ ਗਭਰੂ ਬਣਨਾ ਹੈ ?

Sri Satguru Jagjit Singh Ji eLibrary NamdhariElibrary@gmail.com

ਹਨ ਅਤੇ ਮੁਸਲਮਾਨ ਕਟਾਕੇ। ਇਸੀ ਤਰ੍ਹਾਂ ਮੁੱਛਾਂ ਵਾਲਾ ਹਿੰਦੂ, ਲਬਾਂ ਤੋਂ ਕਟਾਉਣ ਵਾਲਾ ਮੁਸਲਮਾਨ, ਭਾਵ ਹਜਾਮਤਾਂ ਨਾਲ ਮਜ਼੍ਹਬ ਚਲ ਰਹੇ ਹਨ। ਅਸਲੋਂ ਗੁਰਮਤਿ ਵਿਖੇ ਐਸਾ ਕਰਨਾ ਮਨਮਤ ਹੈ। ਇਸੀ ਝਗੜੇ ਦਾ ਕਾਰਨ ਲੋਕ ਹਜ਼ਾਰਾਂ ਤਰ੍ਹਾਂ ਦੀ ਹਜਾਮਤਾਂ ਕਰਾ ਕੇ ਮਜ਼੍ਹਬ ਬਣਾਈ ਫਿਰਦੇ ਨੇ, ਤਾਂਤੇ 'ਕੇਸਾ ਧਾਰੀ' ਹੋਣਾ ਹੀ 'ਸਰਬ ਸਾਂਝਾ' ਅਸੂਲ ਜਾਂ ਅਸਲ ਧਰਮ ਹੈ।

ਕੇਸਾਂ ਦੀ ਧਾਰਨਾ ਵਿੱਚ ਹੁੱਜਤਾਂ ਭਾਵੇਂ ਕੋਈ ਪਿਆ ਕਰੇ, ਪਰ ਬੰਦੇ ਦੀ ਬਨੌਟ ਜਾਂ ਭੁੱਲ ਇਸ ਵਿਚ ਕੋਈ ਭੀ ਨਹੀਂ ਤੇ ਨਾ ਹੀ ਕੋਈ ਔਕੜ ਹੈ। ਆਲਮਗੀਰੀ ਅਸੂਲਾਂ ਵਿਖੇ ਭੀ ਕੇਸ ਇਨਸਾਨੀ ਤੇ ਖ਼ੁਦਾਈ ਰਜ਼ਾ ਵਿੱਚ ਬੰਧਾਨ ਹਨ। ਇਸ ਵਿਚ ਪ੍ਰੇਮ ਅਰ ਇਤਫ਼ਾਕ ਤੇ ਸਭਯਤਾ ਆਦਿ ਸਰਬ ਗੁਣ ਭਰਪੂਰ ਹਨ। ਸੋ ਜੋ ਲੋਕ ਕੇਸ ਮੁੰਡੌਣ ਵਿੱਚ ਉੱਚਤਾ ਭਾਲਦੇ ਨੇ ਉਹ ਭੁੱਲ ਵਿੱਚ ਹਨ 'ਕਹਾ ਭਇਓ ਜਉ ਮੂੰਡ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥ ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥ (ਸੋਰਠਿ ਮ: ੯, ਪੰਨਾ ੬੩੩)

ਐਸੇ ਹੀ ਸ੍ਰੀ ਗੁਰੂ ਦਸਮੇਸ਼ ਜੀ ਨੇ ਜਟਾਂ ਵਧਾਉਣ ਅਤੇ ਸਿਰ ਮੁੰਡਨੇ ਦੋਵੇਂ ਭੇਖਾਂ ਨੂੰ ਪਖੰਡ ਮੰਨਿਆਂ ਹੈ ਅਤੇ ਕੁਦਰਤੀ ਕੇਸ ਹੀ ਰੱਖਣੇ ਯੋਗ ਮੰਨੇ ਹਨ। 'ਜੋਗੀ ਸੰਨਿਆਸੀ ਹੈ ਜੇਤੇ ॥ ਮੁੰਡੀਆ ਮੁਸਲਮਾਨ (ਕਤੇਬੀ ਮੱਤ) ਗਨ ਕੇਤੇ ॥ ਭੇਖ ਧਰੇ ਲੂਟਤ ਸੰਸਾਰ ॥ ਛਪਸ ਸਾਧ ਜਿਹ ਨਾਮ ਅਧਾਰ ॥'

# ਕੇਸਾਂ ਦੀ ਝੰਡ

ਬੱਚਿਆਂ ਦੀ ਝੰਡ ਉਤਾਰਨ ਦਾ ਇੱਕ ਵਾਧੂ ਵਹਿਮ ਹੈ, ਕਿਹਾ ਜਾਂਦਾ ਹੈ ਕਿ ਜਨਮ ਦੇ ਕੇਸ ਗੰਦੇ ਹੁੰਦੇ ਨੇ, ਪਰ ਇਉਂ ਕਹਿਣਾ ਮੂਰਖਤਾ ਹੈ, ਗੰਦੀ ਚੀਜ਼ ਨੂੰ ਸਾਫ ਕਰੀਦਾ ਹੈ ਕਿ ਕੱਟ ਸੁਟੀਦਾ ਹੈ ? ਪਿਸ਼ਾਬ ਤੇ ਵਿਸ਼ਟਾ ਇੰਦ੍ਰੇ ਸਦਾ ਮੈਲੇ ਹੁੰਦੇ ਰਹਿੰਦੇ ਨੇ ਸੋ ਉਹ ਸਾਫ ਕਰਨੇ ਚਾਹੀਦੇ ਨੇ ਨਾਕਿ ਕੱਟਣੇ ? ਤਾਂਤੇ ਜਿਵੇਂ ਹੋਰ ਅੰਗ ਸਾਫ ਹੁੰਦੇ ਨੇ ਤਿਵੇਂ ਕੇਸਾਂ ਦੀ ਭੀ ਸਫਾਈ ਕਰੋ, ਬੱਚਿਆਂ ਦੀ ਝੰਡ ਜਾਂ ਜਾਮਣੂੰ ਕੇਸ ਉਤਾਰਨੇ ਮਨਮੱਤ ਤੇ ਭੁੱਲ ਹੈ। ਗ੍ਰੰਥ ਪ੍ਰੇਮ ਸੁਮਾਰਗ ਵਿਖੇ ਲਿਖਿਆ ਹੈ, 'ਕੇਸ ਲੜਕੇ ਕੇ ਜੋ ਹੋਇ ਉਨ੍ਹਾਂ ਦਾ ਬੁਰਾ ਨਾ ਮੰਗੇ' ਅਰਥਾਤ ਝੰਡ ਨਾ ਉਤਾਰੇ, ਇਹ ਸਿੱਖੀ ਨਿਯਮ ਹੈ, ਇੱਕਰ ਹੀ 'ਜੋ ਧੌਲੇ ਕੇਸ ਚੁਣੇ ਸੋ ਤਨਖਾਹੀਆ ॥' (ਰਹਿਤ ਨਾਮਾ ਭਾਈ ਚੌਪਾ ਸਿੰਘ) ਅਰ ਜੋ ਸਿੱਖ ਹੋ ਕੇ ਕੇਸ ਮੁੰਡਾਵੇ ਉਹ ਸਿਰ ਗੁੰਮ ਹੈ, ਤਿਨ੍ਹਾਂ ਨਾਲ ਮਿਲੌਟ ਰੱਖਣੀ ਗੁਰੂ ਘਰ ਵਿਖੇ ਸਖਤ ਮਨ੍ਹਾ ਹੈ, ਯਥਾ:-'ਸਿਰ ਗੁੰਮਨ ਕੇ ਮੁਖ ਨਹਿੰ ਲਾਗੋ ॥ (ਗੁਰ ਸੋਭਾ) ਦਸਮ ਗੁਰੂ ਬਿਲਾਸ ਵਿੱਚ ਲਿਖਿਆ ਹੈ 'ਮੋਨੇ

Sri Satguru Jagjit Singh Ji eLibrary NamdhariElibrary@gmail.com

ਪੁਰਸ਼ ਨਾਲ ਸਿੱਖ ਲੰਗਰ ਦੀ ਅਭੇਦਤਾ ਨਾ ਕਰੇ ॥' ਖਾਲਸਾ ਰਹਿਤ ਨਾਮੇ ਦਾ ਭੀ ਇਹੋ ਸਿਧਾਂਤ ਹੈ ਕਿ ਮੋਨੇ ਨਾਲ ਲੰਗਰ ਦੇ ਬਰਤਨ ਨਾ ਮਿਲਾਵੋ, 'ਬਿਨਾ ਕੇਸ ਜੋ ਪਾਹੁਲ ਧਾਰੇ ॥ ਤਿਸ ਪਾਖੰਡੀ ਦੂਰ ਨਿਵਾਰੇ ॥ ਭੇਸ ਕੇਸ ਸਿੱਖ ਪੂਜਤ ਤੁਛ ਨ ਦੇਵ ॥ ਤਾਹਿ ਨਾ ਮਾਨ ਦੀਜੀਏ, ਮੇਰਾ ਸਿੱਖ ਸੋ ਸੇਵ ॥' (ਦਸਮ ਗੁਰੂ ਵਾਚਯ) ਤਜੇ ਕੇਸ ਭੇਖੀ ਸਿਖ ਜਾਨ ॥

## ਤਿਸ ਭੇਖੀ ਮੂਰਖ ਮਮ ਦਰਸਨ ਨਾਹਿੰ (ਸੌ ਸਾਖੀ)

ਹਿੰਦੂ ਆਦਿ ਮੱਤਾਂ ਵਿੱਚ ਝੰਡ ਉਤਾਰਨ ਦੇ ਕਈ ਪ੍ਰਕਾਰ ਦੇ ਵਹਿਮ ਹੈਨ, ਕੋਈ ਤਾਂ ਗੰਗਾ ਦੀ ਭੇਟਾ ਕੇਸ ਕਰਦਾ ਹੈ, ਕੋਈ ਦੇਵੀ ਦੀ ਸੁਖਣਾ ਵਿੱਚ ਕੇਸ ਅਰਪਦਾ ਹੈ। ਇਸ ਦਾ ਮੁੱਢਲਾ ਭਾਵ "ਸੀਸ ਭੇਟ" ਸੀਸ ਦੇਣਾ ਕਠਨ ਸਮਝ ਕੇ ਕੇਸ ਝੜਾਏ ਜਾਂਦੇ ਹਨ। ਪਰੰਤੂ ਨਾਈਆਂ ਅੱਗੇ ਹਰ ਰੋਜ਼ ਕਿਸਦੀ ਭੇਟਾ ਹੈ ? ਭਲਾ ਜੇ ਝੰਡ ਉਤਰਵਾ ਕੇ ਫਿਰ ਭੀ ਮੁੰਡਾਈ ਜਾਵੇ, ਉਸ ਦੀ ਭੇਟਾ ਕਿਸ ਨੂੰ ਹੈ ? ਸ਼ੁਰੂ ਦੇ ਕੇਸ ਮਲਾਇਮ ਤੇ ਬਰੀਕ ਹੁੰਦੇ ਨੇ। ਕੇਸ ਮੁੰਡੌਣੇ ਸੇ ਮੋਟੇ ਤੇ ਖਰਵੇ ਹੁੰਦੇ ਜਾਂਦੇ ਹਨ। ਹਿੰਦੂਆਂ ਵਿੱਚ ਕੇਸ ਵਿਰੋਧੀਆਂ ਨੇ ਇਹ ਵਹਿਮ ਭੀ ਪਾਏ ਨੇ, ਬੱਚੇ ਦੇ ਕੇਸ ਮੁੰਡੌਣ ਨਾਲ ਦੰਦ ਛੇਤੀ ਨਿਕਲਦੇ ਹੈਨ, ਜਾਂ ਬੱਚੇ ਰੋਗੀ ਨਹੀਂ ਹੁੰਦੇ, ਪਰੰਤੂ ਮੁੰਡਨ ਪਹਿਲੇ ਜਾਂ ਤੀਜੇ ਆਦਿ ਸਾਲ ਹੁੰਦਾ ਹੈ ਵੈਸੇ ਦੋ ਸਾਲ ਵਿੱਚ ਹੀ ਬੱਚਿਆਂ ਦੇ ਦੰਦ ਨਿਕਲਦੇ ਹਨ, ਫਿਰ ਇਸ ਦਾ ਦੰਦਾਂ ਨਾਲ ਕੀ ਸਬੰਧ ? ਕੀ ਫਿਰ ਸਿੱਖ ਬੱਚਿਆਂ ਦੇ ਦੰਦ ਨਹੀਂ ਨਿਕਲਦੇ ? ਜਦ ਤਜਰਬਾ ਦਸਦਾ ਹੈ, ਕਿ ਕੇਸਾਂ ਵਾਲੇ ਬੱਚਿਆਂ ਦੇ ਬਿਨਾਂ ਦਿੱਕਤ ਦੰਦ ਨਿਕਲਦੇ ਹਨ, ਤਾਂਤੇ ਇਹ ਹਿਕਮਤ ਨਹੀਂ ਬਲਕਿ ਢੁੱਚਰ ਹੈ। ਬੱਚਿਆਂ ਦੀ ਝੰਡ ਉਤਾਰਨੀ ਨਿਰੋਲ ਮਨਮੱਤ ਹੈ ਜਿਸ ਲਈ ਗੁਰੂ ਸਾਹਿਬਾਂ ਨੇ ਇਸ ਪਰ ਬੰਦਸ਼ ਲਾ ਦਿੱਤੀ ਹੈ।

## ਕੇਸ ਪਕੜਨੇ ਗੁਨਾਹ ਹਨ

ਇਹ ਬੇਹੂਦਾ ਹੁਜਤ ਹੈ ਕਿ ਪੁਰਸ਼ ਕੇਸਾਂ ਤੋਂ ਪਕੜਿਆ ਜਾਂਦਾ ਹੈ, ਕੀ ਕੇਸਾਂ ਦੀ ਤਰ੍ਹਾਂ ਕੰਨਾਂ ਬਾਹਾਂ ਗਰਦਨ ਤੋਂ ਨਹੀਂ ਪਕੜ ਹੁੰਦਾ ? ਜੇ ਹੁਜਤੀਆਂ ਦਾ ਇਹ ਉਜ਼ਰ ਠੀਕ ਹੋਵੇ ਤਾਂ ਹਿੰਦੂ ਲੋਕ ਬੋਦੀਆਂ ਕਿਉਂ ਰਖਦੇ ? ਪਟਿਆਂ ਦਾ ਲੇਖਾ ਭੀ ਗਲਤ ਹੁੰਦਾ, ਕੰਨ ਭੀ ਕਟਾਏ ਜਾਂਦੇ, ਬਾਹਾਂ ਭੀ ਛਾਂਗੀਆਂ ਜਾਂਦੀਆਂ, ਕਪੜੇ ਭੀ ਪਕੜੇ ਜਾਂਦੇ ਨੇ। ਕੀ ਨਾਂਗੇ ਇਸੇ ਕਾਰਨ ਉਤਾਰੀ ਫਿਰਦੇ ਨੇ ? ਇਹ ਬਾਤ ਇਉਂ ਹੈ, ਜਿਵੇਂ ਕੋਈ ਕਹੇ ਜੇ ਦਰਖਤ ਅਸਮਾਨ ਵਿਚ ਹੁੰਦੇ ਤਾਂ ਕੋਈ ਨਾ ਕੱਟਦਾ।

ਫਿਰ ਜੜ੍ਹਾਂ ਬਿਨਾਂ ਦਰੱਖਤ ਕਿਵੇਂ ਹੁੰਦੇ ? ਇਸੇ ਤਰ੍ਹਾਂ ਜੋ ਪਕੜਨੇ ਦੇ ਡਰ ਤੋਂ ਕੋਈ ਕੇਸ ਕਟਾਈ ਫਿਰੇ ਜੇ ਉਸਦੀ ਗਰਦਨ ਦੂਜੇ ਮੋਨੇ ਨੇ ਫੜ ਲਈ ! ਕੀ ਫਿਰ ਮੋਨੇ-ਮੋਨੇ ਭਿੜਨੇ ਸੇ ਗਰਦਨਾਂ ਕਟਾਉਣਗੇ ? ਸੋ ਕੇਸ ਫੜਨੇ ਦਾ ਸਵਾਲ ਮੂਰਖਾਂ ਦਾ ਹੈ । ਜਦ ਇਹ ਇਨਸਾਨੀ ਅਸੂਲ ਹੈ ਕਿ ਕੇਸ ਸਰਬੱਤ ਲਈ ਲਾਜ਼ਮੀ ਹਨ, ਫਿਰ ਭਜਦਿਆਂ ਲਈ ਮੈਦਾਨ ਸਮਾਨ ਹਨ । ਇਸੇ ਅਸੂਲ ਦਾ ਨਾਮ ਇਨਸਾਨੀ ਜਾਂ ਸਾਂਝਾ ਅਸੂਲ ਹੈ ।

ਬਾਕੀ ਚੋਰਾਂ ਡਾਕੂਆਂ ਬਦਮਾਸ਼ਾਂ ਦੇ ਡਰ ਤੋਂ ਧਨ ਬਾਹਰ ਕੌਣ ਸਿੱਟ ਸਕਦਾ ਹੈ ? ਇੱਕਰ ਕੇਸ ਮੰਨੋ ! ਸੰਸਾਰ ਵਿਚ ਗੁੰਡੇ ਬਦਮਾਸ਼ਾਂ ਦਾ ਅਸੂਲ ਕੋਈ ਨਹੀਂ ਹੁੰਦਾ, ਪਰ ਭਲੇ ਪੁਰਸ਼ਾਂ ਦਾ ਜ਼ਰੂਰ ਹੁੰਦਾ ਹੈ, ਯਥਾ:-ਕੇਸ ਗਹਿਣੇ ਪ੍ਰਹਾਰਸਜ ਸਿਰਸਯੋ ਵਿਵਰਜਯਤੇ । (ਮੰਨੂ ਸਿਮ੍ਰਤੀ, ਅ: ੪, ਸ਼: ੮੩) ਭਾਵ ਇਕ ਦੂਜੇ ਦੇ ਕੇਸਾਂ ਨੂੰ ਹੱਥ ਪੌਣਾ ਜਾਂ ਸੱਟ (ਪਕੜਨਾ) ਲੜਾਈ ਧਰਮ ਵਿਚ ਮਨਹਿ ਕੀਤਾ ਗਿਆ ਹੈ।

ਪੁਨਾ:-ਕੇਸੰ ਸ਼ੂਹਸਤੋ ਛਦੀਏ ਅਵਿਚਾਰਯ ॥ (ਮੰਨੂ ਅ: ੮ ਸਲੋਕ ੯੪) ਭਾਵ ਜੇ ਲੜਾਈ ਵੇਲੇ ਲੜਾਕਾ ਹੰਕਾਰ ਨਾਲ ਕੇਸਾਂ ਨੂੰ ਪਕੜ ਕੇ (ਮੁਖਾਲਿਫ) ਨਿਰਾਦਰੀ ਕਰੇ ਤਾਂ ਧਰਮੀ ਰਾਜਾ ਬਿਨਾਂ ਸੋਚੇ ਦੇ ਇਸ ਤਰ੍ਹਾਂ ਦੇ ਆਦਮੀ ਦੇ ਹੱਥ ਕਟਾ ਦੇਵੇ ॥ ਇਹ ਇਕ ਸੱਭਿਅਤਾ ਤੇ ਸੂਰਮਤਾ ਦਾ ਪੁਰਾਤਨ ਅਸੂਲ ਸੀ । ਸਾਥ ਹੀ ਲੜਾਈ ਵਿਚ ਕੇਸ ਪਕੜਨੇ ਕਾਨੂੰਨੀ ਤੌਰ ਪਰ ਭੀ ਸਖਤ ਮਨਾਹ ਹੈਨ ਅਰ ਐਸਾ ਕਰਨਾ ਦੋਹਾਂ ਧਿਰਾਂ ਲਈ ਹਾਨੀ ਹੈ । ਇਸ ਦਾ ਮੰਤਵ ਏਹ ਭੀ ਹੈ ਕਿ "ਕੇਸ ਪੁਰਸ਼ ਦੀ ਆਨ ਸ਼ਾਨ ਤੇ ਇੱਜ਼ਤ ਮੰਨੀ ਹੈ ।" ਤਥਾ 'ਕੇਸ' ਮਹਾਨ ਪਵਿੱਤ੍ਰ ਮੰਨੇ ਹੈਨ ! ਸਿੱਖ ਧਰਮ ਵਿਖੇ ਕੇਸ ਫੜਨੇ ਵਾਲਾ ਤਨਖਾਹੀ ਮੰਨਿਆਂ ਹੈ, ਇਹੋ ਪੁਰਾਤਨ ਧਾਰਮਕ ਅਸੂਲ ਹੈ ।

ਇਕ ਪ੍ਰਸੰਗ ਮਹਾਂ-ਭਾਰਤ ਵਿਖੇ ਜੁੱਧ ਕਰਨ ਦਾ ਹੈ, ਕਿ ਸੂਰਮੇ ਸ਼ਾਤਿਕ ਅਤੇ ਭੂਰਿਸ੍ਰਿਵਾ ਪ੍ਰਸਪਰ ਲੜਨੇ ਲਗੇ । ਭੂਰਿਸ੍ਰਿਵਾ (ਚੰਦਰ ਵੰਸੀ ਸੋਮ ਰਾਜੇ ਦਾ ਸਪੁੱਤ੍ਰ) ਸ਼ਾਤਿਕ ਨੂੰ ਮੁਕੀਆਂ ਚਪੇੜਾਂ ਲੱਤਾਂ ਨਾਲ ਮਾਰ ਕੁੱਟਕੇ, ਸ਼ਾਤਿਕ ਦਾ ਤਾਜ ਉਤਾਰ ਕੇ ਕੇਸਾਂ ਤੋਂ ਪਕੜ ਕੇ ਸੀਸ ਉਤਾਰਨੇ ਲਗਾ ਹੀ ਸੀ ਕਿ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਕਿ ਦੇਖ ਜਿਸ ਸ਼ਾਂਤਿਕ ਨੇ ਆਪਣੀ ਸ਼ਸਤ੍ਰ ਵਿਦਿਆ ਨਾਲ ਤੇਰੇ ਵੈਰੀ ਮਾਰੇ ਉਸ ਦੇ ਕੇਸਾਂ ਦੀ ਬੇਅਦਬੀ ਹੁੰਦੀ ਹੈ ! ਇਹ ਕੈਸਾ ਦੁਖ ਹੈ !! ਇਸ ਪਰ ਅਰਜਨ ਨੇ ਬਾਨ ਮਾਰ ਕੇ ਭੂਰਿਸ੍ਰਿਵਾ ਦੀਆਂ ਦੋਵੇਂ ਬਾਹਾਂ ਕੱਟ ਸੁਟੀਆਂ, ਜਿਨ੍ਹਾਂ ਨਾਲ ਕਿ ਉਸਨੇ ਕੇਸ ਪਕੜੇ ਸੀ । ਇਹ ਇੱਕ ਜੰਗੀ ਸੂਰਮਿਆਂ ਦਾ ਸੱਭਿਅਤਾ ਪੂਰਤ ਨਿਯਮ ਭੀ ਹੈ ਕਿ ਦੂਜੇ ਦੇ ਕੇਸ ਪਕੜਨੇ ਵਾਲਾ ਕਾਇਰ ਤੇ ਅਧਰਮੀ ਬੰਦਾ ਹੈ।

ਅੱਜ ਕਲ ਦੇ ਜੰਗਾਂ ਜੁੱਧਾਂ ਵਿਚ ਭੀ ਕਈ ਸਾਂਝੇ ਜੰਗੀ ਅਸੂਲ ਹੈਨ, ਜੈਸਾ

Sri Satguru Jagjit Singh Ji eLibrary NamdhariElibrary@gmail.com

ਕਿ ਮਲਮ ਪੱਟੀ ਕਰਨ ਵਾਲੇ ਡਾਕਟਰਾਂ ਜਾਂ ਮੁਰਦੇ ਸੰਭਾਲਣ ਵਾਲਿਆਂ ਨੂੰ ਨਾ ਮਾਰਨਾ ਅਤੇ ਏਲਚੀ ਨੂੰ ਕਤਲ ਨਹੀਂ ਕਰਨਾ, ਜੋ ਨੀਯਤ ਅਸੂਲਾਂ ਤੋਂ ਵਿਰੁੱਧ ਚੱਲੇ, ਉਸ ਨੂੰ ਸਾਰੇ ਅਧਰਮੀ ਮੰਨਕੇ ਘ੍ਰਿਣਤ ਕਰਦੇ ਹਨ, ਬਲਕਿ ਨੀਤੀ ਤੋਂ ਖਾਰਜ ਅਰ ਸਰਬ ਵਿਚ ਘ੍ਰਿਣਾ-ਯੋਗ ਤੇ ਪੰਚਾਇਤੀ ਦੰਡ ਦੇ ਭਾਗੀ ਮੰਨੇ ਗਏ ਹੈਨ!

ਮਹਾਂ ਭਾਰਤ ਜੁੱਧ ਦੇ ਉਕਤ ਪ੍ਰਸੰਗ ਵਿੱਚ ਇਹ ਬੀ ਦੱਸਿਆ ਹੈ ਕਿ ਭੂਰ ਸ੍ਰਿਵਾ ਨੇ ਅਰਜਨ ਨੂੰ ਕਿਹਾ ਕਿ ਤੂੰ ਬਹੁਤ ਨਿੰਦਤ ਕੰਮ ਕੀਤਾ। ਜਦ ਮੈਂ ਆਪਣੇ ਵੈਰੀ ਨੂੰ ਮਾਰ ਰਿਹਾ ਸੀ ਬੇਖਬਰੇ ਤੂੰ ਮੇਰੀਆਂ ਬਾਹਾਂ ਕੱਟੀਆਂ। ਇਹ ਛਿਪਕੇ ਵਾਰ ਕਰਨਾ ਚੋਰਾਂ ਠੱਗਾਂ ਦਾ ਰਾਹ ਹੈ। ਤੂੰ ਮਹਾਂ ਪਾਪੀ ਹੈਂ ! ਅਰਜਨ ਨੇ ਇਸ ਦੇ ਉੱਤਰ ਵਿਚ ਕਿਹਾ ਤੂੰ ਸ਼ਾਤਿਕ ਦੇ ਕੇਸ ਖਿੱਚ ਕੇ ਨਿਰਾਦਰੀ ਕੀਤੀ, ਇਹ ਮਹਾਂ ਨਿੰਦਤ ਕਰਮ ਹੈ। ਤੇਰੀ ਬੁੱਧੀ ਉਸ ਵੇਲੇ ਭ੍ਰਿਸ਼ਟ ਹੋ ਗਈ ਸੀ। ਮੇਰਾ ਧਰਮ ਦਯਾ ਤੇ ਸਹਾਇਤਾ ਦਾ ਹੈ। ਸੀਸ ਕੱਟਣੇ ਸੇ ਛੱਤਰੀ ਨੂੰ ਐਸਾ ਦੋਸ਼ ਨਹੀਂ ਹੁੰਦਾ, ਜੈਸਾ ਕਿ 'ਕੇਸ ਖੈਂਚਨ ਪਰ ਹੁੰਦਾ ਹੈ।'

ਸੋ ਇਹ ਇਕ ਪੁਰਾਤਨ ਕੇਸ-ਧਾਰੀ ਛੱਤ੍ਰੀਆਂ ਦਾ ਅਸੂਲ ਹੈ। ਸਿੱਖ ਧਰਮ ਵਿਖੇ ਭੀ ਇਹੋ ਅਸੂਲ ਹਨ ਕਿ ਸਿੱਖ ਦੇ ਕੇਸ ਦਾਹੜੇ ਨੂੰ ਹੱਥ ਪੌਣ ਵਾਲਾ ਬਹੁਤੀ ਸਜ਼ਾ ਦਾ ਭਾਗੀ ਹੈ, ਜੇ ਕੋਈ ਸਿੱਖ ਦੇ ਕੇਸ ਦਾਹੜੇ ਨੂੰ ਹੱਥ ਪਾ ਕੇ ਖਿੱਚੇ ਜਾਂ ਪੁੱਟੇ ਇਸ ਤੋਂ ਵਧ ਸਿੱਖ ਲਈ ਹੋਰ ਕੋਈ ਨਿਰਾਦਰੀ ਜਾਂ ਦੁੱਖ ਨਹੀਂ ਹੋ ਸਕਦਾ। ਇਸ ਦੁੱਖ ਨੂੰ ਸਿੱਖ ਹਿਰਦੇ ਹੀ ਜਾਣ ਸਕਦੇ ਹਨ। ਜਿਵੇਂ ਭਾਈ ਸਾਹਿਬ ਤਾਰੂ ਸਿੰਘ ਜੀ ਨੇ ਸਿਰ ਦੇ ਦਿਤਾ, ਪਰ ਕੇਸ ਨਹੀਂ ਉਤਰਵਾਏ। ਤਾਂਤੇ ਸਿੱਖ ਦਾ ਅਸੂਲ ਸਰਬ ਸਾਂਝਾ ਤੇ ਪੁਰਾਤਨ ਛੱਤ੍ਰੀ ਅਸੂਲ ਹੈ। ਪੁਰਾਤਨ ਛੱਤ੍ਰੀਆਂ ਦਾ ਇਹ ਜੰਗੀ ਅਸੂਲ ਸੀ, ਯਥਾ :-ਨਚ ਹਨਿਯਤ ਸਥਲਾ ਟੂੰਢੰ ਨਿਪੁਸਕੰ ਕ੍ਰਿਤਜਲੀਮ ॥ ਨਾ ਮੁਕਤ ਕੇਸਾਂ ਨਾ ਸੀਨੰ ਤ੍ਵਾਸ ਮੀਤ ਵਾਦਨੰਮ ॥ (ਮੰਨੂ ਅ: ੭ ਸ: ੯੧) ਅਰਥਾਤ ਰਥ ਤੋਂ ਉਤਰੇ ਹੋਏ ਨਿਪੁੰਸਿਕ ਹਥ ਜੋੜ ਕੇ ਖਿਮਾਂ ਮੰਗਣ ਵਾਲੇ ਜਾਂ **ਜਿਸ ਦੇ ਕੇਸ ਖੁੱਲ੍ਹ ਗਏ ਹੋਣ** ਅਜਿਹੇ ਸ਼ਤਰੂਆਂ ਨੂੰ ਧਰਮ ਪਰਾਇਣ ਯੋਧਾ ਕਦੀ ਨਾ ਮਾਰੇ। (ਪੰ: ੨) ਇਹੋ ਸਿੱਖ ਧਰਮ ਦਾ ਜੰਗੀ ਅਸੂਲ ਹੈ, ਜੋ ਲੋਕ ਸਿਰ ਮੂੰਹ ਮੁੰਡਾ ਕੇ ਛੱਤ੍ਰੀ ਕਹਾਉਣਾ ਫਖਰ ਮੰਨਦੇ ਨੇ ਉਹ ਤਾਂ ਮੰਨੂੰ ਸਿਮ੍ਰਤੀ ਅਨੁਸਾਰ ਛੱਤ੍ਰੀ ਹੀ ਸਿੱਧ ਨਹੀਂ ਹੁੰਦੇ।

## ਕੇਸਾਂ ਦੀ ਸੁੰਦਰਤਾ ਤੇ ਸ਼ਲਾਘਾ

ਮਿਸਜ਼ ਐਮ. ਏ. ਸਟੀਲ ਸਾਹਿਬ, ਡਿਪਟੀ ਕਮਿਸ਼ਨਰ ਸਾਹਿਬ ਹਿਸਾਰ ਦੀ

Sri Satguru Jagjit Singh Ji eLibrary NamdhariElibrary@gmail.com

ਸੁਪੱਤਨੀ ਨੇ ਜੋਕਿ ਸੂਬਾ ਪੰਜਾਬ ਵਿੱਚ ਜ਼ਨਾਨੇ ਸਕੂਲਾਂ ਦੀ ਇਨਸਪੈਕਟਰ ਸਨ, ਆਪਣੀ ਰਚਿਤ 'ਸੁਘੜ ਬੀਬੀ' ਨਾਮਕ ਪੋਥੀ ਦੇ ਪੰਨਾ ੨੦੯ (ਭਾਗ ਦੂਜਾ) ਵਿਖੇ ਲਿਖਦੇ ਹਨ:-'ਤੁਸਾਂ ਡਿੱਠਾ ਹੋਵੇਗਾ, ਜੋ ਸਿੱਖਾਂ ਦੇ ਸਿਰ ਪੁਰ **ਕੇਸ ਕੇਹੇ ਸੁੰਦਰ ਲਗਦੇ ਅਰ ਸੋਭਾ ਦਿੰਦੇ ਹਨ**, ਕਿਉਂ ? ਇਸ ਕਾਰਨ ਜੋ ਉਨ੍ਹਾਂ ਵਿਚ ਕੇਸਾਂ ਦੀ ਸੂਰਤ ਸੰਭਾਲ ਰੱਖਣੀ, ਧੋਂਦੇ ਰਹਿਣਾ, ਕੰਘਾ ਫੇਰਨਾ, ਧਾਰਮਿਕ ਰਹਿਤ ਹੈ। ਸੋ ਉਕਤ ਵਰਤੇ ਗਏ ਸ਼ਬਦ ਨਿਰਸੰਦੇਹ ਸਚੇ ਹਿਰਦੇ ਵਿਚੋਂ ਨਿਕਲੇ ਹਨ ਜੋ ਕਦੀ ਧੋਤੇ ਨਹੀਂ ਜਾ ਸਕਦੇ ! ਦੇਖੋ ਇਕ ਵਿਦਿਆਵਾਨ ਯੂਰਪੀਅਨ ਲੇਡੀ ਸਿਰ ਦੇ ਕੇਸਾਂ ਨੂੰ 'ਕੇਹੇ ਸੁੰਦਰ ਲਗਦੇ ਅਰ ਸੋਭਾ ਦਿੰਦੇ ਹਨ' ਲਿਖ ਰਹੀ ਹੈ। ਫਿਰ ਸ਼ੋਕ ਦੀ ਬਾਤ ਹੈ ਕਿ ਲੋਕ ਕੇਸ ਦਾਹੜੀ ਮੁੰਡਾ ਕੇ ਕਰੂਪ ਬਣਨਾ ਜੈਂਟਲਮੈਨੀ ਸਮਝਦੇ ਹਨ।

## ਕੇਸ ਅਤੇ ਮੁੰਡਨ ਮਰਯਾਦਾ

ਕੇਸਾਂ ਦੀ ਕਦਰ ਕੇਸ ਰੱਖਣ ਵਾਲੇ ਹੀ ਸਮਝ ਸਕਦੇ ਹਨ ਸਿਰ ਮੂੰਹ ਮੁਨੌਣ ਵਾਲੇ ਕਿਵੇਂ ਸਮਝ ਸਕਦੇ ਹਨ। ਜਦ ਕਿ ਉਨ੍ਹਾਂ ਦਾ ਵਤੀਰਾ ਹੀ ਕਰਤਾਰ ਦੀ ਕੁਦਰਤ ਤੋਂ ਵਿਰੁੱਧ ਹੈ। ਸੰਸਾਰ ਉਲਟੀ ਰੀਤ ਵਿਚ ਪਰਵਿਰਤ ਹੈ। ਪਿਛਲੇ ਸਮੇਂ ਵਿੱਚ ਕੇਸ ਕੱਟਣ ਨੂੰ ਸਖਤ ਸਜ਼ਾ ਮੰਨਿਆਂ ਜਾਂਦਾ ਸੀ। ਜਿਹਾ ਕਿ ਪੰਡਿਤ ਪਰਸ ਰਾਮ[੧੩] ਜੀ ਦਾ ਪ੍ਰਸੰਗ ਆਉਂਦਾ ਹੈ ਪਰ ਹੁਣ ਖੁਸ਼ੀ ਨਾਲ ਜਾਂ ਧਰਮ ਮੰਨ ਕੇ ਮੁੰਡਨ ਸੰਸਕਾਰ ਕੀਤਾ ਜਾਂਦਾ ਹੈ। ਇਹ ਹਾਲਤ ਸੱਚ ਮੁੱਚ 'ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥' (ਪੰਨਾ ੨੨੯) ਗੁਰਵਾਕ ਅਨੁਸਾਰ ਘਟਦੀ ਹੈ। ਅਸਲੋਂ ਨਾਈਆਂ ਨੂੰ ਪੈਸੇ ਦੇ ਕੇ ਸਿਰ ਮੂੰਹ ਮੁੰਡੌਣ ਦਾ ਨਾਮ ਮੁੰਡਨ ਸੰਸਕਾਰ ਹੈ ਜਾਂ ਹਿੰਦੂ ਮੁਸਲਮਾਨ ਆਦਿ ਬਨਾਉਣੇ ਵਾਲੀ 'ਜਹਾਮਤਾਂ' ਪਰ ਰਖਿਆ ਹੈ। ਏਹੀ ਤ੍ਰੀਕਾ ਮਜ਼੍ਹਬ ਘੜਨੇ ਵਾਲਾ ਬਣ ਗਿਆ ਹੈ। ਇਸੇ ਵਿਚੇ ਸੁੰਨਤ ਤੇ ਦੁਆਰਕਾ ਆਦਿ ਦੇ ਛਾਪੇ ਆ ਰਲੇ ਨੇ। ਪਰ ਇਹ ਭੀ ਬੇਸ਼ੁਮਾਰ ਹਨ, ਫੈਸ਼ਨਾਂ ਦੇ ਪ੍ਰਚਾਰ ਕਰਕੇ ਇਹ ਪਹਿਚਾਨ ਭੀ ਉੱਡ ਚੱਲੀ ਹੈ ਕਿ ਹਜਾਮਤਾਂ ਕਰਕੇ ਕੌਣ ਕਿਸ ਮਜ਼੍ਹਬ ਦਾ ਹੈ। ਹੁਣ ਮੁਸਲਮਾਨਾਂ ਤੇ ਹਿੰਦੂਆਂ ਦੀਆਂ ਹਜਾਮਤਾਂ ਰਲ ਗਈਆਂ ਨੇ। ਦੋਹੀਂ

੧੩. ਹਨੂੰਮਾਨ ਨਾਟਕ ਵਿਚ ਇਹ ਬਾਤ ਲਿਖੀ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਪਰਸ ਰਾਮ ਦਾ ਜੂੜਾ ਕੱਟ ਦਿਤਾ ਸੀ ਜਿਸ ਸਜਾ ਦੀ ਸ਼ਰਮਿੰਦਗੀ ਨਾਲ ਉਹ ਪਹਾੜਾਂ ਵਿਚ ਜਾ ਵੜਿਆ ਤਾਂਕਿ ਉਸਨੂੰ ਕੋਈ ਨਾ ਦੇਖੇ। ਪੁਰਾਣੇ ਸਮੇਂ ਵਿਚ ਸਿਰ ਕੱਟਣ ਨਾਲੋਂ ਕੇਸ ਕੱਟਣ ਦੀ ਸਜ਼ਾ ਜ਼ਿਆਦਾ ਮੰਨੀ ਸੀ। ਇਸ ਪ੍ਰਕਾਰ ਦਾ ਇਕ ਪ੍ਰਸੰਗ ਸ੍ਰੀ ਕ੍ਰਿਸ਼ਨ ਜੀ ਤੇ ਰੁਕਮਣ ਦੇ ਸਬੰਧ ਵਿਚ ਵੀ ਆਉਂਦਾ ਹੈ ਕਿ ਕ੍ਰਿਸ਼ਨ ਜੀ ਨੇ ਉਸ ਦਾ ਸਿਰ ਕੱਟਣ ਦੀ ਸਜ਼ਾ ਉਸ ਦਾ ਜੂੜਾ ਕੱਟ ਦਿਤਾ ਸੀ, ਇਹ ਪ੍ਰਸੰਗ ਪਿਛੇ ਆ ਚੁਕਿਆ ਹੈ।

Sri Satguru Jagjit Singh Ji eLibrary NamdhariElibrary@gmail.com

ਧਿਰੀਂ ਕਰਜ਼ਨ ਆਦਿ ਫੈਸ਼ਨ ਮੇਲ ਜੋਲ ਕਰਾ ਰਹੇ ਹਨ, ਹਿੰਦੂਆਂ ਵਿਚ ਆਰੀਏ ਆਦਿ ਬੋਦੀ ਦੀ ਭੀ ਪ੍ਰਵਾਹ ਨਹੀਂ ਕਰਦੇ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਦਰਅਸਲ ਮੁੰਡਨ ਸੰਸਕਾਰ ਮਨਮਤਾਂ ਜਾਂ ਫੈਸ਼ਨਾਂ ਦਾ ਹੀ ਪ੍ਰਚਾਰ ਹੈ, ਮੁੰਡਨ ਸੰਸਕਾਰ ਦੀ ਤਾਂ ਮੁਸਲਮਾਨਾਂ ਨੇ ਸੁੰਨਤ ਚਲਾ ਦਿਤੀ ਹੈ। ਇਹ ਭੀ ਇਕ ਅਵਗੁਣ ਢੱਕਣ ਦਾ ਤ੍ਰੀਕਾ ਹੈ। ਕਿਤਨੇ ਹਿੰਦੂਆਂ ਦੇ ਕੇਸ ਭੀ ਹਨ ਅਤੇ ਸਬੂਤ ਦਾਹੜਾ ਭੀ ਮਿਲਦਾ ਹੈ, ਜੈਸਾ ਕਿ ਮਾਲਵੇ ਵਿਚ ਇਲਾਕਾ ਦਮਦਮਾ ਸਾਹਿਬ ਗਿਰਦੇ ਕੇਸਾਂ ਵਾਲੇ ਬ੍ਰਾਹਮਣ ਮਿਲਦੇ ਨੇ, ਪਰ ਤਿਨ੍ਹਾਂ ਦੇ ਭਾਈ ਐਨ ਚੱਟਮ ਹਾਲਤ ਵਿਚ ਭੀ ਹਨ। ਸੰਨਿਆਸੀ ਆਦਿ ਭੀ ਬਹੁਪ੍ਰਕਾਰੀ ਹਨ। ਵਿਚੇ ਜਟਾਂ ਵਾਲੇ ਜੋਗੀ ਆਦਿ ਨੇ ਇੱਕੁਰ ਹੀ ਮੁਸਲਮਾਨਾਂ, ਈਸਾਈਆਂ ਆਦਿ ਦੀਆਂ ਹਾਲਤਾਂ ਹਨ। ਅਨੇਕਾਂ ਮੁੱਲਾਂ, ਕਾਜ਼ੀਆਂ (ਪੰਡਤਾਂ) ਪਾਦਰੀਆਂ ਆਦਿ ਦੇ ਪੂਰਨ ਦਾਹੜੇ ਹਨ। ਵਿਚੇ ਅੱਧੀ ਆਦਿ (ਕਟਾਵੀਂ) ਰੱਖਣ ਵਾਲੇ ਨੇ। ਇਹੋ ਹਾਲਤ ਜੈਨ, ਬੋਧ ਆਦਿ ਮੱਤਾਂ ਵਿਚ ਮਿਲਦੀ ਹੈ। ਚੀਨ ਵਾਲੇ ਬੋਧੀਆਂ ਦੇ ਅੱਧੇ ਕੇਸ ਹਨ। ਪਾਦਰੀਆਂ ਦੇ ਦਾਹੜੇ, ਪਰ ਜਾਪਾਨ ਵਾਲੇ ਬੋਧੀ ਹੁੰਦੇ ਭੀ ਸਿਰ ਮੂੰਹ ਮੁੰਡੌਣ ਵਿਖੇ ਪਰਵਿਰਤ ਹਨ। ਬਰਮਾਂ ਦੇ ਬੋਧੀ ਕੇਸਾਂ ਸਹਿਤ ਹਨ। ਐਸੇ ਹੀ ਦੇਸ, ਦੇਸ ਦੇ ਮੁੰਡਨ ਸੰਸਕਾਰ ਵੱਖਰੇ-ਵੱਖਰੇ ਹਨ। ਗਵਾਂਡੀ ਹੁੰਦੇ ਹੋਏ ਜਰਮਨ ਤੇ ਇੰਗਲੈਂਡ ਅਰ ਫਰਾਂਸ ਦੀਆਂ ਹਜਾਮਤਾਂ ਵਿਚ ਭੀ ਫਰਕ ਹਨ। ਅਮਰੀਕਨ ਈਸਾਈ ਹੋਰ ਫੈਸ਼ਨ ਦੇ ਮੁੰਡਨ ਵਿਚ ਪਰਵਿਰਤ ਹਨ। ਪਰ ਓਥੇ ਭੀ ਜਰਮਨੀ ਵਾਲੇ ਜਰਮਨ ਆਦਿ ਕਟਾਵੇਂ ਦਾੜ੍ਹਿਆਂ ਨਾਲ ਹਨ। ਭਾਵੇਂ ਇਸਤ੍ਰੀ ਜਾਤੀ ਪਾਸ ਹਰ ਥਾਂ ਕੇਸਾਂ ਦਾ ਮਾਨ ਤੇ ਉੱਚਤਾ ਹੈ ਕਿ ਉਹ ਕੇਸਾਂ ਸਹਿਤ ਸੁਸ਼ੋਭਤ ਹਨ, ਪਰ ਸ਼ੋਕ ! ਫੈਸ਼ਨਾਂ ਨੇ ਇਨ੍ਹਾਂ ਵਿਚ ਭੀ "ਕੇਸ ਘਾਤਕ ਪ੍ਰਚਾਰ" ਫੇਰੀ ਪਾ ਲਿਆ ਹੈ, ਪਰ ਪੁਰਸ਼ ਇਸ ਪਰਪਾਟੀ ਤੋਂ ਤੰਗ ਹੀ ਜਾਪਦੇ ਨੇ। ਕਈ ਭੈਣਾਂ ਕੇਸ ਕਟੌਣਾ ਭੁੱਲ ਮੰਨ ਕੇ ਫਿਰ ਇਧਰੇ ਆ ਰਹੀਆਂ ਹੈਨ, ਜਿਸ ਤੋਂ ਚੰਗੀ ਤਰ੍ਹਾਂ ਸਿੱਧ ਹੋ ਜਾਂਦਾ ਹੈ ਕਿ ਕੇਸ ਮੁੰਡੌਣਾ ਦੇਖਾ ਦੇਖੀ ਅਤੇ ਮਨਮੱਤਾਂ ਤੇ ਫੈਸ਼ਨ ਅਰ ਚਪਲਤਾ ਦਾ ਪ੍ਰਚਾਰ ਹੈ, ਇਸ ਪਰ ਭਗਤ ਕਬੀਰ ਜੀ ਦਾ ਵਾਕ ਚੰਗੀ ਤਰ੍ਹਾਂ ਘਟਦਾ ਹੈ, '**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥?** ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥' (ਪੰਨਾ ੧੩੬੯)

ਪੁਰਾਣੇ ਜਿਤਨੇ ਭੀ ਭਗਤ ਹੋਏ ਕੇਸ ਮੁੰਡੌਣ ਦੀ ਵਿਰੋਧਤਾ ਕਰਦੇ ਰਹੇ ਚੇਲੇ ਮੁੰਨਣ ਵਾਲੇ ਕੇਸ ਮੁੰਨ ਕੇ ਸਾਧ ਬਨਾਉਣ ਦਾ ਏਹੋ ਮੰਤਵ ਸੀ ਕਿ ਮੁੜ ਘਰ ਘਾਟ ਦਾ ਨਾ ਰਹੇ, ਚੇਲਾ ਬਣਨ ਵਾਲਾ 'ਸੀਸ ਮੁਨਾ ਕੇ' ਸਿਰ ਦਿੰਦਾ ਤੇ ਬਦਨਾਮ ਹੋ ਰਹੇ ਲੋਕਾਂ ਵਿਚ ਸ਼ਾਮਲ ਹੁੰਦਾ ਇਹ ਇਕ ਚਿੜ੍ਹ ਸੀ ਉਹ ਉਲਟ ਆਪ ਨੂੰ ਸਾਧੂ ਕਹਾਉਂਦੇ ਸਨ।

Sri Satguru Jagjit Singh Ji eLibrary NamdhariElibrary@gmail.com

# ਕੇਸਾਂ ਵਾਲੇ ਅਤੇ ਮੋਨੇ

ਪੁਰਾਣੀ ਦੁਨੀਆਂ ਵਿਚ ਸਾਰੇ ਕੇਸਾਂ ਵਾਲੇ ਸਨ, ਪਰ ਮੌਜੂਦਾ ਦੁਨੀਆਂ ਵਿਖੇ ਮੋਨੇ ਲੋਕ ਵੱਧ ਹਨ, ਪਰ ਅਜੇ ਵੀ ਇਸਤ੍ਰੀ ਜਾਤੀ ਨੂੰ ਕੇਸਾਂ ਧਾਰੀਆਂ ਨਾਲ ਰਲਾ ਕੇ ਕੇਸ ਧਾਰਨ ਵਾਲੇ ਘੱਟ ਨਹੀਂ ਹੋਣਗੇ। ਤਕਰੀਬਨ ਬ੍ਰਹਮਾਂ ਦੇ ਇਸਤ੍ਰੀ ਮਰਦ ਸਭ ਕੇਸਾਂ ਵਾਲੇ ਹਨ, ਚੀਨੀ ਮਰਦ ਭਾਵੇਂ ਅੱਧ ਕੇਸਾਂ ਵਾਲੇ ਹਨ ਜੋ ਦੁਨੀਆਂ ਦੀ ਤਿਹਾਈ ਹੈ ਪਰ ਫਿਰ ਭੀ ਚੀਨ ਵਿਚ ਵਧੇਰੇ ਪੂਰਨ ਕੇਸਾਂ ਨਾਲ ਹਨ। ਨੇਪਾਲ ਆਦਿ ਵਿੱਚ ਭੀ ਈਹੋ ਦਸ਼ਾ ਹੈ। ਪਠਾਣ ਲਗ ਪਗ ਸਾਰੇ ਹੀ ਕੇਸ (ਅੱਧੇ ਪਟੇ ਆਦਿ) ਅਤੇ ਦਾਹੜਾ ਪੂਰਨ ਰਖਦੇ ਨੇ। ਮੁਸਲਮਾਨਾਂ ਵਿਚ ਅਕਸਰ ਸੂਫੀ ਲੋਕ ਤਾਂ ਕੇਸ ਦਾਹੜਾ ਰਖਦੇ ਹਨ, ਕਿਤਨੇ ਹੀ ਕੋਈ ਰੋਮ ਨਹੀਂ ਉਤਰਵਾਂਦੇ। ਇਸੇ ਤਰ੍ਹਾਂ ਜਰਮਨ ਦਾਹੜੀ ਭੀ ਕੋਈ ਵਜ਼ਨ ਰਖਦੀ ਹੈ, ਮੁੱਛਾਂ ਅਰ ਬੋਦੀਆਂ ਅਤੇ ਅੱਧੀ ਦਾਹੜੀ ਜਾਂ ਖਸ-ਖਸੀ ਕਰਕੇ ਰੱਖਣ ਵਾਲੇ ਭੀ ਹਾਲੇ ਅੱਧ ਵਿਚਾਲੇ ਪਏ ਲਟਕਦੇ ਹਨ। ਬੇਸ਼ਕ ਪੂਰਨ ਆਨ ਸ਼ਾਨ ਦੁਨੀਆਂ ਵਿਚ ਖਾਲਸਾ ਪੰਥ ਹੀ ਕੇਸਾਂ ਸਹਿਤ ਹੈ, ਪਰ ਹਾਲੀ ਟੁੱਟੇ ਭੱਜੇ ਮਿਲਾਕੇ ਦੁਨੀਆਂ ਵਿਚ ਇਹ ਦਾਹਵਾ ਕਰਨ ਦਾ ਹੱਕ ਰਖਦੇ ਹਨ ਕਿ ਸਾਰੀ ਇਸਤ੍ਰੀ ਜਾਤੀ ਅਰ ਲਗ ਪਗ ਪੂਰਨ ਚੱਟਮ ਨਾ ਕਟਾਉਣੇ ਵਾਲੇ ਮਰਦ (ਬਲਕਿ ਚੱਟਮ ਕਰਾਉਣ ਵਾਲੇ ਭੀ ਹਾਲੀ ਅੱਖਾਂ ਦੇ ਰੋਮ ਅਤੇ ਫਿੱਫਨਾ ਦੇ ਵਾਲ ਨਹੀਂ ਮੁਨਾ ਸਕੇ) ਅਜੇ ਵੀ ਦੁਨੀਆਂ ਵਿੱਚ ਤਿਹਾਈ ਕੇਸਾਂ ਦੇ ਹੱਕ ਵਿਚ ਹਨ, ਪਰ ਇਹ ਮੰਨ ਲੈਣਾ ਹੀ ਮੂਰਖਤਾ ਹੈ ਕਿ ਚਲੋ ਬਹੁਤੇ ਕੇਸ ਮੁਨੌਂਦੇ ਹਨ ਇਸ ਤੋਂ ਕੇਸ ਨਿਕੰਮੇ ਸਿੱਧ ਹੁੰਦੇ ਨੇ। ਬਹੁਤਿਆਂ ਦੀ ਝੂਠੀ ਬਾਤ ਨੂੰ ਅਖਾਂ ਮੀਚ ਦੇ ਠੀਕ ਮੰਨ ਲੈਣਾ ਸਚਾਈ ਦਾ ਖੂਨ ਕਰ ਲੈਣਾ ਹੁੰਦਾ ਹੈ। ਸਾਥ ਹੀ ਇਹ ਅਸੂਲ ਗਲਤ ਹੈ ਕਿ ਬਹੁਤੇ ਹੀ ਸੱਚੇ ਹੁੰਦੇ ਨੇ, ਬਲਕਿ ਸੱਚੇ ਲੋਕ ਘਟ ਹੀ ਹੁੰਦੇ ਨੇ, ਕਿਉਂਕਿ ਝੂਠ ਜਾਂ ਬੁਰਾਈ ਛੇਤੀ ਪਸਰਦੀ ਹੈ। ਜੇ ਕਦੀ ਬਹੁਤੇ ਸੱਚੇ ਹੁੰਦੇ ਤਾਂ ਅਵਤਾਰ, ਪੀਰ, ਪੈਗੰਬਰ, ਔਲੀਏ, ਅੰਬੀਏ ਆਪਣੀ ਰਾਇ ਲੋਕਾਂ ਤੋਂ ਉਲਟ ਜ਼ਾਹਰ ਕਿਉਂ ਕਰਦੇ ? ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਜੀ ਆਪ ਨੂੰ ਬਹੁ ਸੰਮਤੀ ਵਾਲੇ ਜਗਤ ਪਾਸੋਂ **ਕੁਰਾਹੀਆ** ਆਦਿ ਕਿਉਂ ਕਹਾ ਕੇ ਚੁੱਪ ਰਹਿੰਦੇ ? ਮਗਰ ਲੱਗਣ ਦੀ ਬਜਾਏ ਕਿਉਂ ਦੁਨੀਆਂ ਨੂੰ ਕਹਿੰਦੇ 'ਬਾਝੁ ਗੁਰੂ ਡੁਬਾ ਸੰਸਾਰੁ ॥' 'ਬਿਨੁ ਨਾਵੈ ਜਗੁ ਕਮਲਾ ਫਿਰੈ' ਇਸ ਤੋਂ ਸਾਫ ਹੈ ਕਿ ਸਚਾਈ ਬਹੁ ਸੰਮਤੀ ਵਿਚ ਨਹੀਂ ਹੁੰਦੀ ਬਲਕਿ ਸਚਾਈ ਅੰਤ ਸਚਾਈ ਹੈ। ਸਚਾਈ ਨੂੰ ਛੱਡ ਕੇ ਬਹੁ ਸੰਮਤੀ ਮਗਰ ਟੁਰਨ ਵਾਲਾ ਪੁਰਸ਼ ਮੁਰਦਾ ਜ਼ਮੀਰ ਹੁੰਦਾ ਹੈ। ਇਸ ਤਰ੍ਹਾਂ ਬਹੁਤੀਆਂ ਭੇਡਾਂ

Sri Satguru Jagjit Singh Ji eLibrary NamdhariElibrary@gmail.com

ਦੇ ਪਿਛੇ ਲੱਗ ਕੇ ਖੂਹ ਵਿਚ ਡਿੱਗਣ ਵਾਲਾ ਭੀ ਭੇਡਾਂ ਦੇ ਲਾਣੇ ਮਗਰ ਲੱਗ ਕੇ ਡੁੱਬ ਮਰਨ ਤੋਂ ਵੱਧ ਰੁਤਬਾ ਨਹੀਂ ਰਖਦਾ ਹੁੰਦਾ। ਤਾਂਤੇ ਇਹ ਮਸਲਾ ਗਲਤ ਹੈ ਕਿ ਸੰਸਾਰ ਵਿਚ ਕੇਸ ਮੁੰਡੌਣ ਵਾਲੇ ਬਹੁਤੇ ਹਨ, ਇਸ ਲਈ ਕੇਸ ਮੁੰਡੌਣੇ ਲਾਭਵੰਦ ਹਨ। ਹਾਲਾਂਕਿ ਇਹ ਮਸਲਾ ਭੀ ਹਾਲੇ ਸਿੱਧ ਨਹੀਂ ਹੁੰਦਾ, ਕਿਉਂਕਿ ਸੰਸਾਰ ਭਰ ਦੀਆਂ ਇਸਤ੍ਰੀਆਂ ਹੀ ਕੇਸਾਧਾਰੀ ਹੋਣ ਕਰਕੇ ਬਰਾਬਰ ਹਨ ਤਾਂਤੇ ਮੋਨਿਆਂ ਦਾ ਦਾਅਵਾ ਖਾਰਜ ਹੋ ਸਕਦਾ ਹੈ ਕਿਉਂਕਿ ਸੰਸਾਰ ਵਿਚ ਅਜੇ ਭੀ ਮੋਨਿਆਂ ਦੀ ਗਿਣਤੀ ਘੱਟ ਹੈ।

# ਦਾਹੜੀ ਦੀ ਇੱਜ਼ਤ

ਸੰਸਾਰ ਵਿਚ ਜਿਤਨੀ ਦਾਹੜੀ ਦੀ ਇੱਜ਼ਤ ਹੈ, ਹੋਰ ਕਿਸੀ ਭੀ ਅੰਗ ਦੀ ਨਹੀਂ, ਯਥਾ :–**'ਮੇਰੀ ਦਾਹੜੀ ਦੀ ਇੱਜ਼ਤ ਰੱਖਣੀ'** ਇਹ ਪ੍ਰਸਿੱਧ ਬਚਨ ਹੈ। **ਇਸੇ ਤਰ੍ਹਾਂ ਮੇਰੀ ਦਾਹੜੀ ਵਿੱਚ ਫੁੱਲ ਨਾ ਪਾਉਣਾ।** ਅਥਵਾ ਦਾਹੜੀ ਨੂੰ ਕਲੰਕ ਨਾ ਲੱਗੇ, ਸੋ ਇਹ ਬਚਨ ਸੱਚੇ ਮਰਦਾਂ ਲਈ ਹਨ, ਜੋ ਦਾਹੜੀ ਨੂੰ ਬਰਕਰਾਰ ਰੱਖਦਾ ਹੈ। ਜਿਸ ਨੇ ਆਪੇ ਹੀ ਦਾਹੜੀ ਮੁੰਡਾ ਸੁੱਟੀ, ਉਸ ਦੀ ਦਾਹੜੀ ਵਾਲੀ ਇੱਜ਼ਤ ਜਾਂ ਬੇਇੱਜ਼ਤੀ ਕਿਵੇਂ ਘਟੇਗੀ ?

ਪੰਜਾਬ ਵਿਚ ਇਹ ਆਮ ਕਹਾਵਤਾਂ ਹਨ ਕਿ ਦਾਹੜੀ ਵਾਲੇ ਦੇ ਕੰਨੇ ਆ ਗਈ, ਹੁਣ ਬੰਨੇ ਹੀ ਲਾਵੇਗਾ। ਪੁਨਾ–'ਅਨ ਦਾਹੜੀਏ ਦਾ ਕੀ ਵਿਸਾਹ ਹੈ।' ਸਿਆਣੇ ਪੁਰਸ਼ ਨੂੰ ਸ਼ਰਮ ਔਰ ਅਣਖ ਦੇਣ ਲਈ ਸਭ ਕੋਈ ਕਹਿੰਦਾ ਹੈ। **ਤੇਰੇ ਮੂੰਹ ਪਰ ਦਾਹੜੀ ਹੈ।** ਇਸੇ ਤਰਾਂ ਸ਼ਰਮ ਲਈ ਪ੍ਰਸਿੱਧ ਬਚਨ ਹੈ। ਆਪਣੀ ਦਾਹੜੀ ਸੰਭਾਲ ਕੇ ਰਖੋ। 'ਧੌਲੀ ਦਾਹੜੀ ਆਟਾ ਖਰਾਬ' ਮੂੰਹ ਪਰ ਧੌਲੇ ਆ ਗਏ, ਕੀ ਉਸ ਨੂੰ ਦਾਹੜੀ ਦੀ ਸ਼ਰਮ ਨਹੀਂ ਆਦਿ।

ਦਾਹੜੀ ਪੁਟਣੀ ਜਾਂ ਮੁੰਨਣੀ ਸਭ ਤੋਂ ਵੱਡੀ ਸ਼ਰਮ ਹੈ। 'ਦਾਹੜੀ ਕਿਉਂ ਨਹੀਂ ਮੁਨਾ ਲੈਂਦਾ ?' ਇਹ ਸ਼ਰਮ ਦੇਣ ਲਈ ਗੈਰਤ ਦੇ ਬਚਨ ਹਨ। 'ਤੂੰ ਤਾਂ ਦਾਹੜੀ ਮੁੰਡਾਈ ਫਿਰਦਾ ਹੈਂ, ਤੇਰਾ ਵਿਸਾਹ ਕੀ ਹੈ। ਤੇਰੀ ਦਾਹੜੀ ਪੁੱਟ ਦੇਵਾਂਗਾ। ਦਾਹੜੀ ਦਾ ਵਾਲ ਵਾਲ ਕਰਕੇ ਨਾ ਛੱਡਾਂ, ਤਾਂ ਮੈਨੂੰ ਆਦਮੀ ਨਾ ਜਾਣੀਂ'। ਸੋ ਜਿਸ ਨੇ ਨਾਈ ਅੱਗੇ ਹੀ ਦਾਹੜੀ ਢੇਰੀ ਕਰਵਾ ਲਈ ਉਸਦੀ ਇੱਜ਼ਤ ਕੀ ਹੈ ? ਇਹ ਪ੍ਰਚਲਤ ਬੋਲਾ ਹੈ ਕਿ 'ਕੀ ਤੇਰੇ ਜਮਾਈ ਦੇ ਦਾਹੜੀ ਹੈ, ਜੇ ਨਾ ਹੋਵੇ ਤਾਂ ਸੁੰਦਰ ਸਰੂਪ ਨਹੀਂ ਮੰਨਿਆਂ ਜਾਂਦਾ।' ਇਸ ਦਾ ਭਾਵ ਇਹ ਹੈ ਕਿ ਪੁਰਸ਼ ਦੀ ਸੁੰਦਰਤਾ ਦਾਹੜੀ ਨਾਲ ਹੈ। ਇਸਤ੍ਰੀਆਂ ਵਿਚ ਸਭ ਤੋਂ ਵੱਡੀ ਗਾਲ੍ਹੀ 'ਦਾਦੇ ਦਾਹੜੀ ਹਗੌਣਾ' ਹੈ, ਸਿਧਾਂਤ ਕੀ ! ਦਾਹੜੀ ਮੁੱਛਾਂ ਪੁਰਸ਼ ਦੀ ਅਣਖ ਦੇ ਨਿਸ਼ਾਨ ਹਨ। ਅਰ ਦਾਹੜੀ

Sri Satguru Jagjit Singh Ji eLibrary NamdhariElibrary@gmail.com

ਮਰਦਪੁਣੇ ਦਾ ਨਿਸ਼ਾਨ ਹੈ। ਜੇਕਰ ਪੁਰਸ਼ਾਂ ਪਾਸੋਂ ਕੋਈ ਕੰਮ ਨਾ ਹੋ ਸਕੇ ਤਾਂ ਕਿਹਾ ਜਾਂਦਾ ਹੈ ਕਿ ਦਾਹੜੀਆਂ ਕੱਢੀ ਬੈਠੇ ਹੋ ? ਸੋ ਦਾਹੜੀ ਮੁੰਨੇ ਲਈ ਕੀ [੧੪]ਅਣਖ ਮੰਨੀਏ ? ਦੇਖੀਂ ਦਾਹੜੀ ਨੂੰ ਲਾਜ ਨਾ ਲਗਵਾਈਂ, ਤਾਂਤੇ ਪੁਰਸ਼ ਨੂੰ ਚਾਹੀਦਾ ਹੈ ਦਾਹੜੀ ਰਖੇ। ਗੁਰੂ ਫੁਰਮਾਨ ਹੈ—**'ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍॥'**....... ਸੋ ਦਾਹੜੀ ਮੁੰਨੇ ਕੀ ਕਰਨਗੇ ? **'ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥** (ਪੰਨਾ ੧੪੧੯) ਇਸ ਸ਼ਬਦ ਵਿਖੇ ਦਾਹੜੀ ਵਾਲੇ ਪੁਰਸ਼ ਪਰ ਇਤਬਾਰ ਕਰਨਾ ਅਰ ਉਸਦੀ ਉੱਚ ਸ਼ਾਨ ਤੇ ਇੱਜ਼ਤ ਦਾ ਨਕਸ਼ਾ ਖਿੱਚਿਆ ਹੈ। ਕਿਸੀ ਦੀ ਦਾਹੜੀ ਨੂੰ ਪੁੱਟਣਾ ਜਾਂ ਖਿਚਨਾ ਬਹੁਤ ਹੀ ਬੇਇੱਜ਼ਤੀ ਮੰਨੀ ਗਈ ਹੈ।

ਸ੍ਰੀ ਮਦ ਭਾਗਵਤ ਪੁਰਾਣ ਦੇ ਚੌਥੇ ਸਕੰਧ ਵਿਚ ਇਕ ਪ੍ਰਸੰਗ ਲਿਖਿਆ ਹੈ ਕਿ—ਦਖਜ ਪ੍ਰਜਾਪਤਿ ਦੇ ਯਗ ਵਿਚ ਸਤੀ ਦੇ ਜਲ ਜਾਣ ਤੇ ਇਕ ਬੀਰ ਭੱਦਰ ਨਾਮੀ ਗਣ ਨੇ ਕ੍ਰੋਧ ਕਰਕੇ 'ਪੂਖਾ ਸੂਰਜ ਦੇ ਦੰਦ ਭੰਨੇ, ਭਗ ਨਾਮੀ ਸੂਰਜ ਦੇ ਨੇਤ੍ਰ ਭੰਨੇ ਅਤੇ ਉਸੇ ਵੇਲੇ **ਭ੍ਰਿਗੂ ਰਿਖੀ ਦੀ ਦਾੜ੍ਹੀ ਵਾਲ ਵਾਲ ਕਰਕੇ ਉਖਾੜੀ**। ਸੋ ਦਾਹੜੀ ਪੁੱਟਣ ਬਾਬਤ ਬਹੁਤ ਰੋਸ ਤੇ ਰੰਜਸ਼ ਵਧੀ। ਭ੍ਰਿਗੂ ਰਿਖੀ ਉਸ ਸਮੇਂ ਉੱਚ ਸ਼੍ਰੇਣੀ ਦੇ ਰਿਖੀ ਮੰਨੇ ਗਏ ਨੇ। ਇਸ ਤੋਂ ਇਹ ਭੀ ਸਿੱਧ ਹੈ ਕਿ ਰਿਖੀ ਤੇ ਮੁਨੀ ਜਨ ਦਾਹੜੀ ਕੇਸਾਂ ਸਹਿਤ ਸਨ। ਸ਼ੁਰੂ ਤੋਂ ਦਾਹੜੀ ਦੀ ਇੱਜ਼ਤ ਉੱਚੀ ਮੰਨੀਦੀ ਆ ਰਹੀ ਹੈ। ਤਾਂਤੇ ਤਿਨ੍ਹਾਂ ਰਿਖੀਆਂ ਨੂੰ ਧੰਨ ਧੰਨ ਕਹਿਣ ਵਾਲੇ ਜੇ ਦਾੜ੍ਹੀਆਂ ਮੁਨਾਈ ਫਿਰਨ ਇਸ ਦੇ ਕੀ ਅਰਥ ਨਿਕਲਦੇ ਹਨ ?

ਹਿੰਦੂ ਲੋਕ ਜਿਸ "ਸਨਿਚਰ" ਦੇਵਤੇ ਨੂੰ ਮਹਾਂ ਦੇਵਤਾ ਮੰਨ ਕੇ ਪੂਜਦੇ ਨੇ ਅਤੇ ਖੁਸ਼ੀ ਕਰੋਪੀ ਦਾ ਮਾਲਕ ਮੰਨਿਆ ਹੈ, ਉਸ ਬਾਰੇ ਰਾਜਾ ਦਸਰਥ ਕ੍ਰਿਤ ਸਨਿਚਰ ਸਤੋਤਰ ਵਿਚ ਲਿਖਿਆ ਹੈ, ਕਿ ਸਨਿਚਰ ਜੀ ਸਦਾ ਸ਼ੇਰ ਦੇ ਸਵਾਰ ਅਰ ਲੰਬੀ ਜਟਾਂ ਅਰ ਲੰਬੇ ਦਾਹੜੇ ਵਾਲੇ ਹੈਨ! ਤਸਵੀਰਾਂ ਵਿਚ ਭੀ ਕੇਸਾਂ ਸਹਿਤ ਦਿਖੌਂਦੇ ਨੇ, ਕੀ ਫਿਰ ਸਿਰ ਮੂੰਹ ਮੁਨੌਣ ਵਾਲਿਆਂ ਪਰ ਸਨਿਚਰ ਜੀ ਕ੍ਰੋਧਤ ਹੋ ਕੇ ਢਈਆ ਆਦਿ ਨਹੀਂ ਚੜ੍ਹੌਂਦੇ ਹੋਣਗੇ ? ਇਹ ਕਿਵੇਂ ਹੋ ਸਕਦਾ ਹੈ, ਕਿ ਦੇਵਤਾ ਤਾਂ ਕੇਸ ਦਾਹੜੀ ਦਾ ਧਾਰਨੀ ਹੋਵੇ ਪਰ ਉਸ ਦੇ ਉਪਸਕ ਦਾਹੜੀ ਕੇਸ ਮੁੰਡਾ ਕੇ ਦਾਹੜੀ ਕੇਸਾਂ ਨੂੰ ਮਖੌਲ ਕਰਨ ? ਕੀ ਫਿਰ ਦੇਵਤੇ ਉਨ੍ਹਾਂ ਪਰ ਨਰਾਜ਼ ਨਹੀਂ ਹੋਣਗੇ ? ਇਸੇ

---

੧੪. ਹਾਂ ਦਾਹੜੀ ਮੁੰਡੌਣ ਵਾਲੇ ਇਹ ਤਾਂ ਅਕਸਰ ਕਿਹਾ ਕਰਦੇ ਹਨ ਜੇ ਮੈਂ ਅਮਕਾ ਕੰਮ ਨਾ ਕਰਾਂ ਤਾਂ ਮੇਰੀ ਦਾਹੜੀ ਪਿਸ਼ਾਬ ਨਾਲ ਮੁੰਨ ਦੇਣੀ, ਆਮ ਤੌਰ ਪਰ ਪਾਣੀ ਲਾਉਣ ਨਾਲ ਹੀ ਮੂੰਹ ਸਿਰ ਪਰ ਉਸਤਰਾ ਚਲਦਾ ਹੈ। ਨਾਈ ਇਸ ਕੰਮ ਲਈ ਕੌਲੀ ਪਾਸ ਰਖਦਾ ਹੈ, ਅੱਜ-ਕਲ੍ਹ ਦੇ ਫੈਸ਼ਨ ਵਿਚ ਸਾਬਣ ਘੋਲ ਕੇ ਤਿਆਰ ਹੀ ਰੱਖਦੇ ਹਨ ਅਰ ਕੂਚੀ ਨਾਲੇ ਮੂੰਹ ਲਿਪਦੇ ਹਨ।

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਵਰਨ ਦੇਵਤਾ ਨਾਰਦ ਮੁਨੀ ਆਦਿ ਸਭ ਕੇਸਾਂ ਵਾਲੇ ਦਿਖਲਾਏ ਜਾਂਦੇ ਨੇ, ਪਰ ਉਪਾਸ਼ਕ ਖੁਦ ਸਿਰ ਮੁੰਡਾ ਰਹੇ ਨੇ, ਕੀ ਇਹ ਸ਼ੋਕ ਦੀ ਹਾਲਤ ਨਹੀਂ ?

ਕਈ ਭਾਈ ਕਿਹਾ ਕਰਦੇ ਹਨ ਕਿ ਅਸੀਂ ਆਪਣੇ ਮੂੰਹ ਤੋਂ ਕੂੜਾ ਪਰ੍ਹੇ ਹਟੌਂਦੇ ਹਾਂ, ਕਿਸੀ ਨੂੰ ਕੀ ਪਿਆ ? ਇਸ ਢੁਚਰ ਨਾਲ ਉਹ ਦਾਹੜੀ ਕੇਸਾਂ ਨੂੰ ਰੂੜੀ ਕੂੜਾ ਸਮਝ ਕੇ ਪਰ੍ਹੇ ਸੁਟਦੇ ਹਨ, ਪਰ ਇਥੇ ਰੂੜੀ ਲਾਈ ਕਿਸ ਨੇ ? ਕੀ ਸਾਡੀਆਂ ਸੁਆਣੀਆਂ ਦੇ ਸਿਰਾਂ ਪਰ ਭੀ ਰੂੜੀ ਲੱਗੀ ਹੈ ? ਰੂੜੀ ਵਿਚ ਹੋਰ ਭੀ ਬਹੁਤ ਕੁਛ ਹੁੰਦਾ ਹੈ, ਸਾਡੀ ਜਾਚੇ ਮੂੰਹ ਪਰ ਦਾਹੜੀ ਨੂੰ ਰੂੜੀ ਕੂੜਾ ਕਹਿਣਾ ਬਜ਼ੁਰਗਾਂ ਦੀ ਬੇਇਜ਼ਤੀ ਕਰਨੀ ਹੈ ।

## ਕੇਸ ਮੁੰਡੌਣ ਦਾ ਫਲ

ਹਿੰਦੁਸਤਾਨ ਦੀ ਛੱਤਰੀ ਕੌਮ ਕੇਸ ਮੁੰਡੌਣ ਕਰਕੇ ਆਪਣੇ ਸ਼ਸਤ੍ਰ ਵਿਦਿਆ ਪ੍ਰਾਕਰਮ ਤੋਂ ਗਿਰ ਗਈ ਹੈ, ਅੱਜ ਖੱਤ੍ਰੀਆਂ ਨੂੰ ਤਲਵਾਰ ਦੇਖਦੇ ਹੀ ਡਰ ਲਗਦਾ ਹੈ, ਤੀਰ ਕਮਾਨ ਦਾ ਨਾਮ ਭੀ ਭੁੱਲ ਗਿਆ, ਮਹਾਂਰਥੀ ਅਰਜਨ ਜੈਸੇ ਬਹਾਦਰ। ਜਿਸ ਨੇ ਕੇਸਾਂ ਦੀ ਬੇਅਦਬੀ ਨਾ ਸਹਾਰ ਕੇ ਭੂਰਿਸ੍ਰਿਵਾ ਦੀਆਂ ਦੋਵੇਂ ਬਾਹਾਂ ਕੱਟ ਸੁੱਟੀਆਂ ਸਨ । ਬ੍ਰਾਹਮਣ, ਮਹਾਤਮਾ ਜਿਨ੍ਹਾਂ ਨੇ ਆਪਣੀ ਵਿਦਯਾ ਤੇ ਆਤਮਕ ਸ਼ਕਤੀ ਨਾਲ ਦੇਸ਼ ਨੂੰ ਦੁਨੀਆਂ ਭਰ ਵਿਚ ਉੱਘਾ ਕਰ ਰਖਿਆ ਸੀ ਅਰ ਦੇਸ਼ ਦੀ ਤਰੱਕੀ ਬਾਰੇ ਪ੍ਰਾਰਥਨਾ ਕਰਨਾ ਧਰਮ ਸਮਝਦੇ ਸਨ, ਹਾਏ ਸ਼ੋਕ ! ਅੱਜ ਉਹ ਸੂਰਬੀਰ ਤੇ ਆਤਮਿਕ ਸ਼ਕਤੀ ਦੇ ਚਾਹਵਾਨ ਸਰੀਰਾਂ ਕਰਕੇ ਤਾਂ ਨਹੀਂ ਹਨ ਪਰ ਉਨ੍ਹਾਂ ਦੀਆਂ ਰੂਹਾਂ ਕੀ ਆਖਦੀਆਂ ਹੋਣਗੀਆਂ ਕਿ ਸਾਡੀਆਂ ਨਸਲਾਂ ਉਨ੍ਹਾਂ ਮਹਾਨ ਪਵਿੱਤ੍ਰ ਕੇਸਾਂ ਨੂੰ ਨਾਈਆਂ ਨੂੰ ਪੈਸੇ ਦੇ ਕੇ ਕਟਵਾ ਰਹੀਆਂ ਹਨ ਜਿਨ੍ਹਾਂ ਕੇਸਾਂ ਨੂੰ ਅਸੀਂ ਸ਼ਾਹੀ ਮੁਕਟ ਸਮਝਦੇ ਅਰ ਜਿਨ੍ਹਾਂ ਦੀ ਹੋਂਦ ਕਰਕੇ ਦੁਨੀਆਂ ਭਰ ਵਿਚ ਉੱਘੇ ਸਾਂ। ਪਾਠਕੋ ! ਆਪ ਨਿਸਚੇ ਕਰ ਲਵੋ ਕਿ ਹਿੰਦੁਸਤਾਨ ਦੀ ਗੁਲਾਮੀ ਦਾ ਖੁੱਲ੍ਹਾ ਕਾਰਨ ਕੇਸਾਂ ਦੇ ਮੁੰਡੌਣ ਕਰਕੇ ਆਰੰਭ ਹੋਇਆ। ਸਾਡੇ ਵਿਚ ਕਾਇਰਤਾ ਘਰ ਕਰ ਗਈ ਹੈ ਆਰ ਪੁਰਾਣੀ ਵਿਦਿਆ ਗੁੰਮ ਹੋ ਗਈ ਹੈ, ਜਿਸ ਨੂੰ ਕਿ ਅੱਜ ਅਸੀਂ ਨਿੰਦਣਾ ਆਪਣੀ ਲਿਆਕਤ ਸਮਝਦੇ ਹਾਂ ।

## ਕੇਸ ਤੇ ਕੁਰਬਾਨੀ

ਹਿੰਦੂ ਲੋਕ ਹੁਣ ਤੀਕਰ ਗੰਗਾ ਅਰ ਦੇਵੀਦੁਆਰਿਆਂ ਪਰ ਜਾ ਕੇ ਸੀਸ ਦੀ ਥਾਂ ਕੇਸ ਭੇਟਾ ਕਰਦੇ ਨੇ, ਸਿਰ ਦੀ ਥਾਂ ਕੇਸ ਸੁੱਖੇ ਜਾਂਦੇ ਹਨ, ਕੇਸਾਂ ਦੇ ਅਰਥ ਭੀ ਪ੍ਰਕਾਸ਼ਮਈ ਪਦਾਰਥ ਹਨ । ਅਰ ਇਹ ਸ਼ਬਦ ਕੇਸ ਕੇਵਲ ਸਿਰ ਦੇ ਕੇਸਾਂ ਲਈ

Sri Satguru Jagjit Singh Ji eLibrary NamdhariElibrary@gmail.com

ਨੀਯਤ ਹਨ । ਕੇਸ ਸ਼ਬਦ 'ਕਾਸ' ਧਾਤੂ ਤੋਂ ਹੈ 'ਕੇ' ਦੇ ਅਰਥ 'ਸਿਰ' 'ਸ' ਦੇ ਅਰਥ ਸੁਸ਼ੋਭਤ ਜਾਂ ਸੁਭਾਇਮਾਨ ਹਨ । ਕੇਸ ਮਨੁੱਖ ਦੀਆਂ ਜੜ੍ਹਾਂ ਹਨ, ਜਯੋਤੀ ਸਰੂਪ ਖਜ਼ਾਨਾ ਜਾਂ ਮਨੁੱਖੀ ਨੂਰ ਹਨ । ਸ੍ਰੀ ਗੁਰੂ ਦਸਮੇਸ਼ ਜੀ ਨੇ ਇਸ ਖਜ਼ਾਨੇ ਦੀ ਕਾਇਮੀ ਲਈ ਅੰਮ੍ਰਿਤ ਸਿੰਚਨ ਕੀਤਾ, ਇਸ ਤੋਂ ਸਤਿਗੁਰਾਂ ਦਾ ਭਾਵ ਕੇਸਾਂ ਦੀ ਸਦਾ ਸੁਰਜੀਤਤਾ ਰੱਖਣ ਤੋਂ ਹੈ ਅਰਥਾਤ ਜਿਸ ਨੂੰ ਦੁਨੀਆਂ ਪੈਸੇ ਖਰਚ ਕੇ ਨਾਈਆਂ ਦੀ ਹਥੀਂ ਬਰਬਾਦ ਕਰਾ ਰਹੀ ਹੈ ਉਸ ਨੂੰ ਅੰਮ੍ਰਿਤ ਦੇ ਕੇ ਅਬਾਦ ਕੀਤਾ, ਇਹੋ ਸੀਸ 'ਗੁਰ ਭੇਟ' ਹੈ, ਪਰ ਅਨਜਾਣ ਲੋਕ ਕੇਸ ਮੁੰਡਾ ਕੇ ਉਲਟੀਆਂ ਰੀਤਾਂ ਵਿਚ ਪਰਵਿਰਤ ਹਨ ।

ਕਈ ਮਾਈਆਂ ਆਪਣੇ ਬੱਚਿਆਂ ਦੇ ਕੇਸ ਦੇਵੀ ਦੇ ਦਰ ਅੱਗੇ ਮੁੰਡ ਕੇ ਚਾੜ੍ਹਦੀਆਂ ਹਨ ਅਰ ਗੰਗਾ ਆਦਿ ਪਰ ਜਾਕੇ ਹਿੰਦੂ ਮਾਵਾਂ ਕੇਸ ਉਤਰਵਾਂਦੀਆਂ ਹਨ, ਪਰ ਇਸ ਤੋਂ ਸਸਤੇ ਭਾਉ ਵਾਲੇ ਪੈਸੇ ਦੇ ਕੇ ਨਾਈਆਂ ਤੋਂ ਮੁੰਡਵਾਂਦੇ ਹਨ । ਚੇਲੇ ਆਦਿ ਮੁੰਡਣ ਤੋਂ ਭੀ ਸੀਸ ਦੀ ਭੇਟਾ ਹੈ ਪਰ ਇਹ ਬਨੌਟੀ ਕੁਰਬਾਨੀ ਹੈ, ਜਿਵੇਂ ਮੁਸਲਮਾਨ ਲੋਕ ਸੀਸ ਦੀ ਥਾਂ ਦੁੰਬਾ ਆਦਿ ਵੱਡ ਕੇ ਕੁਰਬਾਨੀ ਦੇ ਕੇ ਆਪਣਾ ਸੀਸ ਬਚੌਂਦੇ ਨੇ ।

ਹਿੰਦੂ ਲੋਕ ਨੌਰਾਤਿਆਂ ਸਰਾਧਾਂ ਵਿਚ ਕੇਸ ਨਹੀਂ ਮੁੰਡੌਂਦੇ ਅਤੇ ਮੁਸਲਮਾਨ ਰੋਜ਼ਿਆਂ ਅਰ ਹੱਜ ਵਿਚ ਹਜਾਮਤ ਤੋਂ ਪ੍ਰਹੇਜ਼ ਕਰਦੇ ਨੇ, ਇਸ ਦਾ ਭਾਵ ਇਹੋ ਹੈ ਕਿ ਇਨੀਂ ਦਿਨੀਂ ਕੇਸ ਕੱਟਣੇ ਮਹਾਂ ਅਧਰਮ ਹਨ, ਇਸ ਤੋਂ ਸਿੱਧ ਹੈ ਕੇਸ ਕਟੌਣੇ ਪਾਪ ਕਰਮ ਹੈ, ਪਰ ਮਰਨੇ ਪਰਨੇ ਪਰ ਕੇਸ ਮੁੰਡਾ ਕੇ ਸ਼ੋਕ ਕਰਦੇ ਨੇ, ਸਾਫ ਹੈ ਕੇਸ ਮੁੰਡੌਣੇ ਸ਼ੋਕ ਦੇ ਨਿਸ਼ਾਨ ਹਨ ।

## ਖੁਲ੍ਹੀਆਂ ਵੀਚਾਰਾਂ

(ੳ) ਜੋ ਪੁਰਸ਼ ਕੇਸ ਮੁੰਡਾਅ ਬੈਠੇ ਹਨ, ਜਾਂ ਮੁੰਡੌਣ ਦੇ ਆਦੀ ਹੋ ਗਏ ਉਨ੍ਹਾਂ ਲਈ ਕੇਸ ਰੱਖਣੇ ਅਤਯੰਤ ਕਠਨ ਭਾਸਦੇ ਨੇ, ਇਸ ਦਾ ਕਾਰਨ ਇਹੋ ਹੈ ਉਹ ਸਮਝਦੇ ਹਨ ਕਿ ਕੇਸ ਬਹੁਤ [੧੫]ਭਾਰੇ ਹਨ, ਅਸੀਂ ਔਖੇ ਹੋਵਾਂਗੇ, ਬੱਸ ਇਹ ਨੀਮ ਤਜਰਬੇ ਦੀ ਬਾਤ ਹੈ ਕਿ ਕੇਸਾਂ ਵਾਲੇ ਨੂੰ ਕੇਸ ਕਠਨ ਜਾਂ ਭਾਰੇ ਨਹੀਂ ਲਗਦੇ। ਉਨਕਾ ਦੀਮਾਗ ਮਜ਼ਬੂਤ ਹੈ ।

---

੧੫. ਮੋਨੇ ਆਦਮੀ ਦੇ ਦਿਮਾਗ ਨੇ ਦਸਤਾਰ ਤਾਂ ਹਰ ਵੇਲੇ ਕੀ ਰੱਖਣੀ ਸੀ, ਦੋ ਪੈਸਾ ਭਰ ਦੀ ਟੋਪੀ ਨੂੰ ਭੀ ਜ਼ਰਾ ਕੁ ਗਰਮੀ ਹੋਣ ਪਰ ਉਤਾਰ ਕੇ ਫੂਕਾਂ ਮਾਰਦਾ ਹੈ ਅਰ ਸਿਰ ਪਰ ਘੜੀ-ਮੁੜੀ ਹੱਥ ਫੇਰਦਾ ਹੈ। ਇਸ ਦਾ ਕਾਰਨ ਏਹੀ ਹੈ ਕਿ ਉਸ ਦਾ ਦਿਮਾਗ ਗਰਮੀ ਨਾਲ ਭੁਜਦਾ ਰਹਿੰਦਾ ਹੈ ਅਰ ਕਮਜ਼ੋਰ ਹੈ । ਜੋ ਗਰਮੀ ਨੂੰ ਸਹਾਰ ਨਹੀਂ ਸਕਦਾ ।

Sri Satguru Jagjit Singh Ji eLibrary NamdhariElibrary@gmail.com

(ਅ) ਕੇਸਾਧਾਰੀ ਹੋਣਾ ਆਲਮਗੀਰੀ ਭਾਵ ਇਨਸਾਨੀ ਧਰਮ ਹੈ, ਸਿੱਖ ਕੇਸ ਰੱਖਣੇ ਕਰਕੇ ਸਰਬ ਸ਼੍ਰੋਮਣੀ ਹਨ। "ਸੰਸਾਰ ਦੇ ਮਜ਼੍ਹਬ ਕੇਸ ਮੁੰਡਾ ਕੇ ਹਜਾਮਤਾਂ ਦੇ ਚਿੰਨ੍ਹਾਂ ਨਾਲ ਬਨਾਉਟੀ ਮਜ਼੍ਹਬ ਰਚਦੇ ਹਨ, ਪਰ ਸਿੱਖ ਧਰਮ ਦਾ ਆਦਰਸ਼ "ਸਾਬਤ ਸੂਰਤ" ਕਰਤਾਰ ਦੀ ਕ੍ਰਿਤ ਹੈ। ਕਿਸੀ ਮਜ਼੍ਹਬ ਵਿਚ ਇਸਤ੍ਰੀ ਲਈ ਹਜਾਮਤ ਜਾਂ ਸੁੰਨਤ ਦਾ ਬੰਧਾਨ ਨਹੀਂ, ਤਾਂਤੇ ਓਹ ਉਨਕੇ ਨੀਯਤ ਚਿੰਨ੍ਹਾਂ ਤੋਂ ਭੀ ਬਾਹਰ ਹੋਣੇ ਕਰਕੇ ਕਿਸੀ ਮਜ਼੍ਹਬ ਵਿਚ ਭੀ ਸ਼ਾਮਲ ਨਹੀਂ ਸਮਝੀਆਂ ਜਾ ਸਕਦੀਆਂ, ਅਥਵਾ ਕੇਸਾਧਾਰੀ ਪੰਥ ਵਿਖੇ ਸ਼ਾਮਲ ਹਨ।

(ੲ) ਕੇਸਾਧਾਰੀ ਹੋਣਾ ਸਿੱਖ ਦਾ ਹੀ ਧਰਮ ਨਹੀਂ ਬਲਕਿ ਇਨਸਾਨ ਮਾਤ੍ਰ ਦਾ ਹੈ। ਕੇਸ ਇਨਸਾਨੀ ਮੁਕਟ (ਤਾਜ) ਹਨ। ਸਿਖ ਦੁਨੀਆਂ ਵਿਚ ਇੱਕੋ-ਇਕ ਹੈ, ਜੋ ਕੇਸਾਧਾਰੀ ਬਜ਼ੁਰਗਾਂ ਦੀ ਧਾਰਨਾ ਤੋਂ ਬੇਮੁਖ ਨਹੀਂ ਹੋਇਆ, ਬਲਕਿ ਹਿੰਦੂ ਭਰਾਵਾਂ ਨੂੰ ਜੇ ਕਦੇ ਹਨੂਮਾਨ, ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਜੀ ਮਹਾਰਾਜ, ਸ੍ਰੀ ਵਿਸ਼ਨੂੰ ਜੀ ਆਦਿਕਾਂ ਦੇ ਸ੍ਵਾਂਗ (ਸਰੂਪ) ਦਿਖੌਣੇ ਪੈਣ ਜਾਂ ਦੇਖਣਾ ਚਾਹੁਣ, ਤਾਂ ਅਕਸਰ ਸਿੱਖਾਂ ਦੇ ਕੇਸਾਧਾਰੀ ਭੁਯੰਗੀ ਭਾਲਣੇ ਪੈਂਦੇ ਨੇ ਜਾਂ ਉਨ੍ਹਾਂ ਨੂੰ ਬਨੌਟੀ ਕੇਸ, ਦਾੜ੍ਹੀ, ਰਚਣੀ ਪੈਂਦੀ ਹੈ। ਇਸ ਤੋਂ ਸਾਫ ਹੈ ਕਿ ਸਿੱਖ ਲੋਗ ਹੀ ਬਜ਼ੁਰਗਾਂ ਦੀ ਸ਼ਕਲ ਪਰ, ਅਰ ਉਨ੍ਹਾਂ ਦੇ ਕੇਸਾਧਾਰਨੀ ਮਿਸ਼ਨ ਪਰ ਤੁਰਦੇ ਨੇ।

(ਸ) ਸੰਸਾਰ ਵਿਚ ਰੱਬ ਨੇ ਮਨੁੱਖੀ ਚੇਹਰੇ ਦੀ ਪਹਿਚਾਣ ਮਰਦ ਦੇ ਦਾੜ੍ਹੀ ਅਰ ਇਸਤ੍ਰੀ ਅਨਦਾੜ੍ਹੀ ਰੱਖੀ ਹੈ। ਸੋ ਦੁਨੀਆਂ ਵਿਚ ਕੇਵਲ "ਸਿੱਖ ਹੀ ਸਾਬਤ ਸੂਰਤ" ਵਿੱਚ (ਕੇਸ ਦਾੜ੍ਹੀ ਸਹਿਤ) ਮੰਨੇ ਜਾ ਸਕਦੇ ਨੇ, ਜੇਕਰ ਕਿਸੀ ਇਸਤ੍ਰੀ ਦੇ ਥੋੜ੍ਹੀ ਜਿਹੀ ਦਾੜ੍ਹੀ ਭੀ ਹੈ ਉਹ ਕਰੂਪ ਲਗਦੀ ਹੈ। ਇਹੋ [੧੬]ਹਾਲਤ ਦਾੜ੍ਹੇ ਮੁੰਡੌਣ ਵਿਚ ਹੁੰਦੀ ਹੈ। ਜਿਵੇਂ ਇਸਤ੍ਰੀ ਦੇ ਦਾੜ੍ਹੀ ਬੁਰੀ ਲਗਦੀ ਹੈ, ਤਿਵੇਂ ਦਾੜ੍ਹੇ-ਰਹਿਤ ਮਨੁੱਖ ਕੋਝੇ ਸਮਝੋ।

(ਹ) ਕੇਸ ਬੰਧਨ ਜਾਂ ਚਿੰਨ੍ਹ ਨਹੀਂ, ਕੁਦਰਤੀ ਸਰੀਰਕ ਅੰਗ ਹਨ, ਕੇਸਾਂ ਵਾਲਾ ਆਜ਼ਾਦ ਤੇ ਸੁਤੰਤਰ ਹੈ। ਪਰ ਸਿਰ ਮੂੰਹ ਮੁੰਡੌਣੇ ਵਾਲਾ ਨਾਈਆਂ ਦਾ ਮੁਹਤਾਜ ਰਹਿੰਦਾ ਹੈ ਤੇ ਹਫਤੇਵਾਰ ਨਾਈਆਂ ਦੇ ਮਗਰ ਮਗਰ ਫਿਰਦਾ ਹੈ। ਜੇ ਨਾਈ ਗੁਸੇ ਹੋ ਜਾਵੇ ਮਿੰਨਤਾਂ ਕਰਦਾ ਹੈ। ਜਿਸ ਪਿੰਡ ਨਾਈ ਨਾ ਮਿਲੇ, ਸਿਰ ਮੂੰਹ

੧੬ ਸੰਸਾਰ ਵਿਚ ਲੱਖਾਂ ਬੰਦੇ ਐਸੇ ਹਨ ਜਿਨ੍ਹਾਂ ਦਾ ਗੁਜ਼ਾਰਾ ਸਿਰ ਮੂੰਹ ਮੁੰਡਣ ਪਰ ਹੈ, ਕੇਸਾਂ ਦੀ ਕਟਾਈ (ਬਾਡੀ) ਲਈ ਨਾਈ ਕਾਮੇਂ ਹਨ, ਕੇਸਾਂ ਦੀ ਮੁੰਡਵਾਈ ਪਰ ਹਰ ਰੋਜ਼ ਅਰਬਾਂ ਰੁਪਏ ਦਾ ਖਰਚ ਉਠਦਾ ਹੈ। ਗਰੀਬ ਤੋਂ ਗਰੀਬ ਮੋਨਾ ਭੀ ਬਾਰਾਂ ਰੁਪਏ ਸਾਲਾਨਾ ਨਾਈਆਂ ਦਾ ਟੈਕਸ ਭਰਦਾ ਹੈ। ਨਾਲੇ ਹਮੇਸ਼ਾਂ ਮਿੰਨਤਾਂ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਮੁੰਡੌਣ ਵਾਲੇ ਦੂਜੇ ਪਿੰਡਾਂ ਨੂੰ ਨੱਸਦੇ ਹਨ। ਅਗੋਂ ਕਈ ਨਾਈ ਭੀ ਇੱਕੁਰ ਬਚਨ ਉਚਰਦੇ ਹਨ, ਕੱਲ੍ਹ ਤੁਹਾਡੇ ਪਿਉ ਦੀ ਦਾੜ੍ਹੀ ਮੁੰਨੀ ਸੀ, ਤੁਸੀਂ ਚਰੀ ਦੀ ਪੂਲੀ ਭੀ ਨਹੀਂ ਦਿੰਦੇ, ਹੁਣ ਤੂੰ ਦਾੜ੍ਹੀ ਮੁੰਨੌਣ ਆ ਖੜੋਤਾ ਹੈਂ, ਅਸੀਂ ਬਿਨਾਂ ਖਾਏ ਪੀਏ ਕਿਵੇਂ ਤੁਹਾਡਾ ਸਿਰ ਮੂੰਹ ਮੁੰਨੀਏਂ। ਅੰਤ ਦਾੜ੍ਹੀ ਮੁਨੌਣ ਵਾਲੇ ਪਏ ਮਿੰਨਤਾਂ ਤਰਲੇ ਕਰਦੇ ਨੇ ਕਿ ਐਤਕੀਂ ਦਾੜ੍ਹੀ ਮੁੰਨ ਦੇ, ਅਗੇ ਨੂੰ ਜੋ ਖੁਸ਼ੀ ਲਿਆ ਕਰੋ। ਸੋ ਇੱਕੁਰ ਦੀ ਅਨੇਕ ਦਿਕਤਾਂ ਹਨ, ਜਿਨ੍ਹਾਂ ਨੂੰ ਸਿਰ ਮੂੰਹ ਮੁਨੌਣ ਵਾਲੇ ਖੁਦ ਅਨੁਭਵ ਕਰ ਸਕਦੇ ਹਨ ਕਿ ਇਹ ਸਦਾ ਦੀ ਗੁਲਾਮੀ ਹੈ।

# ਕੇਸ ਤੇ ਦਿਮਾਗ ਰੱਛਾ

"ਕੇਸ" ਦਿਮਾਗ ਲਈ ਲਾਸਾਨੀ ਢਾਲ ਹੈ, ਦਸਤਾਰ ਜਾਂ ਸਾਫਾ ਹੋਰ ਭੀ ਸੰਜੋਇ ਦੀਁ ਕੰਮ ਦਿੰਦੇ ਹਨ। ਕੇਸ ਤਲਵਾਰ ਜਾਂ ਹੋਰ ਜ਼ਰਬਾਂ ਨੂੰ ਵੱਧ ਰੋਕਦੇ ਹਨ। ਗਰਮੀ ਸਰਦੀ ਲਈ ਕੇਸ ਕੁਦਰਤੀ ਵਰਦੀ ਹਨ ! ਚੂੰਕਿ ਕੇਸ ਸਰੀਰ ਨਾਲ ਦਾ ਅੰਗ ਹੈਨ। ਇਸ ਲਈ ਕਦੀ ਦੂਰ ਨਹੀਂ ਹੁੰਦੇ। ਕੇਸਾਂ ਵਾਲੇ ਦਾ ਸੀਸ ਇਤਨਾ ਮਜ਼ਬੂਤ ਹੁੰਦਾ ਹੈ ਕਿ ਸਰੀਰ ਦੇ ਬੋਝ ਨਾਲੋਂ ਤਿੰਨ ਗੁਣਾ ਬੋਝ ਸਹਾਰ ਸਕਦਾ ਹੈ, ਪਰ ਮੋਨਾ ਚਾਰ ਪੈਸੇ ਦੀ ਟੋਪੀ ਭੀ ਨਹੀਂ ਸਹਾਰ ਸਕਦਾ ! ਸਰਬ ਦੇਸਾਂ ਵਿਚ ਜਾਂ ਮੋਨਿਆਂ ਦੇ ਦਲਾਂ ਵਿਚ ਇਹ ਬਾਤ ਮੱਲੋ-ਮੱਲੀ ਦੀ ਖਾਸ ਬਣ ਰਹੀ ਹੈ ਕਿ ਸੀਸ ਪਰ ਭਾਰ ਚੁੱਕਣਾ ਖਤਰਨਾਕ ਜਾਂ ਨੁਕਸਾਨਦੇਹ ਹੈ। ਅਸਲੋਂ ਇਸ ਦਾ ਕਾਰਨ ਏਹੋ ਹੈ ਕਿ ਮੋਨੇ ਆਦਮੀ ਸੀਸ ਪਰ ਭਾਰ ਚੁੱਕ ਹੀ ਨਹੀਂ ਸਕਦੇ। ਇਸੇ ਲਈ ਬਹੁ-ਸੰਮਤੀ ਨਾਲ (ਮੱਲੋ-ਮੱਲੀ) ਸਿੱਧ ਕਰਦੇ ਨੇ ਕਿ ਸਿਰ ਪਰ ਭਾਰ ਚੁਕਣਾ ਹੀ ਮੂਰਖਤਾ ਹੈ, ਪਰ ਜੇ ਖੋਜ ਕਰੀਏ ਤਾਂ ਪਿੱਠ ਪਰ ਭਾਰ ਚੁੱਕਣ ਨਾਲ ਕੁਬ ਪੈਂਦਾ ਹੈ, ਅਰ ਕਮਰੋੜ ਦੀ ਹੱਡੀ ਕਮਜ਼ੋਰੀ ਨਾਲ ਬੁਢਾਪਾ ਜਲਦੀ ਆਉਂਦਾ ਹੈ, ਮੋਢੇ ਦਾ ਭਾਰ ਗੁਰਦਿਆਂ ਲਈ ਨੁਕਸਾਨਦੇਹ ਹੈ। ਇਸ ਤਰ੍ਹਾਂ ਸੈਂਕੜੇ ਸਿੱਧ ਪ੍ਰਮਾਣ ਹੈਨ ਕਿ ਸੀਸ ਪਰ ਚੁਕਣਾ ਇਤਨਾ ਨੁਕਸਾਨਦੇਹ ਨਹੀਂ ਜਿਤਨਾ ਕਿ ਪਿੱਠ ਜਾਂ ਮੋਢਿਆਂ ਪਰ, ਤਾਂਤੇ ਐਸੀਆਂ ਬਾਤਾਂ ਡਾਕਟਰੀ ਅਸੂਲ ਜਾਂ ਰੱਬੀ ਲੇਖਾ ਨਹੀਂ ਤਜਰਬਾ ਭੀ ਹੈ, ਦੇਖੋ ਪੰਜਾਬ ਦੇ ਜ਼ਿਮੀਦਾਰ ਜਾਂ ਆਮ ਹਿੰਦੀ ਮਜ਼ਦੂਰ ਜੋ ਸਭ ਨਾਲੋਂ ਮਜ਼ਬੂਤ ਹਨ, ਬਾਰਾਂ ਮਣ ਕੱਚੇ ਤੀਕ ਸੀਸ ਪਰ ਭਾਰ ਚੁਕਦੇ ਅਰ ਮਾਮੂਲੀ ਜਾਂ ਅਤੀ ਰੱਦੀ ਖੁਰਾਕ ਖਾਂਦੇ ਭੀ ਸਿਰ ਦੇ ਰੋਗਾਂ ਵਿਚ ਨਹੀਂ ਗ੍ਰਸੇ ਗਏ ਅਰ ਖੁਰਾਕ ਤੋਂ ਵੱਧ ਮਜ਼ਬੂਤੀ ਵਿਚ ਹਨ। ਕੰਮ ਕਰਦੇ ਹੋਏ ਕੁਬੇ ਨਹੀਂ ਮਿਲਣਗੇ ਅਰ ਨਾ ਹੀ ਜਾੜ੍ਹਾਂ ਪਰ ਕੋਈ ਅਸਰ ਦਿਸੇਗਾ। ਇਹ ਪੜਤਾਲ ਆਮ ਸਿੱਧ ਹੈ ਕਿ ਕੇਸਾਧਾਰੀ ਜਿਤਨਾ ਭਾਰ ਮੋਨਾ ਸਿਰ ਤੇ ਨਹੀਂ ਉਠਾ ਸਕਦਾ।

Sri Satguru Jagjit Singh Ji eLibrary NamdhariElibrary@gmail.com

ਕੇਸ ਇਕ ਐਸੀ ਮਜ਼ਬੂਤ ਸੰਜੋਇ ਹੈ ਕਿ ਇਹ ਬੋਝ ਲਈ ਪੂਰਨ ਸਹਾਰਾ ਤੇ ਸਪਰਿੰਗ (spring) ਸਰੂਪ ਹਨ, ਕੇਸਾਂ ਵਿਚ ਇਕ ਐਸੀ ਵਸਤੂ ਜਾਂ ਮਾਦਾ ਹੈ ਕਿ ਹਰ ਇਕ ਚੀਜ਼ ਗਲ ਸੜ ਸਕਦੀ ਹੈ ਪਰ ਕੇਸ ਮਿੱਟੀ ਵਿਚ ਦੱਬੇ ਹੋਏ ਕਈ ਹਜ਼ਾਰ ਸਾਲਾਂ ਪਿਛੋਂ ਜਿਉਂ ਦੇ ਤਿਉਂ ਨਿਕਲਦੇ ਹਨ। ਹਜ਼ਾਰਾਂ ਸਾਲਾਂ ਦੇ ਮੁਰਦਿਆਂ ਦੀਆਂ ਹੱਡੀਆਂ ਨਹੀਂ ਮਿਲਦੀਆਂ ਪਰ ਕੇਸ ਜਰੂਰ ਮਿਲੇ ਹਨ। ਕੇਵਲ ਕੇਸਾਂ ਦੀ ਹੀ ਖੂਬੀ ਹੈ ਕਿ ਕੇਸਾਂ ਵਾਲਾ ਸੀਸ ਪਰ ਥਾਨ ਦਾ ਸਾਫਾ ਬੰਨ੍ਹ ਕੇ ਰੱਖ ਸਕਦਾ ਹੈ, ਅਰ ਨਿਹੰਗ ਸਿੰਘ ਪੰਜ ਛੀ ਸੇਰ ਪੱਕੇ ਸਰਬ ਲੋਹ ਨੂੰ ਬਿਨਾਂ ਦਿੱਕਤੋਂ ਜਾਂ ਬੀਮਾਰੀ ਦੇ ਸੀਸ ਪਰ ਸਹਾਰੇ ਰੱਖਦੇ ਹਨ ! ਪਰੰਤੂ ਮੋਨ-ਘੋਨ ਸਿਰ ਵਾਲਾ ਛਟਾਂਕ ਬੋਝ ਨਹੀਂ ਸਹਾਰ ਸਕਦਾ, ਬਲਕਿ ਟੋਪੀ ਲਾਹ ਕੇ ਭੀ ਫੂੰ ਫੂੰ ਕਰਦੇ ਹਨ ! ਤਦੇ ਮੋਨਿਆਂ ਨੂੰ ਇਹ ਵਹਿਮ ਹੈ ਕਿ ਕੇਸ ਭੀ ਸਿਰ ਪਰ ਭਾਰ ਹਨ ! ਹਾਲਾਂਕਿ ਕੇਸ ਸਰੀਰ ਦੇ ਅੰਗ ਹਨ ! ਜਿਵੇਂ ਨੱਕ,ਕੰਨ ਜਾਂ ਬਾਹਾਂ ਦਾ ਕੋਈ ਬੋਝ ਨਹੀਂ, ਤਿਵੇਂ ਕੇਸਾਂ ਦਾ ਬੋਝ ਕਾਹਦਾ ? ਬੋਝ ਵੱਖਰੀ ਵਸਤ ਦਾ ਹੁੰਦਾ ਹੈ ! ਤਾਂਤੇ ਇਹ ਕਹਿਣਾ ਬਹੁਤ ਅਗਿਆਨਤਾ ਹੈ ਕਿ ਕੇਸਾਂ ਦਾ ਬੋਝ ਹੈ, ਇਸ ਤੋਂ ਤਿਨ੍ਹਾਂ ਦੀ ਦਿਮਾਗੀ ਕਮਜ਼ੋਰੀ ਸਿੱਧ ਹੁੰਦੀ ਹੈ, ਵੈਸੇ ਕੇਸਾਂ ਦਾ ਭਾਰ ਮੰਨਣ ਨਾਲ ਤਾਂ ਗਰਦਨ ਪਰ ਸੀਸ ਭੀ ਭਾਰਾ ਹੋ ਸਕਦਾ ਹੈ, ਕੀ ਫਿਰ ਕੇਸਾਂ ਸਮੇਤ ਗਰਦਨੋਂ ਸਿਰ ਨਾ ਉਤਾਰੇ ? ਅਰਥਾਤ ਸਿਰ ਦਾ ਬੋਝ ਕਿਉਂ ਨਾ ਹਟਾਵੇ ? ਸੋਚੋ ! ਬੋਝ ਹਮੇਸ਼ਾਂ ਛਾਤੀ ਜਾਂ ਗਰਦਨ ਨੂੰ ਮਹਿਸੂਸ ਹੁੰਦਾ ਹੈ, ਸਾਥ ਹੀ ਕੇਸ ਦਿਮਾਗ ਨਾਲ ਦਾ ਇਕ ਹਿੱਸਾ ਹਨ, ਇਨ੍ਹਾਂ ਦੀਆਂ ਅਸਲੀ ਜੜ੍ਹਾਂ ਖੋਪਰੀ ਦੇ ਹੇਠਾਂ ਹਨ, ਤਾਂਤੇ ਭਾਰ ਦਾ ਅਰਥ ਸਿਰ ਹੀ ਹੁੰਦਾ ਹੈ।

## ਕੇਸਾਂ ਸਹਿਤ ਤਸਵੀਰਾਂ ਤੇ ਸਵਾਂਗ

ਜੇ ਕੇਸ ਮੰਦੇ ਹਨ ਜਾਂ ਰੱਖਣ-ਯੋਗ ਨਹੀਂ, ਅਥਵਾ ਕੇਸ ਉਗੌਂਣੇ ਕਰਤੇ ਦੀ ਗਲਤੀ ਹੈ ਤਾਂ ਹਿੰਦੂ ਲੋਕ ਆਪਣੇ ਬਜ਼ੁਰਗਾਂ ਦੀਆਂ ਤਸਵੀਰਾਂ ਕੇਸਾਂ ਸਹਿਤ ਕਿਉਂ ਖਿਚਵੌਂਦੇ ਹਨ ? ਜਦ ਉਹ ਕੇਸਾਂ ਤੋਂ ਵਿਰੁੱਧ ਹਨ ਫਿਰ ਆਪਣੇ ਰੋਡੇ-ਭੋਡੇ ਸਿਰਾਂ ਅਰ ਚੱਟਮ ਕੀਤੇ ਮੁਖਾਂ ਪਰ ਢਾਈਆ (ਸ਼ਨੀ ਉਨ੍ਹ ਆਦਿ) ਦੇ ਕੇਸ ਦਾੜ੍ਹੇ ਬਨੌਟੀ ਜੜ ਕੇ ਕਿਉਂ ਸ੍ਰੀ ਰਾਮ ਚੰਦਰ ਜੀ ! ਸ੍ਰੀ ਲਛਮਣ ਜੀ ! ਸ੍ਰੀ ਭਰਥ ਜੀ, ਰਾਜਾ ਜਨਕ ਤੇ ਪੰਡਤ ਰਾਵਣ ਜੀ ! ਵੈਦ ਸੁਖਦੇਵ, ਕੁੰਭਕਰਨ ! ਪੰਡਤ ਵਸ਼ਿਸ਼ਟ ਬਾਲਮੀਕ, ਨਾਰਦ ਦੇ ਕੇਸਾਂ ਸਹਿਤ ਸਵਾਂਗ ਬਣ ਕੇ ਰਾਮ ਲੀਲ੍ਹਾ ਕਰਦੇ ਨੇ ? ਅਥਵਾ ਮਹਾਂ ਭਾਰਥ ਆਦਿ ਦੇ ਮਹਾਂ ਜੁੱਧਾਂ ਦੇ ਨਾਟਕਾਂ ਵਿਚ ਕਿਉਂ ਸਰਬੱਤ ਬਜੁਰਗਾਂ ਦੇ ਸੀਸ ਪਰ ਕੇਸ ਦਿਖਲੌਣ ਲਈ ਸਿਰ ਮੂੰਹ ਪਰ ਭੇਡਾਂ ਬੱਕਰੀਆਂ, ਜਾਂ

Sri Satguru Jagjit Singh Ji eLibrary NamdhariElibrary@gmail.com

ਸ਼ਨੀ ਨਾਲ ਟੱਕਰਾਂ ਮਾਰਦੇ ਨੇ ? ਕਿਉਂ ਨਹੀਂ ਕਰਤਾਰ ਦੇ ਦਿਤੇ ਹੋਏ ਕੁਦਰਤੀ ਕੇਸ ਰਖਦੇ ? ਭਾਵ ਕਹਿਣੀ ਤੇ ਕਰਣੀ ਦੇ ਥੋਥੇ ਸ੍ਵਾਂਗ ਰਚ ਕੇ ਪਾਖੰਡ ਕਿਉਂ ਕਰਨ ? ਇਸੇ ਤਰ੍ਹਾਂ ਜਦ ਕਪਲਦੇਵ, ਰਾਜਾ ਪ੍ਰਿਥੂ, ਯੁੱਗ ਅਵਤਾਰ, ਰਿਖਭਦੇਵ, ਬਾਬਾ ਆਦਮ, ਹਜ਼ਰਤ ਇਬਰਾਹੀਮ, ਇਸਰਾਈਲ, ਹਜ਼ਰਤ ਮੂਸਾ, ਦਾਊਦ, ਯੂਸਫ, ਸੁਲੇਮਾਨ ਆਦਿ ਬਜ਼ੁਰਗਾਂ ਦੇ ਫੋਟੋ ਕੇਸਾਂ ਨਾਲ ਦਿਖਾਏ ਜਾਂਦੇ ਨੇ (ਦੇਖੋ ਬਾਈਬਲ ਦੀਆਂ ਮੂਰਤਾਂ ਅਤੇ ਕਹਾਣੀਆਂ ਨਾਮਕ ਪੋਥੀ ਜੋ ਕ੍ਰਿਸ਼ਚਨ ਸੁਸਾਇਟੀ ਵਲੋਂ ਛਪੀ ਹੋਈ ਹੈ) ਫਿਰ ਕੇਸ ਕਿਉਂ ਨਹੀਂ ਰਖਦੇ ? ਸ਼ੋਕ ਹੈ ! ਕਿ ਉਮੱਤ ਲਈ ਕੇਸ ਭਾਰੂ ਕਿਉਂ ਬਣ ਗਏ ? ਇੱਕੁਰ ਹੀ ਕਿਉਂ ਨਹੀਂ ਯਹੂਦੀ ਲੋਕ ਹਜ਼ਰਤ ਮੂਸਾ ਦੀ ਤਰ੍ਹਾਂ ਸਾਬਤ ਕੇਸ ਧਾਰਨ ਕਰਦੇ ਹੋਏ ਅਮਲੀ ਪੈਰਵੀ ਕਰਦੇ ਅਤੇ ਈਸਾਈ ਲੋਕ ਕਿਉਂ ਨਹੀਂ ਹਜ਼ਰਤ "ਯਿਸੂ ਮਸੀਹ" ਦੀ ਮਾਨਿੰਦ ਕੇਸਾਂ ਨੂੰ ਸੰਭਾਲ ਕੇ ਪ੍ਰੇਮ ਨਾਲ ਰਖਦੇ ? ਉਨ੍ਹਾਂ ਦੇ ਹੁਕਮ ਅਰ ਵਰਤੋਂ ਪਰ ਅਮਲ ਕਰਦੇ ! ਇਕ ਨਹੀਂ ਜਦ ਹਜ਼ਰਤ ਮੁਹੰਮਦ ਸਾਹਿਬ ਖੁਦਾ ਦੇ ਘਰ (ਮੱਕਾ ਸ਼ਰੀਫ) ਸੇ ਹੱਜ ਸਮੇਂ ਹਜਾਮਤ ਕਰੌਣੀ ਕੁਰਾਨ ਸ਼ਰੀਫ ਵਿਚ ਮਨ੍ਹਾਂ ਕਰਦੇ ਨੇ ਭਾਵ ਕੇਸ ਰਖਣੇ ਪਵਿੱਤ੍ਰ ਮੰਨੇ ਹਨ, ਫਿਰ ਉਨ੍ਹਾਂ ਦੀ ਉੱਮਤ ਕਿਉਂ ਨਾ ਉਸ ਹੁਕਮ ਪਰ ਅਮਲੀ ਵਰਤੋਂ ਕਰੇ ? ਇਸ ਤੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਅਵਤਾਰ੍ਹਾਂ, ਪੈਗੰਬਰਾਂ ਅਥਵਾ ਆਪਣੇ ਬਜ਼ੁਰਗਾਂ ਦੇ ਹੁਕਮਾਂ ਦੀ ਪਾਲਣਾ ਨਾ ਕਰਕੇ ਆਪੋ ਆਪਣੀ ਮਨਮਤਾ ਨਾਲ ਹਜ਼ਾਰਾਂ ਪ੍ਰਕਾਰ ਦੇ ਹਜਾਮਤੀ ਫੈਸ਼ਨ ਚੱਲ ਰਹੇ ਹਨ ! ਅਰ ਨਾਈ ਲੋਕ ਖੁਦਾਈ ਗਲਤੀਆਂ ਨੂੰ ਦਰੁਸਤ ਕਰਨ ਹਿਤ ਲਗੇ ਰਹਿੰਦੇ ਨੇ, ਅਸਲੋਂ ਇਹੋ ਇਨ੍ਹਾਂ ਦੇ ਮਜ਼੍ਹਬਾਂ ਦੇ ਬਾਨੀ ਸਿੱਧ ਹੁੰਦੇ ਹਨ ।

ਬੇਸ਼ਕ ਇਹ ਬਾਤ ਹਰ ਕੋਈ ਕਹਿ ਸਕਦਾ ਹੈ ਕਿ ਕੇਸ ਆਪਣੇ ਹੈਨ, ਕੋਈ ਕੁਝ ਪਿਆ ਕਰੇ । ਸੋ ਇਸ ਦੇ ਅਰਥ ਤਾਂ ਮਨਮਤ ਹੈਨ, ਜਿਸ ਤੋਂ ਸਿੱਧ ਹੋ ਜਾਸੀ ਕਿ ਕੇਸਾਂ ਦੀ ਮੁੰਡਾਈ ਕੇਵਲ ਮਨਮਤਾਂ ਹੈਨ, ਨਾਕਿ ਧਰਮ ਮਰਯਾਦਾ ਜਾਂ ਸ਼ਰਾਹ ਸ਼ਰਈਅਤ, ਸਾਥ ਹੀ ਇਹ ਵੀਚਾਰ ਇਨਸਾਫ ਅਰ ਨੇਕ ਸਿਖਿਆ ਤੋਂ ਵਿਰੁੱਧ ਹੈ ਜੇ ਚੋਰ ਨੂੰ ਕਹੀਏ ਚੋਰੀ ਨਾ ਕਰ ! ਇਸ ਦਾ ਉੱਤਰ ਏਹ ਨਹੀਂ ਹੈ ਕਿ ਚੋਰੀ ਕਰਨੀ ਚੰਗੀ ਹੈ । ਇਸ ਲਈ ਮੈਂ ਜ਼ਰੂਰ ਕਰਾਂਗਾ ਜਾਂ ਮੇਰੀ ਖੁਸ਼ੀ ਜਿਵੇਂ ਕਰਾਂ, ਮੈਨੂੰ ਕੋਈ ਨਾ ਰੋਕੇ ! ਇਵੇਂ ਕਿਵੇਂ ਝੂਠੇ, ਅਧਰਮੀ ਪਾਪੀ ਜ਼ਾਲਮ ਸਭ ਕਹਿ ਸਕਦੇ ਹਨ, ਤਾਂਤੇ ਸੱਚੀ ਅਰ ਨੇਕੀ ਪੂਰਤ ਬਾਤ ਮੰਨਣਾ ਹੀ ਨੇਕੀ ਧਾਰਨੇ ਦਾ ਰਸਤਾ ਹੈ, ਹੱਠ ਧਰਮ ਜਾਂ ਜ਼ਿੱਦ ਅਥਵਾ ਹੁੱਜਤਾਂ ਨਾਲ ਕੋਈ ਜਿੱਤ ਨਹੀਂ ਸਕਦਾ ਅਰ ਹੁੱਜਤਾਂ ਨਾਲ ਨਾ ਹੀ ਸਚਾਈ ਤੇ ਨੇਕੀ ਛੁਪ ਸਕਦੀ ਹੈ, ਜਿਵੇਂ ਬਜ਼ੁਰਗਾਂ ਦੇ ਕੇਸ ਤਸਵੀਰਾਂ ਪਾ ਕੇ ਜਾਂ ਉਨ੍ਹਾਂ ਦੇ ਸ੍ਵਾਂਗ ਬਣਾ ਕੇ ਪਸੰਦ ਕੀਤੇ ਜਾਂਦੇ ਨੇ, ਫਿਰ ਮੁੰਡਾਈ ਕਿਉਂ ਹੁੰਦੀ ਹੈ ? ਭਾਵ ਸਿਰ ਮੂੰਹ ਪਰ ਬਨੌਟੀ ਕੇਸ ਧਾਰ ਕੇ "ਜਿਨ ਮਨ ਹੋਰ

ਮੁਖ ਹੋਰ” ਵਾਲਾ ਕੱਚਾਪਣ ਕਿਉਂ ਦਿਖਲਾਇਆ ਜਾਵੇ ? ਅਸਲੀ ਨੇਕ ਬੰਦੇ ਓਹੀ ਹਨ ਜਿਨ੍ਹਾਂ ਦੀ ਕਹਿਣੀ (ਕਥਨੀ) ਅਰ ਕਰਨੀ (ਕਰਤਵ੍ਯ) ਇਕ ਹੋਣ ਅਰਥਾਤ ਅੰਦਰੋਂ ਬਾਹਰੋਂ ਸਚਾਈ, ਪਰ ਅਮਲ ਕਰੇ ਤਾਂ ਬਜ਼ੁਰਗਾਂ ਦੇ ਸ੍ਵਾਂਗ (ਢਾਈਆਂ ਦੇ ਕੇ) ਦਾੜ੍ਹੇ ਜੜ ਕੇ ਨਿਕਾਲਣਾ ਤਿਨ੍ਹਾਂ ਦੀ ਭਾਰੀ ਬੇਇੱਜ਼ਤੀ ਹੈ ਅਥਵਾ ਮੋਨੇ ਲੋਕ ਮਖੌਲ ਉਡਾਂਦੇ ਸਿੱਧ ਹੋਣਗੇ।

## ਕੇਸਾਂ ਨਾਲ ਧਰਮ ਦਾ ਸਬੰਧ

ਇਹ ਕਥਨ ਅਗਿਆਨਤਾ ਭਰਿਆਂ ਹੈ ਕਿ ਕੇਸਾਂ ਨਾਲ ਧਰਮ ਦਾ ਕੀ ਸਬੰਧ ਹੈ, ਪਰ ਜੇ ਕਹੀਏ ਕੇਸ ਮੁੰਡੌਣ ਨਾਲ ਕੀ ਸਬੰਧ ? ਫਿਰ ਉਕਤ ਕਥਨ ਦੇ ਅਰਥ ਸਿਫਰ ਹੀ ਹੋਏ ! ਭਲਾ ਜੇ ਕੇਸਾਂ ਨਾਲ ਧਰਮ ਦਾ ਸਬੰਧ ਕੋਈ ਨਹੀਂ ਫਿਰ ਧਾਰਮਕ ਆਗੂ ਕੇਸ ਕਿਉਂ ਰਖਦੇ ਆਏ ! ਜੇ ਉਨ੍ਹਾਂ ਦੀ ਭੁੱਲ ਸੀ ਤਾਂ ਇਹ ਕਥਨ ਉਨ੍ਹਾਂ ਨੂੰ ਭੂਲਣਹਾਰੇ ਸਿੱਧ ਕਰਦਾ ਹੈ। ਜੇ ਉਹ ਅਭੁਲ ਸਨ ਤਾਂ ਉਨ੍ਹਾਂ ਦੀ ਕੇਸ ਧਾਰਨਾ ਭੁੱਲਣ ਵਿਚ ਨਹੀਂ ਹੋ ਸਕਦੀ, ਬਲਕਿ ਕੇਸ ਮੁੰਡੌਣਾ ਭੁੱਲ ਹੈ ! ਜੇ ਕਰਤਾਰ ਕੇਸ ਰੱਖਣ ਵਿਚ ਖੁਸ਼ ਹੈ ਤਦ ਉਸਨੇ ਯੋਗ ਥਾਂਵੀਂ ਯੋਗ ਕੇਸ ਉਪਜਾਏ, ਜੇ ਉਹ ਬੁਰੇ ਮੰਨਦਾ ਤਾਂ ਕਦੀ ਪੈਦਾ ਹੀ ਨਾ ਕਰਦਾ, ਤਾਂਤੇ ਕੇਸ ਉਸ ਦੀ ਰਜ਼ਾ ਜਾਂ ਰਚਨਾ ਵਿਚ ਠੀਕ ਹਨ। ਸੋ ਰਜ਼ਾ ਤੋਂ ਵਿਰੁਥ ਤੁਰਨਾ ਹੀ ਧਰਮ ਮਰਯਾਦਾ ਵਿਚ ਵੱਡਾ ਗੁਨਾਹ ਜਾਂ ਪਾਪ ਹੈ। ਕੇਸ ਰੱਖਣੇ ਰਜ਼ਾ ਜਾਂ ਹੁਕਮ ਮੰਨਣ ਵਿੱਚ ਭੀ ਸ਼ਾਮਲ ਹਨ। ਪੁਨਾ:-“ਪੂਰੇ ਕਾ ਕੀਆ ਸਭ ਕਿਛ ਪੂਰਾ” ਜਾਨਣਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਮੋਨੇ ਲੋਕ ਕਰਤਾਰ ਦੀ ਰਜ਼ਾ ਤੋਂ ਵਿਰੁੱਧ ਹਨ, ਬੱਸ ਇਹੋ ਅਧਰਮਤਾ ਹੈ। ਮੁੰਡਨ ਸੰਸਕਾਰ ਕਰਨਾ ਮਨੁੱਖ ਘਾੜਤ (ਬਨੌਟ) ਤੇ ਗਲਤੀ ਹੈ ਯਾਂਤੇ ਕੇਸਾਂ ਦਾ ਸਬੰਧ ਧਰਮ ਨਾਲ ਪੂਰਨ ਹੈ ਅਤੇ ਕੇਸ ਮੁੰਡੌਣ ਦਾ ਸਬੰਧ ਅਧਰਮ ਤੇ ਮਨਮਤ ਨਾਲ ਹੈ। ਸੰਸਾਰ ਵਿਚ ਕੋਈ ਭੀ ਐਸਾ ਧਾਰਮਕ ਜਾਂ ਸ਼੍ਰੋਮਣੀ ਗ੍ਰੰਥ ਨਹੀਂ ਹੈ ਜੋ ਇਹ ਸਾਬਤ ਕਰੇ ਕਿ ਕੇਸ ਮੁੰਡੌਣੇ ਧਰਮ ਅੰਗ ਹਨ। ਤਦੇ ਸਾਰੇ ਧਾਰਮਕ ਗ੍ਰੰਥ ਕੇਸਾਂ ਦੀ ਸੋਭਾ ਕਰਦੇ ਨੇ, ਫਿਰ ਕਾਰਨ ਕੀ ਹੈ ਕਿ ਇਸ ਬਾਤ ਤੋਂ ਮੁਕਰਿਆ ਜਾਵੇ ਕਿ ਕੇਸਾਂ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ। ਬਲਕਿ ਜਿਸ ਵਲ ਕਰਤਾਰ ਹੈ ਉਸ ਨੂੰ ਝੂਠਾ ਕੌਣ ਕਰੇ ! ਕੇਸ ਧਾਰਨੀ ਦਾ ਗਵਾਹ ਕੁਦਰਤ ਜਾਂ ਉਸਦਾ ਕਰਤਾ ਹੈ, ਪਰ ਮੋਨਿਆਂ ਪਾਸ ਸਵਾਏ ਹੁੱਜਤਾਂ ਤੇ ਮਨਮਤਾਂ ਅਰ ਢੁੱਚਰਾਂ ਤੋਂ ਕੁਝ ਭੀ ਨਹੀਂ ਹੈ। ਸਾਥ ਹੀ ਕੇਸ ਧਾਰਨੀ ਦੇ ਪੱਖ ਵਿਚ ਵੇਦ ਪ੍ਰਚਾਰਕ ਬ੍ਰਹਮਾਂ, ਵਿਸ਼ਨ, ਮਹੇਸ਼ ਤਥਾ ਸਾਰੇ ਹਿੰਦੂ ਅਵਤਾਰ ਤੇ ਰਿਖੀ ਮੁਨੀ ਅਰ ਕਤੇਬੀ ਮਤ ਦੇ ਆਗੂ ਹਜ਼ਰਤ ਬਾਬਾ ਆਦਮ, ਹਜ਼ਰਤ ਇਬਰਾਹੀਮ, ਇਸਰਾਕ, ਸੁਲੇਮਾਨ, ਮੂਸਾ, ਯਸੂਹ

Sri Satguru Jagjit Singh Ji eLibrary NamdhariElibrary@gmail.com

ਮਸੀਹ, ਹਜ਼ਰਤ ਮੁਹੰਮਦ ਸਾਹਿਬ ਆਦਿ ਪੈਗੰਬਰ ਔਲੀਏ ਅੰਬੀਏ ਵੱਡੇ-ਵੱਡੇ ਕੇਸਾਂ ਵਾਲੇ ਆਗੂ ਹਨ, ਫਿਰ 'ਕੇਸ ਧਾਰਨਾ' ਕਿਵੇਂ ਖੰਡੀ ਜਾਂ ਨਿੰਦੀ ਜਾ ਸਕਦੀ ਹੈ ? ਕੇਸਾਂ ਨੂੰ ਨਿੰਦਣ ਵਾਲਾ ਕਰਤਾਰ ਵਿਰੋਧੀ ਹੀ ਹੋ ਸਕਦਾ ਹੈ ਅਥਵਾ ਨਾਸਤਕ ਪਏ ਕੁਝ ਕਹੀ ਜਾਣ ਪਰ ਫਜ਼ੂਲ ਕਥਨਾਂ ਨਾਲ ਕੇਸ ਮੰਦੇ ਸਿੱਧ ਨਹੀਂ ਹੋ ਸਕਦੇ। ਸੰਸਾਰ ਵਿਚ ਜਿਤਨੇ ਵੱਡੇ-ਵੱਡੇ ਫਿਲਾਸਫਰ, ਸੁਕਰਾਤ ਜੈਸੇ ਹਕੀਮ, ਵਿਸਕਰਮਾਂ ਜੀ ਤੇ ਅਫਲਾਤੂਨ ਜੈਸੇ ਉੱਚ ਕੋਟੀ ਦੇ ਮਹਾਂਪੁਰਖ ਹੋਏ ਉਹ ਕੇਸਧਾਰੀ ਰਹੇ ਸਿੱਧ ਹੁੰਦੇ ਨੇ, ਸਾਥ ਹੀ ਗੁਰ ਸਿਰਾਂ ਗੁਰੂ, ਜਗਤ ਗੁਰੂ, ਨਾਨਕ ਦੇਵ ਜੀ ਦੇ ਅੰਤਮ ਫੈਸਲੇ ਅਨੁਸਾਰ ਹਨ । ਯਥਾ:-'ਮੂੰਡੁ ਮੁਡਾਇ ਜਟਾ ਸਿਖ (ਬੋਦੀ) ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ (ਤੰਬਾਕੂ ਆਦਿ) ਮਾਇਆ ਕਾ ਦੇਵਾਨਾ ॥ (ਮਾਰੂ ਮ: ੧, ਪੰਨਾ ੧੦੧੩) ਪੁਨਾ—ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ॥ ਹੋਵਹਿ ਲਿੰਙ ਨਹ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ ॥ (ਮ: ੧, ਪੰਨਾ ੧੨੪੫) ਅਰਥਾਤ ਬੰਦੇ ਨੂੰ ਕਰਤਾਰ ਨੇ ਲੋੜ ਮੂਜਬ ਕੇਸ ਦਿਤੇ ਅਰ ਇੰਦਰੇ ਬਖਸ਼ੇ, ਤਾਂਤੇ ਕੇਸ ਕਟਾ ਕੇ ਜਾਂ ਸੁੰਨਤ ਆਦਿ ਨਾਲ ਸ਼ਕਲ ਬਿਗਾੜਣਾ ਰੱਬੀ ਸੂਰਤ ਦੀ ਵਿਰੋਧਤਾ ਹੈ । ਅਸਲੀ ਸ਼ਕਲ 'ਸਾਬਤ ਸੂਰਤ ਦਸਤਾਰ ਸਿਰਾ' ਹੀ ਹੈ, ਇਹੋ ਰੱਬੀ ਧਰਮ ਜਾਂ ਰਜ਼ਾ ਹੈ, ਜਿਸ ਦਾ ਧਰਮ ਨਾਲ ਪੂਰਨ ਸਬੰਧ ਹੈ । ਸਿਰ ਮੂੰਹ ਮੁੰਡੌਣਾ ਮੁਕਤੀ ਜਾਂ ਨੇਕ ਰਸਤੇ ਦਾ ਹੇਤੂ ਨਹੀਂ, ਬਲਕਿ—'ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ ॥' (ਪੰਨਾ ੩੨੪) ਪੁਨਾ—'ਮੂੰਡਾ ਮੂੰਡ ਅਜਾਇ' ਹੀ ਹੈ॥

## ਕੇਸ ਸਰੀਰਕ ਅੰਗ ਹਨ

ਕਈ ਅਗਿਆਨੀ ਸਵਾਲ ਕੀਤਾ ਕਰਦੇ ਹਨ ਕਿ ਕੀ ਗੁਰੂ ਸਹਿਬਾਨ ਦੇ ਕੇਸ ਸਨ ? ਇਹ ਪੁਛਣਾ ਨਿਰਾ ਅਗਿਆਨਪੁਣਾ ਹੈ । ਭਲਾ ਗੁਰੂ ਸਾਹਿਬਾਨ ਦੇ ਕੇਸ ਕਿਉਂ ਨਾ ਹੋਣ ? ਬਲਕਿ ਸੰਸਾਰ ਵਿਚ ਹਰ ਕੋਈ ਜਨਮ ਤੋਂ ਕੇਸਾਂ ਵਾਲਾ ਹੈ, ਪਰ ਮੁੰਡੌਣ ਵਾਲੇ ਕਰਤੇ ਦੀ ਕੁਦਰਤੋਂ ਬੇਮੁਖ ਹੋਣਾ ਚਾਹੁੰਦੇ ਹਨ। ਕੇਸ ਰਖਣੇ ਕਹਿਣਾ ਭੀ ਅਗਿਆਨਤਾ ਹੈ, ਕੇਸ ਬਾਹਰੋਂ ਆਉਣ ਵਾਲੀ ਕੋਈ ਚੀਜ਼ ਨਹੀਂ, ਕੇਸ ਸਰੀਰ ਦਾ ਇਕ ਅੰਗ ਹਨ। ਇਹ ਕਰਤਾਰ ਨੇ ਸਰੀਰਕ ਅੰਗ ਰਖੇ ਨੇ, ਜਿਵੇਂ ਕੰਨ, ਹੱਥ, ਪੈਰ, ਅੱਖਾਂ ਆਦਿ ਸਰੀਰਕ ਅੰਗ ਹਨ, ਤਿਵੇਂ ਇਕ ਅੰਗ ਕੇਸ ਭੀ ਹਨ। ਕੇਸਾਂ ਦਾ ਜੁਦਾ ਕਰਨਾ ਇਉਂ ਹੈ ਜਿਵੇਂ ਕੋਈ ਬਾਹਾਂ ਨੂੰ ਕੱਟ ਕੇ ਟੁੰਡਾ ਬਣੇ ਅਤੇ ਕੰਨ ਕੱਟ ਕੇ ਬੁੱਚਾ ਕਹਾਵੇ, ਨੱਕ ਕੱਟ ਕੇ ਨਕਟਾ ਹੋਵੇ, ਤਿਵੇਂ ਕੇਸ ਕਟੌਣ

ਵਾਲਾ ਮੋਨਾ (ਘੋਨ ਮੋਨ) ਹੈ, ਕੇਸ ਕਟੌਣ ਲਈ ਕੋਈ ਸ਼ਬਦ ਨੀਯਤ ਕਰਨਾ ਪਵੇਗਾ, ਪਰ ਕੇਸ ਧਾਰਨਾ ਸੁਤੇ ਹੀ ਹੈ ।

ਸਿਰ ਮੂੰਹ ਮੁੰਡੌਣ ਵਾਲੇ ਮੋਨਿਆਂ ਨੂੰ ਇਹ ਉਲਟੀ ਆਦਤ ਪੈ ਗਈ ਹੈ । ਅਰ ਬਹੁਤ ਗਿਣਤੀ ਦੇ ਹੋਣ ਕਰਕੇ ਏਧਰ ਘੱਟ ਧਿਆਨ ਰਹਿੰਦਾ ਹੈ, ਨਹੀਂ ਤਾਂ ਬਹੁਤੇ ਕੇਸ ਧਾਰਨ ਰੱਖਣ ਵਾਲਿਆਂ ਵਿਚ ਮੋਨਾ ਬਹੁਤ ਹੀ ਬਦਸ਼ਕਲ ਲਗਦਾ ਹੈ ਅਰ ਕੇਸਾਂ ਵਾਲਾ ਸੁੰਦਰ ਤੇ ਸੂਰਬੀਰ ਸ਼ਾਨ ਸਿੱਕੇ ਵਾਲਾ ਲਗੇਗਾ । ਇਸ ਦਾ ਤਜਰਬਾ ਇਉਂ ਹੋ ਸਕਦਾ ਹੈ ਕਿ ਕੋਈ ਮੋਨਾ ਅੱਖਾਂ ਦੇ ਉਪਰਾਲੀ ਫਿੱਫਣਾ ਭੀ ਮੁਨਾ ਦੇਖੇ । ਫਿਰ ਕਿਵੇਂ ਉਹ ਬਾਹਰ ਬਿੱਲੇ-ਵਤ ਲਗੇਗਾ, ਸ਼ਾਇਦ ਪਿੰਡ ਦੇ ਕੁੱਤੇ ਭੀ ਉਸ ਤੋਂ ਡਰਨ। ਪਰ ਜੇਕਰ ਸਾਰੇ ਮੋਨੇ ਫਿੱਫਣਾ ਮੁਨੌਣ ਲਗ ਜਾਣ ਤਾਂ ਇਹ ਇਕ ਰਿਵਾਜ ਹੀ ਬਣ ਜਾਵੇਗਾ। ਜਿਵੇਂ ਅੱਜ-ਕਲ੍ਹ ਕਈ ਲੋਕ ਸਿਰ ਮੂੰਹ ਨਾਲੇ ਬੁਲ੍ਹਾਂ ਉਪਰ ਦੀ ਮੁੱਛਾਂ ਮੁੰਡਾਂਦੇ ਅਰ ਨੱਕ ਹੇਠਾਂ ਇਕ ਮੱਖੀ ਜਿਹੀ ਰੱਖਦੇ ਨੇ ਭਾਵ ਉਹ ਫੈਸ਼ਨਪ੍ਰਸਤ ਜਾਂ ਸ਼ੁਕੀਨੀ ਨਾਲ ਐਸਾ ਕਰਦੇ ਨੇ, ਪ੍ਰੰਤੂ ਨਵੀਨ ਦੇਖਣ ਵਾਲੇ ਲਈ ਇਕ ਤਮਾਸ਼ਾ ਬਣ ਜਾਂਦਾ ਹੈ। ਪਰ ਜਹਾਂ ਬਹੁਤੇ ਇਹੋ ਜਹੇ ਹੋਣ, ਉਥੇ ਇਸ ਤਰ੍ਹਾਂ ਦੀਆਂ ਹਜਾਮਤਾਂ ਜਾਂ ਮੁੰਡਾਈ ਦਾ ਨਾਮ ਜੈਂਟਲਮੈਨੀ ਹੈ, ਬਲਕਿ ਮੱਖੀ ਜਾਂ ਕਰਜ਼ਨ ਫੈਸ਼ਨ ਦੀ [੧੭]ਖੁਮਾਰੀ ਚੜ੍ਹੀ ਹੋਈ ਭਾਸਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਹੁਤੇ ਲੋਗ ਅਵਗੁਣ ਕਰਦੇ ਭੀ ਆਪ ਨੂੰ ਗੁਣੀ ਜਨ ਪ੍ਰਗਟ ਕਰ ਸਕਦੇ ਨੇ, ਬਹੁਤੇ ਮੰਦੇ ਲੋਕ ਗੁਣਵਾਨਾਂ ਜਾਂ ਸਿਧੇ ਮਾਰਗ ਪਰ ਚਲਦੇ ਨੂੰ ਪੁੱਠਾ ਅਰ ਅਵਗੁਣੀ ਕਹਿ ਸਕਦੇ ਹਨ। ਜੈਸਾ ਕਿ ਬਹੁਤੇ ਪੁਰਸ਼ ਸਿਰ ਮੂੰਹ ਮੁੰਡੌਣ ਵਾਲੇ ਹੋਣ ਕਰਕੇ ਕੇਸ ਮੁੰਡੌਣ ਨੂੰ ਗੁਣ ਕੇਸਾਂ ਦੀ ਧਾਰਨਾ ਨੂੰ ਅਵਗੁਣ ਕਹਿ ਕੇ ਆਪਣੀ ਗਲਤੀ ਢੱਕਦੇ ਰਹਿੰਦੇ ਹਨ, ਬਲਕਿ ਕੇਸਧਾਰੀਆਂ ਨੂੰ [੧੮]ਮਖੌਲ ਉਡਾ ਕੇ ਆਪਣਾ ਪੱਖ ਕਰਦੇ ਨੇ ।

ਇਹ ਬਾਤ ਸੁਤੇ-ਸਿੱਧ ਹੈ ਕਿ ਕੇਸ ਮੁੰਡੌਣ ਵਾਲਾ ਕੇਸ ਧਾਰਨਾ ਦੇ ਹੱਕ ਵਿਚ ਨਹੀਂ ਹੁੰਦਾ, ਕਿਉਂਕਿ ਉਸ ਨੇ ਉਹੀ ਗਲਤੀ ਵਾਲਾ ਪੱਖ ਸਿੱਧ ਕਰਨਾ ਹੈ, ਜੋ

੧੭. ਗੁਲਾਮ ਹਮੇਸ਼ਾ ਹਕੂਮਤ ਦੇ ਪਹਿਰਾਨ ਦੀ ਕਦਰ ਅਰ ਆਪਣੇ ਦੀ ਹੇਠੀ ਕਰਿਆ ਕਰਦੇ ਹਨ, ਅੱਜ-ਕਲ੍ਹ ਬੂਟ-ਸੂਟ ਤੇ ਟਾਈ ਆਦਿ ਵਾਲਾ ਜੈਂਟਲਮੈਨ ਬਾਬੂ ਹੈ, ਦੇਸੀ ਪਹਿਰਾਣ ਵਾਲਾ ਓਲਡ ਫੈਸ਼ਨੀ ਜਾਂ ਸਭਿਅਤਾਹੀਣ ਮੰਨੀਦਾ ਹੈ, ਚਾਹੇ ਉਹ ਆਪਣੇ ਵਿਚ ਕਿਤਨੇ ਭੀ ਉਚੇ ਗੁਣ ਰਖਦਾ ਹੋਵੇ, ਇਹੋ ਸ਼ਨਾਖਤ ਕੇਸ ਕੱਟਣ ਵਿਚ ਹੈ, ਕਈਆਂ ਦੀ ਨਿਗਾਹ ਵਿਚ ਕੇਸਾਂ ਵਾਲੇ ਜਾਂਗਲੀਆਂ ਸਦਰਸ਼ ਤੋਂ ਜੈਂਟਲਮੈਨੀ ਤੋਂ ਪਿਛੇ ਰਹਿ ਗਏ ਜਾਪਦੇ ਹਨ ।

੧੮. ਕੇਸਾਂ ਵਾਲਿਆਂ ਨੂੰ ਅਕਲ ਹੀ ਨਹੀਂ ਆਉਂਦੀ, ਕੇਸ ਰੱਖਣੇ ਜਾਂਗਲੀਆਂ ਦਾ ਕੰਮ ਹੈ, ਵਾਹ ਜੀ ! ਕੇਸ ਭੀ ਕੋਈ ਧਰਮ ਵਿਚ ਸ਼ਾਮਲ ਹਨ, ਪਰ ਉਹ ਸੱਜਣ ਪਿਆਰੀਆਂ ਮਾਤਾਵਾਂ ਭੈਣਾਂ ਵਲ ਤੱਕਣ ਜਿਨ੍ਹਾਂ ਨੇ ਕਿ ਕੇਸਾਂ ਨੂੰ ਸੁੰਦਰਤਾ ਹੋਣ ਕਰਕੇ ਅਪਣਾਇਆ ਹੈ, ਫਿਰ ਕੇਸ ਰੱਖਣੇ ਵਾਲੇ ਜਾਂਗਲੀ ਕਿਵੇਂ ਬਣੇ ? ਕੀ ਉਹ ਅਕਲਹੀਣ ਹਨ ?

Sri Satguru Jagjit Singh Ji eLibrary NamdhariElibrary@gmail.com

ਗਲਤੀ ਉਹ ਕਰ ਰਿਹਾ ਹੈ । ਜੇ ਉਹ ਕਹੇ 'ਕੇਸ ਧਾਰਨਾ ਯੋਗ ਮਾਰਗ ਹੈ' ਤਾਂ ਉਹ ਮੰਨੌਣੋਂ ਹਟ ਜਾਵੇ ਤਦੇ ਉਹ ਆਪਣੀ ਸੱਚੀ-ਸੁੱਚੀ ਜ਼ਮੀਰ ਨੂੰ ਕੁਚਲ ਕੇ ਭੀ ਇਹ ਕਹਿੰਦਾ ਰਹਿੰਦਾ ਹੈ ਕਿ ਕੇਸੋਂ ਕਾ ਕਿਆ ਫਾਇਦਾ ਹੈ ? ਇਸ ਤੋਂ ਜਾਪਦਾ ਹੈ ਕਿ ਉਹ ਕਰਤੇ (ਕਰਤਾਰ) ਨੂੰ ਮੂਰਖ ਸਮਝਦਾ ਹੈ ਅਰ ਉਸ ਦੀ ਕਾਰੀਗਰੀ ਨੂੰ ਨਿੰਦਦਾ ਹੈ, ਇਹ ਉਹ ਮੰਤਕ ਹੈ ਜਿਵੇਂ ਕੋਈ ਕਹੇ, 'ਮੇਰੇ ਪਿਤਾ ਨੂੰ ਜੰਮਣ ਦਾ ਕੀ ਫਾਇਦਾ ਸੀ ?' ਸੋ ਕੇਸਾਂ ਦੇ ਪ੍ਰਤੱਖ ਅਰ ਆਮ ਫਾਇਦੇ ਤਾਂ ਸਭ ਵਿਚ ਪ੍ਰਗਟ ਹਨ, ਪਰ ਕਰਤਾਰ (ਰਚਨਹਾਰ) ਇਸ ਦੇ ਪੂਰਨ ਫਾਇਦੇ ਸਮਝ ਕੇ ਹੀ ਕੇਸਾਂ ਨੂੰ ਉਗੌਂਦਾ ਹੈ । ਦੇਖੋ ! ਪੁਰਸ਼ ਹਜ਼ਾਰ ਵਾਰੀ ਪਿਆ ਮੁਨਾਵੇ ਤਦ ਭੀ ਉਹ ਮੁੜ ਘਿੜ ਕੇਸ ਵਧਾ ਕੇ ਗਲਤੀ ਨੂੰ ਠੀਕ ਕਰਦਾ ਰਹਿੰਦਾ ਹੈ, ਬਲਕਿ ਅੰਤ ਸਵਾਸਾਂ ਤੀਕ ਮੁਕਾਬਲਾ ਕਰਕੇ ਮੜ੍ਹੀਆਂ ਤੀਕ ਬੰਦੇ ਨੂੰ ਸ਼ਰਮਿੰਦਾ ਕਰਕੇ ਦਸਦਾ ਹੈ ਕਿ ਹੇ ਮੂਰਖਾ! ਕੇਸ ਮੇਰੇ ਉਗਾਏ ਹੋਏ ਲਾਭਵੰਦ ਅਰ ਜ਼ਰੂਰੀ ਹਨ ।

## ਕੇਸਾਂ ਦਾ ਸਮੇਂ ਨਾਲ ਸਬੰਧ

ਕੇਸਾਂ ਦਾ ਸਮੇਂ ਜਾਂ ਜੁਗ ਨਾਲ ਕੋਈ ਸਬੰਧ ਨਹੀਂ ਹੈ, ਜਿਤਨਾ ਚਿਰ ਸਰੀਰ ਅਰ ਦਿਮਾਗ ਹੈ ਕੇਸਾਂ ਦੀ ਅਵੱਸ਼ ਲੋੜ ਹੈ, ਕੇਸ ਰੱਬੀ ਪੁਸ਼ਾਕਾਂ ਹੈਨ ਜਾਂ ਕਹੋ ਕੇਸ ਇਨਸਾਨੀ ਜਾਮਾ ਹੈ, ਅਰ ਜਨਮ ਤੋਂ ਮਰਨ ਤੀਕਰ ਕੇਸਾਂ ਦੀ ਲੋੜ ਹੈ, ਲੋੜ ਮੂਜਬ ਇਹ ਬਸਤਰ ਕਰਤਾਰ ਹੀ ਤਬਦੀਲ ਕਰਦਾ ਰਹਿੰਦਾ ਹੈ, ਇਨਸਾਨੀ ਫਰਜ਼ ਸੰਭਾਲ ਕਰਨਾ ਹੀ ਹੈ । ਜਦੋਂ ਕੇਸਾਂ ਦੀ ਲੋੜ ਨਾ ਰਹੀ ਕਰਤਾਰ ਖੁਦ ਹੀ ਬੰਦ ਕਰ ਸਕਦਾ ਹੈ, ਬੰਦਿਆਂ ਪਾਸੋਂ ਕੇਸ ਉਗਣੇ ਬੰਦ ਨਹੀਂ ਹੋ ਸਕਦੇ ਇਹੋ ਅਕਾਲੀ ਅਸੂਲ ਹੈ । ਇਹ ਅਸੂਲ ਸਦੀਵੀ ਹੈ, ਇਸ ਨਾਲ ਸਮੇਂ ਜਾਂ ਲੋੜ ਦਾ ਕੋਈ ਸਬੰਧ ਨਹੀਂ ਹੈ । ਇਹ ਕੋਈ ਨਹੀਂ ਕਹਿ ਸਕਦਾ ਕਿ ਪਿਛੇ ਕੇਸਾਂ ਦੀ ਲੋੜ ਸੀ ਤੇ ਹੁਣ ਨਹੀਂ ਰਹੀ, ਕਿਉਂਕਿ ਕੇਸ ਸਰੀਰਕ ਅੰਗ ਹੋਣ ਕਰਕੇ ਉਹੀ ਹੈਨ ਜੋ ਪਿਛੇ ਸੀ। ਤਿਨ੍ਹਾਂ ਲੋੜਾਂ ਲਈ ਹੁਣ ਭੀ ਓਹੀ ਅਸੂਲ ਹੈਨ, ਕਰਤਾਰ ਵਲੋਂ ਭੀ ਏਹ ਹੁਕਮ ਨਹੀਂ ਪਹੁੰਚਾਇਆ ਕਿ ਕੇਸ ਹੁਣ ਲਾਜ਼ਮੀ ਨਹੀਂ ਰਹੇ । ਇਹ ਭਾਰੀ ਮਨਮਤ ਹੈ ਕਿ ਯੂਰਪ ਵਾਲੇ ਜਾਂ ਈਸਾਈ ਲੋਕ ਕੇਸ ਨਹੀਂ ਰਖਦੇ, ਅਸੀਂ ਤਾਂ ਨਹੀਂ ਰਖਦੇ, ਹਿੰਦੂ ਈਸਾਈ ਜਾਂ ਹੋਰ ਲੋਕ ਰੱਬੀ ਹੁਕਮ ਨਹੀਂ ਲੈ ਕੇ ਆਏ, ਜੇ ਰੱਬ ਤਿਨ੍ਹਾਂ ਵਲ ਹੁੰਦਾ ਤਾਂ ਉਹ ਲੋਕ ਜੰਮਦੇ ਹੀ ਘੋਨ ਮੋਨ ਹੁੰਦੇ । ਇਹ ਕਹਿਣਾ ਭੀ ਭੁੱਲ ਹੈ ਕਿ ਅਮਕੀ ਵਿਦਿਆ ਦੇ ਠੇਕੇਦਾਰ ਕੇਸਾਂ ਤੋਂ ਨਫਰਤ ਕਰਦੇ ਨੇ ਜਾਂ ਅਮਕੇ ਦੇਸ ਦੀਆਂ ਇਸਤ੍ਰੀਆਂ ਕੇਸਾਂ ਨੂੰ ਬੁਰਾ ਮੰਨਦੀਆਂ ਹਨ ਜਾਂ ਕੇਸਾਂ ਵਾਲਿਆਂ ਤੋਂ ਮੋਨਿਆਂ ਦੇ

Sri Satguru Jagjit Singh Ji eLibrary NamdhariElibrary@gmail.com

ਬੱਚੇ ਡਰਦੇ ਨੇ ਜਾਂ ਕੇਸਾਂ ਨੂੰ ਤੱਕ ਕੇ ਅਚੰਭਤ [੧੯]ਹੁੰਦੇ ਜਾਂ ਲੋਕ ਹੱਸਦੇ ਨੇ ਤਦ ਕੇਸ ਰਖਣੇ ਮਾੜੇ ਨੇ, ਮੋਨਿਆ ਦਾ ਜਾਂ ਕੇਸ ਵਿਰੋਧੀਆਂ ਦਾ ਅਸੂਲ ਹੀ ਇਹ ਹੈ ਕਿ ਉਹ ਕੇਸਾਂ ਤੋਂ ਵਿਰੁੱਧ ਬੋਲਣ ਜਾਂ ਕੋਈ ਹੁਜਤ ਅੜਿੱਕਾ ਅੱਗੇ ਧਰਨ, ਕਿਉਂਕਿ ਉਨ੍ਹਾਂ ਦਾ ਅਵਗੁਣ ਤਦ ਹੀ ਛਿਪ ਸਕਦਾ ਹੈ ਜਦ ਓਹ ਕੇਸ ਧਾਰਨ ਦੀ ਨਿੰਦਾ ਕਰਨ, ਪਰੰਤੂ ਸਚਾਈ ਦਾ ਇਹ ਅਸੂਲ ਨਹੀਂ ਹੈ ਕਿ ਕਿਸੀ ਨੂੰ ਦੂਜੇ ਦੀ ਧਾਰਨਾ ਬੁਰੀ ਲਗੇ, ਜਾਂ ਉਹ ਜਿੱਦ ਕਰਨ ਕਿ ਇਹ ਕੇਸ ਕਿਉਂ ਨਹੀਂ ਮੁਨੌਂਦੇ। ਇਹ ਭਾਰੀ ਧੱਕਾ ਹੈ ਕਿ ਬਹੁਤ ਮੋਨੇ ਰਲ ਕੇ ਐਸਾ ਅਸੂਲ ਬਨੌਣ, ਕਿ ਕੇਸਾਂ ਵਾਲਾ ਸਾਨੂੰ ਚੰਗਾ ਨਹੀਂ ਲਗਦਾ, ਪਰ ਇਹ ਕਸੂਰ ਰੱਬ ਦਾ ਹੈ, ਨਾਕਿ ਬੰਦਿਆਂ ਦਾ ? ਹਾਂ ਇਹ ਅਸੂਲ ਤਾਂ ਠੀਕ ਹੈ ਕਿ ਕੇਸਾਂ ਵਾਲੇ ਮੋਨਿਆਂ ਨੂੰ ਟੋਕਣ ਕਿ ਤੁਸੀਂ ਕਿਉਂ ਮਨਮਤ ਕਰਕੇ ਇਨਸਾਨੀ ਸ਼ਕਲ ਨੂੰ ਵਿਗਾੜਦੇ ਹੋ ।

## ਦਾਹੜੇ ਦੇ ਲਾਭ

ਵਸ਼ਿੰਗਟਨ ਦੇ ਡਾਕਟਰ ਮੈਕਡੋਨਲਡ ਦਾ ਕਥਨ ਹੈ ਜੋ ਦਾਹੜਾ ਕਤਲ ਕਰਨ ਨਾਲ ਮਨੁਖ ਦੀ ਆਯੂ ਘਟ ਜਾਂਦੀ ਹੈ । ਦਾਹੜੀ ਵਾਲੇ ਰੇਲਵਾਈ ਮਜ਼ਦੂਰਾਂ ਨੂੰ ਜੋ ਹਰ ਰੁਤ ਵਿਚ ਦਿਨੇ ਰਾਤ ਕੰਮ ਕਰਦੇ ਹਨ ਫੇਫੜਿਆਂ ਦੇ ਰੋਗ ਬੜੇ ਘਟ ਹੁੰਦੇ ਹਨ, ਇਹ ਗੁਛੇਦਾਰ ਲੰਮੇ ਦਾਹੜਿਆਂ ਦਾ ਹੀ ਪਰਤਾਪ ਹੈ। ਇਸਦਾ ਗਿਆਨ ਪਰਾਪਤ ਕਰਨ ਹਿਤ ਕਿ ਦਾਹੜੀ ਮੁੰਨਣ ਦਾ ਮਨੁੱਸ਼ ਮਾਤਰ ਤੇ ਕੀ ਪਰਭਾਵ ਪੈਂਦਾ। ਪ੍ਰੀਖਿਆ ਲਈ ਪੰਝੀ ਤੋਂ ਚਾਲੀ ਵਰ੍ਹਿਆਂ ਦੀ ਆਯੂ ਦੇ ਤਰਵਿੰਜਾ ਤੰਦਰੁਸਤ ਤੇ ਜਵਾਨ ਮਨੁਸ਼ਾਂ ਦੀਆਂ ਦਾਹੜੀਆਂ ਮੁਨਾ ਦਿਤੀਆਂ ਗਈਆਂ, ਤਾਂ ਥੋੜੇ ਹੀ ਸਮੇਂ ਉਪਰੰਤ ਸਿਵਾਏ ਚੌਂਦਾਂ ਦੇ ਬਾਕੀ ਸਭ ਦੰਦਾਂ ਤੇ ਮਸੂੜਿਆਂ ਦੀਆਂ ਬੀਮਾਰੀਆਂ ਦੇ ਸ਼ਿਕਾਰ ਹੋਏ ਦੇਖੇ ਗਏ ।

ਦਾਹੜਾ ਰਖਣ ਨਾਲ ਸਰਦੀ ਦਾ ਬਚਾਓ ਰਹਿੰਦਾ ਹੈ, ਘੱਟਾ ਮਿੱਟੀ ਤੇ ਕੀੜੇ ਮਕੌੜੇ ਦੂਰ ਰਹਿੰਦੇ ਹਨ, ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੁਖੜਾ ਨੂਰ

੧੯. ਪਹਿਲਾਂ ਸਿਰ ਮੁੰਨਣਾ ਇਕ ਭਾਰੀ ਸਜ਼ਾ ਸੀ ਅਤੇ ਬਦਨਾਮੀ ਦਾ ਕਾਰਨ ਮੰਨਿਆ ਜਾਂਦਾ ਸੀ। ਜਿਸ ਵੇਲੇ ਉਹ ਇਕੱਲਾ ਸਿਰ ਮੁੰਨਿਆਂ ਕੇਸਧਾਰੀਆਂ ਵਿਚ ਜਾਂਦਾ ਸੀ ਤਾਂ ਅਚੰਭਾ ਸਮਝਿਆ ਜਾਂਦਾ ਸੀ ਅਰ ਸਿਰ ਮੂੰਹ ਮੁੰਨਣ ਵਾਲਾ ਬਹੁਤ ਸ਼ਰਮਿੰਦਾ ਹੁੰਦਾ ਸੀ, ਪਰ ਕਿਉਂਕਿ ਅੱਜ-ਕਲ੍ਹ ਸਿਰ ਮੁੰਨੇ ਵਧ ਗਏ ਹਨ, ਇਹ ਦਸ਼ਾ ਪੰਜਾਬੀ ਕਹਾਵਤ ਵਤ ਹੋ ਗਈ ਹੈ ਕਿ ਬਹੁਤਿਆਂ ਦੀ ਭੈਣ ਚਾਹੇ ਨੰਗੀ ਫਿਰੇ। ਅਮਰੀਕਨ ਜਾਂ ਯੂਰਪੀਨ ਮਰਦ ਬੇਸ਼ਕ ਕੇਸ ਦਾਹੜਾ ਦੇਖ ਕੇ ਅਚੰਭਵ ਹੁੰਦੇ ਹੋਣਗੇ ਪਰ ਦਾਹੜੀ ਕੇਸ਼ ਤਾਂ ਉਨ੍ਹਾਂ ਦੇ ਪਾਦਰੀਆਂ ਵਿਚ ਹਨ। ਇਸਤ੍ਰੀ ਜ਼ਾਤੀ ਦੇ ਸ਼ੁਰੂ ਤੋਂ ਹਨ, ਇਹ ਅਚੰਭੇ ਦੀ ਬਾਤ ਕਿਉਂ ?

ਤੇ ਜਲਾਲ ਨਾਲ ਫਬ ਜਾਂਦਾ ਹੈ । ਕਈ ਪ੍ਰਸ਼ਨ ਕਰਦੇ ਹਨ ਜੋ ਇਸਤ੍ਰੀਆਂ ਨੂੰ ਈਸ਼ਵਰ ਨੇ ਇਸ ਗੁਣਵੰਤੀ ਵਸਤੂ ਤੋਂ ਵਾਂਜੇ ਕਿਉਂ ਰਖਿਆ ਹੈ ? ਇਨ੍ਹਾਂ ਦੇ ਬਚਾਓ ਲਈ ਕੀ ਬਣਾਇਆ ਹੈ ? ਇਸ ਦਾ ਉੱਤਰ ਇਹ ਹੈ ਕਿ ਇਸਤ੍ਰੀਆਂ ਦੀ ਗਿਚੀ ਵਿਚ ਪੁਰਸ਼ਾਂ ਤੋਂ ਚਰਬੀ ਵੱਧ ਹੁੰਦੀ ਹੈ ਅਤੇ ਕੂਤ ਦਾ ਖਜ਼ਾਨਾ ਬਹੁਤਾ ਸਰੀਰ ਦੇ ਨਿਚਲੇ ਭਾਗ ਵਿਚ ਹੁੰਦਾ ਹੈ, ਜਿਸ ਨਾਲ ਇਨ੍ਹਾਂ ਦੀ ਰਾਖੀ ਇਉਂ ਹੁੰਦੀ ਹੈ ਜਿਵੇਂ ਮਰਦਾਂ ਦੀ ਦਾਹੜੀ ਨਾਲ ।

ਜੇ ਆਪਣੇ ਬਜ਼ੁਰਗ ਅਵਤਾਰਾਂ ਵਲ ਹੀ ਦ੍ਰਿਸ਼ਟੀ ਫੇਰੀਏ ਤਾਂ ਸਭ ਜਟਾਜੂਟ ਦਾਹੜਿਆਂ ਨਾਲ ਸਜੇ ਦਿਸਦੇ ਹਨ। ਅੱਜ-ਕਲ੍ਹ ਭੀ ਜਿਸ ਨੂੰ ਦਾਹੜੀ ਨਾ ਆਵੇ ਲੋਕ ਖੋਦਾ ਆਖ ਕੇ ਮਖੌਲ ਕਰਦੇ ਹਨ ਪਰੰਤੂ ਸਮਝ ਨਹੀਂ ਆਉਂਦੀ ਕਿ ਆਪਣੀ ਚੰਗੀ ਭਲੀ ਆਈ ਹੋਈ ਦਾਹੜੀ ਦਾ ਲੋਕੀ ਕਿਉਂ ਮੁੰਡਣ ਕਰੌਂਦੇ ਹਨ ।

*'ਸੁਸ਼ੀਲ ਮਿਤ੍ਰ'*

# ਉੱਘੇ ਵਿਦਵਾਨਾਂ ਦੇ ਲੇਖ

ਤੁਸੀਂ ਆਖੋਗੇ ਜੁ ਪੱਛਮੀ ਵਿਦਿਆ ਕੇਸਾਂ ਨੂੰ ਨਹੀਂ ਮੰਨਦੀ, ਸੂਟ ਬੂਟ ਤੇ ਕਰਜ਼ਨ ਫੈਸ਼ਨ ਅੱਜ ਸਜਦੇ ਹਨ। ਪਰ ਅਸਾਂ ਇਕ ਗੱਲ ਸੋਚਣੀ ਹੈ ਜੁ ਕੀ ਅਸਾਂ ਆਤਮ ਮੰਡਲ ਨੂੰ ਆਪਣੇ ਜੀਵਨ ਦਾ ਵੱਡਾ ਹਿੱਸਾ ਰਖਣਾ ਹੈ ਯਾ ਮਾਇਕ ਪਦਾਰਥਾਂ ਨੂੰ ਉੱਚੀ ਜਗ੍ਹਾ ਦੇਣੀ ਹੈ ? ਮੇਰਾ ਭਾਵ ਇਹ ਨਹੀਂ ਜੁ ਪੂਰਨ ਬੈਰਾਗ ਕਰਕੇ ਘਰ ਬਾਰ ਛੱਡ ਜਾਣਾ ਹੈ, ਕਿਉਂਕਿ ਗੁਰਸਿਖੀ ਵਿਚ ਦਸਾਂ ਨੌਹਾਂ ਦੀ ਕਿਰਤ ਕਰਨੀ ਲਾਜ਼ਮੀ ਹੈ ਤੇ ਸੰਸਾਰ ਵਿਚ ਰਹਿ ਕੇ ਗ੍ਰਿਹਸਤ ਦੀ ਕਾਰ ਕਰਦੇ ਹੋਇਆਂ ਸਿੱਖੀ ਮਾਰਗ ਉੱਪਰ ਟੁਰਨਾ ਹੈ, ਪਰ ਫਿਰ ਵੀ ਗੁਰਸਿਖ ਦੀ ਅੱਖ ਹਰ ਵੇਲੇ ਉਸੇ ਟਿਕਾਣੇ ਹੈ । ਕਿਥੇ ? ਆਤਮ ਮੰਡਲ ਵਿਚ ! ਕਿਉਂਕਿ ਸਿਮਰਨ ਨਾਲ ਉਨ੍ਹਾਂ ਦੀ ਲਿਵ ਕਰਤਾਰ ਨਾਲ ਸਦੀਵ ਜੁੜੀ ਰਹਿੰਦੀ ਹੈ। ਪਰ ਪੱਛਮੀ ਵਿਦਿਆ ਨੇ ਜਿਥੇ ਸ਼ਲਾਘਾ-ਯੋਗ ਤਰੱਕੀ ਮਾਇਕ ਪਦਾਰਥਾਂ ਵਿਚ ਕੀਤੀ ਹੈ ਉਥੇ ਆਤਮਕ ਮੰਡਲ ਵਿਚ ਨਿੱਘਰਤਾ ਦੱਸੀ ਹੈ । ਇਸੇ ਕਰਕੇ ਭਾਵੇਂ ਪੱਛਮ ਵਿਚ ਸਾਇੰਸ ਹੈ, ਦੌਲਤ ਹੈ, ਸੋਨਾ ਚਾਂਦੀ ਹੈ, ਲਾਲ ਹੀਰੇ ਹਨ, ਮੋਟਰ ਅਤੇ ਹਵਾਈ ਜਹਾਜ਼ ਹਨ, ਪਰ ਉਹ ਚੀਜ਼ ਜਿਹੜੀ ਲੱਖਾਂ ਰੁਪਏ ਖਰਚ ਕੇ ਵੀ ਨਹੀਂ ਲੱਭਦੀ, ਭਾਵ ਸ਼ਾਂਤੀ, ਉਹ ਉਨ੍ਹਾਂ ਵਿਚ ਨਹੀਂ । ਸੁਖ ਉਨ੍ਹਾਂ ਨੂੰ ਜ਼ਰੂਰ ਹਨ ਪਰ ਅਨੰਦ ਨਹੀਂ। ਪੱਛਮੀ ਸੱਚ ਪੁਛੋ ਤਾਂ ਵਿਚੋਂ-ਵਿਚ ਕਣਕ ਵਾਂਗਣ ਖਾਧੀ ਗਈ ਹੈ, ਉਨ੍ਹਾਂ ਨੂੰ ਮਾਇਆ ਦਾ ਐਸਾ ਘੁਣ ਲੱਗਾ ਹੈ ਜੁ ਉਨ੍ਹਾਂ ਦਾ ਸਰੀਰ ਤਾਂ ਹੈ ਪਰ ਵਿਚ ਦਿਲ ਨਹੀਂ, ਇਸੇ ਕਰਕੇ ਉਥੇ ਇਤਨੇ ਵੱਡੇ ਘਮਸਾਨ ਜੰਗ ਅੱਠ ਦਸ ਸਾਲਾਂ ਵਿਚ ਨਿੱਤ ਨਵੇਂ ਹੋ ਜਾਂਦੇ

Sri Satguru Jagjit Singh Ji eLibrary NamdhariElibrary@gmail.com

ਹਨ। ਇਸ ਵਿਚ ਕੋਈ ਸ਼ੱਕ ਨਹੀਂ ਜੁ ਯੂਰਪ ਨੇ ਪਿਛਲੇ ਚਾਰ ਪੰਜ ਸੌ ਸਾਲਾਂ ਵਿਚ ਨਿਊਟਨ (Newton), ਡਾਰਵਿਨ (Darwin) ਤੇ ਆਈਨਸਟਾਈਨ (Instain) ਕੱਢੇ ਹਨ ਪਰ ਨਵਾਂ ਸ਼ੈਕਸਪੀਅਰ (Shakospere) ਮਿਲਟਨ (Milton) ਤੇ ਯਸੂ ਮਸੀਹ (Jesus Christ) ਉਥੇ ਕੋਈ ਨਹੀਂ ਜੰਮਿਆਂ। ਜੋ ਅਰਸ਼ੀ ਰੰਗ ਇਨ੍ਹਾਂ ਤਿੰਨਾਂ ਮਹਾਂਪੁਰਖਾਂ ਨੂੰ ਸੀ ਉਹ ਪੱਛਮ ਦੇ ਸਇੰਸਦਾਨਾਂ ਨੂੰ ਕਦਾਚਿਤ ਨਹੀਂ ਚੜ੍ਹ ਸਕਦਾ, ਤੇ ਜਿਨ੍ਹਾਂ ਨੇ ਸ਼ੈਕਸਪੀਅਰ, ਮਿਲਟਨ ਅਤੇ ਯਸੂ ਮਸੀਹ ਜੀ ਦੀ ਤਸਵੀਰ ਤੱਕੀ ਹੈ ਉਹ ਇਨ੍ਹਾਂ ਤਿੰਨਾਂ ਦੇ ਸੋਹਣੇ ਘੁੰਗਰ ਵਾਲੇ ਕੇਸ ਦੇਖ ਕੇ ਅਤੀ ਹੀ ਪ੍ਰਸੰਨ ਹੋਏ ਹੋਣਗੇ। ਮੈਂ ਤਾਂ ਆਖਾਂਗਾ ਜੁ ਤਿੰਨੇ ਵੱਡੇ ਪੁਰਖ ਸਿਖ ਸਨ, ਕਿਉਂਕਿ ਚੇਹਰਾ ਮੁਹਰਾ, ਰਹਿਣੀ ਬਹਿਣੀ, 'ਨਾਮ' ਪੂਜਾ ਇਨ੍ਹਾਂ ਤਿੰਨਾਂ ਦੀ ਸਿੱਖਾਂ ਵਰਗੀ ਸੀ। ਸਾਡੇ ਭਰਾ ਇਹ ਨਹੀਂ ਤੱਕਦੇ ਜੁ ਗਿਲਟ ਗਿਲਟ ਹੀ ਹੈ ਤੇ ਸੋਨਾ ਸੋਨਾ ਹੀ ਹੈ। ਨਿਊਟਨ ਤੇ ਡਾਰਵਨ ਚੰਗੇ ਹਨ, ਪਰ ਸ਼ੈਕਸਪੀਅਰ ਤੇ ਮਿਲਟਨ ਜੋ ਗੁਰਮੁਖ ਸਨ ਉਹ ਇਤਨੇ ਉੱਚੇ ਹਨ ਜਿਤਨਾ ਕਿ ਕੈਲਾਸ਼ ਪਰਬਤ, ਹੋਰਨਾਂ ਪਹਾੜਾਂ ਕੋਲੋਂ ਉੱਚਾ ਹੈ। ਆਈਨਸਟਾਈਨ ਨੇ ਫਿਲਾਸਫੀ ਨਾਲ ਕਾਲ ਅਤੇ ਦੇਸ (Time And space) ਨੂੰ ਜੋੜਿਆ ਹੈ, ਪਰ ਈਸਾ ਜੀ, ਗੁਰੂ ਨਾਨਕ ਜੀ ਨੇ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਇਨ੍ਹਾਂ ਵਿਅਕਤੀਆਂ ਨੂੰ ਆਤਮਾ ਵਿਚ ਲੀਨ ਕੀਤਾ ਸੀ। ਗੁਰਸਿੱਖ ਸਾਇੰਸ ਨੂੰ ਸਲਾਹੁੰਦੇ ਹਨ ਪਰ ਉਥੇ ਹੀ ਕੈਦ ਨਹੀਂ। ਸਾਇੰਸ ਦੀ ਸਾਇੰਸ ਭਾਵ ਆਤਮ-ਗਿਆਨ ਨੂੰ ਉੱਚਾ ਦਰਜਾ ਦੇਂਦੇ ਹਨ ਪੱਛਮ ਦੇ ਰਿਸ਼ੀ ਮੁਨੀ ਇਬ੍ਰਾਹੀਮ (Ibrahim) ਮੂਸਾ (Moses) ਦਾਊਦ (David) ਆਦਿਕ ਸਭੇ ਕੇਸ ਰੱਖਦੇ ਸਨ ਤੇ ਕੇਸਾਂ ਸਣੇ ਹੀ ਉਨ੍ਹਾਂ ਦਾ ਉੱਚ ਮਰਤਬਾ ਤੇ ਉੱਚੇ ਖਿਆਲ ਸਨ। ਮੇਰਾ ਤਾਂ ਇਹ ਖਿਆਲ ਹੈ ਜੁ ਪੱਛਮ ਵਿਚ ਸਿਰਫ ਔਰਤਾਂ ਨੇ ਹੀ ਸਭਿਅਤਾ ਨੂੰ ਕੁਝ ਸਾਂਭ ਰਖਿਆ ਹੈ, ਆਪਣੇ ਕੇਸਾਂ ਨਾਲ ਬੰਨ੍ਹ ਰਖਿਆ ਹੈ, ਕਿਉਂਕਿ ਔਰਤਾਂ ਕੇਸ ਅਵੱਸ਼ ਰਖਦੀਆਂ ਹਨ, ਨਹੀਂ ਤਾਂ ਪੱਛਮ ਵਿਚ ਹੋਰ ਵੈਰ ਵਿਰੋਧ ਵਧ ਜਾਂਦਾ। ਸਾਡੀ ਕਮਾਈ ਨੂੰ ਔਰਤਾਂ ਸਾਂਭਦੀਆਂ ਹਨ। ਕੀ ! ਮਾਇਕ ਤੇ ਕੀ ਆਤਮਕ, ਜੋ ਕੌਮਾਂ ਕੇਸ ਨਹੀਂ ਵੀ ਰਖਦੀਆਂ ਉਨ੍ਹਾਂ ਦੀ ਇਸਤ੍ਰੀ ਜ਼ਾਤੀ ਕੇਸ ਰੱਖ ਕੇ ਕੌਮ ਦੀ ਆਤਮਕ ਦਾਤ ਨੂੰ ਸਾਂਭ ਰਖਦੀ ਹੈ, ਤਾਂ ਜੁ ਕਿਸੇ ਵੇਲੇ ਫਿਰ ਓਹ ਵੇਲਾ ਆ ਜਾਵੇ ਜੋ ਯਸੂ ਮਸੀਹ ਜਾਂ ਮੁਹੰਮਦ ਸਾਹਿਬ ਜਿਹਾ ਜਟਾ-ਜੂਟ ਮਹਾਂਪੁਰਖ ਨਿਕਲੇ। ਪਰ ਜਿਥੇ ਇਹ ਦਾਤ ਹੋਰ ਕੌਮਾਂ ਨੂੰ ਟਾਂਵੇ-ਟਾਂਵੇ ਪੁਰਸ਼ਾਂ ਨੂੰ ਮਿਲਦੀ ਹੈ, ਦਸਮੇਸ਼ ਪਿਤਾ ਜੀ ਨੇ ਹਰ ਇਕ ਗੁਰਸਿੱਖ ਲਈ ਜ਼ਰੂਰੀ ਕਰ ਦਿਤੀ, ਕਿਉਂਕਿ ਸਿਖੀ ਕੀ ਹੈ ? ਰਿਸ਼ੀਆਂ ਮੁਨੀਆਂ ਦੀ ਵਹੀਰ, ਫੌਜ ਪਲਟਨ। ਧੰਨ ਧੰਨ ਹੇ ਚੋਜੀ ਪਿਤਾ ਜੀ ! ਤੁਹਾਡੀ ਬਖਸ਼ਸ਼ ਵੀ ਨਿਰਾਲੀ ਹੈ।..... *(ਅੰਮ੍ਰਿਤ)*

# ਕੇਸ ਛੇਤੀ ਧੌਲੇ ਕਿਉਂ ਹੁੰਦੇ ਹਨ ?

ਕੇਸਾਂ ਪਰ ਸਰੀਰ ਦੀ ਕਮਜ਼ੋਰੀ ਦਾ ਅਸਰ ਬਹੁਤ ਹੁੰਦਾ ਹੈ। ਜਿਤਨਾ ਪੁਰਸ਼ ਪ੍ਰਸੰਨ-ਚਿੱਤ ਤੇ ਹਸਮੁਖਾ ਰਹਿੰਦਾ ਹੈ ਕੇਸਾਂ ਦੀ ਸੁੰਦਰਤਾ ਵਧਦੀ ਜਾਂਦੀ ਹੈ। ਕੇਸ ਹਮੇਸ਼ਾਂ ਕਮਜ਼ੋਰੀ, ਫਿਕਰ, ਬੀਮਾਰੀ, ਗੁੱਸੇ (ਕ੍ਰੋਧ) ਨਾਲ ਧੌਲੇ ਤੇ ਕੋਹਝੇ ਹੁੰਦੇ ਜਾਂਦੇ ਹਨ। ਥੋਹੜਾ ਜਿਹਾ ਫਿਕਰ, ਡਰ, ਕ੍ਰੋਧ ਹੋਣ ਨਾਲ ਵਾਲ ਖੜੇ ਹੋ ਜਾਂਦੇ ਹਨ। ਖੁਸ਼ੀ ਸਮੇਂ ਭੀ ਖੁਸ਼ੀ ਵਿਚ ਖਿੜਦੇ ਹਨ।

ਕੇਸਾਂ ਦੀ ਕਸਰਤ (ਵਰਜ਼ਿਸ਼) ਕੇਸਾਂ ਵਿਖੇ ਕੰਘਾ ਫੇਰਨਾ ਹੈ, ਕੰਘਾ ਕਰਨੇ ਸੇ ਵਾਲ ਤਾਕਤਵਰ ਹੋ ਜਾਂਦੇ ਹਨ, ਲੋੜ ਅਰ ਸਮੇਂ ਅਨੁਸਾਰ ਹਵਾ ਤੇ ਧੁਪ ਲਗੌਣੀ ਚਾਹੀਦੀ ਹੈ। ਹਰ ਵੇਲੇ ਖੁਲ੍ਹੇ ਰੱਖਣ ਨਾਲ ਭੀ ਕੇਸ ਖੁਰਦਰੇ ਤੇ ਕਮਜ਼ੋਰ ਹੋ ਜਾਂਦੇ ਹਨ। ਕੇਸਾਂ ਨੂੰ ਸੋਡੇ ਤੇ ਨਿਕੰਮੇ ਸਾਬਣ ਨਾਲ ਧੋਣਾ ਠੀਕ ਨਹੀਂ ਹੈ। ਸਰਸੋਂ ਦੇ ਤੇਲ ਨਾਲੋਂ ਕੋਈ ਭੀ ਚੰਗਾ ਤੇਲ ਨਹੀਂ ਹੈ। ਲੋਕੀਂ ਬਾਜ਼ਾਰੀ ਤੇਲ ਤੇ ਚੀਜ਼ਾਂ ਮਲ ਕੇ ਕੇਸਾਂ ਨੂੰ ਬੀਮਾਰ ਕਰ ਦਿੰਦੇ ਹਨ। ਕੇਸਾਂ ਨੂੰ ਬੀਮਾਰੀ ਤੋਂ ਬਚਾ ਕੇ ਰਖਣਾ ਚਾਹੀਦਾ ਹੈ, ਜਿਵੇਂ ਦੰਦ, ਨੇਤ੍ਰ, ਕੰਨ ਆਦਿ ਬੀਮਾਰ ਹੁੰਦੇ ਹਨ ਤਿਵੇਂ ਇਹ ਹਨ। ਬੀਮਾਰੀ ਨਾਲ ਛੇਤੀ ਧੌਲੇ ਹੁੰਦੇ ਹਨ, ਭਾਵੇਂ ਖੁਰਾਕ ਅਰ ਫਿਕਰ ਤੇ ਨਜ਼ਲੇ ਦਾ ਅਸਰ ਕੇਸਾਂ ਪਰ ਪੈਂਦਾ ਹੈ ਜਿਸ ਕਰਕੇ ਸ਼ੀਘਰ ਧੌਲੇ ਹੁੰਦੇ ਹਨ, ਅਰੋਗ ਕੇਸ ਸੱਠਾਂ ਸਾਲਾਂ ਤੋਂ ਪਹਿਲਾਂ ਧੌਲੇ ਨਹੀਂ ਹੁੰਦੇ। ਅੱਜ-ਕਲ੍ਹ ਦੇ ਮਨੁੱਖਾਂ ਦੇ ਤੀਸ ਸਾਲ ਭੀ ਔਖੇ ਟਪਦੇ ਹਨ, ਜਿਨ੍ਹਾਂ ਵਿਚ ਕਾਮ ਵਾਸ਼ਨਾ ਵਧੇਰੀ ਹੈ ਉਹ ਸ਼ੀਘਰ ਬੁਢੇ ਹੋ ਜਾਂਦੇ ਹਨ। ਕੇਸਾਂ ਨੂੰ ਕਾਲੇ ਰਖਣ ਹਿਤ ਦਵਾਈਆਂ ਵਰਤਣੀਆਂ ਇਹ ਬਨੌਟ ਅਰ ਅਸਲੀਅਤ ਨੂੰ ਛਪੌਣਾ ਹੈ।

# ਕੇਸਾਂ ਸਹਿਤ

ਆਦਮ ਤੋਂ ਲੈ ਕੇ ਮਸੀਹ ਅਸਰਾਈਲ ਦੇ ਸਾਰੇ ਨਬੀ ਕੇਸ ਨਹੀਂ ਸਨ ਕਟਾਂਦੇ, ਮੁਹੰਮਦ ਸਾਹਿਬ ਨੇ ਵੀ ਕੇਸ ਕਟਾਣ ਵਿਚ ਘਟ ਹੀ ਪਰਵਿਰਤੀ ਕੀਤੀ ਹੈ। ਇਹੋ ਹਾਲਤ ਹਿੰਦੂਆਂ ਦੇ ਰਿਖੀਆਂ ਤੇ ਪੁਰਾਣੇ ਧਰਮਾਤਮਾਂ ਲੋਕਾਂ ਦੀ ਸੀ। ਫਲਸਫੀਆਂ ਵਿਚ ਤਾਂ ਵਾਲਾਂ ਨਾਲ ਬੜਾ ਪਿਆਰ ਕੀਤਾ ਜਾਂਦਾ ਸੀ। ਯੂਨਾਨ ਦੇ ਸਿਰਤਾਜ ਫਲਸਫੀ ਸੁਕਰਾਤ ਨੇ ਇਕ ਵੇਰਾਂ ਕਿਸ ਚਰਚਾ ਵਿਚ ਪਰਵਿਰਤ ਹੋਣ ਲਗਿਆਂ ਕਿਹਾ ਸੀ ਕਿ ਜੇ ਮੈਂ ਹਾਰ ਗਿਆਂ ਤਾਂ ਆਪਣੀਆਂ ਜ਼ੁਲਫਾਂ ਕਟਵਾ ਦਿਆਂਗਾ।

Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਹੀ ਵਰਤਮਾਨ ਸਮੇਂ ਵਿਚ ਵੀ ਆਤਮਕ ਜੀਵਨ ਵਲ ਪਰਵਿਰਤ ਹੋਏ ਸਾਧੂ ਟਾਲਸਟਾਇ, ਕਵੀ ਟੈਗੋਰ, ਯੋਗੀ ਆਰਬਿੰਦੂ ਘੋਸ਼ ਆਦਿ ਪ੍ਰਤਿਸ਼ਟਿਤ ਸੱਜਣ ਕੇਸ ਕਟਾਣ ਤੋਂ ਹਟ ਗਏ ਹਨ। ਇਸ ਦੇ ਉਲਟ ਅਸੀਂ ਇਹ ਵੀ ਦੇਖਦੇ ਹਾਂ ਕਿ ਜਿਉਂ-ਜਿਉਂ ਸ੍ਰੀਰਕ ਜੀਵਨ ਵੱਲ ਗਹੁ ਵਧੇਰੇ ਵਧਦਾ ਹੈ ਤੇ ਸੁਰਤ ਵਿਸ਼ੇ ਲੰਪਟ ਹੁੰਦੀ ਹੈ, ਤਿਉਂ-ਤਿਉਂ ਹੀ ਕੇਸ ਕਟਵਾਣ ਵਲ ਵਧੇਰੇ ਰੁਚੀ ਹੁੰਦੀ ਹੈ। ਅਸੀਂ ਪ੍ਰਤੱਖ ਦੇਖਦੇ ਹਾਂ ਕਿ ਪੁਰਾਣੇ ਸਾਦਾ ਜੀਵਨ ਬਸਰ ਕਰਨ ਵਾਲੇ ਸੰਤੋਖੀ ਮੁਸਲਮਾਨ ਨਾਲੋਂ ਹੁਣ ਦੇ ਪੱਛਮੀ ਜੀਵਨ ਦਾ ਮਤਵਾਲਾ ਮੁਸਲਮਾਨ ਫਰਾਂਸ ਤੇ ਪੈਰਿਸ ਦੇ ਸ੍ਰੀਰਕ ਜੀਵਨ ਤੱਕ ਆਉਣ ਦੇ ਮਗਰੋਂ ਕੇਸ ਕਟਵਾਣ ਵਿਚ ਵਧੇਰੇ ਪ੍ਰਵਿਰਤ ਹੋ ਗਿਆ ਹੈ। ਇਹੋ ਹੀ ਹਾਲਤ ਹਿੰਦੂ ਦੀ ਚੋਟੀ ਦੀ ਹੋਈ ਹੈ। ਪਹਿਲਾਂ ਸਿਰ ਦੇ ਵਾਲ, ਫਿਰ ਦਾੜ੍ਹੀ ਤੇ ਅੰਤ ਮੁੱਛਾਂ ਮੁਨਾਉਣ ਤੇ ਸ੍ਰੀਰਕ ਭੋਗੀ ਜੀਵਨ ਨੇ ਹੀ ਮਜਬੂਰ ਕੀਤਾ ਹੈ। ਇਹੀ ਕਾਰਨ ਹੈ ਜੁ ਇਨ੍ਹਾਂ ਕਰਜ਼ਨ-ਫੈਸ਼ਨ ਆਦਿ ਰਸਮਾਂ ਦੀ ਕਥਾ ਵੀ ਸ਼੍ਰੀਰਕ ਭੋਗਾਂ ਦੇ ਨਾਲ ਤਅੱਲਕ ਰਖਣ ਤੋਂ ਹੀ ਅਰੰਭ ਹੋਈ ਦੱਸੀ ਜਾਂਦੀ ਹੈ।

ਜਿੱਥੇ ਕੇਸ਼ ਕਟਵਾਣਾ ਸ਼੍ਰੀਰਕ ਜੀਵਨ ਦੀਆਂ ਹੱਦੋਂ ਵਧੀਆਂ ਹੋਈਆਂ ਲੋੜਾਂ ਕਰਕੇ ਅਰੰਭ ਹੋਇਆ ਹੈ ਉੱਥੇ ਇਹਦੇ ਵਿਚ ਇਕ ਹੋਰ ਵੀ ਘਾਟਾ ਹੈ ਜੁ ਇਹ ਰਿਵਾਜ ਤੜੱਕ ਹੀ ਸੁਭਾਅ ਬਣ ਜਾਂਦਾ ਹੈ ਤੇ ਫਿਰ ਬਿਨਾਂ ਲੋੜ ਹੀ ਇਸ ਦਾ ਪਾਬੰਦ ਰਹਿਣਾ ਪੈਂਦਾ ਹੈ। ਇਹੀ ਕਾਰਨ ਹੈ ਜੁ ਕਈ ਬੜੇ ਸ੍ਰੇਸ਼ਟ ਜੀਵਨ ਵਾਲੇ ਮਨੁੱਖ ਵੀ, ਜੋ ਕਿਸੇ ਪਹਿਲੀ ਉਮਰ ਦੀ ਫੈਸ਼ਨ-ਪ੍ਰਸਤੀ ਦੀ ਜ਼ਿੰਦਗੀ ਵਿੱਚ ਇਹ ਆਦਤ ਖ੍ਰੀਦ ਬੈਠੇ ਸਨ, ਹੁਣ ਤੱਕ ਉਸ ਦੇ ਅਧੀਨ ਚਲੇ ਆਉਂਦੇ ਹਨ। ਕੇਸ ਨਾ ਮੁਨਾਉਣ ਵਾਲੇ ਲਈ ਮੁਨਾ ਦੇਣਾ ਇਕ ਸਾਧਾਰਨ ਜੇਹੀ ਗੱਲ ਹੈ, ਪਰ ਮੁਨਾਣ ਵਾਲੇ ਲਈ ਨਾ ਮੁਨਾਣਾ ਇਕ ਬੜੀ ਮਜ਼ਬੂਤ ਦਿਲੀ ਦਾ ਕੰਮ ਹੈ, ਕਿਉਂਕਿ ਉਹ ਨਸ਼ਈ ਵਾਂਗ ਮਨੁਖ ਦੇ ਸੁਭਾਅ ਵਿੱਚ ਦਾਖਲ ਹੋ ਜਾਂਦਾ ਹੈ।

ਖਾਲਸੇ ਨੇ ਆਤਮਕ ਜੀਵਨ ਆਰੰਭ ਕਰਨਾ ਹੈ ਤੇ ਉਸ ਲਈ ਇਹ ਜ਼ਰੂਰੀ ਹੈ ਜੁ ਉਹ ਸਰੀਰ ਦੀਆਂ ਲੋੜਾਂ ਤਾਂ ਪੂਰੀਆਂ ਕਰੇ ਪਰ ਸ੍ਰੀਰਕ ਸੁਆਦਾਂ ਦੇ ਅਧੀਨ ਹੋ ਖਾਹਸ਼ਾਂ ਦਾ ਪਾਬੰਦ ਨਾ ਹੋਵੇ। ਰੂਹਾਨੀ ਜੀਵਨ ਨਾਲ ਸੰਬੰਧ ਰੱਖਣ ਦੇ ਕਾਰਨ ਸਰੀਰ ਨੂੰ ਸਾਫ ਤੇ ਸੁਵੱਛ ਰੱਖਣਾ ਬੜਾ ਜ਼ਰੂਰੀ ਹੈ, ਇਸੇ ਲਈ ਹੀ ਖਾਲਸੇ ਨੂੰ ਨਿਤਾਪ੍ਰਤਿ ਇਸ਼ਨਾਨ ਕਰਨ ਦਾ ਹੁਕਮ ਹੈ, ਪਰ ਕੇਸ ਕਟਾਣਾ ਕਿਸੇ ਲੋੜ ਕਰਕੇ ਨਹੀਂ ਹੈ, ਉਹ ਤਾਂ ਭੋਗ ਬ੍ਰਿਤੀ ਵਿਚ ਬੈਠ ਕੇ ਸਰੀਰ ਵਿਚ ਇਕ ਨਵੀਂ ਸੁੰਦਰਤਾ ਪੈਦਾ ਕਰਨ ਦੇ ਖਿਆਲ ਨਾਲ ਹੀ ਸ਼ੁਰੂ ਹੁੰਦਾ ਹੈ। ਸੋ ਖਾਲਸੇ ਨੇ ਤਾਂ ਨਫਸ ਤੇ ਪਹਿਰਾ ਦੇਣਾ ਹੈ ਤੇ ਇਸ ਦੀਆਂ ਵਧੀਆਂ ਹੋਈਆਂ ਵਾਗਾਂ ਨੂੰ ਹੋੜਨਾਂ ਹੈ, ਉਸ

ਦੇ ਕੋਲ ਇਤਨਾਂ ਸਮਾਂ ਹੀ ਨਹੀਂ ਜੁ ਇਸ ਦੀਆਂ ਗੈਰ-ਜ਼ਰੂਰੀ ਮੰਗਾਂ ਪੂਰੀਆਂ ਕਰਨ ਵਿਚ ਲਾਇਆ ਕਰੇ। ਉਸ ਨੇ ਏਥੇ ਆਤਮ-ਰਸਕ ਪੁਰਖਾਂ ਦੇ ਮਗਰ ਲਗਣਾ ਹੈ, ਭੋਗੀਆਂ ਦਾ ਪਿੱਛਾ ਛੱਡਣਾ ਹੈ ਤੇ ਕੇਸ ਕਟਾਣ ਦੀ ਵਾਧੂ ਆਦਤ ਨੂੰ ਗਲ ਨਹੀਂ ਮੜ੍ਹ ਲੈਣਾ। ਸੋ ਖਾਲਸਾ ਬਚਨ ਕਰੇ ਜੋ ਭੋਗੀਆਂ ਤੇ ਅੱਯਾਸ਼ਾਂ ਦੀ ਕੁਸੰਗਤ ਕਰਕੇ ਉਹ ਇਸ ਆਦਤ ਨੂੰ ਨਹੀਂ ਲੈ ਲਵੇਗਾ, ਸਗੋਂ ਸੁਅਸਥ ਹੋ ਕੇ ਆਪਣੇ ਬਚਨ ਤੇ ਪਹਿਰਾ ਦੇਵੇਗਾ। *(ਅੰਮ੍ਰਿਤ)*

# ਕੇਸਾਂ ਨਾਲ ਪ੍ਰੇਮ ਤੇ ਹਿਫਾਜ਼ਤ

ਵੱਸ ਲਗਦਿਆਂ ਸਾਬਣਾਂ ਨਾਲ ਕੇਸ ਧੋਣ ਦੀ ਆਦਤ ਨਹੀਂ ਪਾਉਣੀ ਚਾਹੀਦੀ। ਘਰ ਦੀ ਖੱਟੀ ਲੱਸੀ ਬਹੁਤ ਅੱਛੀ ਚੀਜ਼ ਹੈ। ਪਰ ਗਰਮ ਪਾਣੀ ਨਾਲ ਖਟਾਈ ਦੂਰ ਕਰਨੀ ਜ਼ਰੂਰੀ ਹੁੰਦੀ ਹੈ। ਦਹੀਂ ਨਾਲ ਸ਼ਨਾਨ ਕਰਨ ਨਾਲ ਤੇਲ ਲੌਣ ਦੀ ਲੋੜ ਹੀ ਨਹੀਂ ਰਹਿੰਦੀ। ਕੇਸ ਸੁਕਾਏ (ਹਰੇ ਕਰਨੇ) ਬਿਨਾਂ ਗਿੱਲੇ ਬਹੁਤਾ ਸਮਾਂ ਬੰਨ੍ਹ ਕੇ ਨਹੀਂ ਰੱਖਣੇ ਚਾਹੀਦੇ। ਹਮੇਸ਼ਾਂ ਸਕੇਸ਼ੀ ਸ਼ਨਾਨ ਕਰਨ ਵਾਲੇ ਬਹੁਤ ਧਿਆਨ ਰੱਖਣ।

ਕੇਸ ਛੇਤੀ ਹਰੇ ਨਾ ਕਰਨ ਕਰਕੇ ਕੰਨਾਂ ਵਿਚ ਨੁਕਸ ਪੈਣ ਦਾ ਡਰ ਰਹਿੰਦਾ ਹੈ। ਗਿੱਲੇ ਕੇਸਾਂ ਵਿੱਚ ਕੰਘਾ ਫੇਰਨ ਨਾਲ ਕੇਸ ਫਟ ਕੇ ਖਰਾਬ ਹੋ ਜਾਂਦੇ ਹਨ। ਗੁਰੂ ਸਾਹਿਬਾਂ ਨੇ ਅੰਮ੍ਰਿਤ ਛਕਾਉਣ ਵੇਲੇ ਕੇਸਾਂ ਵਿਚ ਅੰਮ੍ਰਿਤ ਸਿੰਚਣੇ ਦੀ ਮਰਯਾਦਾ ਚਲਾਈ। ਕੇਸਾਂ ਦਾ ਮਹਾਨ ਅਦਬ ਰਖਿਆ, ਸਿਖ ਧਰਮ ਵਿਚ ਕੇਸਾਂ ਨੂੰ ਜੂਠੇ ਹੱਥ ਲਾਉਣ ਵਾਲਾ ਦੰਡ ਦਾ ਭਾਗੀ ਮੰਨਿਆ ਹੈ। ਸਿੱਖ ਕੇਸਾਂ ਨੂੰ 'ਗੁਰੂ ਕੀ ਮੋਹਰ' ਕਹਿੰਦੇ ਹਨ। ਬਾਦਸ਼ਾਹੀ ਛੱਤ੍ਰ (ਤਾਜ) ਦੀ ਤਰ੍ਹਾਂ ਅਦਬ ਰਖਦੇ ਹਨ।

ਧੌਲੇ ਕੇਸਾਂ ਦਾ ਨਾਮ 'ਹੀਰੇ' ਕਹਿੰਦੇ ਹਨ। ਕੇਸਾਂ ਦੀ ਬੇਅਦਬੀ ਦਾ ਨਾਮ ਬੱਜਰ ਕੁਰਹਿਤ ਹੈ। ਸਿੱਖ ਦੇ ਕੇਸ ਫੜ ਕੇ ਧੂਹਣ ਵਾਲਾ ਅਪਰਾਧੀ ਹੈ। (ਪੜ੍ਹੋ ਗ੍ਰੰਥਿ ਸਿੱਖ ਕਾਨੂੰਨ)। ਸਿੱਖ ਨੰਗੇ ਸਿਰ ਨਹੀਂ ਫਿਰ ਸਕਦਾ (ਹਵਾ ਲਗਾਉਣੀ ਹਰੇ ਕਰਨੇ ਇਹ ਅੱਡਰੀ ਬਾਤ ਹੈ) ਸਿੱਖ ਬੋਲਿਆਂ ਵਿਚ ਦਸਤਾਰ ਦਾ ਨਾਮ ਕੇਸਕੀ (ਕੇਸ ਢੱਕਣੀ) ਹੈ। ਅੰਮ੍ਰਿਤ ਛਕ ਕੇ ਜਿਸ ਨੇ ਕੇਸ ਮੁਨਾਏ ਹੋਣ ਉਸ ਨੂੰ "ਸਿਰਗੁੰਮ" ਕਿਹਾ ਜਾਂਦਾ ਹੈ, ਗੁਰੂ ਕਾ ਹੁਕਮ ਹੈ—"ਸਿਰ ਗੁੰਮਨ ਕੇ ਮੁਖ ਨਾ ਲਾਗੋ" ਭਾਵ ਕੇਸ ਕਤਲ ਕਰਾਉਣ ਵਾਲੇ ਸਿੱਖ ਦਾ ਦਰਸ਼ਨ ਕਰਨਾ ਭੀ ਮਾੜਾ ਹੈ, ਸਿਰਗੁੰਮਾਂ ਨਾਲ ਵਰਤਣ ਦੀ ਆਗਿਆ ਨਹੀਂ ਹੈ, ਗੁਰ ਸੋਭਾ ਗ੍ਰੰਥ ਵਿਖੇ ਲਿਖਿਆ ਹੈ ਕਿ ਖੰਡੇ ਦੇ ਅੰਮ੍ਰਿਤ ਛਕਾਉਣ ਪਰ ਅੰਮ੍ਰਿਤਧਾਰੀ ਖਾਲਸੇ ਨੇ ਆਪਣੀ ਲੰਗਰ ਦੀ ਪੰਗਤੋਂ

Sri Satguru Jagjit Singh Ji eLibrary NamdhariElibrary@gmail.com

ਸਿਰਗੁੰਮਾਂ ਨੂੰ ਵੱਖਰਾ ਕਰ ਦਿਤਾ ਸੀ, ਜਿਸ ਪਰ ਕਾਫੀ ਝਗੜਾ ਭੀ ਰਿਹਾ। ਮੋਨੇ ਚਿੜ ਗਏ ਕਿ ਕੇਸਾਧਾਰੀ ਸਾਨੂੰ ਮਾੜਾ ਮੰਨਦੇ ਹਨ, ਸਰਕਾਰ ਤਕ ਅਰਜ਼ੀ ਗਈ ਸੀ। ਇਹ ਪ੍ਰਸੰਗ ਗੁਰੂ ਸੋਭਾ ਗ੍ਰੰਥ ਵਿਚ ਵਿਸਥਾਰ ਨਾਲ ਲਿਖਿਆ ਮਿਲ਼ਦਾ ਹੈ। ਖਾਲਸੇ ਰਹਿਤਨਾਮੇ ਉਸੀ ਵੇਲੇ ਬਣੇ, ਜਿਨ੍ਹਾਂ ਵਿਚ ਖਾਲਸੇ ਨੂੰ ਹਿਦਾਇਤ ਕੀਤੀ ਗਈ ਹੈ ਕਿ ਮੋਨੇ ਦੇ ਹੱਥ ਦਾ ਅਹਾਰ ਨਹੀਂ ਕਰਨਾ। ਮੋਨੇ ਤੇ ਸਿਰਗੁੰਮ ਅਰ ਨੰਗੇ ਸਿਰ ਵਾਲੇ ਨੂੰ ਲੰਗਰ ਵਿਚ ਦਾਖਲ ਨਹੀਂ ਹੋਣ ਦੇਣਾ। ਪਰ ਸ਼ੋਕ ! ਸਿੱਖਾਂ ਵਿਚ ਢਿਲਤਾ ਆਉਣ ਕਰਕੇ ਮੋਨਿਆਂ ਨਾਲ ਖਾਣ-ਪੀਣ ਸਾਂਝਾ ਹੁੰਦਾ ਜਾ ਰਿਹਾ ਹੈ, ਜਿਸ ਕਰਕੇ ਸਿੱਖ ਕਮਜ਼ੋਰ (ਧਾਰਮਕ ਅਣਖ ਹੀਣੇ) ਹੁੰਦੇ ਜਾ ਰਹੇ ਹਨ।

## ਵੇਦ ਮੱਤ ਤੇ ਕੇਸ

**ਰਿਗਦੇਵ ਦੇ ਮੰਤ੍ਰ ੬ ਸੂ: ੫੫ ਦੇ ਮੰਡਲ ੨ ਵਿਚ ਅਰ ਬ੍ਰਹਮਚਾਰੀ ਲਈ ਜਟਾ-ਜੂਟ ਰਹਿਣ ਦਾ ਨੇਮ ਹੈ। ਇਸੇ ਤਰ੍ਹਾਂ ਮੰਤ੍ਰ ੧ ਸੂ: ੧੧੪ ਦੇ ਮੰਡਲ ਪੰਜ ਵਿਚ ਦੱਸਿਆ ਹੈ ਕਿ ਅਸਤ੍ਰ ਤੇ ਸ਼ਸਤ੍ਰਧਾਰੀ (ਛੱਤ੍ਰੀ) ਬ੍ਰਹਮਚਾਰੀ ਅਰ ਵੈਦ ਦੇ ਸਿਰ ਪਰ ਕੇਸ ਜ਼ਰੂਰੀ ਹਨ ਅਰ ਕਾਰੀਗਰਾਂ (ਇੰਜੀਨੀਅਰ) ਦੇ ਸਿਰ ਪਰ ਭੀ (੩—੪ ੫ : ੧)।**

ਸਿਧਾਂਤ ਇਹ ਹੈ ਦਿਮਾਗੀ ਪੁਰਸ਼ਾਂ ਲਈ ਕੇਸਾਂ ਦੀ ਧਾਰਨਾ ਲਾਜ਼ਮੀ ਲਿਖੀ ਹੈ। ਹਿੰਦੂ ਧਰਮ ਵਿਖੇ ਜਿਤਨੇ ਭੀ ਫਿਲਾਸਫਰ (ਦਿਮਾਗੀ, ਸਾਇੰਸਦਾਨ ਜਾਂ ਵਿਦਵਾਨ ਮਹਾਤਮਾ ਪੁਰਸ਼ ਹੋਏ ਹਨ, ਹਰ ਇਕ ਦੇ ਸਿਰ ਪਰ ਕੇਸ ਸਨ। ਪਿਛਲੇ ਸਮੇਂ ਉਪਦੇਸ਼ਕਾਂ, ਬਿਜਲੀ ਦੇ ਕੰਮ ਕਰਨ ਵਾਲਿਆਂ, ਯੱਗ ਕਰਨ ਤੇ ਕਰਾਉਣ ਵਾਲਿਆਂ ਲਈ ਧਾਰਮਕ ਤੌਰ ਤੇ ਕੇਸਾਂ ਦਾ ਧਾਰਨੀ ਹੋਣਾ ਲਾਜ਼ਮੀ ਰਖਿਆ ਸੀ। (ਪੜ੍ਹੋ ਰਿਗ ਵੇਦ ਦੇ ਮੰਤ੍ਰ ੩—੧੪ ਮੰ: ੧ ਅਤੇ ੩-੧੭-੧) ਹਿੰਦੂ ਧਰਮ ਦਾ ਜੋ ਕਿ ਪਹਿਲਾ ਅਰ ਮੁੱਢਲਾ (ਸ਼ਰੋਮਣੀ) ਧਰਮ ਪੁਸਤਕ ਹੈ, ਉਸ ਵਿਚ ਕਿਤਨੀ ਜਗ੍ਹਾ ਕੇਸਾਂ ਅਰ ਦਾੜ੍ਹੀ ਦੀ ਤਾਰੀਫ ਅਰ ਪ੍ਰਸੰਸਾ ਹੈ। ਜੈਸਾ ਕਿ ਰਿਗਵੇਦ ਦੇ ੮-੩੨-੨੯; ੩-੬-੬ ਅਰ ੧-੭੯-੧। ੧-੧੬੪-੪੪ ਆਦਿ ਅਨੇਕਾਂ ਮੰਤ੍ਰ ਹਨ।

ਦੂਜਾ ਗ੍ਰੰਥ ਯਹੁਰਵੇਦ ਹੈ। ਇਸ ਵਿਚ ਰਿਗ ਵੇਦ ਨਾਲੋਂ ਭੀ ਵਧ ਕੇਸਾਂ ਦਾ ਜ਼ਿਕਰ ਹੈ, ਜੈਸਾ ਕਿ ਅਧਿਆਇ ੨੦ ਦੇ ਮੰਡਲ ਪੰਜ ਵਿਚ ਅ: ੧੧ ਦੇ ਮੰਡਲ ੫੬ ਅਰ ਅ: ੧੬ ਦਾ ਮੰਡਲ ੨੯ ਅ: ੧੬ ਮੰ: ੫੯ ਅਰ ਅ: ੧੬ ਦਾ ੪੦ ਅਰ ੪੩ ਆਦਿ, ਇਨ੍ਹਾਂ ਵਿਚ ਸਪੱਸ਼ਟ ਹੈ ਕਿ ਕੇਸ ਅਰ ਦਾੜ੍ਹੀ ਪ੍ਰਤਾਪਵਾਨਾਂ

Sri Satguru Jagjit Singh Ji eLibrary NamdhariElibrary@gmail.com

ਮਹਾਤਮਾਂ ਪੁਰਸ਼ਾਂ ਲਈ ਸੋਭਾ ਦਾ ਕਾਰਨ ਹੈ। ਕੇਸ ਦਾਹੜੀ ਦੀ ਸੁੰਦਰਤਾ ਦੇ ਭਜਨ ਹਨ ਅਰ ਗ੍ਰਹਿਸਤੀਆਂ ਲਈ ਤਾਕੀਦ ਹੈ ਕਿ ਜਟਾ-ਜੂਟ ਰਹਿਣਾ, ਜਟਾ-ਜੂਟ ਸੰਨਿਆਸੀ ਥੀਂ ਬਿਨਾਂ ਦਾਨ ਕਿਸੀ ਨੂੰ ਨਾ ਦੇਵੇ, ਵਿਦਿਆਰਥੀ (ਬ੍ਰਹਮਚਾਰੀ) ਸਾਰੇ ਕੇਸ ਰੱਖਣ। ਕਈ ਸ਼ਲੋਕਾਂ ਵਿਚ ਦੇਵਤਿਆਂ ਦੀਆਂ ਇਸਤ੍ਰੀਆਂ ਅਰ ਮਾਤਾਵਾਂ ਦੇ ਕੇਸਾਂ ਦੀ ਸੁੰਦਰਤਾ ਦਾ ਜ਼ਿਕਰ ਹੈ ਅਰ ਸੁੰਦਰ ਕੇਸਾਂ ਦੀ ਪ੍ਰਾਰਥਨਾ ਹਨ।

ਤੀਜਾ ਗ੍ਰੰਥ ਸ਼ਾਮ ਵੇਦ ਹੈ—ਇਸ ਵਿਚ ਅਗਨੀ ਤੇ ਸੂਰਜ ਦੇਵਤੇ ਦੇ ਕੇਸ ਲਿਖੇ ਹਨ। ਕਈ ਸ਼ਲੋਕ ਹਨ (ਪੜ੍ਹੋ ਪੂ: ਪ੍ਰ: ੬ ਅ: ੩ ਦਾ: ੧੪ ਮੰਡਲ ੧੪ ਆਦਿ) ਈਸ਼੍ਵਰ ਦੀ ਉਸਤਤੀ ਭੀ ਕੇਸਾਂ ਸਹਿਤ ਹੋਣ ਵਿਚ ਗਾਈ ਹੈ (ਪੜ੍ਹੋ ਅ: ੧ ਮੰਡਲ ੬) ਇਸੀ ਪ੍ਰਕਾਰ ਅਥਰਵ ਵੇਦ ਵਿਚ ਭੀ ਕੇਸਾਂ ਦੇ ਬੇਅੰਤ ਸੋਹਿਲੇ ਗਾਏ ਹਨ (ਪੜ੍ਹੋ ਕਾਂਡ ੧੮ ਸਕ ੩੨ ਮੰਡਲ ੨ ਅਤੇ ਕਾਂਡ ੧੧ ਸੁ: ੫ ਦਾ ਮੰਡਲ ੬) ਕੇਸਾਂ ਨੂੰ ਲੰਬੇ ਕਰਨ ਲਈ ਈਸ਼ਵਰ ਅੱਗੇ ਪ੍ਰਾਰਥਨਾ ਅਰ ਔਸ਼ਧੀਆਂ ਦਾ ਜ਼ਿਕਰ ਹੈ (ਕਾ: ੬ ਸੂ: ੧੩੭ ਮੰਡਲ ੧) ਬਲਕਿ ਸਾਰੀ ਜੰਗੀ ਸਿਪਾਹ ਦਾ ਕੇਸਾਧਾਰੀ ਹੋਣਾ ਲਾਜ਼ਮੀ ਦਸਿਆ ਹੈ। *(ਪੜ੍ਹੋ ਕਾਂਡ ੧੯ ਸੁ: ੬੦ ਮੰਡਲ ੧)*

ਸਿਧਾਂਤ ਕੀ ! ਹਿੰਦੂ ਧਰਮ ਦੀਆਂ ਉਪਨਿਸ਼ਦਾਂ ਸਿਮ੍ਰਤੀਆਂ ਪੁਰਾਣਾਂ ਵਿਚ ਭੀ ਕੇਸਾਂ ਦੀ ਮਹਿਮਾਂ ਲਿਖੀ ਹੈ, ਪਹਿਲੇ ਕੇਸ ਕਟੌਣੇ ਸਜ਼ਾ ਦਾ ਚਿੰਨ੍ਹ ਸੀ, ਪਿਛੇ ਆ ਕੇ ਇਹ ਬਦਨਾਮੀ (ਨਸ਼ਰਪੁਣਾ) ਮੁੰਡਨ ਸੰਸਕਾਰ ਦੀ ਰਸਮ ਚਲਾਈ ਹੈ, ਅਰ ਹਜ਼ਾਮਤਾਂ ਦੇ ਚਿੰਨ੍ਹ ਨਾਲ ਮਜ਼੍ਹਬ ਥਾਪੇ ਗਏ। ਵੈਸੇ ਕੇਸਾਂ ਦੀ ਮਹਿਮਾਂ ਅਰ ਇੱਜ਼ਤ ਮਨੂ ਸਿਮ੍ਰਤੀ ਵਿਚ ਇਥੇ ਤੱਕ ਲਿਖੀ ਹੈ, ਯਥਾ :-'ਕੇਸਾਂ ਦਾ ਫੜਨਾ' (ਜਬਰਨ) ਮਾਰਨਾ (ਕੇਸ ਫੜ ਕੇ), ਇਹ ਦੋ ਕੰਮ ਸਿਰ ਵਿਚ ਨਾ ਕਰੇ, ਸੀਸ ਵਿਚ ਤੇਲ ਮਲ ਕੇ ਕਿਸੇ ਅੰਗ ਨੂੰ ਹੱਥ ਨਾ ਲਾਵੇ (ਪਵਿੱਤ੍ਰਤਾ ਲਈ), ਪੜ੍ਹੋ ਮਨੂ ਸਿਮ੍ਰਤੀ ਅ: ੪ ਮੰਤ੍ਰ ੮੩।

ਮਨੂ ਸਿਮ੍ਰਤੀ ਦੇ ਅਧਿਆਇ ੮ ਦੇ ਮੰਤ੍ਰ ੨੮੩ ਵਿਚ ਤਾਂ ਇਥੇ ਤਕ ਹੁਕਮ ਹੈ ਕਿ-

**ਹੰਕਾਰ ਨਾਲ ਕੇਸ਼ ਫੜਨੇ ਵਾਲੇ ਦੇ ਦੋਵੇਂ ਹੱਥ ਬਿਨਾਂ ਵਿਚਾਰੇ ਦੇ ਕਟਵਾ ਦੇਣੇ ਚਾਹੀਦੇ ਹਨ,** ਜੰਗ ਵਿਚ ਭੀ ਕੇਸ ਖੁਲ੍ਹੇ ਵਾਲਾਂ ਵਾਲੇ ਪਰ ਵਾਰ ਕਰਨਾ ਕਾਇਰਤਾ ਦਸਿਆ ਹੈ (ਪੜ੍ਹੋ ਅ: ੮ ਦਾ ਮੰਤ੍ਰ ੨੮੩ ਅਤੇ ਅ: ੭ ਦਾ ਮੰਤ੍ਰ ੯੧) ਇਸੇ ਤਰ੍ਹਾਂ ਵਸ਼ਿਸ਼ਟ ਸਿਮ੍ਰਤੀ, ਗੌਤਮ ਸਿਮ੍ਰਤੀ ਆਦਿ ਵਿਚ ਕੇਸਾਂ ਦੀ ਵੱਡੀ ਮਹਿਮਾਂ ਮਿਲਦੀ ਹੈ।

ਪਦਮ ਪੁਰਾਣ, ਦੇਵੀ ਪੁਰਾਣ, ਵਿਸ਼ਨ ਪੁਰਾਣ, ਗਰੜ ਪੁਰਾਣ ਆਦਿ ਹਰ ਇਕ ਵਿੱਚ ਕੇਸਾਂ ਦੀ ਮਹਿਮਾਂ ਲਿਖੀ ਹੈ ਅਰ ਹਰ ਇਕ ਮਹਾਤਮਾ ਦੇ ਕੇਸ ਸਨ,

Sri Satguru Jagjit Singh Ji eLibrary NamdhariElibrary@gmail.com

ਕੇਸ ਮੁਨੌਣ ਵਾਲੇ ਨੂੰ ਖਾਲਸਾ ਅਸੂਲਾਂ ਦੀ ਤਰ੍ਹਾਂ ਸਜ਼ਾ ਮਿਲਦੀ ਸੀ ਅਰ ਧਰਮੋਂ ਪਤਿਤ ਮੰਨ ਕੇ ਛੇਕਿਆ ਜਾਂਦਾ ਸੀ। ਹਰ ਇਕ ਸੰਨਿਯਾਸੀ ਦਾ ਪਹਿਰਾਵਾ ਹਿਰਨ ਦੀ ਖੱਲ ਜਾਂ ਦਰੱਖਤਾਂ ਦੀ ਖਲੜੀ ਪਹਿਰਣਾ, ਦੋਨੋਂ ਵੇਲੇ ਅਸ਼ਨਾਨ ਅਤੇ ਪੂਰਨ ਦਾਹੜੀ, ਕੇਸ ਰੱਖਣੇ (ਜਟਾ ਜੂਟ ਰਹਿਣਾ) ਜ਼ਰੂਰੀ ਹਨ। ਸਿਰ ਮੁੰਨਣਾ, ਖੋਤੇ ਪਰ ਚਾੜ੍ਹਨਾ ਇਹ ਸਜ਼ਾਵਾਂ ਮਹਾਂ ਅਪਰਾਧੀਆਂ ਲਈ ਸਨ, ਜਿਸ ਨੂੰ ਅੱਜ-ਕਲ੍ਹ ਸੰਸਕਾਰ ਜਾਂ ਧਾਰਮਕ ਚਿੰਨ੍ਹ ਕਹਿੰਦੇ ਹਨ। ਸੱਚ ਪੁਛੋ ਤਾਂ ਹਿੰਦੂ ਧਰਮ ਦੇ ਗਿਰਾਉ ਦਾ ਮੁਖ ਕਾਰਨ, ਕੇਸਾਂ ਦਾ ਮੁੰਡੌਣਾ ਹੈ।

ਸ੍ਰੀ ਮਧ ਭਾਗਵਤ ਪੁਰਾਣ ਦੇ ਸ: ੧੦ ਅ: ੫੪ ਮੰ: ੩੫ ਵਿਚ ਲਿਖਿਆ ਹੈ ਕਿ ਕ੍ਰਿਸ਼ਨ ਜੀ ਨੇ ਰੁਕਮਣੀ ਦੇ ਭਰਾਤਾ ਰੁਕਮਣ ਦਾ ਸਿਰ ਕੱਟਣ ਦੀ ਬਜਾਏ ਕੇਸ ਦਾਹੜੀ ਮੁੰਨ ਕੇ ਕਰੂਪ ਬਣਾ ਦਿਤਾ ਸੀ, ਗੌਤਮ ਸਿਮ੍ਰਿਤੀ ਵਿਖੇ ਖੁਲ੍ਹੇ ਕੇਸਾਂ ਵਾਲੇ ਨੂੰ ਮਾਰਨਾ ਪਾਪ ਲਿਖਿਆ ਹੈ। ਵਸ਼ਿਸ਼ਟ ਸਿਮ੍ਰਿਤੀ ਦੇ ਅ: ੨੦ ਵਿਚ ਦਰਜ ਹੈ ਕਿ ਬ੍ਰਾਹਮਣ ਦਾ ਧਨ ਚੁਰੌਣੇ ਵਾਲੇ ਨੂੰ ਕੇਸ ਖੋਲ੍ਹ ਕੇ ਰਾਜਾ ਦੇ ਪੇਸ਼ ਕੀਤਾ ਜਾਵੇ, ਇਹ ਭਾਰੀ ਅਪਰਾਧੀ ਦੇ ਨਿਸ਼ਾਨ ਸਨ)।

# ਕੇਸ ਤੇ ਕੁਦਰਤ

ਕੁਦਰਤ ਨੇ ਕਿਸੇ ਵੀ ਚੀਜ਼ ਨੂੰ ਸਿਰ ਤੋਂ ਨਗਨ ਨਹੀਂ ਰਖਿਆ। ਸਾਰੀ ਬਨਸਪਤੀ ਦੇ ਸਿਰ ਪਰ ਕੇਸਾਂ ਦੀ ਮਾਨਿੰਦ ਪੱਤ੍ਰ (ਟਹਿਣੀਆਂ ਪੱਤੇ ਆਦਿ) ਹਨ। ਜਿਸ ਦਰੱਖਤ ਦੇ ਪੱਤ੍ਰ ਟਹਿਣੀਆਂ ਹਮੇਸ਼ਾਂ ਕੱਟੀਏ, ਉਹ ਕਮਜ਼ੋਰ ਤੇ ਪੋਲਾ (ਥੋਥਾਂ) ਹੋ ਜਾਂਦਾ ਹੈ, ਮਿਸਾਲ ਦੇ ਤੌਰ ਪਰ ਤੂਤ, ਬੇਰੀ, ਪਿੱਪਲ ਆਦਿ ਦੇਖੋ। ਫਲਾਂ ਫੁਲਾਂ ਵਾਲੇ ਬੂਟਿਆਂ ਦੇ ਸਿਰ ਕੱਟੋ ਤਾਂ ਫਲ ਨਹੀਂ ਦਿੰਦੇ। ਅਨਾਜ ਭਾਜੀ ਆਦਿ ਦੀ ਤਾਕਤ ਉਸ ਦੇ ਪੱਤਿਆਂ ਪਰ ਹੈ, ਇਸ ਤਰ੍ਹਾਂ ਮਨੁੱਖ ਦੇ ਸੀਸ ਪਰ ਕੇਸ ਹਨ। ਮੁਰਗੇ, ਮੋਰ ਆਦਿ ਪੰਛੀ ਆਪਣੀ ਕਲਗੀ ਨਾਲ ਸੋਭਦੇ ਹਨ, ਪਹਾੜ ਭੀ ਬ੍ਰਿਛਾਂ ਦੇ ਕੇਸ ਰੱਖਦੇ ਹਨ। ਕਿਸੇ ਬ੍ਰਿਛ, ਖੇਤੀ ਆਦਿ ਦਾ ਸਿਰ ਕੱਟੀਏ, ਉਹ ਉਜਾੜੀ, ਮੁਰੀਡਾ (ਟੁੰਡ-ਮੁੰਡ) ਕਹਿਲਾਵੇਗੀ, ਛਾਂਗਿਆਂ ਦਰੱਖਤ ਸੁੰਦਰਤਾਹੀਣ ਹੁੰਦਾ ਹੈ। ਕੁੱਤੇ ਬਿੱਲੇ ਆਦਿ ਭੀ ਜੇ ਕੇਸ ਮੁੰਡੇ ਜਾਣ ਤਾਂ ਸੁੰਦਰਤਾਹੀਣੇ ਹੋ ਜਾਂਦੇ ਹਨ। ਸੀਸ ਤੋਂ ਦਸਤਾਰ ਉਤਾਰਨੇ ਸੇ ਮਨੁੱਖ ਦੀ ਸਭਿਅਤਾ ਵਿਚ ਫਰਕ ਦਿਸੇਗਾ। ਬੈਲਾਂ, ਮੱਝਾਂ ਦੇ ਸਿੰਗ ਕੱਟਣ ਨਾਲ ਉਹ ਕੋਹਝੇ ਹੋ ਜਾਂਦੇ ਹਨ। ਹਿਰਨ ਬਾਰਾਂਸਿੰਗੇ ਆਦਿ ਸਿੰਗਾਂ ਨਾਲ ਸੁੰਦਰ ਸਰੂਪ ਹਨ। ਇਸੇ ਤਰ੍ਹਾਂ ਮਨੁੱਖ ਦੀ ਸੁੰਦਰਤਾ ਕੇਸਾਂ ਵਿੱਚ ਹੈ, ਤਦੇ ਕੇਸਾਂ ਵਿੱਚ ਕਾਮ ਦਾ ਵਾਸਾ ਦੱਸਿਆ ਹੈ, ਜਿਸ ਨੂੰ ਮਦਨ, ਮਹਾਂ

Sri Satguru Jagjit Singh Ji eLibrary NamdhariElibrary@gmail.com

ਸੁੰਦਰ ਕਿਹਾ ਹੈ ।

ਸ੍ਰੀ ਮਾਨ ਭਾਈ ਨੰਦ ਲਾਲ ਜੀ ਜੋ ਕਿ ਗੁਰੂ ਜੀ ਦੇ ਅਤਿ ਪ੍ਰੇਮੀ ਸਨ, ਜਦੋਂ ਤਕ ਭਾਈ ਸਾਹਿਬ ਨੇ ਕੇਸ ਰੱਖ ਕੇ ਅੰਮ੍ਰਿਤ ਨਹੀਂ ਛਕਿਆ, ਹਜ਼ੂਰੀ ਵਿਖੇ ਜਗ੍ਹਾ ਨਹੀਂ ਬਖਸ਼ੀ। ਹਜ਼ੂਰ ਸਾਹਿਬ ਦਾ ਜ਼ਿਕਰ ਹੈ ਕਿ ਗੁਰੂ ਸਾਹਿਬ ਜੀ ਦੇ ਇਕ ਹਜ਼ੂਰੀ ਸਿੱਖ ਨੇ ਆਪਣੇ ਦਾੜ੍ਹੇ ਵਿਚੋਂ ਇਕ ਧੌਲਾ (ਚਿੱਟਾ-ਕੇਸ) ਨਿਕਾਲ ਦਿਤਾ ਸੀ, ਜਿਸ ਨੂੰ ਸਿੱਖ ਬੋਲਿਆਂ ਵਿੱਚ ਹੀਰਾ ਕਿਹਾ ਜਾਂਦਾ ਹੈ । ਇਸ ਪਰ ਗੁਰੂ ਜੀ ਨੇ ਉਸ ਨੂੰ ਸੰਗਤ ਵਿਚੋਂ ਬਾਹਰ ਨਿਕਾਲ ਦਿਤਾ ਸੀ, ਹੁਕਮ ਦਿਤਾ ਕਿ ਸਾਡੇ ਸਨਮੁਖ ਨਾ ਆਵੇ ।

ਇਸ ਕਰਕੇ ਧੌਲੇ ਚੁਗਣੇ ਭੀ ਸਿੱਖਾਂ ਵਿਚ ਬੱਜਰ ਕੁਰਹਿਤ ਹੈ ਅਰ ਉਹ ਦੁਬਾਰਾ ਅੰਮ੍ਰਿਤ ਛਕਣ ਦਾ ਭਾਗੀ ਹੈ। ਖਾਲਸਾ ਰਹਿਤਨਾਮੇ ਵਿਖੇ ਹੁਕਮ ਹੈ—ਸਿੱਖ ਧੌਲੇ ਨਾ ਚੁਗੇ ।

## ਕਤੇਬੀ ਮਤ ਤੇ ਕੇਸ

ਹਜ਼ਰਤ ਮੂਸਾ ਦੇ ਪੈਰੋਕਾਰ (ਮੁਸਾਈ) ਯਹੂਦੀ, ਜੋ ਕਿ ਤੌਰੇਤ ਨੂੰ ਅਸਮਾਨੀ ਪੋਥੀ ਮੰਨਦੇ ਹਨ, ਉਸ ਵਿੱਚ ਦਰਜ ਹੈ ਕਿ ਖੁਦਾ ਨੇ ਆਦਮ ਨੂੰ ਆਪਣੀ ਸੂਰਤ ਪਰ ਰਚਿਆ (ਪੜ੍ਹੋ ਬਾਬ ੧ ਆਇਤ ੨੬, ੨੭, ੨੮)। ਬਾਬਾ ਆਦਮ ਦੀ ਤਸਵੀਰ ਬਾਇਬਲ ਆਦਿ ਗ੍ਰੰਥਾਂ ਵਿੱਚ ਦਾੜ੍ਹੀ ਤੇ ਕੇਸਾਂ ਸਹਿਤ ਹੈ । ਸੈਮਸੂਨ ਦੀ ਕਥਾ ਜੋ ਕਿ ਬਾਬ ੬੧੩ ਆਇਤ ੧ ਤੋਂ ੫, ੬ ਅਰ ੨੪, ੨੫ ਵਿਚ ਮਿਲਦੀ ਹੈ। ਇਸ ਤੋਂ ਸਿੱਧ ਹੈ ਕਿ ਬਾਈਬਲ ਦੇ ਪ੍ਰਚਾਰਕ ਕੇਸਾਂ ਨੂੰ ਮਹਾਨ ਉੱਚਾ ਦਰਜਾ ਦਿੰਦੇ ਸਨ। ਖੁਦਾ ਦੇ ਨਜ਼ੀਰ ਲਈ ਕੇਸ ਰੱਖਣੇ ਲਾਜ਼ਮੀ ਦਸੇ ਸਨ । ਹਜ਼ਰਤ ਨੂਹ ਦੀ ਤਸਵੀਰ ਜੋ ਬਾਈਬਲ ਵਿਚ ਦਿਤੀ ਹੈ, ਸਾਬਤ ਕੇਸ ਅਤੇ ਦਾੜ੍ਹੇ ਨਾਲ ਹੈ। ਹਜ਼ਰਤ ਯਾਕੂਬ ਭੀ ਜਟਾਜੂਟ ਸਨ। ਖੁਦਾ ਨੇ ਮੂਸਾ ਪੈਗੰਬਰ ਨੂੰ ਜੋ ਹੁਕਮ ਬਨੀ ਅਸਰਾਈਲ ਕੌਮ ਲਈ ਦਿਤੇ ਸਨ ਉਨ੍ਹਾਂ ਵਿਚ ਇਹ ਭੀ ਹੁਕਮ ਹੈ—ਤੁਸੀਂ ਆਪਣੇ ਸਿਰਾਂ ਦੀਆਂ ਗਠਾਂ ਨਾ ਮੁਨਾਓ, ਅਰ ਆਪਣੀ ਦਾੜ੍ਹੀ ਦੇ ਕੋਨੇ ਨਾ ਵਿਗਾੜੋ । (ਭਾਵ ਸਾਬਤ ਸੂਰਤ ਰਹੋ) । *(ਪੜ੍ਹੋ ਆਇਤ ੨੭ ਬਾਬ ੧੯)*

ਜਦ ਮੂਸਾ ਪੈਗੰਬਰ ਦੀ ਕੌਮ ਨੂੰ ਕੇਸ ਰਖਣੇ ਦਾ ਖੁਦਾਈ ਹੁਕਮ ਹੈ, ਫਿਰ ਮੁਸਾਈ ਬਾਗ਼ੀ ਕਿਉਂ ਹੋਣ ? ਸਿਧਾਂਤ ਕੀ ! ਤੌਰੇਤ, ਜ਼ੰਬੂਰ, ਅੰਜੀਲ, ਕੁਰਾਨ ਚਾਰੇ ਕਤੇਬਾਂ ਵਿੱਚ ਕੇਸਾਂ ਤੇ ਦਾੜ੍ਹੀ ਦੀ ਇੱਜ਼ਤ ਦੇ ਕਾਫੀ ਪ੍ਰਸੰਗ ਮਿਲਦੇ ਹਨ । ਇਸਲਾਮ ਦੇ ਅਰਥ ਭੀ ਕਰਤਾਰ ਦੇ ਹੁਕਮ ਨੂੰ ਮੰਨਣੇ ਵਾਲੇ ਹਨ। ਜਾਂ ਤੇ ਉਸ ਦਾ ਹੁਕਮੀ ਬੰਦਾ ਕੇਸਾਂ ਥੀਂ ਮੁਨਕਰ ਨਹੀਂ ਹੋ ਸਕਦਾ, ਨਜੀਰ ਜਾਂ ਪਵਿੱਤ੍ਰ ਪੁਰਸ਼

Sri Satguru Jagjit Singh Ji eLibrary NamdhariElibrary@gmail.com

ਅਥਵਾ ਖੁਦਾ ਦੇ ਨੇੜੇ ਹੋਣ ਵਾਲੇ ਲਈ ਕੇਸ ਰੱਖਣ ਨੂੰ ਕਤੇਬ ਮਤਾਂ ਵਲੇ ਮੰਨਦੇ ਜ਼ਰੂਰ ਹਨ ਪਰ ਅਮਲ ਨਹੀਂ ਕਰਦੇ।

ਹਜ਼ਰਤ ਮੁਹੰਮਦ ਸਾਹਿਬ ਦੇ ਪੂਰਨ ਕੇਸ ਹੋਣ ਦੀਆਂ ਗਵਾਹੀਆਂ ਮੁਸਲਮਾਨ ਵਿਦਵਾਨਾਂ ਦੇ ਲਿਖੇ ਗ੍ਰੰਥਾਂ ਤੋਂ ਹੀ ਬਹੁਤ ਮਿਲਦੀਆਂ ਹਨ। ਪ੍ਰਸਿੱਧ ਵਿਦਵਾਨ ਮੌਲਾਨਾ ਸ਼ਿਵਲੀ ਨੇ ਆਪਣੀ ਕਤਾਬ ਸੀਰਤਉ ਨਬਵੀ ਵਿਚ ਲਿਖਿਆ ਹੈ, ਹਜ਼ਰਤ ਅਸਮਾਈਲ ਦੇ ਖਾਨਦਾਨ ਦੇ ਲੋਕੀ ਕੇਸ (ਵਾਲ) ਨਹੀਂ ਮੁਨਾਉਂਦੇ ਸਨ। ਖ੍ਵਾਜਾ ਹਸਨ ਨਜ਼ਾਮੀ (ਦੇਹਲਵੀ) ਨੇ ਆਪਣੀ ਕਿਤਾਬ 'ਕਬਰੋਂ ਕੇ ਗੈਬੀ ਨਵਿਸਤੇ' ਵਿਚ ਮੁਹੰਮਦ ਸਾਹਿਬ ਜੀ ਦੀ ਸਰੀਰਕ ਰਹਿਤ ਬਾਰੇ ਲਿਖਿਆ ਹੈ, 'ਬੂਟਾ ਜਿਹਾ ਕਦ ਤੇ ਲੰਮੇ-ਲੰਮੇ ਵਾਲ ਖੁਲ੍ਹੇ, ਸਿਰ ਤੇ ਪਗੜੀ ਬੰਨ੍ਹੀ, ਹੱਥ ਵਿੱਚ ਲੱਕੜੀ ++++।'

ਅਕਸਰ ਸੂਫੀ ਅਰ ਵਾਹਬੀ ਮੁਸਲਮਾਨ ਹੁਣ ਭੀ ਕੇਸਾਂ ਸਹਿਤ ਦੇਖੇ ਜਾਂਦੇ ਹਨ। ਬੁਖਾਰੀ ਕਿਤਾਬ ਬਦਾਅਲਖਲਕ ਵਿੱਚ ਜ਼ਿਕਰ ਹੈ ਕਿ ਹਜ਼ਰਤ ਈਸਾ ਦਾ ਸੁਰਖ ਰੰਗ, ਘੁੰਗਰਿਆਲੇ ਵਾਲ, ਸੀਨਾ ਚੌੜਾ ਸੀ। ਮੁਹੰਮਦ ਸਾਹਿਬ ਨੇ ਆਪਣੇ ਸੁਪਨੇ ਦੇ ਵਿੱਚ ਈਸਾ ਜੀ ਦੇ ਹੁਲੀਏ ਬਾਰੇ ਲਿਖਿਆ ਹੈ ਕਿ **ਉਸਦੇ ਵਾਲ ਮੋਢਿਆਂ ਤੀਕਰ ਲੰਮੇ ਸਨ** ਅਰ ਸਿੱਧੇ ਸਨ, ਜਾਣੋ ਕੰਘੀ ਫੇਰੀ ਹੈ। ਮੈਂ ਪੁਛਿਆ ਇਹ ਕੌਣ ਹੈ, ਤਾਂ ਲੋਕਾਂ ਨੇ ਕਿਹਾ ਮਰਯਮ ਦਾ ਪੁਤਰ ਈਸਾ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ ਕੇਸਾਂ ਦੀ ਇਥੇ ਤਕ ਪਵਿਤ੍ਰਤਾ ਦੱਸੀ ਹੈ ਕਿ **ਬਿਨਾਂ ਕੇਸ਼ ਰਖੇ ਦੇ ਹੱਜ ਨਹੀਂ ਹੋ ਸਕਦਾ,** ਜੈਸਾ ਕਿ ਵਾਸਤਿਮੁਲ ਹੱਜ ਵੱਲ ਉਮਰਤਾ ਲਿਲਾਹਫਇਨ ਉਹਸਿਰ ਤੁਮ ਫੁਮਸ ਤੈਸਰਾ ਮਿਲਨ ਹਦਯੇ ਵਲਾ ਤਾਹਲੇ ਕੂ ਰੋਊਸਾ ਕੁਮ। *(ਸਿ: ਕ: ਸੂਰਤ ਬਕਰ, ਰਕੂ ੨੪ ਆਇਤ ੧੯੪)*

ਅਰਥ—ਪੂਰਨ ਕਰੋ ਹੱਜ ਨੂੰ ਤੇ ਉਮਰਾ ਨੂੰ ਵਾਸਤੇ ਅੱਲਾ ਦੇ ਪਸ ! ਜੇ ਘੇਰੇ ਜਾਉ ਤੁਸੀਂ ਪਸ ! ਜੋ ਕੁਝ ਪ੍ਰਾਪਤ ਹੋ ਸਕੇ ਕੁਰਬਾਨੀ ਤੋਂ ਤੇ ਨਾ ਮੁਨਾਓ ਸਿਰਾਂ ਆਪਣਿਆਂ ਨੂੰ।

ਹਜ਼ਰਤ ਸਾਹਿਬ ਦੇ ਉਕਤ ਥੀਂ ਜਾਣਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕੇਸਾਂ ਨਾਲ ਅਤਿ ਦਾ ਪ੍ਰੇਮ ਸੀ। ਕੇਸ ਮੁੰਡੌਣ ਨੂੰ ਆਪ ਜੀ ਸ਼ੋਕ (ਗਮੀ, ਅਫਸੋਸ) ਸਮਾਂ ਮੰਨਦੇ ਸਨ।

## ਕੇਸ ਅਤੇ ਹੁਜਤੀ ਸੱਜਣ

ਪੰਜਾਬੀ ਕਹਾਵਤ ਹੈ, 'ਮਨ ਹਰਾਮੀ ਹੁੱਜਤਾਂ ਢੇਰ', ਹੁੱਜਤੀਆਂ ਨੂੰ ਨਿਰਉੱਤਰ ਕਰਨਾ ਕਠਨ ਹੈ, ਤਰਕਬਾਜ਼ ਨਿੰਦਕ ਹੁੱਜਤੀ ਆਪਣੀ ਆਦਿਤ ਦੇ ਬਹੁਤ ਪੱਕੇ ਹੁੰਦੇ ਹਨ। ਗੁਰੂ ਹੁਕਮ ਹੈ—'ਅਵਖਧ ਸਭੇ ਕੀਤੀਅਨੁ ਨਿੰਦਕ ਕਾ ਦਾਰੂ ਨਾਹਿ'॥

Sri Satguru Jagjit Singh Ji eLibrary NamdhariElibrary@gmail.com

(ਪੰਨਾ ੩੧੫) ਜਿਸ ਨੇ ਵਿਚਾਰ ਨੂੰ ਮੰਨਣਾਂ ਹੀ ਨਹੀਂ ਉਸ ਦਾ ਇਲਾਜ 'ਮੂਰਖ ਗੰਢ ਪਵੈ ਮੁਹਿ ਮਾਰ' ਅਨੁਸਾਰ ਹੀ ਹੁੰਦਾ ਹੈ। ਕਈ ਪੁਰਸ਼ ਐਸੇ ਭੀ ਦੇਖੇ ਜਾਂਦੇ ਹਨ ਜੋ ਕਿ ਸਿਰ ਪਰ [੨੦]ਕੇਸ ਹੁੰਦੇ ਹੋਏ ਕੇਸਾਂ ਦੇ ਵਿਰੁੱਧ ਬੋਲਦੇ ਰਹਿੰਦੇ ਹਨ, ਅਸਲੋਂ ਉਨ੍ਹਾਂ ਦਾ ਸੁਭਾਵ ਹੀ ਹੁੱਜਤੀ ਹੁੰਦਾ ਹੈ। ਗੁਰਵਾਕ ਹੈ—'ਪਹਿਲੇ ਮਨ ਪ੍ਰਬੋਧੇ ਅਪਣਾ, ਪਾਛੈ ਅਵਰ ਰੀਝਾਵੈ' ਜੇਕਰ ਐਸੇ ਭਾਈ ਪਹਿਲਾਂ ਆਪਣਾ ਸਿਰ ਮੂੰਹ ਮੁੰਡਾ ਕੇ ਅਰ ਆਪਣੇ ਲੜਕੇ ਲੜਕੀਆਂ ਤੇ ਮਾਵਾਂ ਭੈਣਾਂ ਦੇ ਸਿਰ ਚੱਟਮ ਕਰਾ ਕੇ ਕੇਸਾਂ ਦੀ ਵਿਰੋਧਤਾ ਕਰਨ ਤਾਂ ਕਿਸੇ ਹੱਦ ਤੱਕ ਉਨ੍ਹਾਂ ਦੀ ਚਰਚਾ ਕਰਨੀ ਜਾਇਜ਼ ਹੈ। ਕਿਉਂਕਿ ਜਿਸ ਦੀ ਮਾਤਾ, ਭੈਣ, ਇਸਤ੍ਰੀ, ਬੇਟੀ ਦੇ ਸਿਰ ਕੇਸ ਹਨ ਉਹ ਕਿਸ ਤਰ੍ਹਾਂ ਕਹਿ ਸਕਦਾ ਹੈ ਕਿ ਕੇਸ ਰਖਣੇ ਫਜ਼ੂਲ ਹਨ ਜਾਂ ਸਿਰ ਪਰ ਬੋਝ ਆਦਿ ਹੇਨ, ਹਾਂ ਪਹਿਲੇ ਉਹ ਘਰ ਵਿੱਚ ਉਪਦੇਸ਼ ਕਰਕੇ ਸਿਰਾਂ ਨੂੰ ਹੌਲੇ ਕਰਾਵੇ ਫਿਰ ਲੋਕਾਂ ਨੂੰ ਆਖੇ। ਜੇ ਉਹ ਆਖੇ ਕਿ ਕੇਸ ਰਖਣੇ ਜਾਂਗਲੀਆਂ ਦਾ ਕੰਮ ਹੈ ਸਭ ਥੀਂ ਪਹਿਲੇ ਸਾਡੇ ਪੀਰ ਪੈਗੰਬਰ ਅਵਤਾਰ ਗੁਰੂ ਦੇਵਤੇ ਜਾਂਗਲੀ ਸਿੱਧ ਹੋਣਗੇ। ਸਾਡੀ ਜਾਚੇ ਐਸਾ ਕਹਿਣਾ ਬਜ਼ੁਰਗਾਂ ਦੀ ਬੇਇਜ਼ਤੀ ਕਰਨੀ ਹੈ, ਤਾਂਤੇ ਸੋਚ ਕੇ ਬੋਲਣਾ ਠੀਕ ਹੁੰਦਾ ਹੈ।

ਕਈ ਵੀਰ ਭਗਤ ਕਬੀਰ ਜੀ ਦਾ ਇਹ ਸਲੋਕ ਪੜ੍ਹ ਕੇ ਕੇਸਾਂ ਦੀ ਵਿਰੋਧਤਾ ਕਰਦੇ ਹਨ ਕਿ-

***'ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥***
***ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥'***

*(ਸਲੋਕ ਕਬੀਰ ੨੫)*

ਕਈ ਸੱਜਣ ਇਸ ਦੇ ਅਰਥ ਆਪਣੀ ਪੱਖ ਸਿੱਧੀ ਲਈ ਗਲਤ ਤੇ ਪੁਠੇ-ਟੇਡੇ ਕਰਦੇ ਹਨ, ਪਰ ਇਨ੍ਹਾਂ ਹੀ ਸ਼ਲੋਕਾਂ ਵਿਖੇ ਅੱਗੇ ਜਾ ਕੇ ਕਬੀਰ ਜੀ ਨੇ ਫੁਰਮਾਇਆ ਹੈ—

***'ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥***
***ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਂਇ॥'***

*(ਸਲੋਕ ਕਬੀਰ ੧੦੧)*

੨੦ ਕੇਸ ਮਨੁੱਖ ਮਾਤਰ ਦੇ ਸਿਰ ਪਰ ਪੈਦਾ ਹੁੰਦੇ ਹਨ। ਮੁੰਡਵਾ ਦੇਣਾ ਭੁਲ ਹੈ, ਯਾਂਤੇ ਕੇਸ ਦੇਖ ਕੇ ਕਿਸੀ ਨੂੰ ਸਿੱਖ ਕਹਿਣਾ ਜਾਂ ਮੰਨਣਾ ਭੁੱਲ ਹੈ। ਕੇਸਾਂ ਵਾਲੇ ਬ੍ਰਾਹਮਣ, ਖੱਤ੍ਰੀ, ਚਮਾਰ, ਨਾਈ ਆਦਿ ਭੀ ਦੇਖੇ ਜਾਂਦੇ ਹਨ। ਜੇ ਇਨ੍ਹਾਂ ਵਿਚੋਂ ਕੋਈ ਚੁਰਟਾਂ, ਹੁੱਕਾ ਪੀਂਦਾ ਹੋਵੇ, ਅਨਜਾਣ ਕਹਿੰਦੇ ਹਨ ਜੀ ਮੈਂ ਨੇ ਸਿਖ ਤੰਬਾਕੂ ਪੀਂਦੇ ਦੇਖੇ ਹਨ, ਅਨਜਾਣਾਂ ਨੂੰ ਭਰਮ ਹੈ ਕਿ 'ਕੇਸ' ਰੱਬ ਨੇ ਸਿਖਾਂ ਨੂੰ ਹੀ ਦਿਤੇ ਹਨ, ਮਾਨੋ! ਹੋਰ ਜਨਮ ਥੀਂ ਮੋਨੇ ਹਨ। ਇਹੋ ਭੁਲੇਖਾ ਹੈ ਜੋ ਕਹਿੰਦੇ ਹਨ। ਆ-ਜੀ! ਕੇਸ ਰਖ ਕੇ ਅਸੀਂ ਸਿਖ ਹੋਣਾ ਹੈ।

Sri Satguru Jagjit Singh Ji eLibrary NamdhariElibrary@gmail.com

ਇਸ ਸਲੋਕ ਵਿਚ ਸਿਰ ਮੂੰਹ ਮੁਨੌਣੇ ਦੀ ਸਖਤ [੨੧]ਵਿਰੋਧਤਾ ਕੀਤੀ ਗਈ ਹੈ, ਫਿਰ ਸਲੋਕ ਨੰ: ੨੫ ਦੇ ਅਰਥ ਕੇਸਾਂ ਦੀ ਵਿਰੋਧਤਾ ਲਈ ਕਰਨੇ ਨਿਰੀ ਪੱਖਬਾਜ਼ੀ ਹੈ।

ਭਾਵੇਂ ਉੱਪਰਲੇ ਸਲੋਕ ਵਿਚ ਜਟਾਂਧਾਰੀ ਜੋਗੀ ਤੇ ਸਿਰ ਮੂੰਹ ਮੁੰਡੌਣ ਵਾਲੇ ਪਰਮਹੰਸ ਨੂੰ ਉਪਦੇਸ਼ ਹੈ ਕਿ ਇਹ ਰਸਤੇ ਅਕਾਲ ਭਗਤੀ ਦੇ ਨਹੀਂ ਹਨ, ਕਿਉਂਕਿ ਜਟਾਂ ਵਧਾਉਣੀਆਂ ਜਾਂ ਰੋਡ ਭੋਰ (ਘੋਨ-ਮੋਨ) ਹੋਣਾ ਮਨਮੱਤ ਹੈ ਭਗਤੀ ਤਾਂ ਕਰਤਾਰ ਨਾਲ ਪ੍ਰੇਮ ਕਰਨ ਵਿਚ ਹੈ ਜਿਸ ਦੁਆਰਾ ਦ੍ਵੈਤਾ ਦੂਰ ਹੁੰਦੀ ਹੈ। ਕਈ ਗਿਆਨੀ ਇਸ ਸਲੋਕ ਦੇ ਅਰਥ 'ਭਾਵੈ ਲਾਂਬੇ ਕੇਸ ਕਰੁ' ਭਾਵ ਕਰਤਾਰ ਚਾਹੁੰਦਾ ਹੈ ਲੰਬੇ ਕੇਸ ਕਰਨੇ 'ਭਾਵੈ ਘਰਰਿ ਮੁੰਡਾਇ' ਪ੍ਰੰਤੂ ਮਨਮੁਖ ਮੁੰਡੌਣੇ ਚਾਹੁੰਦਾ ਹੈ ਪਰ ਇਸ ਤਰ੍ਹਾਂ ਦੇ ਅਰਥ ਭੀ ਖਿੱਚ ਵਾਲੇ ਜਾਪਦੇ ਹਨ।

ਭਗਤ ਕਬੀਰ ਜੀ ਦਾ ਆਸ਼ਾ ਤਾਂ ਸਪੱਸ਼ਟ ਹੈ ਕਿ ਉਹ ਕੇਸਾਂ ਦੀ ਕਾਇਮੀ ਦੇ ਹੱਕ ਵਿਚ ਹਨ, ਬਚਨ ਹੈ—

***"ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥***
***ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥"***

*(ਸਲੋਕ ਕਬੀਰ ੧੦੪)*

ਉਕਤ ਸਲੋਕ ਤੋਂ ਸਿੱਧ ਹੈ ਕਿ ਪਾਖੰਡੀ ਗੁਰੂ ਦੀ ਮਾਤਾ ਦਾ ਸਿਰ ਮੁੰਨਣਾ ਹੀ ਭਾਰੀ ਸਜ਼ਾ ਹੈ ਭਾਵ ਸਿਰ ਮੁੰਡੌਣਾ ਬਦਨਾਮੀ (ਨਸ਼ਰ) ਦਾ ਕਾਰਨ ਮੰਨਿਆ ਹੈ, ਤਾਂਤੇ "ਭਾਵੈ ਲਾਂਬੇ ਕੇਸ ਕਰੁ" ਸਲੋਕ ਦੇ ਗਲਤ ਅਰਥ ਕਰਨੇ ਯੋਗ ਨਹੀਂ ਹਨ।

ਇਸੇ ਤਰ੍ਹਾਂ ਕਈ ਹੁਜਤੀ ਵੀਰ ਸ੍ਰੀ ਗੁਰੂ ਦਸਮੇਸ਼ ਜੀ ਦੀ ਬਾਣੀ ਵਿਚੋਂ 'ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ' ਤੁਕ ਦੀ ਗਲਤ ਪਦ ਵੰਡ 'ਧਨ ਕੇਸ ਧਰੇ' ਕਰਕੇ ਕੇਸਾਂ ਦੀ ਵਿਰੋਧਤਾ ਕਰਿਆ ਕਰਦੇ ਹਨ, ਹਾਲਾਂਕਿ ਉਹ ਜਾਣਦੇ ਹੁੰਦੇ ਹਨ। ਕਿ ਅਸੀਂ ਮਨ ਹਠ ਕਰਕੇ ਤਰਕਾਂ ਕਰਦੇ ਹਾਂ, ਕਿਉਂਕਿ ਕੇਸ ਕਿਸੇ ਨੇ ਧਰੇ ਨਹੀਂ ਹਨ, ਇਹ ਤਾਂ ਕੁਦਰਤੀ ਦਾਤ ਹੈ ਭਾਵ ਸਰੀਰ ਦਾ ਜ਼ਰੂਰੀ ਅੰਗ ਹਨ, ਹਾਂ ਕਿਸੇ ਹੱਦ ਤਕ 'ਜਟਾਂ ਧਾਰਨਾ' ਤਾਂ ਕਿਹਾ ਜਾ ਸਕਦਾ ਹੈ ਕਿ ਜਟਾਂ ਧਾਰੇ ਤੋਂ ਕਰਤਾਰ ਨਹੀਂ ਮਿਲਦਾ। ਸੀਸ ਪਰ ਕੇਸ ਧਰਨੇ ਕਹਿਣਾ ਗਲਤ ਹੈ।

ਇਹ ਭੀ ਠੀਕ ਹੈ ਕਿ ਕੇਸਾਂ ਦੀ ਕਾਇਮੀ ਨਿਰਾ ਕਰਤਾਰ ਨੂੰ ਮਿਲਣੇ ਦਾ

---

੨੧ ਭਗਤ ਕਬੀਰ ਜੀ ! ਗੁਰਸਿਖ ਮਾਰਗ ਵਿਚ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਦਾ ਅਸੂਲ ਕੇਸ ਕਟੌਣ ਨੂੰ ਬੱਜਰ ਕੁਰਹਿਤ ਮੰਨਣਾ ਭੀ ਨਹੀਂ ਸੀ, ਕੇਸਾਂ ਦੇ ਕਤਲ ਦੀ ਕੁਰਹਿਤ ਗੁਰਸਿਖ ਮਾਰਗ ਵਿਚ ਨੀਯਤ ਹੈ, ਵੈਸੇ ਆਪ ਕੇਸ ਧਾਰਨ ਦੇ ਹਾਮੀ ਸਨ ਜਿਸ ਪ੍ਰਕਾਰ ਕਿ ਹੋਰ ਸੰਸਾਰ ਦੇ ਮਹਾਤਮਾਂ।

Sri Satguru Jagjit Singh Ji eLibrary NamdhariElibrary@gmail.com

ਮਨੋਰਥ ਨਹੀਂ ਹੈ, ਪਰ ਜਾਣ ਬੁੱਝ ਕੇ ਗਲਤ ਅਰਥ ਕਰਨੇ ਫਜ਼ੂਲ ਹੁਜਤਬਾਜ਼ੀ ਹੁੰਦੀ ਹੈ। ਦੇਖਣਾ ਤਾਂ ਇਹ ਹੈ ਕਿ ਕੁਦਰਤ ਨੇ ਜੋ ਕੇਸ ਦਿਤੇ ਹਨ ਇਹ ਉਸ ਦੀ ਭੁੱਲ ਹੈ ਜਾਂ ਠੀਕ ਹੈ ? ਅਥਵਾ ਜੇ ਕੇਸਾਂ ਦੀ ਵਿਰੋਧਤਾ ਕਰਨ ਵਾਲੇ ਕੁਦਰਤ ਦਾ ਮੁਕਾਬਲਾ ਕਰਦੇ ਹਨ ਜਾਂ ਉਸ ਦੀਆਂ ਭੁੱਲਾਂ ਕੱਢਦੇ ਹਨ, ਉਹ ਵਿਚਾਰਨ ਕਿ ਉਹ ਅੱਜ ਤੀਕਰ ਮੁਕਾਬਲਾ ਕਰਕੇ ਕਿੱਥੇ ਤਕ ਕਾਮਯਾਬ ਹੋ ਚੁੱਕੇ ਹਨ।

ਹੁਜਤੀ ਜਾਂ ਮੋਨੇ ਲੋਕ ਅਕਸਰ ਕੇਸ ਧਾਰਨਾ ਦੇ ਵਿਰੁੱਧ ਕਪਟ ਭਰੇ ਬੋਲ ਭੀ ਬੋਲਦੇ ਨੇ। ਮਾਨੋ ! ਉਹ ਨੱਕ ਕੱਟੇ ਵਤ ਹੋਰਨਾਂ ਨੂੰ ਆਪਣੇ ਨਾਲ ਰਲਾ ਕੇ ਨਸ਼ਰ ਕਰਨਾ ਆਪਣਾ ਪੱਖ ਭਾਰਾ ਕਰਨਾ ਮੰਨਦੇ ਹਨ। ਇਹੋ ਤਰੀਕਾ ਆਪਣੇ ਅਵਗੁਣਾਂ ਨੂੰ ਢੱਕਣ ਦਾ ਹੁੰਦਾ ਹੈ। ਜਿਵੇਂ ਸ਼ਰਾਬੀ ਤਦ ਹੀ ਖੁਸ਼ ਹੁੰਦਾ ਹੈ, ਜੇ ਹੋਰਨਾਂ ਵਿਚ ਭੀ ਸ਼ਰਾਬ ਪੀਣੀ ਸਿੱਧ ਹੋਵੇ, ਤਾਂਕਿ ਉਹ ਕੱਲਾ ਬਦਨਾਮ ਨਾ ਹੋਵੇ, ਬਹੁਤਿਆਂ ਦੀ ਹਾਨੀ ਨਹੀਂ ਹੁੰਦੀ। ਇਸ ਦਾ ਭਾਵ ਇਹ ਹੈ ਕਿ ਕੱਲੇ-ਕੱਲੇ ਨੂੰ ਸ਼ਰਮਿੰਦਗੀ ਨਾ ਖੱਟਣੀ ਪਵੇ। ਸੰਸਾਰ ਵਿਚ ਇਕਰ ਆਪੋ ਆਪਣੇ ਰਲੇ ਰਲੌਣ ਦਾ ਰਿਵਾਜ ਹੈ ਪਰ ਕੂੜ ਅੰਤ ਕੂੜ ਹੈ। ਧੜੇ ਨਾਲ ਕੇਸ ਨਹੀਂ ਉਡਦੇ ਜਿਸ ਵਲ ਕੁਦਰਤ ਹੈ ਉਹ ਤਿੰਨ ਕਾਲ ਹਾਰ ਹੀ ਨਹੀਂ ਸਕਦਾ। ਕੇਸ ਕਿਸੇ ਪੱਖ, ਧੜੇ, ਜਾਤੀ ਜਾਂ ਦੇਸ ਦੇ ਨਹੀਂ ਹਨ, ਮਨੁੱਖੀ ਸਰੀਰ ਦਾ ਇਕ ਅੰਗ ਹਨ।

ਅਸਲ ਬਾਤ ਇਹ ਹੈ ਕਿ ਭਲੇ ਪੁਰਸ਼ਾਂ ਨੂੰ ਬਦਨਾਮ ਕਰਨ ਵਾਲੇ ਅਵਗੁਣੀਆਂ ਦਾ ਤਦੇ ਡੰਗ ਟੱਪ ਸਕਦਾ ਹੈ। ਇਸੇ ਲਈ ਅਕਸਰ ਮੋਨੇ ਲੋਕ ਕੇਸਾਂ ਤੋਂ ਵਿਰੁੱਧ ਵਾਧੂ ਹੀ ਜ਼ਹਿਰ ਉਗਾਲਦੇ ਰਹਿੰਦੇ ਨੇ ਤੇ ਟਿੱਚਰਾਂ ਕਰਦੇ ਨੇ। ਕਈ ਕਹਿੰਦੇ ਨੇ, ਕੇਸ ਤਾਂ ਸਿਰ ਪਰ ਭਾਰ ਹੈਨ ! ਕਈ ਕਹਿੰਦੇ ਨੇ ਕੇਸਾਂ ਵਿੱਚ ਜੂੰਆਂ ਪੈ ਜਾਂਦੀਆਂ ਹੈਨ ਅਰ ਗਰਮੀਆਂ ਵਿੱਚ ਅਕਲ ਮਾਰੀ ਜਾਂਦੀ ਹੈ। ਪਰ ਉਹ ਪਹਿਲੇ ਆਪਣੀਆਂ ਇਸਤ੍ਰੀਆਂ, ਮਾਵਾਂ, ਭੈਣਾਂ ਨੂੰ ਬੇ-ਅਕਲੀ, ਭਾਰ ਤੇ ਗਰਮੀ ਦੇ ਦੁੱਖਾਂ ਤੋਂ ਕਿਉਂ ਨਹੀਂ ਛੁਡਾਉਂਦੇ ? ਵਿਚਾਰੀਆਂ ਨੂੰ ਜੂੰਆਂ ਅੱਗੇ ਕਿਉਂ ਸਿੱਟਦੇ ਹਨ ? ਇਸ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਦੀ ਕਹਿਣੀ ਕਰਨੀ ਇੱਕ ਨਹੀਂ ਹੈ। ਕਈ ਹੁੱਜਤੀ ਕੇਸਾਂ ਨੂੰ ਜੰਗਲੀਪੁਣਾ ਦੱਸ ਕੇ ਚਿੜੌਂਦੇ ਹਨ ! ਪਰ ਜੇ ਉਹ ਇਹ ਬਾਤਾਂ ਅਪਣੀਆਂ ਘਰ ਦੀਆਂ ਇਸਤ੍ਰੀਆਂ ਪਰ ਘਟਾਉਣ ! ਫਿਰ ਜੰਗਲੀ ਟੱਬਰਾਂ ਵਿੱਚ ਕਿਉਂ ਰਹਿਣ ? ਅਰਥਾਤ ਕੇਸਾਂ ਵਾਲੀਆਂ ਮਾਵਾਂ ਨਾਲੋਂ ਸਬੰਧ ਕਿਉਂ ਨਾ ਤੋੜਨ ? ਜੇ ਕੇਸਾਂ ਨਾਲ ਅਕਲ ਮਾਰੀ ਜਾਂਦੀ ਹੈ ਤਦ ਵੇਦਾਂ, ਕਤੇਬਾਂ ਅਤੇ ਸਿੰਮ੍ਰਤੀਆਂ, ਸ਼ਾਸਤ੍ਰਾਂ ਤੇ ਹਦੀਸਾਂ ਆਦਿ ਦੇ ਲੇਖਕ ਜਾਂ ਪ੍ਰਕਾਸ਼ਕ ਕਿਵੇਂ ਮੋਨਿਆਂ ਥੀਂ ਉੱਚੀ ਅਕਲਾਂ ਵਾਲੇ ਸਿੱਧ ਹੋਏ ? ਫਿਰ ਕੇਸਾਧਾਰੀ ਆਗੂ ਕਿਵੇਂ ਬਣੇ ? ਅਸਲੀਅਤ ਤਾਂ ਇਹ ਹੈ ਕਿ ਸਭ ਦੇ ਬਜ਼ੁਰਗ ਕੇਸ ਰਖਦੇ ਆਏ, ਸਭ

ਨੂੰ ਰੱਖਣੇ ਚਾਹੀਦੇ ਹਨ। ਇਉਂ ਕਹਿਣਾ ਨਿਰੀ ਹੁੱਜਤ ਹੈ ਕਿ ਕੇਸਾਂ ਦਾ ਸਿਰ ਪਰ ਭਾਰ ਹੈ ! ਭਾਰ ਉਸ ਚੀਜ਼ ਦਾ ਹੁੰਦਾ ਹੈ ਜੋ ਕਿ ਸਰੀਰ ਤੋਂ ਵੱਖਰੀ ਹੋਵੇ, ਜਾਂ ਕਿਤੋਂ ਲਿਆ ਕੇ ਸੀਸ ਪਰ ਰੱਖੀ ਜਾਏ, ਜਦ ਸਰੀਰ ਲਈ ਕੰਨ, ਅੱਖਾਂ, ਲੱਤਾਂ, ਬਾਹਾਂ ਸਰੀਰਕ-ਅੰਗ ਭਾਰ ਨਹੀਂ ਵਾਪਰਦੇ, ਫਿਰ ਕੇਸ ਜੋ ਸਰੀਰ ਦਾ ਇਕ ਅੰਗ ਹਨ, ਕਿਵੇਂ ਭਾਰ ਹੋਏ ? ਜੂੰਆਂ ਤਾਂ ਮੋਨਿਆਂ ਦੇ ਭੀ ਪੈਂਦੀਆਂ ਹਨ। ਅਕਸਰ ਕਪੜਿਆਂ ਵਿਚ ਭੀ ਜੂੰਆਂ ਪੈਂਦੀਆਂ ਹਨ, ਪਰ ਇਹ ਮੈਲ ਅਰ ਅਸ਼ੁੱਧੀ ਦਾ (ਵਿਕਾਰ) ਫਲ ਹੈ, ਨਾਕਿ ਕਿਸੀ ਅੰਗ ਦਾ ਹੈ। ਜਿਵੇਂ ਹਰ ਕੋਈ ਮੁਖ ਆਦਿ ਧੋਂਦਾ ਹੈ। ਅਥਵਾ ਬਸਤ੍ਰ ਸਾਫ ਕਰਦਾ ਤੇ ਮੈਲ ਤੋਂ ਨੱਠਦਾ ਹੈ, ਤਿਵੇਂ ਕੇਸਾਂ ਨੂੰ ਸ਼ੁੱਧ (ਸਾਫ) ਰੱਖੋ। ਕੱਪੜੇ ਮੈਲੇ ਧੋਈਦੇ ਹੀ ਹਨ, ਹੱਥ ਮੂੰਹ ਧੋਈਦਾ ਹੈ, ਪਰ ਮੈਲੇ ਹੋਣੇ ਪਰ ਕੋਈ ਕੱਟ ਕੇ ਤਾਂ ਨਹੀਂ ਸੁੱਟਦੇ ? ਇਹੋ ਹਾਲਤ ਕੇਸਾਂ ਦੀ ਹੈ। ਗੁਰਸਿੱਖਾਂ ਜਾਂ ਕੇਸਧਾਰੀਆਂ ਲਈ "ਕੇਸ ਰੱਖਜਕ" ਗੁਰੂ ਦਸਮੇਸ਼ ਜੀ ਦਾ ਹੁਕਮ ਹੈ—"ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ॥ ਦਾਤਨ ਨੀਤ ਕਰੇ ਨਹਿ ਦੂਖ ਪਾਵੈ ਮੀਤ ਜੀ !!" ਅਰਥਾਤ ਦੋਨੋਂ ਵੇਲੇ ਕੇਸਾਂ ਵਿੱਚ ਕੰਘਾ ਕਰਕੇ ਦਸਤਾਰ ਸਜੌਣ ਨਾਲ ਕੇਸ ਸੁੱਤੇ ਹੀ ਸ਼ੁੱਧ (ਸਾਫ) ਰਹਿੰਦੇ ਹਨ, ਪਰ ਗੰਦੇ ਰਹਿਣ ਵਾਲੇ ਆਲਸੀਆਂ ਦਾ ਸਾਰਾ ਸਰੀਰ ਹੀ ਜੂੰਆਂ ਨਾਲ ਬੁਸ ਉੱਠਦਾ ਹੈ, ਇੱਕਰ ਕਈਆਂ ਦੀਆਂ ਅੱਖਾਂ ਵਿੱਚ ਭੀ ਜੂੰਆਂ (ਚਮਜੂੰਆਂ) ਪੈ ਜਾਂਦੀਆਂ ਹਨ ਜੋ ਮੈਲ ਤੇ ਲਹੂ ਦਾ ਵਿਕਾਰ ਹੈ, ਤਾਂ ਕੀ ਅੱਖਾਂ ਦੀਆਂ ਪਲਕਾਂ ਦੇ ਵਾਲ ਹੀ ਕਟੌਣ ਨਾਲ ਸੁੱਖ ਹੁੰਦਾ ਹੈ ? ਤਾਂਤੇ ਇਹ ਹੁੱਜਤਾਂ ਹਨ ਕਿ ਕੇਸ ਜੂੰਆਂ ਦੇ ਡਰ ਤੋਂ ਨਹੀਂ ਰੱਖਣੇਂ ਚਾਹੀਦੇ। ਭਲਾ ਜੇ ਨਹੀਂ ਰੱਖਣੇ, ਤਾਂ ਕਰਤਾਰ ਪਾਸ ਹੀ ਕਿਉਂ ਨਾ ਅਰਜ਼ੀ ਘੱਲੀ ਜਾਏ, ਤਾਂਕਿ ਉਹ ਪੈਦਾ ਹੀ ਨਾ ਕਰੇ। ਅਥਵਾ ਖੋਪਰੀ ਹੀ ਕਿਉਂ ਨਾ ਉਤਾਰੀ ਜਾਵੇ, ਜਿਸ ਤੋਂ ਜੜ੍ਹਾਂ ਤੋਂ ਹੀ ਕੇਸਾਂ ਦਾ ਸਦੀਵੀ ਟੰਟਾ ਮੁੱਕੇ, ਪਰ ਐਸਾ ਨਹੀਂ ਹੋ ਸਕਦਾ ! ਕਿਉਂਕਿ ਕਰਤਾਰ ਮੂਰਖਾਂ ਮਗਰ ਨਹੀਂ ਲੱਗ ਸਕਦਾ, ਨਾ ਹੀ ਖੋਪਰੀ ਉਤਾਰੀ ਜਾ ਸਕਦੀ ਹੈ। ਸਜਣੋ ! ਕੁਦਰਤ ਦਾ ਮਾਲਕ ਉਹੀ ਕੁਝ ਕਰਦਾ ਹੈ, ਜੋ ਕਿ ਉਸ ਦੀ ਕਾਰੀਗਰੀ ਅਨੁਸਾਰ ਠੀਕ ਅਰ ਲਾਭਦਾਇਕ ਹੈ।

ਅੰਤ ਕਰਤਾਰ ਦੀ ਜਿੱਤ ਹੀ ਹੋਵੇਗੀ। ਕੇਸਾਂ ਨੇ ਉਗਣੋਂ ਨਹੀਂ ਹਟਣਾ। ਉਸਤਰਿਆਂ ਵਾਲੇ ਜਿਤਨਾ ਖੁਸ਼ੀ ਹੈ, ਸੀਸ ਨੂੰ ਰਗੜੀ ਚੱਲਣ। ਦੇਖੋ ! ਜਰਮਨੀ ਦੇ ਸਇੰਸਦਾਨਾਂ ਦੇ ਕਥਨ ਹਨ ਕਿ **ਸਿਰ ਮੁੰਡੌਣੇ ਵਾਲੀਆਂ ਭੈਣਾਂ ਦੇ ਸਮਾਂ ਪਾ ਕੇ ਦਾਹੜੀ ਆ ਜਾਵੇਗੀ** ਅਰ ਇਹ ਸਾਇੰਸ ਦਾ ਅਸੂਲ ਹੈ, ਕੁਦਰਤ ਦਾ ਮੁਕਾਬਲਾ ਅੰਤ ਦੁਖਦਾਈ ਹੁੰਦਾ ਹੈ। ਇਸ ਵੇਲੇ ਮਰਦ ਚਾਹੁੰਦੇ ਨੇ ਸਾਡਾ ਮੁਖ ਇਸਤ੍ਰੀਆਂ ਦੀ ਮਾਨਿੰਦ ਹੋਵੇ ਪਰ ਇਸਤ੍ਰੀਆਂ ਚਾਹੁੰਦੀਆਂ ਨੇ ਕਿ ਅਸੀਂ ਮਰਦਾਂ ਵਾਂਗ ਹੋਈਏ,

Sri Satguru Jagjit Singh Ji eLibrary NamdhariElibrary@gmail.com

ਸੋ ! ਕੁਦਰਤ ਨੇ ਅੰਤ ਨੂੰ ਜ਼ਰੂਰੀ ਹੇਠਲੀ ਉੱਪਰ ਕਰਨੀ ਹੋਈ ।

ਜੇ ਕਿਸੀ ਨੂੰ ਮਨੁੱਖੀ ਸ਼ਕਲ ਚੰਗੀ ਨਹੀਂ ਲਗਦੀ, ਕਿਸੇ ਦੇ ਕੀ ਵੱਸ ਹੈ । ਕਰਤਾਰ ਤਾਂ ਯਤਨ ਕਰੀ ਜਾਂਦਾ ਹੈ ਕਿ ਬੀਬਾ ਤੂੰ ਮਨੁੱਖ ਬਣ ਕੇ ਰਹੁ, ਤੂੰ ਮੇਰੀ ਦਿਤੀ ਦਾਤ ਦਾੜ੍ਹੀ ਨੂੰ ਪਰ੍ਹੇ ਨਾ ਸੁੱਟਿਆ ਕਰ ! ਇਹ ਚੰਗੀ ਚੀਜ਼ ਜੇ ।

## ਕੇਸ ਅਤੇ ਲੋਕਾ-ਚਾਲ

ਅੱਜ-ਕਲ੍ਹ ਲੋਕ-ਚਾਲ ਜਾਂ ਮਨਮਤ, ਸਿਰ ਮੂੰਹ ਮੁੰਡੌਣ ਵਲ ਵਧ ਗਈ ਹੈ, ਜਿਵੇਂ "ਮਾਇਆਧਾਰੀ ਅਤਿ ਅੰਨਾ ਬੋਲਾ" ਹੋ ਜਾਂਦਾ ਹੈ, ਤਿਵੇਂ ਲੋਕ-ਚਾਲ ਅੰਧ-ਦੌੜ ਵਿਚ ਜਾ ਚੁਕੀ ਹੈ । ਜੇ ਕਿਸੇ ਨੂੰ ਕਹੋ ਕਿ ਦਾੜ੍ਹੀ ਮੁਨੌਣੀ ਮੰਦ ਕਰਮ ਹੈ, ਪਹਿਲੋਂ ਤਾਂ ਹੱਸੇਗਾ ਜਾਂ ਗੁਸਾ ਅਥਵਾ ਤਰਕ ਮੰਨੇਗਾ, ਫਿਰ ਕਹੇਗਾ, ਵਾਹ ਜੀ ! ਕੇਸ ਰਖਣੇ ਦਾ ਕਿਆ ਫਾਇਦਾ ਹੈ ? ਕੇਸ ਰੱਖਣੇ ਤਾਂ ਜੰਜਾਲ ਹਨ, ਕੇਸ ਰੱਖਣੇ ਮੇਂ ਕੋਈ ਰੱਬ ਪੜਾ ਹੈ ? ਜਾਂ ਕਹੇਗਾ "ਕੇਸ ਤਾਂ ਸਿੱਖ ਰੱਖਦੇ ਹਨ, ਅਸੀਂ ਕੋਈ ਸਿੱਖ ਤਾਂ ਨਹੀਂ ਹਾਂ !" ਜਾਂ ਕਹੇਗਾ, ਜੀ ਕੇਸ ਰੱਖਣੇ ਭੀ ਕੋਈ ਧਰਮ ਹੈ ? ਆਪਣੀ ਚੀਜ਼ ਕੋਈ ਮੁੰਡਾਏ ਕੋਈ ਰੱਖੇ । ਭਾਵੇਂ ਇੱਕਰ ਦੇ ਬਿਨਾਂ ਸੋਚੇ ਬੋਲ ਅਗਿਆਨਤਾ ਭਰੇ ਹਨ ਪਰ ਸਾਧਾਰਨ ਲੋਕ ਅਗੋਂ ਕੁਝ ਕਹਿ ਨਹੀਂ ਸਕਦੇ । ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਪ੍ਰੇਮ ਨਾਲ ਕੇਸਾਂ ਦੇ ਗੁਣ ਅਤੇ ਉੱਤਮਤਾਈ ਦੱਸੀ ਜਾਵੇ, ਤਾਂਕਿ ਸਿਰ ਮੂੰਹ ਮੁੰਡੌਣ ਵਾਲੇ ਭਰਾਵਾਂ ਨੂੰ ਇਹ ਭਰਮ ਜਾਂ ਸ਼ੰਕਾ ਨਾ ਰਹੇ ਕਿ ਅਸੀਂ ਠੀਕ ਕਰਦੇ ਹਾਂ । ਕੇਸਾਂ ਵਾਲਾ ਕੇਸ ਆਪ ਪੈਦਾ ਨਹੀਂ ਕਰਦਾ, ਉਸ ਨੂੰ ਮਾਲਕ ਇਹ ਦਾਤ ਦਿੰਦਾ ਹੈ ਅਰ ਮੋਨੇ ਨੂੰ ਮੜ੍ਹੀਆਂ ਤੀਕਰ ਸਮਝੌਂਦਾ ਹੈ ਕਿ-ਬੀਬਾ ! ਮੁਕਾਬਲਾ ਕਰਕੇ ਕੀ ਖੱਟਿਆ ਜੇ ? ਦਾੜ੍ਹੀ ਚੰਗੀ ਸੀ ਜਦ ਸਾਰੀ ਉਮਰ ਗਲਤੀ ਸਿੱਧ ਨਾ ਕਰ ਸਕਿਆ, ਕੇਸ ਜਨਮ ਵੇਲੇ ਦਿਤੇ ਹਨ, ਮਰਨ ਵੇਲੇ ਤਕ ਵਧਦੇ ਰਹਿਣਗੇ ! ਕੀ ਤੂੰ ਉਸਤਰੇ ਕੈਂਚੀਆਂ ਚਲਾ ਕੇ ਥੱਕਿਆਂ ਨਹੀਂ ?

## ਹਜਾਮਤਾਂ ਦੇ ਖਰਚਾਂ ਦਾ ਫਿਕਰ

ਮਿਸਟਰ ਜੈਮਜ ਸਟੂਆਰਟ ਮੈਂਬਰ ਪਾਰਲੀਮੈਂਟ ਨੇ ਇੱਕ ਅਖਬਾਰ ਦੇ ਪ੍ਰਤੀਨਿਧ ਨਾਲ ਮੁਲਾਕਾਤ ਕਰਦਿਆਂ ਬਿਆਨ ਕੀਤਾ ਕਿ ਨੌਜਵਾਨ ਲੜਕੀਆਂ ਅਤੇ ਔਰਤਾਂ ਵਾਲ ਕਟਵਾਣ ਪਰ ਤਕਰੀਬਨ ਦੋ ਕਰੋੜ ਪੌਂਡ ਸਲਾਨਾ ਖਰਚ ਕਰ ਦੇਂਦੀਆਂ ਹਨ। ਆਪ ਨੇ ਕਿਹਾ ਕਿ ਇਸ ਫੈਸ਼ਨ ਦੀ ਬਦੌਲਤ ਹਜ਼ਾਰਾ ਗਰੀਬਾਂ ਨੂੰ ਰੁਜ਼ਗਾਰ ਮਿਲ ਗਿਆ ਹੈ । ਆਪ ਨੇ ਕਿਹਾ ਕਿ ਵਾਲ ਕਟਵਾਣ ਦਾ ਫੈਸ਼ਨ ਪਿੰਡਾਂ ਅਤੇ ਸ਼ਹਿਰਾਂ ਵਿਚ ਇੱਕੋ ਜਿਹਾ ਹਰ-ਦਿਲ ਅਜ਼ੀਜ਼ ਹੋ ਗਿਆ ਹੈ । ਵਾਲ ਕਟਵਾਣ

Sri Satguru Jagjit Singh Ji eLibrary NamdhariElibrary@gmail.com

ਦੀ ਉਜਰਤ ਇਕ ਸ਼ਲਿੰਗ ੬ ਪੈਨਸ ਤੋਂ ਲੈ ਕੇ ੨੫ ਪੌਂਡ ਤੱਕ ਇਕ ਵੇਰ ਵਾਲ ਕਟਵਾਣ ਦੀ ਮਾਮੂਲੀ ਉਜਰਤ ਖਰਚ ਹੈ, ਆਮ ਔਰਤਾਂ ਵਾਲ ਕਟਵਾਣ ਪਰ ੨੫ ਸ਼ਲਿੰਗ ਤੋਂ ੪੦ ਸ਼ਲਿੰਗ ਫੀ ਸਾਲ ਖਰਚ ਕਰਦੀਆਂ ਹਨ। ਆਪ ਨੇ ਕਿਹਾ ਕਿ ਇਹ ਖਰਚ ਮਰਦਾਂ ਦੀਆਂ ਦਾੜ੍ਹੀਆਂ ਮੁੰਡਵਾਣ ਦੇ ਖਰਚਾਂ ਦੇ ਤਕਰੀਬਨ ਬਰਾਬਰ ਰਹਿੰਦਾ ਹੈ, ਮਿਸਟਰ ਸਟੂਆਰਟ ਦਾ ਖ਼ੁਦ ੫੦ ਸਾਲ ਵਾਲ ਕੱਟਣ ਦੇ ਕੰਮ ਨਾਲ ਸਬੰਧ ਰਿਹਾ ਹੈ।

ਸੋਚਣ ਦੀ ਬਾਤ ਹੈ ਕਿ ਇਕ ਛੋਟੇ ਮੁਲਕ ਦਾ ਖਰਚ ਕੇਸ ਕਟੌਣ ਹਿਤ ਦੋ ਕ੍ਰੋੜ ਪੌਂਡ ਸਾਲਾਨਾ ਹੈ। ਜਿਨ੍ਹਾਂ ਦੀ ਅਬਾਦੀ ਜ਼ਿਆਦਾ ਹੈ ਉਨ੍ਹਾਂ ਦਾ ਕੀ ਹਾਲ ? ਇੰਗਲੈਂਡ ਵਿਚ ਇਸ ਵੇਲੇ ਕੇਸ ਦਾਹੜੀ ਕਟੌਣ ਦਾ ਰਿਵਾਜ ਵਧ ਗਿਆ ਹੈ। ਬਹੁਤ ਸਾਰੀਆਂ ਭੀ ਇਹ ਵਹਿਣ ਵਿਚ ਆ ਗਈਆਂ ਹਨ, ਸਾਰੇ ਯੂਰਪ ਦਾ ਖਰਚ ਵਾਲ ਕਟਾਈ ਪਰ ਸ਼ਾਇਦ ਹਿੰਦੁਸਤਾਨ ਦੇ ਰੋਜ਼ੀਨੇ (ਖੁਰਾਕ) ਨਾਲੋਂ ਹੀ ਵਧ ਗਿਆ ਹੋਵੇ। ਦੁਨੀਆਂ ਭਰ ਵਿਚ ਕੋਈ ਕ੍ਰੋੜ ਆਦਮੀ ਤਾਂ ਕੇਸਾਂ ਦੀ ਬਾਢੀ (ਕਟਾਈ) ਪਰ ਲਗ ਰਿਹਾ ਹੈ, ਹਜ਼ਾਰਾਂ ਕੰਪਨੀਆਂ ਖੁਲ੍ਹ ਰਹੀਆਂ ਹਨ। ਆਹ ! ਬੰਦੇ ਤੇਰੀ ਅਸਚਰਜ ਹਾਲਤ।

## ਕੇਸ ਅਤੇ ਹਜਾਮਤਾਂ ਦੇ ਫੈਸ਼ਨ

ਪੱਛਮੀ ਸਭਿਅਤਾ ਵੱਲ ਚੰਚਲ ਪੁਰਸ਼ ਬਹੁਤ ਝੁਕ ਰਹੇ ਹਨ। ਹਾਂ ਠੀਕ ਹੈ ਕਿ ਏਸ਼ੀਆ ਦੇ ਮੁਕਾਬਲੇ ਪਰ ਪੱਛਮੀ ਲੋਗ ਬਹੁਤ ਜ਼ਿਆਦਾ ਸੰਸਾਰਕ ਤਰੱਕੀ ਕਰ ਗਏ ਹਨ ਪਰ ਏਸ਼ੀਆ ਦੇ ਲੋਕ ਸਭਿਅਤਾ ਬਾਰੇ ਹਾਲੇ ਭੀ ਸਭ ਤੋਂ ਅੱਗੇ ਨਿਕਲਣਗੇ। ਪਰੰਤੂ "ਯਥਾ ਰਾਜਾ ਤਥਾ ਪਰਜਾ" ਵਲ ਕੁਦਰਤੀ ਝੁਕਾਉ ਤੇ ਤਬਦੀਲੀ ਹੁੰਦੀ ਰਹਿੰਦੀ ਹੈ, ਵੈਸੇ ਭੀ ਰਾਜੇ ਦਾ ਪ੍ਰਭਾਵ ਰੱਯਤ ਪਰ ਜ਼ਰੂਰ ਹੁੰਦਾ ਹੈ, ਪਰ ਇਹ ਗੱਲ ਮੰਨਣੀ ਅਯੋਗ ਹੈ ਕਿ ਹਰ ਇੱਕ ਬਾਤ ਵਿੱਚ ਯੂਰਪੀਅਨ ਅੱਗੇ ਹੈਨ। ਨਾ ਹੀ ਅੰਧੇ ਵਾਹ ਉਹ ਬਾਤ ਕਰਨੀ ਇਨਸਾਨੀਅਤ ਹੈ ਜੋ ਦੇਖਾ ਦੇਖੀ ਦੇ ਰਿਵਾਜ ਜਾਂ ਫੈਸ਼ਨਾਂ ਨਾਲ ਸਬੰਧਤ ਹੋਵੇ। ਯੂਰਪ ਦੀ ਹਿਸਟਰੀ ਫੋਲ ਦੇਖੋ ! ਸਭ ਮੁਦੱਬਰ ਕੇਸਾਂ ਵਾਲੇ ਹੋਏ, ਬਲਕਿ ਸ਼ੈਕਸਪੀਅਰ ਜੈਸੇ ਲਾਸਾਨੀ ਫਿਲਾਸਫਰ ਭੀ ਕੇਸਾਂ ਦੇ ਧਾਰਨੀ ਰਹੇ। ਪੁਰਾਣੇ ਤੋਂ ਪੁਰਾਣੇ ਉੱਚ ਦਿਮਾਗੀਏ ਔਰ ਵੱਡੇ-ਵੱਡੇ ਪੁਰਸ਼ ਸਭ ਕੇਸਾਂ ਵਾਲੇ ਸਨ, ਜਿਹਾ ਕਿ ਉਹਨਾਂ ਦੀਆਂ ਤਸਵੀਰਾਂ ਤੋਂ ਸਿੱਧ ਹੁੰਦਾ ਹੈ। ਕਿਉਂ ਨਾ ਹੋਵੇ ਜਦ ਕਿ ਹਜ਼ਰਤ ਈਸਾ ਜੀ ਜਿਨ੍ਹਾਂ ਨੂੰ ਈਸਾਈ ਲੋਕ ਦਾ ਇਕਲੌਤਾ ਬੇਟਾ ਮੰਨਦੇ ਹਨ, ਕੇਸਾਂ ਨਾਲ ਸੁਸ਼ੋਭਤ ਸੀ। ਸੋ ਖ਼ੁਦਾ ਦੇ ਪੁਤਰ ਦੇ ਲੰਬੇ ਅਰ ਸੁੰਦਰ ਕੇਸ ਦਿਖਲਾਏ ਜਾਂਦੇ ਹਨ । ਫਿਰ ਕੇਸਾਂ ਦੇ ਫੈਸ਼ਨ ਘੜਨੇ ਕੀ ਅਰਥ ਰਖਦੇ ਹਨ ? ਜਦ ਬਾਬਾ ਆਦਮ ਜੋ ਕਿ ਕੁਰਾਨ ਤੇ ਅੰਜੀਲ

Sri Satguru Jagjit Singh Ji eLibrary NamdhariElibrary@gmail.com

ਦੀ ਲਿਖਤ ਅਨੁਸਾਰ ਖੁਦਾ ਨੇ ਹੱਥੀਂ ਘੜਿਆ, ਕੇਸਾਂ ਤੇ ਦਾੜ੍ਹੇ ਸਹਿਤ ਸੀ, ਫਿਰ ਉਸਦੀ ਮੰਨੀ ਗਈ ਆਦਮ ਜ਼ਾਤ ਕਿਉਂ ਕੇਸ ਕਟੌਣ ਦਾ ਕੁਕਰਮ ਕਰੇ ?

ਸੋ ਉਹ ਕੇਸ ਰਖਣ ਦੀ ਭੁੱਲ ਕਰਦੇ ਰਹੇ ਤਾਂ ਕੇਸ ਬਨੌਣ ਵਾਲਾ ਤੇ ਰਖਣ ਵਾਲਾ ਭੁੱਲੜ ਸਿੱਧ ਹੋਵੇਗਾ, ਨਹੀਂ ਤਾਂ ਮੁੰਨੌਣ ਵਾਲੇ ਗਲਤੀ ਪਰ ਹਨ, ਹਾਂ ਇਹ ਮੋਨਿਆਂ ਦੀ ਖੁਸ਼ੀ ਹੈ ਜਿਸ ਨੂੰ ਇੱਛਾ ਹੋਵੇ ਭੁੱਲੜ ਮੰਨਣ, ਪਰ ਬਜ਼ੁਰਗਾਂ ਨੂੰ ਭੁੱਲਣ ਮੰਨਣਾ ਬਹੁਤੇ ਮਹਿੰਗਾ ਭਾਉ ਪਵੇਗਾ ।

ਪਰਮ ਸ਼ੋਕ ! ਇਸ ਬੀਸਵੀਂ ਸਦੀ ਵਿਚ ਆ ਕੇ ਮਨ ਦੀ ਚੰਚਲਤਾ ਅਰ ਫੈਸ਼ਨਾਂ ਦੀ ਚਪਲਤਾ ਨੇ ਐਸੀ ਪੱਟੀ ਮੇਸ ਕੀਤੀ ਹੈ ਕਿ ਮਨੁੱਖ ਤਾਂ ਮੁਖ (ਦਾੜ੍ਹੀ) ਮੁੰਡਾ ਕੇ ਬੇਦਾੜ੍ਹੀ ਇਸਤ੍ਰੀਆਂ ਦੀ ਸ਼ਕਲ ਅਖਤਿਆਰ ਕਰਦੇ ਹਨ ਅਰ ਇਸਤ੍ਰੀਆਂ ਵਿਚ ਸਿਰ ਮੁੰਡੌਣ ਦੇ ਫੈਸ਼ਨ ਚਲ ਪਏ ਹਨ, ਸ੍ਰਿਸ਼ਟੀ ਦੀ ਹਿਸਟਰੀ ਵਿਚ ਇਹ ਪਹਿਲਾ ਮੌਕਾ ਹੈ, ਜਦ ਕਿ ਇਸਤ੍ਰੀਆਂ ਵਿਚ ਕੇਸ ਮੁੰਡੌਣ ਦਾ ਮੰਦਾ ਰਿਵਾਜ ਚਲਿਆ ਹੈ, ਲੱਖਾਂ ਸਾਲਾਂ ਤੋਂ ਇਸਤ੍ਰੀਆਂ ਵਿਚ ਕੇਸਾਂ ਦੀ ਸੁੰਦਰਤਾ ਪ੍ਰਧਾਨ ਮੰਨੀ ਆ ਰਹੀ ਹੈ, ਅਜੇ ਤੀਕ ਸਾਰੀ ਦੁਨੀਆਂ ਭਰ ਦੀ ਇਸਤ੍ਰੀ ਜ਼ਾਤੀ ਕੇਸਾਂ ਨਾਲ ਪ੍ਰੇਮ ਰੱਖਦੀ ਰਹੀ ਹੈ, ਪਰ ਦੁੱਧ ਵਿਚ ਕਾਂਜੀ ਪੌਣ ਵਾਲੇ ਫੈਸ਼ਨਾਂ ਨੇ ਅੰਤ ਕਾਂਜੀ ਪਾ ਹੀ ਦਿੱਤੀ। ਭਾਵੇਂ ਪੱਛਮੀ ਭੈਣਾਂ ਤੋਂ ਬਿਨਾਂ ਕੇਸ ਮੁੰਡੌਣ ਦਾ ਗੰਦਾ ਰਿਵਾਜ ਚੀਨ, ਹਿੰਦੁਸਤਾਨ, ਰੂਸ, ਅਰਬ, ਈਰਾਨ, ਅਮਰੀਕਾ ਵਿਖੇ ਭੀ ਹੈ, ਪਰੰਤੂ ਲਾਗ ਲੱਗਣ ਦਾ [੨੨]ਸਾਰੇ ਹੀ ਖਤਰਾ ਹੈ। ਦਸ ਪੰਦਰਾਂ ਸਾਲ ਹੋਏ, ਜਿਤਨਾ ਕੇਸਾਂ ਨਾਲ ਪ੍ਰੇਮ ਯੂਰਪੀਅਨ ਭੈਣਾਂ ਨੂੰ ਸੀ ਸ਼ਾਇਦ ਹੀ ਹੋਰਸ ਪਾਸੇ ਹੋਵੇ। ਬਲਕਿ ਸੁੰਦਰਤਾ ਲਈ ਲੰਮੇ ਕੇਸਾਂ ਦੀ ਨੁਮਾਇਸ਼ ਹੁੰਦੀ ਤੇ ਇਨਾਮ ਦਿਤੇ ਜਾਂਦੇ ਸਨ। ਇਸ ਤੋਂ ਬਿਨਾਂ ਵਾਲ ਮੁਲ ਖਰੀਦ ਕੇ ਭੀ ਕੇਸਾਂ ਵਿਚ ਰੱਖ ਕੇ ਵੱਡਾ ਜੂੜਾ ਕੀਤਾ ਜਾਂਦਾ ਸੀ ਅਤੇ ਕੇਸਾਂ ਦੇ ਵਧਾਉਣ ਅਰ [੨੩]ਸ਼ਿੰਗਾਰਨ ਹਿਤ ਅਨੇਕ ਯਤਨ ਹੁੰਦੇ ਸਨ ਤੇ ਸਫਾਈ ਅਰ ਸੋਭਾ ਲਈ ਬਹੁਤ ਤਰ੍ਹਾਂ ਨਾਲ ਗੁੰਦਿਆ ਅਰ ਸੰਭਾਲਿਆ ਜਾਂਦਾ ਸੀ। ਪ੍ਰੰਤੂ ਚਪਲਤਾ ਦੀ ਐਸੀ ਅੰਧੇਰੀ ਵਗੀ ਹੈ ਕਿ ਹੁਣ ਵਾਲ ਕਟੌਣਾ ਸਭਿਅਤਾ

੨੨. ਹਿੰਦੁਸਤਾਨ ਵਿਚ ਭੀ ਇਹ ਬਲਾ ਹੌਲੀ ਹੌਲੀ ਫੈਲ ਰਹੀ ਹੈ, ਇਸਦਾ ਪਹਿਲਾ ਹੱਥ ਅੰਗਰੇਜ਼ੀ ਪੜ੍ਹਿਆਂ ਪਰ ਹੋ ਰਿਹਾ ਹੈ, ਹੁਣ ਇਸਦੀ ਹਵਾ 'ਈਸਾਈ ਸਿਖ' ਦੇ ਬੋਲਬਾਲੇ ਵਲ ਰੁਖ ਪਕੜ ਰਹੀ ਹੈ, ਕਈ ਮਾਵਾਂ, ਭੈਣਾਂ, ਸਪੁਤ੍ਰੀਆਂ ਗੀਸ ਦੀ ਘੜੀਸ ਵਿਚ ਫਸ ਕੇ ਵਧ ਰਹੀਆਂ ਹਨ।

੨੩. ਸੋਲਾਂ ਸ਼ਿੰਗਾਰਾਂ ਵਿਖੇ ਪ੍ਰਧਾਨਗੀ ਕੇਸਾਂ ਦੀ ਹੈ, ਰਸਕ ਜਾਂ ਇਸ਼ਕ ਮਜਾਜ਼ੀ ਦੇ ਸੈਂਕੜੇ ਗ੍ਰੰਥ ਲੰਬੇ, ਚਮਕੀਲੇ ਤੇ ਸੁੰਦਰ ਕੇਸਾਂ ਦੀ ਉਪਮਾ ਨਾਲ ਭਰੇ ਪਏ ਹਨ। ਪੱਟੀਆਂ, ਜ਼ੁਲਫਾਂ ਦੇ ਫੋਹਸ਼ ਕਿੱਸੇ ਤੇ ਗੀਤ ਸੈਂਕੜੇ ਹਨ। ਕਾਮਦੇਵ ਦਾ ਵਾਸਾ ਅਥਵਾ ਸੁੰਦਰਤਾ ਦਾ ਘਰ ਕੇਸ ਮੰਨੇ ਹਨ। ਇਸਤ੍ਰੀਆਂ ਦੇ ਕੇਸ ਹੀ ਅਸਲੋਂ ਉਨ੍ਹਾਂ ਦੀ ਵਡੀ ਸੁੰਦਰਤਾ ਦਾ ਖਜ਼ਾਨਾ ਹਨ। ਸਿਰ ਮੁੰਡੌਣ ਵਾਲੀਆਂ ਇਸਤ੍ਰੀਆਂ ਅਸਲੀ ਸੁੰਦਰਤਾ ਤੋਂ ਖਾਲੀ ਹੋ ਜਾਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਅਰ ਉੱਤਮਤਾ ਵਿਚ ਸਿੱਧ ਕੀਤੇ ਜਾ ਰਹੇ ਹਨ।

ਜਿਵੇਂ ਪੁਰਸ਼ਾਂ ਵਿਚ [੨੪]ਕਰਜ਼ਨ ਫੈਸ਼ਨ ਆਦਿ ਤੁਰੇ, ਇਵੇਂ ਇਸਤ੍ਰੀਆਂ ਵਿਚ ਰੀਸਾਂ ਦੀ ਐਸੀ ਘੜੀਸ ਤੁਰੀ ਹੈ ਕਿ ਮਾਨੋਂ ਰੱਬ (ਕਰਤਾ) ਹੁਣ ਤੀਕ ਭੁੱਲ ਨਾਲ ਕੇਸਾਂ ਨੂੰ ਉਗੌਂਦਾ ਰਿਹਾ ਹੈ। ਲੱਖਾਂ ਕਰੋੜਾਂ ਬਰਸਾਂ ਪਿਛੋਂ ਰੱਬ ਦੀ ਗਲਤੀ ਫੜੀ ਜਾ ਰਹੀ ਹੈ। ਹੁਣ ਤਕ ਰੱਬ ਅਤੇ ਬੰਦਿਆਂ ਦੀ ਅਕਲ ਗੁੰਮ ਹੀ ਰਹੀ। ਇਸ ਤੋਂ ਸਿੱਧ ਹੈ ਕਿ ਹਜਾਮਤ (ਕੇਸ ਮੁੰਡੌਣੇ) ਕੇਵਲ ਫੈਸ਼ਨ ਹਨ, ਜਿਨ੍ਹਾਂ ਦੀ ਤਬਦੀਲੀ ਹੋਈ ਰਹਿੰਦੀ ਹੈ। ਸਮਾਂ ਪਾ ਕੇ ਇਹ ਫੈਸ਼ਨੀ ਲੋਕ ਫਿਰ ਕੇਸ ਰੱਖਣਗੇ, ਜਿਵੇਂ ਕੁੜਤਾ ਕਦੀ ਪੈਰਾਂ ਤੀਕ, ਕਦੀ ਲੱਕ ਤੋਂ ਉੱਚਾ ਹੁੰਦਾ ਹੈ, ਪਰ ਸ਼ਾਂਤੀ ਅਸਲ ਠਿਕਾਣੇ ਪਰ ਹੀ ਹੋਵੇਗੀ, ਫੈਸ਼ਨਾਂ ਪਿੱਛੇ ਚਪਲ ਤੋਂ ਲਾਈ-ਲੱਗ ਹੀ ਲਗਦੇ ਹੁੰਦੇ ਨੇ ਅਰ ਇਹ ਇਕ ਤਰ੍ਹਾਂ ਦੀ ਭੇਡਾ-ਚਾਲ ਹੈ।

## ਕੇਸਾਂ ਦੀ ਬੇਅਦਬੀ ਦਾ ਫਲ

ਸ੍ਰੀ ਭਾਗਵਤ ਵਿਖੇ ਕਥਾ ਹੈ ਕਿ ਦਿੱਤਿ (ਕਸ਼ਜਪ ਦੀ ਇਸਤ੍ਰੀ) ਨੇ ਮਹਾਨ ਕਠਨ ਵਰਤ ਧਾਰਿਆ ਕਿ ਮੇਰੇ ਇੰਦ੍ਰ ਨੂੰ ਜਿੱਤਣ ਵਾਲਾ ਪੁੱਤ੍ਰ ਹੋਵੇ, ਇੰਦਰ ਇਹ ਜਾਣ ਕੇ ਸੇਵਕ ਦਾ ਰੂਪ ਧਾਰ ਕੇ ਦਿੱਤਿ ਦੀ ਸੇਵਾ ਵਿਚ ਗਿਆ। ਇਕ ਦਿਨ ਦਿੱਤਿ ਜੂਠੇ ਮੂੰਹ ਸਿਰ ਦੇ ਕੇਸਾਂ ਨੂੰ ਖੁਲ੍ਹੇ ਛੱਡ ਕੇ ਸੌਂ ਗਈ। ਇੰਦ੍ਰ ਨੇ ਦਿੱਤਿ ਦਾ ਇਹ ਕਰਮ ਵਰਤ ਭੰਗ ਦਾ ਜਾਣਿਆ ਅਰ ਸੂਖਮ ਰੂਪ ਧਾਰ ਕੇ ਗਰਭ ਵਿਚ ਜਾ ਵੜਿਆ ਅਰ ਗਰਭ ਦੇ ੫੯ ਟੁਕੜੇ ਕਰ ਦਿਤੇ, ਜਿਸ ਤੋਂ ਸਰੁਤ (ਪਵਨ) ਦੇਵਤੇ ਹੋਏ।

## ਕੇਸਾਂ ਸਬੰਧੀ ਪ੍ਰਚਾਰ

ਕੇਸ ਧਾਰਨੀ ਹੋਣਾ ਸਿੱਖ ਧਰਮ ਤਥਾ ਗੁਰੂ ਨਾਨਕ ਮਿਸ਼ਨ ਦਾ ਪਹਿਲਾ ਅਸੂਲ ਹੈ। ਕੇਸਾਂ ਦਾ ਕਾਤਲ ਗੁਰਸਿੱਖ ਨਹੀਂ ਰਹਿ ਸਕਦਾ। ਨਾ ਉਸਦਾ ਸਿੱਖ ਧਰਮ ਵਿਚ ਦਾਖਲਾ ਹੈ। ਮਾਨੋਂ, ਸਿੱਖ ਪੰਥ ਕੇਸ ਧਾਰਨੀਆਂ ਦਾ ਤਥਾ ਕੇਸ-ਰੱਖਜਕਾਂ ਦਾ ਪੱਖ ਜਾਂ ਧੜਾ ਹੈ। ਸੰਸਾਰ ਵਿਚ ਸਿੱਖ ਪੰਥ ਦੀ ਇਹ ਆਸ਼ਾ ਹੈ ਕਿ ਸਭ ਨੂੰ ਕੇਸ ਕਟੌਣੀ ਗਲਤੀ ਦੱਸ ਕੇ ਪਤਿਤ ਹੋਣ ਤੋਂ ਬਚਾਇਆ ਜਾਵੇ। ਇਸੇ ਲਈ ਕੇਸਾਧਾਰੀ ਪੱਖ ਜਾਂ ਧੜੇ ਦਾ ਉਹੀ ਮੈਂਬਰ ਹੋ ਸਕਦਾ ਹੈ, ਜੋ ਕੇਸ ਕਾਤਲਾਂ ਦੇ ਪੱਖ ਨੂੰ ਤਿਆਗ ਕੇ ਕੇਸ ਧਾਰਨੀ ਹੋਵੇ ਤੇ ਸਿੱਖ ਨਿਯਮਾਂ ਵਿਖੇ ਟੁਰ ਕੇ ਨਮੂਨਾ

੨੪. ਆਮ ਦੇਖਿਆ ਜਾਂਦਾ ਹੈ ਕਿ ਸੰਸਾਰ ਵਿਚ ਨਕਲ ਜਾਂ ਰੀਸਾਂ ਕਰਨ ਲਈ ਸਿਖ ਵਧ ਹਨ। ਜੇ ਕਿਸੇ ਪ੍ਰਸਿੱਧ ਆਦਮੀ ਨੇ ਮੁੱਛ ਵਧਾ ਲਈ ਤਾਂ ਨਕਲੀਏ ਪੁਰਸ਼ ਮੁੱਛਾਂ ਵਧਾਉਣ ਲਗ ਪਏ, ਕਟਾ ਲਈ ਤਾਂ ਕਟਾਉਣ ਲਗ ਪਏ, ਐਸੇ ਪੁਰਸ਼ਾਂ ਦੀ ਆਪਣੀ ਜ਼ਮੀਰ ਕੁਛ ਭੀ ਨਹੀਂ ਹੁੰਦੀ।

Sri Satguru Jagjit Singh Ji eLibrary NamdhariElibrary@gmail.com

ਬਣੇ, ਕਿਉਂਕਿ 'ਪਹਿਲੇ ਮਨ ਪ੍ਰਬੋਧੈ ਅਪਨਾ ਪਾਛੈ ਅਵਰੁ ਰੀਝਾਵੈ' ਇਹੋ ਸਿੱਖਜਾ ਜਾਂ ਅਮਲੀ ਪ੍ਰਚਾਰ ਦਾ ਮਾਰਗ ਹੈ। ਕੋਈ ਮੋਨਾ ਜਿਤਨਾ ਚਿਰ ਖੁਦ ਕੇਸਾਂ ਦਾ ਧਾਰਨੀ ਨਾ ਬਣੇ, ਉਸ ਨੂੰ ਕੋਈ ਹੱਕ ਨਹੀਂ ਕਿ ਲੋਕਾਂ ਨੂੰ ਕਹਿੰਦਾ ਫਿਰੇ ਕੇਸਾਧਾਰੀ ਬਣੋ। ਜਦੋਂ ਤੀਕ ਉਹ ਖੁਦ ਕੇਸ ਨਹੀਂ ਰਖਦਾ, ਉਸ ਦਾ ਦਰਜਾ **'ਔਰਨ ਕਉ ਉਪਦੇਸ਼ਤ ਹੈ, ਪਸੁ ਤੋਹਿ ਪ੍ਰਬੋਧ ਨ ਲਾਗੋ ॥'** ਅਰਥਾਤ ਪਸ਼ੂ ਦਰਜੇ ਵਿਚ ਹੈ।

# ਕੇਸਾਂ ਦੇ ਪ੍ਰਚਾਰਕ ਵਾਹਬੀ ਮੁਸਲਮਾਨ

ਮੁਸਲਮਾਨਾਂ ਵਿਖੇ ਇਕ ਮਤ ਜੋ ਕਿ ਅਬਦੁਲ ਵਾਹਬ ਦੇ ਪੁਤਰ ਮੁਹੰਮਦ ਨੇ ਚਲਾਇਆ ਹੈ, ਇਸ ਦਾ ਜਨਮ ਅਰਬ ਵਿਖੇ ਸੰਨ ੧੬੯੧ ਈ: ਵਿਚ ਹੋਇਆ, ਮੁਹੰਮਦ ਦਾ ਪ੍ਰਚਾਰ ਸੀ ਕਿ ਮੁਹੰਮਦ ਸਾਹਿਬ ਪੈਗੰਬਰ ਦੀ ਕਬਰ ਦੀ ਪੂਜਾ ਨਾ ਕਰੋ, ਮਕਬਰਿਆਂ ਦੀ ਪੂਜਾ ਨਾ ਕਰੋ, ਕਿਸੇ ਨਾਮ ਦੀ ਮੰਨਨ ਅਰ ਕੁਰਬਾਨੀ ਨਾ ਦਿਉ। ਇਸ ਦਾ ਅਰਬ ਵਿਚ ਵੱਡਾ ਪ੍ਰਚਾਰ ਹੋਇਆ, ਵਾਹਬੀ ਲੋਕ ਆਪ ਨੂੰ ਮੁਵੱਹਿਦ ਭਾਵ ਇਕ ਦੇ (ਖੁਦਾ) ਪੂਜਜ ਮੰਨਦੇ ਹਨ ਅਰ ਦੂਜੇ ਮੁਸਲਮਾਨਾਂ ਨੂੰ ਮਸ਼ਾਰਿਕ ਭਾਵ ਖੁਦਾ ਨਾਲ ਹੋਰ ਕਿਸੇ ਦੀ ਪੂਜਾ ਕਰਨ ਵਾਲੇ ਕਹਿੰਦੇ ਹਨ।

ਮੱਕੇ ਮਦੀਨੇ ਵਿਖੇ ਵਾਹਬੀ ਮੁਸਲਮਾਨਾਂ ਦਾ ਵੱਡਾ ਦੌਰ ਹੈ, ਮੁਹੰਮਦ ਦਾ ਦਿਹਾਂਤ ੧੭੬੫ ਈ: ਵਿਚ ਹੋਇਆ ਹੈ। ਇਹ ਲੋਕ ਹਜ਼ਾਮਤ ਕਰਨ ਦੀ ਸ਼ਰ੍ਹਾ ਨਹੀਂ ਮੰਨਦੇ, ਬਲਕਿ ਕੇਸਾਂ ਦੇ ਹਾਮੀ ਹਨ। ਇਨ੍ਹਾਂ ਲੋਕਾਂ ਨੇ ਮੱਕਾ ਮਦੀਨਾ ਫਤਹ ਕਰਕੇ ਉਥੇ ਭੀ ਕਈ ਦਫਾ ਹਕੂਮਤ ਜਗਾਈ ਹੈ, ਮੁਹੰਮਦ ਦੇ ਪੋਤਰੇ ਸਾਅਦ ਨੇ, ਵਾਹਬੀ ਲੋਕਾਂ ਨੂੰ ਵੱਡੀ ਤਰੱਕੀ ਵਿਚ ਲਿਆਂਦਾ।

# ਸੋਮ ਨੂੰ ਸਿਰ ਮੁੰਨਣ ਦੀ ਸਜ਼ਾ

ਸੋਮ ਅਤ੍ਰ ਰਿਖੀ ਦਾ ਪੁਤ੍ਰ ਅਨਸੂਯਾ ਤੋਂ ਜਨਮਿਆ, ਇਸ ਬਾਬਤ ਕਈ ਪ੍ਰਕਾਰ ਦੇ ਲੇਖ ਮਿਲਦੇ ਹਨ। ਇਸ ਨੇ ਦਖਜ ਦੀਆਂ ੨੭ ਲੜਕੀਆਂ ਨਾਲ ਸ਼ਾਦੀ ਕੀਤੀ, ਸੋਮ ਚੰਦ੍ਰਮਾਂ ਦਾ ਨਾਮ ਪੈ ਗਿਆ ਹੈ। ਇਸ ਨੇ ਗੁਰੂ ਞ੍ਰਿਹਸਪਤਿ ਦੀ ਇਸਤ੍ਰੀ ਤਾਰਾ ਨੂੰ ਚੁਰਾਇਆ, ਜਿਸ ਪਿਛੇ ਕਈ ਜੰਗ ਹੁੰਦੇ ਰਹੇ।

ਤਾਰਾ ਦੇ ਪੇਟੋਂ ਜੋ ਪੁਤ੍ਰ ਹੋਇਆ ਉਸ ਦਾ ਨਾਮ ਬੁਧ ਰਖਿਆ। ਜਿਸ ਤੋਂ **ਚੰਦ੍ਰ ਵੰਸੀ** ਹੋਏ ਹਨ, ਜੰਗ ਦੇ ਵਧਣ ਪਰ ਬ੍ਰਹਮਾਂ ਆਦਿਕ ਨੇ ਵਿੱਚ ਪੈ ਕੇ ਤਾਰਾ ਨੂੰ ਵਾਪਸ ਕਰਵਾ ਦਿਤਾ ਸੀ। ਸੋਮ ਦੇ ਰੱਥ ਦੇ ਤਿੰਨ ਪਹੀਏ ਲਿਖੇ ਹਨ, ਜੋ ਸਫੈਦ ਫੁੱਲਾਂ ਦੀ ਤਰ੍ਹਾਂ ਹਨ, ਦਸ ਘੋੜੇ ਜੁੜਦੇ ਹਨ, ਸੋਮ ਨੂੰ ਆਪਣੇ ਗੁਰੂ ਞ੍ਰਿਹਸਪਤਿ

ਦੀ ਇਸਤ੍ਰੀ ਚੁਰੌਣ ਦੇ ਅਪਰਾਧ ਵਿਚ ਕੇਸ ਮੁੰਨੇ ਜਾਣ ਦੀ ਭਾਰੀ ਸਜ਼ਾ ਰਿਖੀਆਂ ਦੀ ਕੌਂਸਲ ਨੇ ਦਿਤੀ ਸੀ, ਉਸ ਸਮੇਂ ਇਹ ਸਜ਼ਾ ਸੀਸ ਉਤਾਰਨ ਦੇ ਬਰਾਬਰ ਸੀ, ਪਰ ਅੱਜ-ਕਲ੍ਹ ਦੇ ਕਲਜੁਗੀ ਮਨੁੱਖ ਪੱਲਿਓਂ ਟਕੇ ਦੇ ਕੇ ਵਾਲ ਕਟਵੌਂਦੇ ਹਨ।

## ਪੰਜ ਕੇਸੀਏ

ਮਨੁੱਖਾਂ ਦੇ ਪੰਜ ਪ੍ਰਕਾਰ ਦੇ ਕੇਸ ਮੰਨੇ ਹੈਨ। ਸੀਸ, ਮੁਖ, ਬਗਲਾਂ, ਗੁਪਤੀ ਅਤੇ ਸਰੀਰ ਦੇ ਬ੍ਰੀਕ ਰੋਮ। ਸੋ ਹਰ ਇਕ ਰੋਮ ਲਈ ਕੇਸ ਸ਼ਬਦ ਨੀਯਤ ਹੈ। ਰੋਮ, ਵਾਲ ਕੇਸ ਇਕੋ ਪੰਗਤੀ ਦੇ ਸ਼ਬਦ ਹੈਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ —"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥" (ਰਾਮਕਲੀ ਸਿਧ ਗੋਸਟਿ, ਪੰਨਾ ੯੪੧), ਪੁਨਾ:-"ਮੈ ਰੋਮ ਰੋਮ ਹਰਿ ਨਾਮ ਧਿਆਵੈ।" (ਗੋਂਡ ਮ: ੫) ਅਰਥਾਤ ਰੋਮ ਰੋਮ ਹਰੀ ਨਾਮ ਜਪਣ ਲਈ ਹੈ। ਭਾਵ ਉਸ ਦੀ ਯਾਦਗਾਰੀ ਵਿਚ ਹੈ। ਤਾਂਤੇ ਕਿਸੀ ਰੋਮ ਦਾ ਭੀ ਛੇਦਨ ਕਰਨਾ "ਬੇਮੁਖਤਾ" ਹੈ। ਸਰੀਰ ਦੇ ਕਿਸੀ ਸਥਾਨੋਂ ਰੋਮ ਮੁੰਡੌਣੇ ਯੋਗ ਨਹੀਂ ਹੈਨ। 'ਜਟਾ ਜੂਟ' ਰਹਿਣਾ ਇਹ ਅਕਾਲੀ ਬਾਣਾ ਹੈ। ਦਸਮ ਗੁਰੂ ਦਾ ਐਲਾਨ ਹੈ—"ਖੜਗ ਧਾਰ ਅਸਿਧੁਜ ਪਗ ਲਾਗੋ ॥ ਜਟਾ ਜੂਟ ਰਹਿਬੋ ਅਨੁਰਾਗੋ ॥ "ਸੋ ਪੰਜ ਕੇਸੀਏ ਰਹਿਣਾ ਤੇ ਖੜਗਧਾਰੀ ਹੋਣਾ ਪੁਰਾਤਨ ਤੇ ਆਦੀ ਛੱਤ੍ਰੀਆਂ ਦੇ ਅਸੂਲ ਹਨ, ਯਥਾ:-"ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥ ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹਿ ਪਰਵਾਣੁ ॥" (ਸਲੋਕ ਵਾਰਾਂ ਤੋਂ ਵਧੀਕ ਮਹਲਾ ੧, ਪੰਨਾ ੧੪੧੧) ਇਸ ਤੋਂ ਸਾਫ ਹੈ ਕਿ ਪੰਜ ਕੇਸੀਆ ਰਹਿਣਾ ਅਤੇ ਖੜਗ ਧਾਰਨਾ (ਕਿਰਪਾਨ) ਇਹ ਛੱਤ੍ਰੀਆਂ ਦੀ ਰਹਿਤ ਹੈ, ਇਸ ਤੋਂ ਬਿਨਾਂ ਕੋਈ ਪਾਖੰਡ ਸੇ ਛੱਤ੍ਰੀ ਨਹੀਂ ਕਹਾ ਸਕਦਾ, ਬਿਨਾਂ ਸ਼ਸਤ੍ਰ ਤੋਂ ਸੂਰਮਾ ਕਾਹਦਾ ? "ਬਿਨ ਆਵਧ ਜੈਸੇ ਸੂਰ ਰਾਜ ॥" (ਮ: ੫) ਭਾਵ ਬਿਨਾਂ ਸ਼ਸਤ੍ਰ ਧਾਰਨ ਦੇ ਸੂਰਮਾ ਨਿਕੰਮਾ ਹੈ। ਇਹੋ ਅਸੂਲ ਕ੍ਰਿਪਾਨ ਦਾ ਹੈ, ਤਾਂਤੇ ਅਸਲੀ ਛੱਤ੍ਰੀ ਖਾਲਸਾ ਹੀ ਹੈ। ਨਾਮਧਰੀਕ ਛੱਤ੍ਰੀ ਉਹ ਹੈਨ, ਜਿਨ ਪਰ ਛੱਤ੍ਰੀ ਅਸੂਲ ਨਾ ਘਟਣ, ਪਰ ਕਹੌਣ ਆਪ ਨੂੰ ਕਿ ਹਮ ਛੱਤ੍ਰੀ ਹੈਂ।

ਨਾਮਧਰੀਕ ਛੱਤ੍ਰੀਆਂ ਦਾ ਵੱਡਾ ਹਥਿਆਰ ਹੁੱਕਾ, ਨੜੀ, ਚੁਰਟ ਹੀ ਦੇਖਣ ਵਿਚ ਵੱਧ ਆਉਂਦਾ ਹੈ, ਵੈਸੇ ਗੁਰਮਤਿ ਅਨੁਸਾਰ ਬਹਾਦਰ ਦੀ ਸੰਗਿਆ ਛੱਤ੍ਰੀ ਹੈ, ਜ਼ਾਤੀ ਪਾਤੀ ਨਾਲ ਛੱਤ੍ਰੀ ਸ਼ਬਦ ਨੂੰ ਜੋੜਨਾ ਫਜ਼ੂਲ ਖਿੱਚ ਹੈ।

## ਕੇਸ ਤੇ ਸਰਦਾਰ

ਭਾਵੇਂ ਸਰਦਾਰ ਸਿਰ ਕਰਕੇ ਜਾਂ ਬਾਇੱਜ਼ਤ ਆਦਮੀ ਦਾ ਖਿਤਾਬ ਹੈ, ਪਰੰਤੂ

Sri Satguru Jagjit Singh Ji eLibrary NamdhariElibrary@gmail.com

ਸਰਦਾਰ ਦਾ ਮਤਲਬ [੨੫]ਸਿਰ ਰੱਖਣ ਵਾਲਾ ਹੈ । ਸੋ ਸਿਰ ਰੱਖਣ ਵਾਲਾ ਕੇਵਲ ਕੇਸਾਧਾਰੀ ਹੈ, ਕਿਉਂਕਿ ਸਿਰ ਮੂੰਹ ਮੁਨੌਣ ਵਾਲਾ, "ਅਰਥਾਤ ਮੇਰਾ ਸਿਰ ਮੁੰਨ ਦੇ ਜਾਂ ਤੇਰਾ ਸਿਰ ਮੁੰਨ ਦਿਤਾ", ਜਿਸ ਪਰ ਇਹ ਸ਼ਬਦ ਘਟਣ ਜਾਂ ਵਰਤਣ ਉਸ ਪਾਸ ਸਿਰ ਕਿਥੇ ਹੈ ? ਅਸਲੋਂ ਕੇਸ ਰੱਖਣ ਦਾ ਭਾਵ ਹੀ ਸੀਸ ਰੱਖਣਾ ਹੈ । ਕੇਸ ਹੀ ਸਿਰ ਨੂੰ ਰਖਣ ਵਾਲੇ ਹੈਨ, ਤਾਂਤੇ ਕੇਸਾਂ ਵਾਲੇ ਹੀ ਸਰਦਾਰ ਹੈਨ, ਵੈਸੇ ਭੀ ਸਰਦਾਰ (ਸਿਰਦਾਰ) ਅਥਵਾ ਸਿਰ-ਕਰਦੇ ਨੂੰ ਬੁਲਾਇਆ ਜਾਂਦਾ ਹੈ । ਹੁਣ ਸਿੱਖਾਂ ਲਈ ਇਹ ਸ਼ਬਦ ਰੀਜ਼ਰਵ ਹੈ । ਹਰ ਕੋਈ ਬਿਨਾਂ ਪੁਛੇ ਕੇਸਾਂ ਵਾਲੇ ਨੂੰ 'ਸਰਦਾਰ ਜੀ' ਸ਼ਬਦ ਨਾਲ ਸੰਬੋਧਨ ਕਰਦਾ ਹੈ, ਸੋ ਇਹ ਕ੍ਰਿਪਾ ਸ੍ਰੀ ਗੁਰੂ ਦਸਮੇਸ਼ ਜੀ ਦੀ ਹੈ ਕਿ ਕੇਸ ਗੁਰਸਿੱਖਾਂ ਨੂੰ ਜਗਤ ਪਾਸੋਂ ਸਰਦਾਰ ਜੀ ਸ਼ਬਦ ਨਾਲ ਸਨਮਾਨ ਦਿਵੌਣ ਦਾ ਕਾਰਣ ਹੁੰਦੇ ਨੇ । ਮੋਨੇ ਲਈ ਸਰਦਾਰ ਜਾਂ ਸਰਦਾਰ ਸਾਹਿਬ ਸ਼ਬਦ ਨਹੀਂ ਫਬਦੇ, ਅਫਰੀਦੀ ਜਾਂ ਪਠਾਣ ਲੋਕ ਕੇਸ ਦਾੜ੍ਹੀਆਂ ਰੱਖ ਕੇ ਖਾਨ ਸਾਹਿਬ ਕਹਾਏ, ਪਰ ਸ਼ੋਕ ! ਤਿਨ੍ਹਾਂ ਵਿਚ ਭੀ ਹੁਣ ਕੇਸ ਦਾੜ੍ਹੀ ਕਟੌਣ ਦੀ ਰਸਮ ਚਲ ਪਈ । ਸਮਾਂ ਦੱਸ ਰਿਹਾ ਹੈ, ਕਿ ਉਹ ਕੇਸ ਕਟਾ ਕੇ ਖਾਨ ਸਾਹਿਬ ਬਣੌਂਟੀ ਹੀ ਰਹਿਣਗੇ, ਅਰ [੨੬]ਕੱਦਾਵਰ ਹੋਣਾ ਤੇ ਬਹਾਦਰੀ ਭੀ ਘਟ ਜਾਵੇਗੀ ।

# ਫੈਸ਼ਨ ਤੇ ਕੇਸ ਧਾਰਨਾ

ਕੇਸ ਧਾਰਨਾ ਦਾ ਸਬੰਧ ਫੈਸ਼ਨਾਂ ਨਾਲ ਨਹੀਂ ਬਲਕਿ ਕੁਦਰਤ ਅਰ ਸਿੱਖੀ ਨਾਲ ਹੈ । ਕੁਦਰਤ ਅਰ ਸਿੱਖੀ ਤੋਂ ਬੇਮੁਖ ਹੋਣਾ ਕੇਸਾਂ ਦਾ ਕਤਲ ਕਰਨਾ ਹੈ । ਕੇਸ ਕਤਲ ਕਰਨੇ ਅਕਾਲ ਪੁਰਖ ਅਰ ਗੁਰੂ ਦੇ ਹੁਕਮ ਤੇ ਰਜ਼ਾ (ਭਾਵ ਕੁਦਰਤ)

---

੨੫. ਦਿਮਾਗ ਦੀ ਰਛਿਆ ਲਈ ਕੇਸ ਸੁਦਾਰ ਹਨ ਤਥਾ ਪਹਿਰੇਦਾਰ ਹਨ । ਦੇਖਿਆ ਜਾਂਦਾ ਹੈ, ਕੇਸ ਵਿਰੋਧੀ ਪੁਰਸ਼ ਪ੍ਰਚਾਰ ਕਰਦੇ ਹੁੰਦੇ ਹਨ ਕਿ ਕੇਸਾਂ ਨਾਲ ਦਿਮਾਗ ਨਹੀਂ ਰਹਿੰਦਾ, ਵਿਦਿਆ ਪੜ੍ਹਨ ਵਿਚ ਰੋਕ ਪੈਂਦੀ ਹੈ । ਇਹ ਇਕ ਬੜੀ ਭਾਰੀ ਕਮੀਨੀ ਚਾਲ ਹੈ, ਉਨ੍ਹਾਂ ਦਾ ਸਿਧਾਂਤ ਸਿੱਖ ਬੱਚਿਆਂ ਨੂੰ ਸਿੱਖੀਓਂ ਪਤਿਤ ਕਰਨਾ ਹੁੰਦਾ ਹੈ । ਸੰਸਾਰ ਵਿਚ ਜਿਤਨੇ ਫਿਲਾਸਫਰ ਹੋਏ ਹਨ ਵੱਧ ਕੇਸਾਧਾਰੀ ਮਿਲਣਗੇ, ਕੇਸਾਂ ਵਾਲਿਆਂ ਨਾਲੋਂ ਵਧ ਪਾਗਲ ਮੋਨੇ ਮਿਲਦੇ ਹਨ।

੨੬. ਕਿਸੇ ਸਮੇਂ ਹਿੰਦੁਸਤਾਨ ਵਿਚ ਸੱਤ ਫੁਟ ਲੰਬੇ ਆਦਮੀ ਮਿਲਦੇ ਸਨ, ਅੱਜ-ਕਲ੍ਹ ਛੀ ਫੁਟ ਮਿਲਣਾ ਕਠਨ ਹੈ, ਆਮ ਕੱਦ ਪੰਜ ਫੁਟ ਦਾ ਮਿਲਦਾ ਹੈ, ਭਾਵੇਂ ਇਸ ਦਾ ਵੱਡਾ ਕਾਰਨ ਛੋਟੀ ਉਮਰ ਦੀਆਂ ਸ਼ਾਦੀਆਂ ਅਰ ਨਿਕੰਮੀ ਵਿਦਿਆ ਹੈ ਪਰ ਖਾਸ ਕਾਰਨ ਕੇਸਾਂ ਦਾ ਕਤਲ ਕਰਨਾ ਹੈ । ਇਕ ਮੂਰਖ ਕੇਸ-ਵਿਰੋਧੀ ਪ੍ਰਚਾਰਕ ਨੇ ਕਿਹਾ ਕਿ ਕੇਸ ਮੁੰਡੌਣ ਨਾਲ ਗਰਦਨ ਮੋਟੀ ਹੁੰਦੀ ਹੈ, ਪਰ ਸਿਰ ਮੁੰਡੌਣ ਵਾਲੇ ਬਾਣੀਏਂ, ਬ੍ਰਾਹਮਣਾਂ ਦੀਆਂ ਗਰਦਨਾਂ ਮੇਚੇ ਲੈ ਕੇ ਵੇਖੋ ਤਾਂ ਸਿਰ ਧੜਾਂ ਥੀਂ ਜੁਦਾ ਮਲੂਮ ਹੋਵੇਗਾ, ਚਾਲਾਕ ਪੁਰਸ਼ਾਂ ਤੋਂ ਸਦਾ ਬਚੋ !

Sri Satguru Jagjit Singh Ji eLibrary NamdhariElibrary@gmail.com

ਤੋਂ ਬੇਮੁਖ ਹੋਣਾ ਭੀ ਹੈ। ਫੈਸ਼ਨੀ ਹਜਾਮਤਾਂ ਸਦਾ ਬਦਲਦੀਆਂ ਹਨ, ਤਾਂਤੇ ਕੇਸ ਮੁਨੌਣੇ ਨਿਯਮ ਜਾਂ ਸਿਲਸਿਲੇ ਵਿਚ ਨਹੀਂ ਹਨ। ਜਿਵੇਂ ਕੰਨ, ਨੱਕ, ਬਾਹਾਂ ਕੱਟੇ ਨਹੀਂ ਜਾਂਦੇ, ਇਵੇਂ ਕੇਸ ਇਕ ਜ਼ਰੂਰੀ ਅੰਗ ਹੋਣ ਕਰਕੇ ਕੱਟਣੇ ਮੂਰਖਤਾ ਹੈ। ਕੇਸ ਸਰੀਰ ਨਾਲ ਸਬੰਧ ਰਖਦੇ ਹਨ, ਪਰ ਰੱਖਣ ਦੇ ਅਰਥ ਸਿੱਖੀ ਨਹੀਂ ਹੈ, ਪਰ ਸਿੱਖੀਓਂ ਪਤਿਤ ਹੋਣਾ ਕੇਸਾਂ ਦਾ ਕਤਲ ਕਰਨਾ ਹੈ। ਇਸਦਾ ਮੰਤਵ ਗੁਰੂ ਹੁਕਮ ਮੰਨਣਾ ਅਤੇ ਕੇਸਾਂ ਨੂੰ ਜ਼ਰੂਰੀ ਅੰਗ ਹੋਣ ਕਰਕੇ ਕਾਇਮ ਰੱਖਣਾ ਹੈ। "ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ" ਅੰਮ੍ਰਿਤ ਛਕੌਣ ਸਮੇਂ ਦਾ ਭੀ ਇਹੋ ਹੁਕਮ ਹੈ। ਕੇਸਾਂ ਨੂੰ ਸਰੀਰ ਨਾਲ ਕਾਇਮ ਰਖਣਾ ਅਰਥਾਤ ਕੇਸਾਂ ਦਾ ਬੁਰਾ ਨਾ ਕਰਨਾ ਇਹ ਸਿੱਖ ਨਿਯਮ ਭੀ ਹੈ, ਭਾਵ ਸਿੱਖ ਨਿਯਮਾਂ ਅਗੇ ਕੇਸ ਕਤਲ ਕਰਨੇ ਪਤਿਤ ਕਰਮ ਹੈ। ਤਦੇ ਅੰਮ੍ਰਿਤ-ਧਾਰੀ **ਕੇਸ ਉਤਰਾਕੇ ਸਿੱਖ ਨਹੀਂ ਰਹਿ ਸਕਦਾ** ਬਲਕਿ ਕੇਸ ਕਾਤਲ ਪੰਥਕ ਹੱਕਾਂ ਤੋਂ ਭੀ ਖਾਰਜ ਹੈ। ਕੇਸਾਂ ਦਾ ਕਾਤਲ ਕਿਸੀ ਧਾਰਮਕ ਤੇ ਵਿਹਾਰਕ ਕੰਮਾਂ ਦਾ ਮੋਢੀ (ਜਥੇਦਾਰ) ਨਹੀਂ ਅਖਵਾ ਸਕਦਾ। ਤਦੇ ਸ੍ਰੀ ਗੁਰੂ ਦਸਮੇਸ਼ ਜੀ ਨੇ ਕੇਸਾਂ ਦੀ ਅਟੱਲਤਾ ਹਿਤ ਕੇਸ-ਕਾਤਲ ਨੂੰ ਸਿਖੀਓਂ ਪਤਿਤ ਕਰਾਰ ਦਿਤਾ ਹੈ। ਸਾਥ ਹੀ ਕੇਸ ਗੁਰਸਿੱਖ ਦੀ ਜਿੰਦ-ਜਾਨ ਹਨ। ਕੇਸ ਫੈਸ਼ਨਾਂ ਨਾਲ ਬਦਲ ਨਹੀਂ ਸਕਦੇ ਅਰ ਨਾ ਹੀ ਪੰਥ ਜਾਂ ਸਿੱਖਾਂ ਨੂੰ ਹੱਕ ਹੈ ਕਿ ਕੇਸਾਂ ਦੀ ਵਿਰੋਧਤਾ ਬਾਰੇ ਕੋਈ ਰਾਇ ਤੀਕ ਭੀ ਕਾਇਮ ਕਰਨ, ਅਰਥਾਤ ਸਿੱਖ ਧਰਮ ਵਿੱਚ ਕੇਸਾਂ ਤੋਂ ਵਿਰੁੱਧ ਬਕਵਾਸ ਕਰਨਾ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਪਰ ਹੜਤਾਲ ਫੇਰਨਾ, ਜਾਂ ਗੁਰੂ ਤੋਂ ਬਾਗੀ ਹੋਣਾ ਹੈ। ਗੁਰੂ ਫੁਰਮਾਨ ਹੈ :—

***"ਨਿਸ਼ਾਨੇ ਸਿਖੀ ਈਂ ਪੰਜ ਕਾਫ। ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ।***
***ਕੜਾ, ਕਾਰਦੋ, ਕੱਛ, ਕੰਘਾ ਬਿਦਾਂ। ਕੇਸ ਹੇਚ ਅਸਤ ਜੁਮਲਾ ਨਿਸ਼ਾਂ।"***

ਸਾਫ ਹੈ ਗੁਰੂ ਸਾਹਿਬਾਨ ਵਲੋਂ ਕੇਸ ਧਾਰਨਾ ਜਾਂ ਪੰਜ ਕਕਾਰਾਂ ਰਹਿਤ ਮੁਆਫ ਨਹੀਂ ਕੀਤੀ ਜਾ ਸਕਦੀ, ਜਿਵੇਂ ਕਈ ਢਿੱਲੜ ਪੰਜ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਮਨਮਤਾਂ ਕਰਦੇ ਨੇ। **"ਆਵਧ ਹੀਣੰ ਜਥਾ ਸੂਰਾ"** ਅਰਥਾਤ ਕਿਰਪਾਨ ਹੀਣ ਗੁਰਸਿੱਖ ਨਹੀਂ ਹੈ। ਹਾਂ ਇਹ ਤਾਂ ਹੋ ਸਕਦਾ ਹੈ ਕਿ ਕੋਈ ਰਾਜਨੀਤੀ ਹੀਣਾ ਰਾਜਾ ਬਿਨਾਂ ਸ਼ਸਤ੍ਰਾਂ ਅਸਤਰਾਂ ਜਾਂ ਫੌਜੀ ਵਰਦੀ ਬਿਨਾਂ ਸਿਪਾਹ ਰੱਖ ਲਵੇ, ਪਰ ਖਾਲਸਾ ਪੰਥ ਐਸੀ ਗਲਤੀ ਨਹੀਂ ਕਰ ਸਕਦਾ ਕਿ ਰਹਿਤ ਹੀਣਿਆਂ ਨੂੰ ਸਿੱਖ ਧਰਮ ਵਿਚ [੨੭]ਸ਼ਾਮਿਲ ਰੱਖੇ।

---

੨੭. ਗੁਰੂ ਹੁਕਮ ਹੈ—ਰਹਿਤ ਪਿਆਰੀ ਮੋਹਿ ਕਉ ਸਿਖ ਪਿਆਰੋ ਨਾਹਿ। ਪੁਨਾ—ਰਹਿਣੀ ਰਹੇ ਸੋਈ ਸਿਖ ਮੇਰਾ॥ ਉਹ ਸਾਹਿਬ ਮੈਂ ਉਸਕਾ ਚੇਰਾ॥

*(ਵਿਸਥਾਰ ਲਈ ਪੜ੍ਹੋ ਗ੍ਰੰਥ ਸਿੱਖ ਕਾਨੂੰਨ)*

Sri Satguru Jagjit Singh Ji eLibrary NamdhariElibrary@gmail.com

ਤਾਂਤੇ ਗੁਰਸਿੱਖੀ ਰਹਿਤ ਦਾ ਸਬੰਧ ਜ਼ਮਾਨੇ ਜਾਂ ਫੈਸ਼ਨਾਂ ਨਾਲ ਨਹੀਂ ਅਤੇ ਨਾ ਹੀ ਸਿੱਖੀ ਰਹਿਤ ਜ਼ਮਾਨੇ ਜਾਂ ਫੈਸ਼ਨਾਂ, ਅਥਵਾ ਮਨਮਤਾਂ ਦੀ ਗੁਲਾਮ ਹੈ ।

# ਕੇਸਾਂ ਦਾ ਮੁੱਲ ਤੇ ਗੁਰਸਿਖੀ

ਸਿੱਖ ਧਰਮ ਵਿੱਚ ਜਿਤਨੀ ਕੇਸਾਂ ਦੀ ਕਦਰ ਹੈ, ਉਸ ਦੀ ਮਿਸਾਲ ਸ੍ਰੀ ਮਾਨ ਭਾਈ ਤਾਰੂ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਹੈ । ਭਾਈ ਸਾਹਿਬ ਨੇ ਇਹ ਪੂਰਨੇ ਪਾ ਕੇ ਸੰਸਾਰ ਵਿੱਚ ਸਦਾ ਲਈ ਸਿੱਧ ਕਰ ਦਿੱਤਾ ਹੈ ਕਿ ਗੁਰਸਿੱਖ ਖੋਪਰੀ ਉਤਰਵਾ ਸਕਦਾ ਹੈ ਪਰ ਸੀਸ ਤੋਂ ਕੇਸ ਨਹੀਂ ਉਤਰਵਾ ਸਕਦਾ, ਕੇਸਾਂ ਦੀ ਕਾਇਮੀ ਲਈ ਧਰਮ ਵਿਚ ਇਤਨੀ ਸਪਿਰਟ ਜਾਂ ਸਿਦਕ ਹੈ ਕਿ ਉਹ ਮਾਦਾਪ੍ਰਸਤੀ ਦੇ ਮੁਕਾਬਲੇ ਕੇਸਾਂ ਦੀ ਕਾਇਮੀ ਲਈ ਕੇਸ ਵਿਰੋਧੀਆਂ ਵਲੋਂ ਪੇਸ਼ ਹੋ ਰਹੇ ਅਨੇਕਾਂ ਰਾਜ ਭੋਗਾਂ ਨੂੰ ਲੱਤ ਮਾਰ ਕੇ, ਵਿਸ਼ਟਾ ਦਾ ਟੋਕਰਾ ਸਮਝਦੇ ਹਨ । ਖਾਲਸਾ ਇਤਿਹਾਸ ਦਸਦਾ ਹੈ ਕਿ ਭਾਈ ਸਾਹਿਬ ਨੂੰ ਬੇਗਮਾਂ ਤੇ ਜਾਇਦਾਦਾਂ ਦੇ ਲਾਲਚ ਸੀਸ ਦੇ ਰੋਮ ਉਤਾਰਨ ਬਦਲੇ ਮਿਲਦੇ ਸੀ, ਪਰ ਆਪ ਨੇ ਪ੍ਰਵਾਨ ਨਾ ਕੀਤੇ, ਭਾਈ ਸਾਹਿਬ ਨੇ ਕੇਸਾਂ ਦੀ ਉਹ ਸੀਸ ਭੇਟ ਦਿਤੀ ਹੈ, ਜਿਸ ਤੋਂ ਪਰ੍ਹੇ ਹੋਰ ਕੋਈ ਭੇਟਾ ਨਹੀਂ ਹੋ ਸਕਦੀ, ਤਾਂਤੇ **ਸਿੱਖਾਂ ਨੂੰ ਕੇਸ ਸੀਸ ਤੋਂ ਪਿਆਰੇ ਹਨ** । ਤਦੇ ਕੇਸਾਂ ਬਿਨਾਂ ਕੋਈ ਭੀ ਸਿੱਖ ਨਹੀਂ ਹੈ, ਕੇਸ ਮੁੰਡੌਣ ਵਾਲਾ ਪਤਿਤ ਨਸ਼ਰ ਬਦਨਾਮ (ਗਿਰ ਚੁਕਾ) ਹੈ, ਗੁਰਸਿਖ ਕਹੌਣ ਵਾਲੇ ਕਦੀ ਭੀ ਕੇਸ ਨਹੀਂ ਉਤਰਵਾ ਸਕਦੇ, ਬੇਸ਼ਕ ਸੀਸ ਉਤਰ ਜਾਵੇ। ਗੁਰਸਿੱਖ ਨੂੰ ਸੀਸ ਥੀਂ ਕੇਸ ਪਿਆਰੇ ਹਨ, ਜਾਂ ਕਹੋ ਸਿੱਖੀ ਸਿਦਕ ਦੀ ਸਪਿਰਟ ਕੇਸਾਂ ਨਾਲ ਕਾਇਮ ਹੈ ।

ਕੇਸਾਂ ਦੀ ਕਾਇਮੀ ਲਈ ਅੰਮ੍ਰਿਤਪਾਨ ਕਰਨ ਤੋਂ ਪਹਿਲੇ ਸੀਸ ਭੇਟ ਹੋ ਚੁਕੀ ਹੈ, ਸੋ ਸੀਸ ਗੁਰੂ ਦਾ ਹੈ । ਜਿਸ ਪਰ ਕੇਸ ਹਨ ਮਾਨੋ [੨੮]ਕੇਸਾਂ ਦਾ ਬੁਰਾ ਕਰਨਾ ਗੁਰੂ ਦੀ ਇਮਾਨਤ ਨੂੰ ਨਾ ਸੰਭਾਲਣਾ ਪਾਪ ਹੈ । ਏਥੇ ਹੀ ਬੱਸ ਨਹੀਂ ਗੁਰੂ ਜੀ ਦੇ ਅਟੱਲ ਬਚਨ ਕੇਸਾਂ ਨਾਲ ਹਨ। ਯਥਾ:-ਏਹੋ ਮੋਰ ਆਗਿਆ ਸੁਣੋਂ ਤੁਮ ਪਿਆਰੇ ॥ **ਬਿਨਾ ਤੇਗ ਕੇਸੰ ਦਿਵੋਂ ਨਾ ਦੀਦਾਰੇ ॥ ਬਿਨਾ ਤੇਗ ਕੇਸੰ ਨਰੰ ਭੇਡ ਜਾਨੋਂ ॥**

---

੨੮. ਆਪਣੇ ਨੂੰ ਸਿਖ ਕਹਿਲਾਣ ਵਾਲੇ ਐਸੇ ਹੁੰਸਿਆਰੇ ਕੁਟਲ ਪੁਰਸ਼ ਭੀ ਦੇਖੇ ਗਏ ਹਨ ਕਿ ਸਿਰ ਦੇ ਵਿਚਕਾਰੋਂ ਕੇਸ ਮੁੰਡਵਾ ਕੇ, ਇਰਦੇ ਗਿਰਦੇ ਦਿਖਾਵੇ ਦੇ ਕੇਸ ਰਖਦੇ ਹਨ, ਇਸ ਤਰ੍ਹਾਂ ਦੇ ਬਿਗੜ ਰੂਪ ਲੋਕਾਂ ਨੂੰ ਧੋਖੇ ਦਿੰਦੇ ਹਨ । ਗੁਰੂ ਸਾਹਿਬਾਂ ਤੋਂ ਭੀ ਭੈ ਨਹੀਂ ਕਰਦੇ ਕਿ ਅੰਤਰਯਾਮੀ ਤਾਂ ਇਸ ਮੰਦੇ ਕਰਮ ਨੂੰ ਜਾਣਦਾ ਹੈ । ਇਸ ਤੋਂ ਅੱਛਾ ਹੈ ਕਿ ਉਹ ਦਿਖਾਵੇ ਦੀ ਸਿੱਖੀ ਨੂੰ ਨਾ ਰੱਖਣ, ਸਿੱਖ ਕਹਾ ਕੇ ਦਾਹੜੀ ਚੋਰਾਂ ਨੂੰ ਭੀ ਖਬਰਦਾਰ ਹੋਣਾ ਲੋੜੀਂਦਾ ਹੈ, ਜੋ ਖਸਖਸੀਆਂ ਕਰਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਪਕੜ ਤਾਹਿੰ ਕਾਨ ਹੂੰ ਕਿਤੇ ਲੈ ਸਿਧਾਨੋ ॥ ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਕੇਸ ਮੁੰਡੌਣ ਵਾਲੇ ਨੂੰ ਦਰਸ਼ਨ ਤੀਕ ਨਹੀਂ ਦੇ ਸਕਦੇ ।

# ਕੇਸ ਰੱਖਣੇ ਜਾਂ ਨਾ ਰੱਖਣੇ

ਜਿਸ ਥਾਂ ਜਿਤਨੇ ਲੰਬੇ 'ਕੇਸਾਂ ਦੀ ਲੋੜ ਸੀ ਉਤਨੇ ਹੀ ਲੰਬੇ ਹੁੰਦੇ ਨੇ' ਕੇਸ ਆਪਣੀ ਅਸਲੀ ਲੰਬਾਈ ਪਰ ਜਾ ਕੇ ਖੜੋ ਜਾਂਦੇ ਨੇ, ਫਿਰ ਵਧੌਣ ਦੇ ਯਤਨ ਕੀਤੇ ਬਿਨਾਂ ਆਪੇ ਨਹੀਂ ਵਧਦੇ । ਦੇਖੋ ਕੰਨਾਂ, ਨੱਕ, ਅੱਖਾਂ ਦੇ ਰੋਮ ਆਪਣੀ ਲੋੜ ਲਈ ਯੋਗ ਹਨ, ਫਿੱਫਣ ਪਰ ਲੋੜ ਦੀ ਲੰਬਾਈ ਮੂਜਬ ਹਨ । ਵੀਰਜ ਰਿੱਛਾ ਲਈ ਹਿਫ਼ਾਜ਼ਤ ਯੋਗ ਹਨ, ਇਕਰ ਹੀ ਕੱਛਾਂ (ਬਗਲਾਂ) ਅਰ ਛਾਤੀ ਆਦਿ ਦੇ ਨੇ ਪਰ ਸਰੀਰ ਦੇ ਬ੍ਰੀਕ ਤੇ ਨਿੱਕੇ-ਨਿੱਕੇ ਹਨ । ਦਾੜ੍ਹੇ ਅਰ ਸੀਸ ਲਈ ਖਾਸ ਤੌਰ ਪਰ ਲੰਬੇ ਹੁੰਦੇ ਨੇ, ਗਰਮੀ ਸਰਦੀ ਅਰ ਸੁੰਦਰਤਾ ਲਈ ਇੱਥੇ ਇਤਨੇ ਹੀ ਯੋਗ ਹਨ। ਹੱਥ ਦੀ ਹਥੇਲੀ ਪਰ ਉਕੇ ਨਹੀਂ, ਇਥੇ ਲੋੜ ਨਹੀਂ ਸਮਝੀ ਗਈ । ਭਾਵ ਕੀ ! ਕੁਦਰਤ ਭੁੱਲੀ ਹੋਈ ਜਾਂ ਗਲਤੀ ਨਹੀਂ ਕਰਦੀ । ਕੇਸ ਤਾਂ ਕਰਤਾਰ ਨੇ ਸਭ ਦੇ ਰੱਖੇ ਹਨ, ਹਟਾਊ ਕੌਣ ? ਕਰਤਾਰ ਨੇ ਨਰਮ ਤੇ ਨਿੱਕੀਆਂ-ਨਿੱਕੀਆਂ ਵੇਲਾਂ ਨੂੰ ਵੱਡੇ-ਵੱਡੇ ਪੇਠੇ ਲਗਾਏ ਹਨ । ਪਰ ਬੋਹੜ ਲਈ ਨਿੱਕੀਆਂ-ਨਿੱਕੀਆਂ ਗੋਹਲਾਂ ਨੇ, ਜੇ ਕੋਈ ਇਸ ਨੂੰ ਕਹੇ ਕੁਦਰਤ ਜਾਂ ਕਰਤਾਰ ਦੀ ਗਲਤੀ ਹੈ ਉਹ ਅਤਿਅੰਤ ਮੂਰਖ ਸਮਝਿਆ ਜਾਵੇਗਾ।

# ਦਸਮੇਸ਼ ਜੀ ਦਾ ਕੇਸਾਂ ਨਾਲ ਪ੍ਰੇਮ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਮਾਤ੍ਰ ਵਿੱਚ "ਸਾਬਤ ਸੂਰਤ ਦਸਤਾਰ ਸਿਰਾ" ਦਾ ਪ੍ਰਚਾਰ ਕੀਤਾ। ਮਨੁੱਖ ਜਾਤੀ ਦੀ ਅਸਲੀ ਸ਼ਕਲ ਕਾਇਮ ਕਰਕੇ ਦੱਸੀ। ਕੇਸ ਮੁੰਡਣ ਰਿਵਾਜ ਨੂੰ ਨਿੰਦਿਆ । ਕੇਸ ਸ਼ਬਦ ਬਹੁਤ ਪੁਰਾਣਾ ਹੈ । ਸੰਸਕ੍ਰਿਤ ਵਿਖੇ ਸੀਸ ਦੇ ਰੋਮਾਂ ਦਾ ਨਾਮ ਕੇਸ ਹੈ, "ਕੇਸਪਾਸ਼" ਕੇਸਾਂ ਦੇ ਜੂੜੇ ਦਾ ਨਾਮ ਹੈ। ਕਿਤਨੇ ਪੁਰਸ਼ ਕੇਸਾਂ ਨੂੰ ਪਿਛੇ ਖੁਲ੍ਹੇ ਰੱਖਦੇ ਜਾਂ ਗਿੱਚੀ ਵਿਚ ਜੂੜਾ ਕਰਦੇ ਸਨ, ਵਿਚਕਾਰ ਜੂੜਾ ਕਰਨੇ ਦਾ ਰਿਵਾਜ ਘਟ ਗਿਆ ਸੀ, ਅੱਜ-ਕਲ੍ਹ ਭੀ ਮਦਰਾਸੀ ਮਨੁੱਖ ਗਿੱਚੀ ਵਿਚ ਜੂੜਾ ਕਰਦੇ ਹਨ, ਮਹਾਤਮਾ [੨੯]ਬੁੱਧ ਦਾ ਜੂੜਾ ਸੀਸ ਦੇ ਵਿਚਕਾਰ ਸੀ । ਇਹੋ ਰਿਵਾਜ ਰਿਖੀਆਂ ਵਿਚ ਸੀ । ਛੱਤ੍ਰੀ ਲੋਕ ਅਕਸਰ ਸੀਸ ਦੇ ਵਿਚਾਲੇ ਹੀ ਕੇਸਾਂ ਦਾ ਜੂੜਾ ਰਖਦੇ ਸਨ । ਉਸ ਸਮੇਂ ਦੇ ਜੰਗੀ ਨਿਯਮ ਵਿਚ

੨੯. ਮਹਾਤਮਾ ਬੁੱਧ, ਬ੍ਰਹਮਾਂ, ਵਿਸ਼ਨ, ਸ਼ਿਵਜੀ, ਸ੍ਰੀ ਰਾਮਚੰਦਰ, ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਦਿਕ ਸਾਰੇ ਸੀਸ ਦੇ ਵਿਚਾਲੇ ਜੂੜਾ ਰਖਦੇ ਸਨ ।

Sri Satguru Jagjit Singh Ji eLibrary NamdhariElibrary@gmail.com

ਇਹ ਨੇਮ ਸੀ ਕਿ ਕਿਸੇ ਦਾ ਜੂੜਾ ਫੜਨੇ ਵਾਲਾ ਹਾਰਿਆ ਮੰਨਿਆ ਜਾਂਦਾ ਸੀ, ਕ੍ਰੋਧ ਨਾਲ ਜੂੜਾ ਫੜਨੇ ਵਾਲੇ ਦੇ ਹੱਥ ਕੱਟ ਦੇਣ ਦੀ ਸਜ਼ਾ ਤੱਕ ਨੀਯਤ ਸੀ। ਡਰਾਉ ਹੋਣੇ ਪਰ ਲੋਕੀਂ ਕੇਸ-ਹੀਣੇ ਹੋਣ ਲੱਗੇ। ਜਿਸ ਕਰਕੇ ਦੁਨੀਆਂ ਵਿਚ ਕੁਧਰਮ ਫੈਲ ਗਿਆ। ਬ੍ਰਾਹਮਣ, ਛੱਤ੍ਰੀ, ਕੇਸਾਂ ਦਾ ਨੂਰ ਗਵਾ ਕੇ ਨੀਵੇਂ ਬਣੇ। ਸ੍ਰੀ ਗੁਰੂ ਦਸਮੇਸ਼ ਜੀ ਨੇ ਮਨੁੱਖ ਮਾਤਰ ਨੂੰ ਅੰਮ੍ਰਿਤ ਛਕਾ ਕੇ ਮੁੜ ਸੁਰਜੀਤ ਕਰਕੇ ਮਨੁੱਖ ਬਣੌਣ ਦਾ ਪ੍ਰਬੰਧ ਕੀਤਾ। ਆਪ ਨੇ ਅੰਮ੍ਰਿਤ ਛਕੌਣ ਵਾਲੇ ਸਥਾਨ ਦਾ ਨਾਮ 'ਕੇਸਗੜ੍ਹ' (ਕੇਸ ਦੁਰਗ) ਰਖਿਆ। ਅਕਾਲ ਪੁਰਖ ਦਾ ਨਾਮ ਪਹਿਲਾਂ ਹੀ ਕੇਸ਼ਵ ਕੇਸਾਂ ਵਾਲਾ ਅਥਵਾ ਸ਼ਲਾਘਾ-ਯੋਗ ਸੀ। ਅਰਥਾਤ ਜਿਸ ਦੇ ਕੇਸ ਸੋ ਪ੍ਰਕਾਸ਼ਵਾਨ। ਗੁਰੂ ਸਾਹਿਬਾਂ ਨੇ ਇਥੇ ਤੱਕ ਸਖਤ ਹੁਕਮ ਦਿਤਾ ਕਿ ਜੋ ਕੋਈ ਸਿੱਖ ਹੋ ਕੇ ਕੇਸ ਕਤਲ ਕਰਕੇ ਮੇਰੇ ਸਾਹਮਣੇ ਆਵੇਗਾ, ਅਸੀਂ ਉਸ ਬੇਮੁਖ ਦਾ ਦਰਸ਼ਨ ਨਹੀਂ ਕਰਨਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਬਿਰਦ ਹੀ ਕੇਸਧਾਰੀ ਹੋ ਗਿਆ। ਗੁਰੂ ਸੋਭਾ ਗ੍ਰੰਥ ਵਿੱਚ ਲਿਖਿਆ ਹੈ :-

ਬਚਨ ਗੁਰਦੇਵ ਕੇ ਗਯਾਨ ਐਸੇ ਕੀਓ, ਮੁਕਤਿ ਕੀ ਯੁਕਤ ਐਸੇ ਬਿਚਾਰੀ।<br>
ਰਚੇ ਕਰਤਾਰ ਯੋਂ ਰਚੀ ਆਕਾਰ ਤੇ, ਜਪੈਗੀ ਜਾਪ ਸੁਭ ਸ੍ਰਿਸ੍ਰਿ ਸਾਰੀ।<br>
ਤੱਤ ਕੋ ਧਾਰ ਕੈ ਜੀਤ ਬੋਲੀ ਫਤੇ, ਮਾਰ ਦੂਤਨ ਕੀਓ ਭਸਮ ਛਾਰੀ।<br>
ਭਯੋ ਜੈਕਾਰ ਤ੍ਰੈਲੋਕ ਚੌਚੈਂ ਭਵਨ, ਅਚਲ ਪਰਤਾਪ ਗੁਰੂ **ਕੇਸਧਾਰੀ।**

ਇਹ ਬਾਤ ਸੋਲਾਂ ਆਨੇ ਠੀਕ ਹੈ ਕਿ ਕੇਸਾਂ ਦੇ ਨਾ ਧਾਰਨੇ ਵਾਲਾ ਅਰਥਾਤ ਸਿਰ ਮੂੰਹ ਦੀ ਮੁੰਡਾਈ ਦਾ ਆਸ਼ਕ ਹੁਕਮ ਰਜਾਈ ਚਲਣੇ ਵਾਲਾ ਅਨੰਨ ਭਗਤ ਨਹੀਂ ਹੋ ਸਕਦਾ। ਸਤਿਗੁਰੂ ਨਾਨਕ ਦੇਵ ਜੀ ਦਾ ਵਾਕ ਹੈ, 'ਨਾ ਸਤਿ ਮੂੰਡ ਮੁੰਡਾਏ ਕੇਸੀ ॥' (ਵਾਰ ਰਾਮਕਲੀ ਮ: ੧) ਅਰਥਾਤ ਕੇਸ ਮੁੰਡਾਏ ਤੋਂ ਸਤ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਕੁਦਰਤ ਦੀਆਂ ਗਲਤੀਆਂ ਕੱਢਣ ਵਾਲਾ ਸਤਿ ਬਚਨ ਦਾ ਅਧਿਕਾਰੀ ਨਹੀਂ ਹੈ।

# ਕੇਸ ਤੋਂ ਕੇਸਗੜ੍ਹ

ਖਾਲਸਾ ਪੰਥ ਦੀ ਬੁਨਿਆਦ ਕੇਸਾਂ ਪਰ ਹੈ। "ਕੇਸ-ਹੀਣਾ" ਖਾਲਸਾ ਨਹੀਂ ਰਹਿ ਸਕਦਾ। ਸਤਿਗੁਰਾਂ ਨੇ ਸੰਮਤ ੧੭੫੬ ਬਿ: ਦੀ ਵੈਸਾਖੀ ਤੋਂ ਕੇਸਾਂ ਲਈ ਕੇਸਗੜ੍ਹ, ਅਰਥਾਤ ਕੇਸ ਰੱਖਯਕ ਕਿਲ੍ਹਾ ਪ੍ਰਸਿੱਧ ਕੀਤਾ। ਗੁਰਸਿੱਖਾਂ ਲਈ ਇਹ ਸ਼ਰਤ ਰੱਖ ਦਿਤੀ ਕਿ "ਕੇਸਾਂ ਦਾ ਕਾਤਲ" ਗੁਰਸਿੱਖੀ ਤੋਂ ਪਤਿਤ ਭਾਵ ਖਾਰਜ ਹੈ। ਉਹ ਮੁੜ ਅੰਮ੍ਰਿਤਪਾਨ ਕਰਨੇ ਸੇ ਹੀ "ਖਾਲਸਾ ਪੰਥ" ਵਿੱਚ ਸ਼ਾਮਲ ਹੋ ਸਕਦਾ

Sri Satguru Jagjit Singh Ji eLibrary NamdhariElibrary@gmail.com

ਹੈ। ਸਤਿਗੁਰੂ ਸ੍ਰੀ ਦਸਮੇਸ਼ ਜੀ ਨੇ ਜਦ ਖਾਲਸਾ ਪੰਥ ਪ੍ਰਗਟ ਕੀਤਾ, ਉਸ ਅਸਥਾਨ ਦਾ ਨਾਮ 'ਕੇਸਗੜ੍ਹ ਸਾਹਿਬ' ਰੱਖ ਕੇ ਸਰਬੱਤ ਨੂੰ ਕੇਸ ਮੁੰਡੌਣ ਦੀ ਕਤੱਈ ਬੰਦਸ਼ ਕਰ ਦਿੱਤੀ, ਮਾਨੋ ! ਕੇਸਾਂ ਦੀ ਸਦਾ ਰੱਛਾ ਲਈ ਕੇਸਗੜ੍ਹ ਰਚਿਆ, ਜੋ ਹੁਣ ਜੁਗੋ ਜੁਗ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਾਮ ਸੇ ਪ੍ਰਣੀਤ ਰਹੇਗਾ, ਮਾਨੋਂ ਇਹ ਇਨਸਾਨ ਮਾਤ੍ਰ ਦੇ ਕੇਸਾਂ ਦੀ ਰੱਛਾ ਕਰਨ ਹਿਤ ਪ੍ਰਚਾਰ ਦਾ ਕੇਂਦਰ ਨੀਯਤ ਹੈ। ਵਿਸ਼ੇਸ਼ ਕਰਕੇ ਖਾਲਸਾ ਪੰਥ ਦੀ ਪੂਰਨ ਫਤਹਿ ਉਸ ਦਿਨ ਹੋਵੇਗੀ ਜਦ ਕਿ ਮਨੁੱਖ ਮਾਤ੍ਰ ਕੇਸਾਧਾਰੀ ਹੋਵੇਗਾ। ਤਾਂਤੇ "ਖਾਲਸਾ ਪੰਥ" ਦਾ ਇਹ ਜ਼ਿੰਮਾ ਹੈ ਕਿ ਉਹ ਸੰਸਾਰ ਭਰ ਵਿੱਚ ਕੇਸਾਂ ਦੀ ਰੱਛਾ ਦਾ ਪ੍ਰਚਾਰ ਕਰੇ (ਵਿਸਥਾਰ ਹਿਤ ਦੇਖੋ, ਖਾਲਸਾ ਪੰਥ ਦੇ ਫਰਜ਼) ਖਾਲਸਾ ਪੰਥ ਲਈ ਕੇਸਾਧਾਰੀ ਹੀ ਅਤੀ ਸਮੀਪ ਮੰਨੇ ਜਾ ਸਕਦੇ ਹਨ, ਕੇਸਾਂ ਨਾਲ ਪਿਆਰ ਰੱਖਣਹਾਰਾ ਹੀ ਕਦੀ ਖਾਲਸਾ ਸਜ ਸਕਦਾ ਹੈ। ਤਦੇ ਗੁਰਸਿੱਖਾਂ ਲਈ ਹੁਕਮ ਹੈ ਕਿ ਉਹ ਪਤਿਤ ਜਾਂ ਮੋਨਿਆਂ ਦੇ ਹੱਥੋਂ ਪ੍ਰਸ਼ਾਦਾ ਤੀਕ ਨਾ ਛਕਣ ਅਰ ਲਾਂਗਰੀ ਸਿੱਖ ਨੂੰ ਹੀ ਰੱਖਣ, ਤਾਂਕਿ ਕੇਸਾਂ ਦਾ ਪ੍ਰਚਾਰ ਹੋਵੇ ਅਰ ਮੋਨਿਆਂ ਨੂੰ ਸੰਥਾ ਮਿਲੇ ਕਿ ਅਸੀਂ ਸੱਚਮੁੱਚ ਰੱਬੀ ਨੂਰ ਤੋਂ ਪ੍ਰੇਡੇ ਜਾ ਰਹੇ ਹਾਂ।

ਸ੍ਰੀ ਗੁਰੂ ਦਸਮੇਸ਼ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਖਾਲਸਾ ਪੰਥ ਦਾ ਦਾਰੁਲਖ਼ਿਲਾਫ਼ਾ) ਤੋਂ ਫੁਰਮਾਨ ਜਾਰੀ ਕੀਤਾ ਹੋਇਆ ਹੈ, ਯਥਾ-**"ਖੜਗ ਧਾਰ ਅਸਿ ਧੁਜ ਪਗ ਲਾਗੋ ॥ "ਜਟਾ-ਜੂਟ" ਰਹਿਬੇ ਅਨੁਰਾਗੋ ॥"** ਭਾਵ ਕ੍ਰਿਪਾਨ ਧਾਰਨ ਕਰਕੇ ਸੱਚੇ ਸੁਚੇ ਛੱਤ੍ਰੀ ਬਣ ਤੇ ਕੇਸਾਂ ਸਹਿਤ (ਜਟਾ-ਜੂਟ ਭਾਵ ਪੰਜ ਕੇਸੀਏ) ਰਹਿ ਕੇ ਅਕਾਲ ਉਪਾਸ਼ਨਾ ਕਰੋ। ਇਹੋ ਮਰਦਊਪੁਣਾ ਤੇ ਸੱਚੀ ਆਜ਼ਾਦੀ (ਅਨੰਦ) ਹੈ। ਪਹਾੜੀਆਂ ਨੇ ਇਸ ਯੋਗ ਹੁਕਮ ਤੋਂ ਨਾਫੁਰਮਾਨੀ ਕੀਤੀ। ਇਸ ਪਰ ਸਤਿਗੁਰਾਂ ਨੇ ਉਨ੍ਹਾਂ ਨਾਲ ਧਰਮ ਯੁਧ ਕਰਕੇ ਸਜ਼ਾ ਭੁਗਤਾਈ, ਮਾਨੋਂ ! ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਉੱਚਤਾ ਅਰ ਸਿਧਾਂਤ ਨੂੰ ਪ੍ਰਗਟ ਕਰ ਵਿਖਾਇਆ। ਗੁਰਸਿੱਖਾਂ ਲਈ ਕੇਸਾਧਾਰੀ ਰਹਿਣਾ ਸਿੱਖੀ ਦੀ ਪਹਿਲੀ ਪੌੜੀ ਹੈ। ਇਹੋ ਸਿੱਖਯਾ ਸ੍ਰੀ ਕੇਸਗੜ੍ਹ ਤੋਂ ਮਿਲੀ ਹੈ, ਯਥਾ:- "ਤਜੇ ਕੇਸ ਭੇਖੀ ਸਿਖ ਜਾਨ, ਤਿਸ ਭੇਖੀ ਮੂਰਖ ਮਮ ਦਰਸ਼ਨ ਨਾਹਿ ॥" (ਸੌ ਸਾਖੀ) ਅਰਥਾਤ ਕੇਸਾਂ ਤੋਂ ਵਿਰੁੱਧ ਭੇਖੀ ਹੈਨ। ਕੇਸਾਂ ਤੋਂ ਬੇਮੁਖ ਹੋਣ ਵਾਲਾ ਗੁਰਸਿੱਖ ਨਹੀਂ, ਉਸ ਮਨਮੁਖ ਨੂੰ ਗੁਰ ਦਰਸ਼ਨ ਪ੍ਰਾਪਤ ਨਹੀਂ ਹੋ ਸਕਦੇ। ਕੇਸ ਮੁੰਡੌਣ ਵਾਲੇ ਗੁਰੂ ਦਸਮੇਸ਼ ਜੀ ਦੇ ਦਰੋਂ ਦੂਰ ਰਹਿੰਦੇ ਨੇ। ਜੋ ਖਾਲਸੇ ਸਜ ਕੇ ਕੇਸਾਂ ਦਾ ਬੁਰਾ ਕਰਨ, ਗੁਰੂ ਜੀ ਤਿਨ੍ਹਾਂ ਦੀ ਸ਼ਕਲ ਦੇਖਣਾ ਭੀ ਨਹੀਂ ਚਾਹੁੰਦੇ, ਕਿਉਂਕਿ ਉਹ ਅੰਮ੍ਰਿਤਪਾਨ ਕਰਕੇ ਸਿਰ ਮੂੰਹ ਮੁੰਡਾ ਕੇ ਨਸ਼ਰ ਹੁੰਦੇ ਫਿਰਦੇ ਹਨ। ਗੁਰੂ ਐਲਾਨ ਹੈ-"ਭੱਦਨ ਤਿਆਗ ਕਰੋ ਰੇ ਭਾਈ ॥ ਸਭ ਸਿੱਖ ਇਹ ਬਾਤ ਬਤਾਈ ॥" (ਗੁਰ ਸੋਭਾ) ਅਰਥਾਤ ਸਭ ਸਿੱਖਾਂ ਲਈ ਇਹ ਹੁਕਮ ਹੈ, ਕਿ ਹਿੰਦੂ ਜਾਂ ਅਨਮਤੀ ਰਸਮ ਭੱਦਨ

Sri Satguru Jagjit Singh Ji eLibrary NamdhariElibrary@gmail.com

ਅਥਵਾ ਮੁੰਡਨ ਸੰਸਕਾਰ ਨੂੰ ਮਹਾਂ ਖੋਟੀ (ਮੰਦੀ) ਸਮਝ ਕੇ ਦੁਰਕਾਰੋ, ਇਹ ਛੱਤ੍ਰੀਪੁਣੇ ਦੀਆਂ ਜੜ੍ਹਾਂ ਵਿੱਚ ਦਾਤਰੀ ਹੈ। ਬਲਕਿ ਗੁਰੂ ਜੀ ਨੇ ਇਹ ਭੀ ਹੁਕਮ ਦਿੱਤਾ "ਦੋ ਖੰਡੇ ਕੀ ਪਾਹੁਲ ਤੇਜ ਬਢਾਇਆ॥ ਜੋਰਾਵਰ ਸਿੰਘ ਬਰਤਾਇਆ ॥" **"ਸਿਰ ਮੁੰਨਕੇ ਮਰਨੇ ਪਰਨੇ ਨਹਿ ਜਾਈਯੇ ॥** ਪਾਂਚਨ ਕੇ ਸੰਗ ਨੇਹੁ ਕਬੀ ਨਹਿ ਲਾਈਯੇ॥" ਅਰਥਾਤ ਸਿਖ਼ੀਓਂ ਪਤਿਤ ਹੋ ਚੁੱਕੇ ਸਿਰ ਮੂੰਹ ਮੁੰਡੌਣ ਵਾਲੇ ਪਤਿਤ ਸਿੱਖਾਂ ਦੇ ਮਰਨੇ ਪਰਨੇ ਪਰ ਭੀ ਨਾ ਜਾਵੇ, ਅਰਥਾਤ ਉਨ੍ਹਾਂ ਨੂੰ ਐਸੇ ਛੇਕੋ ! ਤਿਨ੍ਹਾਂ ਨਾਲ ਸਿਖੀ ਪ੍ਰੇਮ ਨਾ ਸਮਝੋ। ਗੁਰੂ ਸਾਹਿਬਾਨ ਦਾ ਖੰਡੇ ਦਾ ਅੰਮ੍ਰਿਤਪਾਨ ਕਰੌਣ ਸੈਮੇਂ ਪਹਿਲਾ ਜਾਂ ਮੁੱਢਲਾ ਉਪਦੇਸ਼ ਹੀ ਇਹ ਹੈ "ਸੀਸ ਨਾ ਮੁੰਡਾਓ ਮੀਤ। ਹੁੱਕਾ ਤਜੋ ਭਲੀ ਰੀਤ॥" (ਗੁਰ ਸੋਭਾ ਗ੍ਰੰਥ) ਪੁਨਾ-"ਬਿਖਯਾ (ਤੰਬਾਕੂ) ਕ੍ਰਿਆ (ਅਨਮਤ ਰਸਮਾਂ) ਭੱਦਨ (ਮੁੰਡਨ ਸੰਸਕਾਰ) ਤਿਆਗੋ !" ਤਾਂਤੇ ਉਹ ਗੁਰਸਿੱਖ ਕਿਵੇਂ ਹੋ ਸਕਦਾ ਹੈ, ਜੋ ਗੁਰੂ ਹੁਕਮਾਂ ਤੋਂ ਬਾਗ਼ੀ ਹੋਵੇ, ਜਾਂ ਗੁਰੂ ਹੁਕਮਾਂ ਦੀ ਤੌਹੀਨ ਕਰੇ, ਬਲਕਿ ਐਸਾ ਕ਼ਰਨ ਵਾਲਾ ਗੁਰੂ-ਵਿਰੋਧੀ ਹੀ ਕਿਹਾ ਜਾ ਸਕਦਾ ਹੈ। ਦਰਅਸਲ ਗੁਰੂ ਦਸਮੇਸ਼ ਜੀ ਦਾ ਕੇਸ ਵਿਰੋਧੀਆਂ ਨਾਲ ਧਰਮ ਜੰਗ ਹੈ, ਯਥਾ:- "ਤਤ੍ਵ ਕੋ ਧਾਰਕੈ ਜੀਤ ਬੋਲੀ ਫਤਹ ਮਾਰ ਦੂਤਨ ਕੀਓ ਭਸਮ ਧਾਰੀ॥ ਭਇਓ ਜੈਕਾਰ ਤ੍ਰੈ ਲੋਕ ਚੌਦੇ ਭਵਨ, ਅਚੱਲ ਪ੍ਰਤਾਪ **"ਗੁਰੂ ਕੇਸ ਧਾਰੀ॥"** (ਸ੍ਰੀ ਦਸਮੇਸ਼, ਗੁਰੂ ਸੋਭਾ ਗ੍ਰੰਥ, ਚਮਕੌਰ ਯੁੱਧ, ਸਾਹਿਬਜ਼ਾਦਾ ਅਜੀਤ ਸਿੰਘ) ਇਸ ਤੋਂ ਚੰਗੀ ਤਰ੍ਹਾਂ ਨਿਸਚਾ ਹੋ ਸਕਦਾ ਹੈ ਕਿ ਗੁਰੂ ਦਸਮੇਸ਼ ਜੀ ਨੇ ਕੇਸਾਂ ਦੀ ਰੱਛਾ ਹਿਤ ਕਿਵੇਂ 'ਕੇਸਗੜ੍ਹ' ਦੀ ਬੁਨਿਆਦ ਰੱਖੀ ਅਰ ਅੰਮ੍ਰਿਤਪਾਨ ਕਰਕੇ ਕਿਸ ਤਰ੍ਹਾਂ ਦੇ ਅਟੱਲ ਹੁਕਮ ਦਿੱਤੇ, ਯਥਾ:-'ਬਿਨਾ ਕੇਸ ਜੋ ਪਾਹੁਲ ਧਾਰੈ। ਤਿਸ ਪਾਖੰਡੀ ਦੂਰ ਨਿਵਾਰੈ। ਭੇਸ ਕੇਸ ਸਿਖ ਪੂਜਤ ਤੁਛ ਨ ਦੇਵ। ਤਾਹਿ ਨ ਮਾਨ ਦੀਜੀਏ ਮੇਰਾ ਸਿਖ ਸੋ ਸੇਵ।' (ਸੂਰਜ ਪ੍ਰਕਾਸ਼)। ਅਰਥਾਤ ਬਿਨਾਂ ਕੇਸ ਧਾਰੇ ਕੋਈ ਭੀ ਮੇਰਾ ਸਿੱਖ ਨਹੀਂ ਕਹਾ ਸਕਦਾ, ਨਾ ਬਿਨਾਂ ਕੇਸ ਧਾਰੇ ਦੇ ਅੰਮ੍ਰਿਤ ਛਕ ਸਕਦਾ ਹੈ। ਖਾਲਸਾ ਪੰਥ ਨਿਰੋਲ ਕੇਸਾਧਾਰੀ ਹੀ ਹੋਵੇਗਾ। ਮਨ ਕਰਕੇ ਸਿੱਖ ਕਹੌਣ ਵਾਲੇ ਭੇਖੀ ਪਖੰਡੀ ਹੈਨ, ਕਥਨੀ ਵਿੱਚ ਸਿੱਖੀ ਨਹੀਂ ਹੈ।

## ਕੇਸ ਤੇ ਗੁਰਬਾਣੀ

ਗੁਰਬਾਣੀ ਵਿਚ ਕੇਸਾਂ ਦੀ ਬਹੁਤ ਉਪਮਾ ਤੇ ਉਚਤਾ ਦਰਸਾਈ ਹੈ। ਯਥਾ:- ਮੇਰੇ ਰਾਮ ਹਰਿ ਜਨ ਕੈ ਹਉਂ ਬਲਿ ਜਾਈ। **ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥** (ਸੂਹੀ ਮ: ੧, ਪੰਨਾ ੭੪੯) ਮੇਰਾ ਮਨੁ ਸਾਧੂ ਧੂਰਿ ਰਵਾਲ॥ ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ **ਗੁਰ ਪਗ ਝਾਰਹ ਹਮ ਬਾਲ॥** (ਰਾਗ ਪ੍ਰਭਾਤੀ ਮ: ੪, ਪੰਨਾ ੧੩੩੫) **ਕੇਸਾ ਕਾ ਕਰਿ ਬੀਜਨਾ** ਸੰਤ ਚਉਰੁ

ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ (ਸੂਹੀ ਮ: ੫, ਪੰਨਾ ੭੪੫) "ਟਹਲ ਕਰਉ ਤੇਰੇ ਦਾਸ ਕੀ **ਪਗ ਝਾਰਹੁ ਬਾਲ** (ਕੇਸ) ॥ ਮਸਤਕ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥" (ਬਿਲਾਵਲ ਮ: ੫, ਪੰਨਾ ੮੧੦)। ਇਸ ਤਰ੍ਹਾਂ ਕਿਤਨੇ ਹੀ ਵਾਕ ਹਨ ।

## ਕੇਸ ਤੇ ਭਗਤ ਬਾਣੀ

ਭਗਤਾਂ ਨੇ ਭੀ ਆਪਣੀ ਬਾਣੀ ਵਿਖੇ "ਕੇਸਾਂ" ਸਬੰਧੀ ਕਈ ਸੂਚਨਾ ਦਿਤੀਆਂ ਹਨ, ਯਥਾ:-ਹਾਡ ਜਲੇ ਜੈਸੇ ਲਕਰੀ ਕਾ ਤੂਲਾ॥ **ਕੇਸ ਜਲੇ ਜੈਸੇ ਘਾਸ ਕਾ ਪੂਲਾ** (ਗੌਂਡ ਕਬੀਰ, ਪੰਨਾ ੮੭੦)। ਇਸ ਤੋਂ ਸਿੱਧ ਹੈ ਕਿ ਪੁਰਸ਼ ਦੇ ਮਸਾਨ ਭੂਮੀ ਤੀਕਰ ਕੇਸ ਹੁੰਦੇ ਆਏ ਅਰ ਚਿਖਾ ਵਿਚ ਕੇਸਾਂ ਦਾ ਸਰੀਰ ਨਾਲ ਜਲਣਾ ਸਿੱਧ ਹੈ। ਪੁਨਾ:-ਕਬੀਰ ਹਾਡ ਜਰੇ ਜਿਉ ਲਾਕਰੀ **ਕੇਸ ਜਰੇ ਜਿਉ ਘਾਸੁ** ॥ ਇਹ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸ ॥ (ਸਲੋਕ ਕਬੀਰ) ਕੇਸਾਂ ਸਬੰਧੀ ਇਹ ਭੀ ਉਕਤ ਸਿਧਾਂਤ ਹੈ। ਜਬ ਜਮ ਆਇ **'ਕੇਸ' ਤੇ ਪਕਰੈ** ਤਹ ਹਰਿ ਕੋ ਨਾਮ ਛਡਾਵਨ ॥ (ਮਾਰੂ ਕਬੀਰ, ਪੰਨਾ ੧੧੦੪) ਸੋ ਅੰਤ ਸਮੇਂ ਤਕ ਕੇਸਾਂ ਦੀ ਹੋਂਦ ਸਿੱਧ ਹੈ ॥ ਪੁਨਾ:-'ਜਉ ਜਮ ਆਇ **ਕੇਸ ਗਹਿ ਪਟਕੈ** ਤਾ ਦਿਨ ਕਿਛੁ ਨ ਬਸਾਹਿਗਾ ॥ (ਭਗਤ ਕਬੀਰ, ਪੰਨਾ ੧੧੦੬) ਭਗਤ ਜੀ ਕੇਸ ਮੁੰਡੌਨ ਵਾਲੇ ਰਿਵਾਜ ਤੋਂ ਸਖਤ ਵਿਰੁੱਧ ਰਹੇ ਹਨ। ਕਬੀਰ ਮਨ ਮੂੰਡਿਆ ਨਹੀਂ 'ਕੇਸ' ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੁ ਮਨੁ ਕੀਆ ਮੂੰਡਾ ਮੂੰਡੁ ਅਜਾਂਇ॥ (ਪੰਨਾ ੧੩੬੯) ਕਬੀਰ ਜੀ ਨਾਮ ਧਰੀਕ ਪਰਮ ਹੰਸਾ ਸੰਨਿਆਸੀਆਂ ਆਦਿ ਨੂੰ ਸੁਮੱਤ ਦਿੰਦੇ ਨੇ ਕਿ ਹੇ ਅਗਿਆਨੀਓ ! ਮੁੰਨਣਾ ਤਾਂ ਮਨ ਸੀ, ਤੁਸੀਂ ਕੇਸ ਕਿਉਂ ਮੁੰਡਾਏ ? ਕਿਉਂਕਿ ਕਸੂਰ ਤਾਂ ਮਨ ਦਾ ਹੈ 'ਇਸ ਨੂੰ ਮੁੰਨੋਂ, ਸਿਰ ਮੂੰਹ ਮੁੰਡਨਾ ਅਗਿਆਨਤਾ ਹੈ' ਕੇਸਾਂ ਵਿਚਾਰਿਆਂ ਦਾ ਕੀ ਦੋਸ਼ ?

ਇਸ ਪ੍ਰਕਾਰ ਭਗਤ ਰਵਿਦਾਸ ਜੀ ਕੇਸਾਂ ਦੀ ਸੁੰਦਰਤਾ ਦੱਸ ਕੇ ਅੰਤਮ ਸਮੇਂ ਯਾਦ ਕਰੌਂਦੇ ਹਨ, **'ਬੰਕੇ ਬਾਲ** (ਸੁੰਦਰ ਕੇਸ) ਪਾਗ ਸਿਰਿ ਡੇਰੀ। ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥' (ਪੰਨਾ ੬੫੯) ਭਗਤਾਂ ਨੇ ਸੁੰਦਰ ਕੇਸਾਂ ਦੀ ਹੋਂਦ ਮੰਨ ਕੇ ਸੁੰਦਰ ਕੇਸ ਅਲੰਕਾਰ ਦੁਆਰੇ ਆਪਣੇ ਇਸ਼ਟ ਦੇਵ ਨੂੰ ਕੇਸਵ ਕਿਹਾ ਹੈ । 'ਨਾਮਾ ਕਹੈ ਭਗਤਿ ਬਸਿ ਕੇਸਵ'॥ (ਪੰਨਾ ੧੧੦੫)

## ਦਸਮੇਸ਼ ਜੀ ਦੇ ਹੁਕਮਨਾਮੇ

ਵਿਸਾਖ ਸੰਮਤ ੧੭੫੬ ਵਿਖੇ ਖੰਡੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਜੀ ਨੇ ਹਰ ਪਾਸੇ ਦੀਆਂ ਸਿੱਖ ਸੰਗਤਾਂ ਦੇ ਨਾਮ ਅੰਮ੍ਰਿਤ ਛਕ ਕੇ ਰਹਿਤ ਰੱਖਣ ਸਬੰਧੀ

ਹੁਕਮਨਾਮੇ ਜਾਰੀ ਕੀਤੇ, ਇਨ੍ਹਾਂ ਦਾ ਜ਼ਿਕਰ ਹਜ਼ੂਰੀ ਲਿਖਾਰੀ ਕਵਿ ਸੈਨਾਪਤ ਜੀ ਨੇ ਆਪਣੀ ਰਚਨਾ "ਸ੍ਰੀ ਗੁਰੂ ਸੋਭਾ" ਗ੍ਰੰਥ ਵਿਖੇ ਕੀਤਾ ਹੈ। ਯਥਾ:-'ਗੁਰ ਸਿਖਨ ਕੋ ਬਚਨ ਸੁਨਾਯੋ ॥ ਜੋ ਸਿਖਨ ਜਗ ਮੈਂ ਪ੍ਰਗਟਾਯੋ ॥ ਸਿਰ ਗੁੰਮਿਨ ਕੇ ਮੁਖ ਨਹਿ ਲਾਗੋ ॥ ਪਾਂਚਨ ਕੋ ਸਭ ਸੰਗ ਤਿਆਗੋ ॥' ਪਾਂਚ ਕੀ ਸੰਗਤ ਤਜ ਸੰਗਤ ਸੋਂ ਪ੍ਰੀਤ ਕਰੇ ਦਯਾ ਔਰ ਧਰਮ ਧਾਰ ਤਿਆਗੇ ਸਭ ਲਾਲਸਾ ॥ ਹੁੱਕਾ ਨਾ ਪੀਵੈ, ਸੀਸ ਦਾੜ੍ਹੀ ਨਾ ਮੁੰਡਾਵੈ ਸੋ ਤੋ ਵਾਹਗੁਰੂ ਵਾਹਗੁਰੂ ਗੁਰੂ ਜੀ ਕਾ ਖਾਲਸਾ ॥ ਖੰਡੇ ਕੀ ਪਾਹੁਲ ਦਈ ਕਰਨਹਾਰ ਪ੍ਰਭ ਸੋਇ ॥ ਕੀਓ ਦਸੇ ਦਿਸ ਖਾਲਸਾ ਤਾਂ ਬਿਨ ਅਵਰ ਨ ਕੋਇ ॥੩੨॥

### ੧ਓ ਸਤਿਗੁਰੂ ਜੀ ਸਹਾਇ ॥

ਸਰਬੱਤ ਸੰਗਤ ਕਾਬਲ ਗੁਰੂ ਰਖੇਗਾ ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ ਕੇਸ ਰਖਣੇ ਇਹ ਅਸਾਡੀ ਮੋਹਰ ਹੈ ਕੱਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ ਸਰਬਲੋਹ ਦਾ ਕੜਾ ਹੱਥ ਰਖਣਾ ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਉ ਕਰਨੀ ਸਰਬੱਤ ਸੰਗਤ ਅਭਾਖਿਆ ਦਾ ਕੁੱਠਾ ਮਾਸ ਖਾਵੈ ਨਾਹੀਂ, ਤਮਾਕੂ ਨਾ ਵਰਤਨਾ ਭਾਦਣੀ ਤਥਾ ਕੰਨਿਆਂ ਮਾਰਨ ਵਾਲੇ ਸੋ ਮੇਲ ਨਾ ਰਖੋ, ਮੀਣੇ ਮਸੰਦੀਏ ਰਾਮਰਾਈਏ ਕੀ ਸੰਗਤ ਨਾ ਬੈਸੋ, ਗੁਰਬਾਣੀ ਪੜ੍ਹਨੀ ਵਾਹਗੁਰੂ ਵਾਹਗੁਰੂ ਜਪਨਾ ਗੁਰ ਕੀ ਰਹਿਤ ਰਖਣੀ +++ ਸਰਬੱਤ ਸੰਗਤ ਉਪਰਿ ਮੇਰੀ ਖੁਸ਼ੀ ਹੈ। (ਪਤਸਸ਼ਾਹੀ ੧੦ ਜੇਠ ੨੬ ਸੰਮਤ ੧੭੫੬)

*(ਅੰਮ੍ਰਿਤ)*

ਕਈਕ ਰਹਿਤਨਾਮਿਆਂ ਵਿਖੇ ਉਕਤ ਹੁਕਮਨਾਮਿਆਂ ਦੇ ਆਸ਼ੇ ਅਨੁਸਾਰ ਲਿਖਤਾਂ ਮਿਲਦੀਆਂ ਹਨ, ਜੈਸਾ ਕਿ:-

*ਕੱਛ ਕੇਸ ਕੰਘਾ ਕ੍ਰਿਪਾਨ ॥*
*ਕੜਾ ਔਰ ਜੋ ਕਰੋ ਬਖਾਨ ॥*
*ਇਹ ਕੱਕੇ ਪਾਂਚ ਤੁਮ ਮਾਨੋ ॥*
*ਗੁਰੂ ਗ੍ਰੰਥ ਕੋ ਤੁਮ ਸਭ ਜਾਨੋ ॥*

## ਦਸਮ ਗ੍ਰੰਥ ਵਿਖੇ ਅਕਾਲੀ ਫੋਟੋ

*ਮੁਖ ਮੰਡਲ ਪਰਿਲਸਤ ਜੋਤਿ ਉਦੋਤ ਅਮਿਤ ਗਤ ॥*
*ਜਟਿਤ ਜੋਗ ਜਗਮਗਤ ਲਜਤ ਲਖ ਕੋਟਿ ਨਿਖਤਿਪਤਿ ॥*
*ਚਕ੍ਰਵਰਤਿ ਚੱਕ੍ਰਵੈ ਚੱਕ੍ਰਤ ਚਉਚਕ੍ਰ ਕਰਿ ਧਰਿ ॥*

Sri Satguru Jagjit Singh Ji eLibrary NamdhariElibrary@gmail.com

*ਪਦਮ ਨਾਥ ਮਦਮਾਛ ਨਵਲ ਨਾਰਾਇਣ ਨਰਹਰਿ ॥*
*ਕਾਲਖ ਬਿਹੰਡ ਕਿਲਬਿਖ ਹਰਣ ਸੁਰ ਨਰ ਮੁਨ ਬੰਦਤ ਚਰਣ॥*
*ਖੰਡਣ ਅਖੰਡ ਮੰਡਣ ਅਭੈ ਨਮੋ ਨਾਥ ਭਵ ਭੈ ਹਰਣ ॥*

*(ਗਿਆਨ ਪ੍ਰਬੋਧ ਪਾ: ੧੦)*

# ਕੇਸਾਂ ਦੀਆਂ ਬੀਮਾਰੀਆਂ ਤੇ ਇਲਾਜ

ਕੇਸਾਂ ਦਾ ਰੰਗ ਸਰੀਰ ਦੀ ਬਨੌਟ ਨਾਲ ਸਬੰਧ ਰਖਦਾ ਹੈ। ਕਾਲੇ, ਭੂਰੇ (ਕੱਕੇ), ਲਾਲੀ ਮਾਇਲ, ਭੂਸਲੇ ਰੰਗ ਦੇ ਹੁੰਦੇ ਹਨ, ਉਮਰ ਭੋਗ ਕੇ ਜਾਂ ਬੀਮਾਰੀ ਨਾਲ ਸਫੈਦ (ਚਿੱਟੇ, ਧੌਲੇ) ਜ਼ਰੂਰ ਹੋ ਜਾਂਦੇ ਹਨ। ਗਲੀਜ਼ (ਗੰਦੇ) ਰਹਿਣ ਵਾਲਿਆਂ ਦੇ ਜੂੰਆਂ ਪੈ ਜਾਂਦੀਆਂ ਹਨ। ਰੋਡੇ ਸਿਰਾਂ ਵਿਚ ਭੀ ਹੁੰਦੀਆਂ ਹਨ। ਕਈ ਵਾਰ ਲਹੂ ਦੇ ਵਿਕਾਰ ਨਾਲ ਭੀ ਪੈਂਦੀਆਂ ਹਨ। ਕੇਸਾਂ ਦੀ ਸਫਾਈ ਰਖਣੇ ਵਾਲੇ ਦੇ ਜੂੰਆਂ ਨਹੀਂ ਪੈਂਦੀਆਂ, ਲਹੂ ਦੇ ਵਿਕਾਰ ਕਰਕੇ ਚਮਜੂੰਆਂ ਪੈ ਜਾਂਦੀਆਂ ਹਨ। ਇਹ ਬੀਮਾਰੀ ਹੈ, ਇਨ੍ਹਾਂ ਦਾ ਇਲਾਜ ਹੈ ਕਿ ਛਟਾਂਕ ਪਾਣੀ ਵਿਚ ਦੋ ਰੱਤੀਆਂ ਰਸਕਪੂਰ ਅਰ ਅੱਧਾ ਤੋਲਾ ਸ਼ਿਰਕਾ ਪਾ ਕੇ ਮਲਣੇ ਨਾਲ ਚਮਜੂੰਆਂ ਨਾਸ ਹੁੰਦੀਆਂ ਹਨ। ਪਿੱਤਲ ਦੇ ਬਰਤਣ ਵਿਚ ਸਰਸੋਂ ਦਾ ਤੇਲ ਪਾ ਕੇ ਥੋੜਾ ਮਾਤ੍ਰ ਪਾਰਾ ਘਸਾ ਕੇ (ਤੇਲ ਵਿਚ ਹਲ ਕਰਨਾ) ਇਹ ਤੇਲ ਲੌਣ ਨਾਲ ਕਿਸੀ ਪ੍ਰਕਾਰ ਦੀਆਂ ਜੂੰਆਂ ਨਹੀਂ ਰਹਿੰਦੀਆਂ।

ਕਈ ਵਾਰ ਸਿਰ ਵਿਚ ਕਰ (ਖੌੜਾ) ਪੈ ਜਾਂਦਾ ਹੈ। ਇਹ ਜਿਲਦ ਦੀ ਬੀਮਾਰੀ ਹੈ ਜੋ ਕਿ ਖੁਸ਼ਕੀ ਨਾਲ ਹੁੰਦੀ ਹੈ, ਇਸ ਦਾ ਸਸਤਾ ਅਰ ਸ਼ਰਤੀਆ ਇਲਾਜ ਹੈ ਕਿ ਕੇਲਿਆਂ ਦੇ ਸੁੱਕੇ ਪੱਤ੍ਰਾਂ ਦੀ ਸੁਆਹ ਕਰਕੇ ਉਸਨੂੰ ਪਾਣੀ ਵਿੱਚ ਪਾ ਕੇ ਪੁਣ ਲਵੋ, ਉਸ ਪਾਣੀ ਨਾਲ ਇਸ਼ਨਾਨ ਕਰੋ, ਪਿਛੋਂ ਨਾਰੀਏਲ (ਖੋਪਾ) ਦਾ ਤੇਲ ਮਲੋ, ਬੇਰੀ ਦੇ ਪੱਤ੍ਰਾਂ ਨੂੰ ਪਾਣੀ ਵਿਚ ਮਲ ਕੇ ਪੁਣੋ ਅਰ ਇਸ਼ਨਾਨ ਕਰੋ, ਰੋਗਨ ਬਨਸਫਾ ਅਰ ਕੱਦੂ ਰੋਗਨ ਮਲਣ ਨਾਲ ਭੀ ਕਰ ਦੂਰ ਹੁੰਦੀ ਹੈ। ਖੋਪੇ ਦੇ ਤੇਲ ਨਾਲ ਕਦੇ ਭੀ ਕਰ ਨਹੀਂ ਪੈਂਦੀ ਅਰ ਕੇਸਾਂ ਵਿਚ [੩੦]ਚਿਕਨਾਹਟ ਭੀ ਨਹੀਂ ਹੁੰਦੀ।

ਗੰਜ ਦੀ ਬੀਮਾਰੀ ਦਾ ਵਧੀਆ ਇਲਾਜ ਕਮੀਲਾ, ਮਾਜੂ ਫ਼ਲ, ਅਨਾਰ ਬ੍ਰਿਛ ਦੀ ਛਿੱਲ, ਹਲਦੀ, ਮੁਰਦਾਸੰਗ, ਹਡੀ ਮਹਿੰਦੀ ਦੇ ਪੱਤ੍ਰ ਗੋਕੇ ਮੱਖਣ ਵਿਚ ਮਿਲਾ ਕੇ ਲੌਣ ਨਾਲ ਗੰਜ ਦੂਰ ਹੁੰਦਾ ਹੈ।

---

੩੦. ਸਰਸੋਂ ਦੇ ਤੇਲ ਨੂੰ ਪਾੜ੍ਹੀ ਵਿੱਚ ਹਲ ਕਰਨ ਨਾਲ ਚਿਕਨਾਹਟ ਨਹੀਂ ਰਹਿੰਦੀ, ਕੇਸਾਂ ਨੂੰ ਤੇਲ ਲਗਾ ਕੇ ਪਿਛੋਂ ਜਲ ਨਾਲ ਧੋਣੇ ਜ਼ਰੂਰੀ ਹਨ।

Sri Satguru Jagjit Singh Ji eLibrary NamdhariElibrary@gmail.com

ਵਾਲ ਨਾ ਪੈਦਾ ਹੋਣ ਦੀ ਬੀਮਾਰੀ ਹੁੰਦੀ ਹੈ। ਮੁਰਗੀ ਦੇ ਪੰਜ ਅੰਡਿਆਂ ਦਾ ਮਾਦਾ ਪੰਜ ਜੋਕਾਂ, ਮੱਖੀਆਂ ਦਾ ਹਗਾਰ ਅੱਧਾ ਤੋਲਾ। ਛਟਾਂਕ ਸਰਸੋਂ ਦੇ ਤੇਲ ਵਿਚ ਪਾ ਕੇ ਸਾੜੇ, ਇਸ ਮੱਲ੍ਹਮ ਦੇ ਲੌਣ ਨਾਲ ਵਾਲ ਉਗਦੇ ਹਨ। ਸਿੱਖ ਧਰਮ ਵਿੱਚ ਕੁਦਰਤੀ ਕੇਸਾਂ ਨੂੰ ਜਟਾਂ ਦੀ ਤਰ੍ਹਾਂ ਲੰਮੇ ਵਧੌਣਾਂ ਜਾਂ ਲੰਬੇ ਕੇਸ ਕਰਨ ਦਾ ਯਤਨ ਕਰਨਾ ਫਜ਼ੂਲ ਹੈ, ਨਿਰਯਤਨ ਜੋ ਕੇਸ ਵਧਣ ਇਹੀ ਅਸਲ ਕੇਸ ਮੰਨੇ ਹਨ।

ਜੋ ਲੋਕ ਕੇਸਾਂ ਨੂੰ ਬਹੁਤ ਲੰਬੇ ਕਰਦੇ ਹਨ, ਉਹ ਅਕਸਰ ਭੰਗਰਾ ਬੂਟੀ ਦਾ ਪਾਣੀ ਨਿਕਾਲ ਕੇ ਤਿਲਾਂ ਦੇ ਤੇਲ ਵਿਚ ਪਕਾ ਕੇ ਕੇਸਾਂ ਨੂੰ ਲੌਂਦੇ ਹਨ, ਭੰਗਰੇ ਦਾ ਰਸ ਸੜ ਕੇ ਤੇਲ ਰਹਿ ਜਾਂਦਾ ਹੈ।

ਵੱਧ ਦਿਮਾਗੀ ਕੰਮ ਕਰਨ ਵਾਲਿਆਂ ਲਈ ਕੇਸਾਂ ਨੂੰ ਆਂਵਲੇ ਜਾਂ ਬਦਾਮ ਘੋਟ ਕੇ ਪਾਣੀ ਵਿਚ ਪਾ ਕੇ ਇਸ਼ਨਾਨ ਕਰਨਾ ਲਾਭਕਾਰੀ ਹੈ। ਰੋਗਨ ਕੱਦੂ, ਬਦਾਮ ਰੋਗਨ, ਰੋਗਨ ਖਸਖਾਸ ਅਰ ਤੇਲ ਸਰਸੋਂ ਚਾਰੇ ਇਕੋ ਸਮਾਨ ਮਿਲਾ ਕੇ ਸਿਰ ਪਰ ਲੌਣਾ ਬਹੁਤ ਅੱਛਾ ਹੈ। ਬਣੇ ਹੋਏ ਖੁਸ਼ਬੂਦਾਰ ਤੇਲ ਨਹੀਂ ਲੌਣੇ ਚਾਹੀਦੇ, ਇਸ ਨਾਲ ਰੋਗ ਪੈਦਾ ਹੋ ਜਾਂਦੇ ਹਨ। ਮਿੱਟੀ ਦਾ ਤੇਲ ਭੀ ਇਨ੍ਹਾਂ ਵਿੱਚ ਵਰਤਦੇ ਹਨ।

ਕੇਸਾਂ ਵਿੱਚ ਕਈ ਵਾਰ ਕੰਘਾ ਫੇਰਨ ਨਾਲ ਸਿਰ ਦੇ ਕਈ ਰੋਗ ਦੂਰ ਹੁੰਦੇ ਹਨ। ਵੱਧ ਵੇਰ ਕੰਘਾ ਫੇਰਨ ਨਾਲ ਸਿਰ ਪੀੜ ਭੀ ਦੂਰ ਹੋ ਜਾਂਦੀ ਹੈ। ਜਿਸ ਪ੍ਰਕਾਰ ਕੇਸਾਂ ਦੀ ਸਫਾਈ ਲਈ ਕੰਘਾ ਜ਼ਰੂਰੀ ਹੈ, ਇਸੇ ਤਰ੍ਹਾਂ ਦਾੜ੍ਹੇ ਵਿੱਚ ਭੀ ਕੰਘਾ ਫੇਰਨਾ ਜ਼ਰੂਰੀ ਹੈ। ਕੇਸਾਂ ਵਿਚ ਵਲ ਪੌਣੇ [੩੧]ਵਸਮੇ ਲੌਣੇ, ਰੰਗਣੇ, ਇਹ ਸਭ ਇੱਲਤਾਂ ਹਨ। ਕੇਸ ਖੜਨੇ ਦੀ ਬੀਮਾਰੀ ਜਿਲਦ ਦੀ ਖਰਾਬੀ ਨਾਲ ਹੁੰਦੀ ਹੈ। ਬੇਰੀ ਦੇ ਪੱਤ੍ਰਾਂ ਨੂੰ ਪਾਣੀ ਵਿਚ ਮਲ ਕੇ ਸ਼ਨਾਨ ਕਰਨ ਨਾਲ ਬਹੁਤ ਫਾਇਦਾ ਹੁੰਦਾ ਹੈ।

ਕੇਸਾਂ ਨੂੰ ਗੁੰਦਣਾਂ ਜਾਂ ਬਹੁਤ ਜ਼ਿਆਦਾ ਘੁਟ ਕੇ ਬੰਨ੍ਹਣ ਨਾਲ ਦਿਮਾਗ ਪਰ ਕਮਜ਼ੋਰੀ ਦਾ ਅਸਰ ਪੈਂਦਾ ਹੈ।

ਜੋ ਕੇਸਾਂ ਨੂੰ ਵਧ ਸੁੰਦਰ ਰੱਖਣ ਦੇ ਚਾਹ੍ਵਾਨ ਹੁੰਦੇ ਹਨ, ਉਹ ਕਈ ਪ੍ਰਕਾਰ ਦੇ ਤੇਲ ਵਰਤਦੇ ਹਨ, ਅੰਗ੍ਰੇਜ਼ੀ ਦਵਾਫਰੋਸ਼ਾਂ ਪਾਸੋਂ ਬਣੇ ਹੋਏ ਭੀ ਮਿਲਦੇ ਹਨ, ਵੱਧ ਪੈਸੇ ਖਰਚਣ ਵਾਲੇ ਅਕਸਰ ਉਹੀ ਵਰਤਦੇ ਹਨ, ਦੇਸੀ ਨੁਸਖੇ ਅੱਗੇ ਲਿਖੇ ਵਧੀਆ ਹਨ।

---

੩੧. ਕੇਸ ਰੰਗਣ ਵਾਲਿਆਂ ਨੂੰ ਸਿੱਖਾਂ ਵਿਚ ਤਨਖਾਹੀ ਕਰਾਰ ਦਿੱਤਾ ਜਾਂਦਾ ਹੈ। ਕੋਈ ਚੀਜ਼ ਮਲ ਕੇ ਧੌਲੇ ਕੇਸਾਂ ਨੂੰ ਕਾਲੇ ਆਦਿ ਕਰਨਾ ਠੱਗ ਲੀਲ੍ਹਾ ਹੈ।

Sri Satguru Jagjit Singh Ji eLibrary NamdhariElibrary@gmail.com

# ਕੇਸਾਂ ਲਈ ਸੁਗੰਧਤ ਤੇਲ

ਸੰਸਕ੍ਰਿਤ ਦੇ ਵੈਦਿਕ ਗ੍ਰੰਥ ਵਿਚ ਕੇਸਾਂ ਨੂੰ ਲਾਉਣ ਵਾਲੇ ਤੇਲਾਂ ਵਿਚ ਕਈ ਚੀਜ਼ਾਂ ਅਜੇਹੀਆਂ ਵੀ ਮਿਲਾਉਣੀਆਂ ਲਿਖੀਆਂ ਹਨ ਜਿਨ੍ਹਾਂ ਬਾਬਤ ਖਿਆਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੇ ਮਿਲਾਉਣ ਨਾਲ ਕਈ ਤਰ੍ਹਾਂ ਦੇ ਲਾਭ ਪ੍ਰਾਪਤ ਹੁੰਦੇ ਹਨ, ਇਸ ਤਰ੍ਹਾਂ ਦੇ ਤੇਲਾਂ ਵਿਚੋਂ ਇਕ 'ਬੁਧੀ ਵਰਧਕ' ਤੇਲ ਹੈ, ਜਿਸ ਦਾ ਢੰਗ ਇਹ ਹੈ :-

| | |
|---|---|
| ਆਮਲਾ ਖੁਸ਼ਕ | ੧੫ ਤੋਲੇ |
| ਹਰੜ ਦਾ ਛਿਲਕਾ | ੧੫ ਤੋਲੇ |
| ਨਾਗਰ ਮੋਥਾ | ੧੫ ਤੋਲੇ |
| ਬ੍ਰਹਮੀ ਬੂਟੀ | ੧੫ ਤੋਲੇ |
| ਕਾਫੂਰ | ੩ ਤੋਲੇ |

ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਰਗੜ ਕੇ ਬਰੀਕ ਪੀਸੋ, ਫਿਰ ਤਿੰਨ ਪਾਉ ਪਾਣੀ ਵਿਚ ਭਿਉਂ ਕੇ ੨੪ ਘੰਟੇ ਪਿਆ ਰਹਿਣ ਦੇਵੋ । ਦੂਜੇ ਦਿਨ ਪਿਛੇ ਦੱਸੇ ਤੇਲਾਂ ਵਿਚੋਂ ਗਰੀ, ਤਿਲੀ ਜਾਂ ਸਰਸੋਂ ਦਾ ਸਾਫ ਕੀਤਾ ਤੇਲ ਸਵਾ ਸੇਰ ਮਿਲਾ ਦੇਵੋ, ਬਰਤਨ ਨੂੰ ਨਰਮ ਅੱਗ ਉਤੇ ਰਖੋ, ਜਦ ਸਾਰਾ ਪਾਣੀ ਖੁਸ਼ਕ ਹੋ ਜਾਏ ਤਾਂ ਚੁਲ੍ਹੇ ਤੋਂ ਹੇਠ ਉਤਾਰ ਕੇ ਪੁਣ ਲਓ, ਚੰਗੀ ਤਰ੍ਹਾਂ ਠੰਡਾ ਹੋ ਜਾਣ ਤੇ ਉਹਦੇ ਵਿਚ ਇਕ ਮਾਸਾ ਪੱਕਾ ਰੰਗ, ੩ ਮਾਸੇ ਪੇਪਰਮਿੰਟ, ਦੋ ਤੋਲੇ ਅਲਾਇਚੀ ਦਾ ਤੇਲ ਪਾ ਕੇ ਖੂਬ ਹਲਾਵੋ ਤੇ ਉਸੇ ਵੇਲੇ ਬੋਤਲਾਂ ਵਿਚ ਪਾ ਕੇ ਕਾਗ ਲਾ ਦੇਵੋ । ਇਸ ਤੇਲ ਦੇ ਵਰਤਣ ਨਾਲ ਅੱਖਾਂ ਦੀ ਰੋਸ਼ਨੀ ਤੇ ਚੇਤਨ ਸ਼ਕਤੀ ਵਧਦੀ ਹੈ, ਕੇਸ ਨਰਮ ਤੇ ਕਾਲੇ ਰਹਿੰਦੇ ਹਨ। ਦਿਮਾਗ ਠੰਡਾ ਰਹਿੰਦਾ ਹੈ ।

# ਕੇਸ ਧੋਣ ਦਾ ਮਸਾਲਾ

ਫੈਲ ਛਬੀਲਾ, ਬਾਲਛੜ, ਮੁਸ਼ਕਬਾਲਾ, ਕਾਫੂਰ, ਕਚੂਰ, ਨਾਗਰ ਮੋਥਾ, ਸਭੋ ਇਕ ਤੋਲਾ ਬ੍ਰੀਕ ਕਰਕੇ ਰੱਖ ਛੱਡੋ । ੧ ਛਟਾਂਕ ਆਂਵਲੇ ਬ੍ਰੀਕ ਕਰਕੇ ਇਕ ਪਾਉ ਦੁੱਧ ਵਿਚ ਭਿਉਂ ਦਿਓ, ਫੁਲ ਜਾਣ ਤਾਂ ਮਲ ਕੇ ਪੁਣ ਲਵੋ, ਫਿਰ ਪੀਸੀਆਂ ਹੋਈਆਂ ਚੀਜ਼ਾਂ ਅੱਧੀ ਛਟਾਂਕ ਮਿਲਾ ਕੇ ਉਸ ਨਾਲ ਕੇਸ ਧੋਵੋ । ਇਸ ਨਾਲ ਕੇਸ ਮੁਲਾਇਮ ਤੇ ਸੁੰਦਰ ਰਹਿੰਦੇ ਹਨ ।

ਸੂਚਨਾ—ਪੁਰਾਣੇ ਸਮਿਆਂ ਵਿੱਚ ਮੁਲਤਾਨੀ ਮਿੱਟੀ, ਗਾਚਣੀ, ਕਾਲੀ ਮਿੱਟੀ

Sri Satguru Jagjit Singh Ji eLibrary NamdhariElibrary@gmail.com

ਨਾਲ ਕੇਸ ਧੋਤੇ ਜਾਂਦੇ ਸਨ। ਦੁੱਧ ਨਾਲ ਭੀ ਕੇਸ ਧੋਣੇ ਦਾ ਰਿਵਾਜ ਸੀ। ਜੋ ਚੀਜ਼ ਸੀਸ ਵਿੱਚ ਜੰਮ ਜਾਏ ਜਾਂ ਅਤੀ ਖੁਸ਼ਕੀ ਕਰੇ, ਹਰਗਿਜ਼ ਨਾ ਵਰਤੋ।

## ਆਮਲਿਆਂ ਦਾ ਤੇਲ

| | |
|---|---|
| ਆਮਲਾ | ੧ ਪਾਉ |
| ਧਨੀਆਂ | ੧ ਪਾਉ |
| ਹਊ ਬੇਰ | ੧ ਪਾਉ |
| ਖਸ | ੧ ਪਾਉ |
| ਬਾਲਛੜ | ੧ ਪਾਉ |
| ਪਾਨ ਦੀ ਜੜ੍ਹ | ੧ ਪਾਉ |
| ਮਹਿੰਦੀ ਦੇ ਪੱਤੇ | ੧ ਪਾਉ |

ਇਨ੍ਹਾਂ ਚੀਜ਼ਾਂ ਨੂੰ ਦਸ ਸੇਰ ਪਾਣੀ ਵਿਚ ਭਿਉਂ ਕੇ ੨੪ ਘੰਟੇ ਪਿਆ ਰਹਿਣ ਦੇਵੋ, ਫਿਰ ਦਸ ਸੇਰ ਤਿਲਾਂ ਦਾ ਤੇਲ ਸਾਫ ਕੀਤਾ ਹੋਇਆਂ ਮਿਲਾ ਕੇ ਨਰਮ ਅੱਗ ਤੇ ਰਖੋ, ਜਦ ਪਾਣੀ ਸੁੱਕ ਜਾਏ ਤਦ ਅੱਗ ਤੋਂ ਉਤਾਰ ਕੇ ਠੰਡਾ ਕਰਕੇ ਪੁਣ-ਛਾਣ ਲਓ।

ਇਨ੍ਹਾਂ ਤੇਲਾਂ ਵਿਚ ਰੈਡੀਰੋਜ਼ ਦਾ ਸੈਂਟ ਮਿਲਾ ਦੇਵੋ ਤੇ ਬੋਤਲਾਂ ਵਿਚ ਪਾ ਕੇ ਰੱਖ ਲਓ।

ਨਾਗਰ ਮੋਥਾ, ਕਪੂਰ ਕਚਰੀ, ਗੁਲਾਬ ਦੇ ਫੁਲ, ਚਿੱਟਾ ਚੰਦਨ, ਛੋਟੀ ਇਲਾਇਚੀ, ਲੌਂਗ, ਵੱਡੀ ਇਲਾਇਚੀ, ਚੰਪਾਵਤੀ, ਧਨੀਆਂ, ਖਸ, ਹਊ ਬੇਰ, ਦਾਲ ਚੀਨੀ, ਬਾਲ ਛੜ, ਸੁਗੰਧ ਬਾਲਾ, ਨਰ ਕਚੂਰ।

ਇਹ ਸਾਰੀਆਂ ਚੀਜ਼ਾਂ ਖੁਸ਼ਬੂਦਾਰ ਹਨ, ਇਨ੍ਹਾਂ ਨੂੰ ਇਕ ਇਕ ਤੋਲਾ ਲੈ ਕੇ ਦਰੜ ਕਰ ਲਓ, ਇਕ ਟੀਨ ਜਾਂ ਸ਼ੀਸ਼ੇ ਦੇ ਬਰਤਨ ਵਿਚ ਇਹ ਚੀਜ਼ਾਂ ਪਾ ਕੇ ਇਹਦੇ ਵਿਚ ਸਵਾ ਸੇਰ ਗਰੀ ਜਾਂ ਕਾਲੇ ਤਿਲਾਂ ਦਾ ਸਾਫ ਕੀਤਾ ਤੇਲ ਪਾ ਦਿਓ, ਬਰਤਨ ਦਾ ਮੂੰਹ ਅਜਿਹਾ ਬੰਦ ਕਰੋ ਕਿ ਅੰਦਰ ਹਵਾ ਆ ਜਾ ਨਾ ਸਕੇ। ਇਸ ਬਰਤਨ ਨੂੰ ਇਕ ਹਫਤਾ ਦਿਨ ਵੇਲੇ ਧੁੱਪੇ ਤੇ ਰਾਤ ਨੂੰ ਖੁੱਲੀ, ਓਸ ਵਾਲੀ ਥਾਂ ਤੇ ਰਖੋ, ੭ ਦਿਨ ਪਿਛੋਂ ਬਰਤਨ ਦਾ ਮੂੰਹ ਖੋਹਲ ਕੇ ਤੇਲ ਕੱਢ ਕੇ ਪੁਣ ਲਓ ਤੇ ਬੋਤਲਾਂ ਵਿਚ ਪਾ ਕੇ ਰੱਖੋ, ਇਹ ਤੇਲ ਸਿਰ ਨੂੰ ਠੰਡਾ, ਕੇਸਾਂ ਨੂੰ ਨਰਮ, ਕਾਲਾ ਤੇ ਸੁਗੰਧਤ ਰਖੇਗਾ।

ਵੱਸ ਲਗਦਿਆਂ ਕੇਸਾਂ ਨੂੰ ਗਰਮ ਪਾਣੀ ਨਾਲ ਧੋਣ ਦੀ ਆਦਤ ਨਹੀਂ ਪੌਣੀ

ਚਾਹੀਦੀ। ਗਰਮ ਪਾਣੀ ਸੀਸ ਪਰ ਪੌਣਾ ਲਾਭਮੰਦ ਨਹੀਂ ਹੁੰਦਾ। ਜ਼ਿਆਦਾ ਗਰਮ ਪਾਣੀ ਵਰਤਣ ਨਾਲ ਸਿਰ ਪੀੜ ਦੀ ਬਿਮਾਰੀ ਅਰ ਜ਼ੁਕਾਮ ਹੋ ਜਾਂਦਾ ਹੈ। ਕੇਸਾਂ ਨੂੰ ਧੋ ਕੇ ਕਦੇ "ਗਿਲੇ ਕੇਸ ਨਾ ਬੰਨ੍ਹੋ" ਗਿਲੇ ਕੇਸ ਰੱਖ ਕੇ ਧੋਣ ਨਾਲ ਕਈ ਬੀਮਾਰੀਆਂ ਹੁੰਦੀਆਂ ਹਨ। ਆਮ ਤੌਰ ਪਰ ਕੰਨ ਪੀੜ ਹੋ ਜਾਂਦੀ ਹੈ। ਕੇਸ ਹਰੇ ਕਰਨੇ ਅਤੀ ਜ਼ਰੂਰੀ ਹਨ।

# ਕੇਸਾਂ ਸਬੰਧੀ ਖਰਚ

ਕੇਸਾਂ ਦੇ ਵਿਰੋਧੀ ਜਾਂ ਹੁੱਜਤੀ ਕਿਹਾ ਕਰਦੇ ਨੇ ਕਿ ਕੇਸੀ ਇਸ਼ਨਾਨ ਕਰਨੇ ਸੇ ਖਰਚ ਬਹੁਤ ਆਉਂਦਾ ਹੈ। ਪਹਿਲੇ ਤਾਂ ਸਰੀਰ ਦੇ ਅੰਗਾਂ ਨੂੰ ਸਾਫ ਕਰਨ ਦਾ ਵਾਧੂ ਖਰਚ ਵਿਚ ਸ਼ਾਮਲ ਕਰਨਾ 'ਪਸ਼ੂ ਬ੍ਰਿਤਿ' ਦਾ ਬੋਲਾ ਹੈ, ਕਿਉਂਕਿ ਜਿਵੇਂ ਹੋਰ ਸਰੀਰ ਦੀ ਸਫਾਈ ਕਰਨੀ ਸਿਹਤ ਲਈ ਲਾਜ਼ਮੀ ਹੈ, ਤਿਵੇਂ ਕੇਸਾਂ ਦੀ ਜ਼ਰੂਰੀ ਹੈ। ਨਾ ਸਫਾਈ ਕਰਨ ਦਾ ਫਲ ਸਿਹਤ ਪਰ ਬੁਰਾ ਅਸਰ ਪੈਂਦਾ ਹੈ ਅਰ ਜੀਵ (ਜੂੰਆਂ) ਪੈ ਜਾਂਦੇ ਹਨ। ਇੱਕੁਰ ਜੇ ਬਸਤ੍ਰ ਸਾਫ ਨਾ ਕਰੀਏ ਤਾਂ ਉਨ੍ਹਾਂ ਵਿੱਚ ਭੀ ਮੈਲ ਪੈਣੇ ਸੇ ਜੂੰਆਂ ਪੈਂਦੀਆਂ ਨੇ, ਤਾਂਤੇ ਸਫਾਈ ਜ਼ਰੂਰੀ ਹੈ। ਪਰ ਇਹ ਇਨਸਾਫ ਨਹੀਂ ਕਿ ਸਫਾਈ ਰੱਖਣ ਲਈ ਕਪੜੇ ਹੀ ਉਤਾਰ ਕੇ ਨਗਨ ਰਹੋ ਜਾਂ ਸਰੀਰ ਦੇ ਮੈਲੇ ਅੰਗ ਹੀ ਕੱਟ ਸੁਟੋ ਅਥਵਾ ਨੱਕ ਸਾਫ ਕਰਨ ਦੀ ਖੇਚਲ ਤੋਂ ਨੱਕ ਹੀ ਕੱਟ ਸੁਟੋ। ਤਾਂ ਤੇ ਸਫਾਈ ਜ਼ਰੂਰੀ ਹੈ ਅਰ ਉਸ ਦਾ ਖਰਚ ਸਰੀਰਕ ਖਰਚ ਹੈ, ਅਥਵਾ ਸਫਾਈ ਕਰਨ ਦਾ ਖਰਚ ਸਰੀਰਕ ਖੁਰਾਕ ਹੈ! ਸਰੀਰ ਵਿਚੋਂ ਅੰਨ ਪਾਣੀ ਖਾਣ ਨਾਲ ਬਦਬੂ ਨਿਕਲਦੀ ਹੈ। ਵਿਸ਼ਟਾ, ਮੂਤ੍ਰ, ਮੁੜ੍ਹਕਾ, ਗਿੱਡ, ਸੀਂਢ, ਥੁੱਕ ਆਦਿ ਸਭ ਸਰੀਰ ਦੀ ਗਿਲਾਜ਼ਿਤ ਹੈ, ਪਰ ਇਹ ਮੈਲ ਇੱਕੁਰ ਨਹੀਂ ਹਟਾਈ ਜਾ ਸਕਦੀ ਕਿ ਜਲ, ਅਨਾਜ ਹਵਾ ਆਦਿ ਖੁਰਾਕਾਂ ਹੀ ਛੱਡ ਬੈਠੀਏ! ਐਸੇ ਹੀ ਕੇਸਾਂ ਦੀ ਸਫਾਈ ਦੇ ਖਰਚ ਨੂੰ ਖਰਚ ਕਹਿਣਾ ਨਿਰਾ ਪਾਗਲਪੁਣਾ ਸਿੱਧ ਹੁੰਦਾ ਹੈ। ਜੂੰਆਂ ਦਾ ਭੀ ਦੱਸਣਾ ਹੁੱਜਤਾਂ ਹਨ। ਜੇ ਪੁਰਸ਼ ਦਾ ਪਿਸ਼ਾਬ ਅਰ ਵਿਸ਼ਟਾ ਇੰਦਰਾ ਜਾਂ ਕੰਨ ਅੱਖਾਂ ਆਦਿ ਸਾਫ ਨਾ ਕਰੇ ਤਾਂ ਜ਼ਰੂਰ ਉਸਦਾ ਫਲ ਮੰਦਾ ਹੈ, ਪਰ ਉਹ ਮੂਰਖ ਹੀ ਹੋਵੇਗਾ ਜੋ ਕਹੇਂ, ਪਿਸ਼ਾਬ ਹੀ ਨਾ ਕਰੇ, ਨੱਕ ਸਾਫ ਕਰਨ ਦਾ ਟੰਟਾ ਨੱਕ ਕੱਟ ਕੇ ਹੀ ਮੁਕਾਓ, ਅਥਵਾ ਵਿਸ਼ਟਾ ਨੂੰ ਅੰਦਰੇ ਰਖੇ! ਇਹ ਸਵਾਲ ਗਲੀਜ਼ਤਾ ਦਾ ਹੈ, ਨਾਕਿ ਕੇਸ ਅੰਗ ਕੱਟਣੇ ਦਾ? ਇੱਕਰ ਸਫਾਈ ਨਹੀਂ ਹੁੰਦੀ ਜਾਂ ਖਰਚੋਂ ਡਰ ਕੇ ਕੇਸ ਕੱਟਣੇ ਮਹਾਂ ਮੂਰਖਤਾ ਹੈ।

ਕਈ ਢੁੱਚਰੀ ਇਹ ਭੀ ਢੁੱਚਰ ਡਾਹਿਆ ਕਰਦੇ ਨੇ ਕਿ ਕੇਸ ਗਲਾਜ਼ਤ ਦਾ ਘਰ

Sri Satguru Jagjit Singh Ji eLibrary NamdhariElibrary@gmail.com

ਹਨ, ਪਰ ਉਹ ਆਪਣੀ ਮਾਤਾ, ਭੈਣਾਂ ਦੇ ਸਿਰਾਂ ਪਰ ਗਲਾਜ਼ਤ ਹੁੰਦੇ ਉਨ੍ਹਾਂ ਦੇ ਨਜ਼ਦੀਕ ਕਿਉਂ ਹੁੰਦੇ ਨੇ ? ਬਜ਼ੁਰਗਾਂ ਨੂੰ ਕੇਸਾਂ ਨਾਲ ਸਿੱਧ ਕਰਨ ਦੇ ਕੀ ਅਰਥ ਨਿਕਲੇ ? ਕੇਸਾਂ ਵਿਚ ਬਦਬੂ ਜਾਂ ਗਲਾਜ਼ਤ ਹਰਗਿਜ਼ ਨਹੀਂ, ਗਲਾਜ਼ਤ ਤਾਂ ਸਰੀਰ ਵਿਚੋਂ ਮੁਸਾਮਾਂ ਥਾਣੀ ਬਾਹਰ ਔਂਦੀ ਹੈ, ਤਾਂਤੇ ਮਸਾਮ ਬੰਦ ਕਰੋ ਜਾਂ ਸਰੀਰ ਨੂੰ ਕੱਟ ਵੱਢ ਕੇ ਗਲਾਜ਼ਤ ਕੱਢੋ ਪਰ ਇਹ ਵਰਤੋਂ ਮੂਰਖ ਭੀ ਸ਼ਾਇਦ ਹੀ ਕਰ ਸਕਣ।

ਅਸਲੋਂ ਕੇਸ ਬਹੁਤ ਪਵਿੱਤ੍ਰ ਹਨ ! ਏਹ ਮਿੱਟੀ ਵਿਚ ਦਬੌਣ ਨਾਲ ਭੀ ਗਲਦੇ ਸੜਦੇ ਨਹੀਂ, ਇਨ੍ਹਾਂ ਵਿੱਚ "ਪ੍ਰਕਾਸ਼" ਮੌਜੂਦ ਹੈ, ਕਈ ਅਗਿਆਨੀ ਕੇਸਾਂ ਨੂੰ ਮੁਖ ਪਰ ਰੂੜੀ ਕੂੜਾ ਦੱਸ ਕੇ ਸਫਾਈ ਕਰਨਾ ਦੱਸਦੇ ਨੇ, ਪਰ ਇਹ ਰੂੜੀ ਲਾਈ ਕਿਸ ਨੇ ? ਰੂੜੀ ਵਿੱਚ ਤਾਂ ਗੋਹਾ ਮੂਤਰ ਵਿਸ਼ਟਾ ਹੁੰਦਾ ਹੈ, ਫਿਰ ਏਥੇ ਕਿਸ ਵਿਸ਼ਟਾ ਸੁੱਟੀ ? ਅਰ ਕਿਸ ਖੇਤ ਲਈ ਬਣਾਈ ਗਈ ? ਫਿਰ ਮੁੱਛਾਂ ਵਾਲੇ ਚੰਗੀ ਤਰ੍ਹਾਂ ਰੜਕਾਂ ਕਿਉਂ ਨਹੀਂ ਫੇਰਦੇ ? ਜੋ ਫੇਰਦੇ ਉਹ ਕਿਸ ਮਤ ਦੇ ਅਨਸਾਰੀ ਹੈਨ ? ਅਰ ਸ਼ਰਈ ਮੁੱਛਾਂ ਦਾੜ੍ਹੀਆਂ ਦੇ ਕੀ ਅਰਥ ਨਿਕਲੇ ? ਕਿਉਂ ਨਹੀਂ ਇਕੋ ਦਿਨ ਕਹੀਆਂ ਨਾਲ ਪੁੱਟ ਕੇ ਸਿਰ ਮੂੰਹ ਦੀ ਰੂੜੀ ਦਾ ਖੁਰਾ-ਖੋਜ ਮਿਟਾ ਦਿਤਾ ਜਾਂਦਾ ? ਅਥਵਾ ਕਰਤਾਰ ਉਤੇ ਅਰਜ਼ੀ ਕਿਉਂ ਨਹੀਂ ਠੋਕੀ ਜਾਂਦੀ, ਉਸ ਨੇ ਮੂੰਹ ਪਰ ਰੂੜੀ ਕਿਉਂ ਲਾਈ ? ਅਸਲੋਂ ਐਸੇ ਸਵਾਲੀਏ ਭਾਈ ਸਵਾਏ ਹੁੱਜਤਾਂ, ਢੁਚਰਾਂ ਤੋਂ ਵੱਧ ਕੁਝ ਭੀ ਨਹੀਂ ਜਾਣਦੇ ਹੁੰਦੇ ! ਇੱਕਰ ਦਾ ਤਰੀਕਾ ਨਿਰਾ ਵਤੰਡਾਬਾਦ ਹੁੰਦਾ ਹੈ, ਸਭਯ ਲੋਕ ਕਦੀ ਭੀ ਐਸੀ ਚਰਚਾਬਾਦ ਜਾਂ ਬਕਵਾਸ ਨੂੰ ਪਸੰਦ ਨਹੀਂ ਕਰ ਸਕਦੇ ! ਇਹ ਤਾਂ ਉਹ ਬਾਤ ਹੈ ਜਿਵੇਂ ਤੰਬਾਕੂਨੋਸ਼ ਕਿਹਾ ਕਰਦੇ ਨੇ ਕਿ ਅਸੀਂ ਸਿੱਖਾਂ ਦੇ ਵੈਰੀ ਨੂੰ ਸਾੜਦੇ ਹਾਂ, ਪਰ ਅਸਲੋਂ ਉਹ ਆਪੇ ਹੀ ਤੰਬਾਕੂ ਦੀ ਅਗਨੀ ਨਾਲ ਸੜਦੇ ਹੁੰਦੇ ਨੇ, ਵੈਰੀ ਤਿਨ੍ਹਾਂ ਦਾ ਹੈ, ਨਾਕਿ ਪੀਣੇ ਵਾਲੇ ਦਾ ?

ਇਸ ਤਰ੍ਹਾਂ ਮੂੰਹ ਸਾਫ ਕਰਨ ਵਾਲੇ ਮੁੱਖ ਪਰ ਚੰਮ ਆਦਿ ਅਪਵਿੱਤ੍ਰ ਪੱਟੇ (ਛਿੱਤ੍ਰ ਜਹੇ) ਦਾ ਰਸਾ ਲਗਵੌਂਦੇ ਅਰ ਉਹੀ ਉਸ ਤਰ੍ਹਾਂ ਗੰਦੀ ਮੰਦੀ ਥਾਂ ਲੱਗ ਕੇ ਬੁੱਲ੍ਹਾਂ ਪਰ ਫਿਰਦਾ ਹੈ, ਇਕ ਦਾ ਪਾਣੀ ਦੂਜਾ ਵਰਤਦਾ ਹੈ, ਜੂਠੀਆਂ ਕੌਲੀਆਂ, ਬੁਰਸ਼, ਸਾਬਣ ਉਸਤ੍ਰੇ ਕੈਂਚੀਆਂ ਕਦੀ ਕਿਸੇ ਨਹੀਂ ਮਾਂਜੀਆਂ । ਅਸਲੋਂ ਇਹ ਗਲਾਜ਼ਤ ਹੈ, ਤਾਂਤੇ ਕੇਸਾਂ ਦੀ ਸਫਾਈ (ਖਾਰ ਆਦਿ ਸੇ) ਇਸ਼ਨਾਨ ਕਰੌਣਾ ਹੈ, ਅਤੇ ਦੋ ਵੇਲੇ ਕੰਘਾ ਫੇਰਨਾ ਹੈ ! ਜੇਕਰ ਮੁੰਡਾਈ ਦੇ ਮੁਕਾਬਲੇ ਪਰ ਕੇਸਾਂ ਦੀ ਸਫਾਈ ਲਈ ਖਰਚ ਵਧਣ ਦਾ ਕੋਈ ਦਾਅਵਾ ਕਰੇ ਉਹ **ਨਾਈ ਕੰਪਨੀਆਂ ਦੀ ਮਾਲਦਾਰੀ ਵਲ ਤੱਕੇ** । ਹਜ਼ਾਰਾਂ ਕੰਪਨੀਆਂ ਲੋਕਾਂ ਦੇ ਸਿਰ ਮੂੰਹ ਮੁੰਨ ਕੇ ਮਾਲਾਮਾਲ ਹੋ ਰਹੀਆਂ ਹੈਨ । ਕਰੋੜਾਂ ਨਾਈ ਪ੍ਰਵਾਰ ਸਿਰ ਮੂੰਹ ਮੁੰਨਿਆਂ ਦੇ ਆਸਰੇ ਗੁਜ਼ਾਰੇ ਕਰਦੇ ਨੇ । ਅਰ ਡੁਬੇ ਲੇਖੇ ਇਕ ਸਿਰ ਮੁਨਾ ਗਰੀਬ ਭੀ ਪੰਜ ਰੁਪਏ ਸਾਲਾਨਾ

Sri Satguru Jagjit Singh Ji eLibrary NamdhariElibrary@gmail.com

ਟੈਕਸ ਨਾਈ ਸਾਹਿਬਾਨ ਦਾ ਜ਼ਰੂਰ ਭਰਦਾ ਹੋਵੇਗਾ। ਫਿਰ ਕੌਣ ਕਹਿ ਸਕਦਾ ਹੈ, ਕਿ ਕੇਸਾਂ ਦੀ ਸਫਾਈ ਲਈ ਖਰਚ ਵੱਧ ਹੁੰਦਾ ਹੈ।

ਸੰਸਾਰ ਵਿਚ ਹਜ਼ਾਰਾਂ ਲੁਹਾਰ ਕਾਰੀਗਰ ਆਦਿ ਸਿਰ ਮੂੰਹ ਮੁਨੌਣ ਵਾਲਿਆਂ ਲਈ ਕਰੋੜਾਂ ਉਸਤ੍ਰੇ ਕੈਂਚੀਆਂ, ਕੌਲੀਆਂ, ਕੰਘੀਆਂ, ਸ਼ੀਸ਼ੇ, ਪੱਥਰੀਆਂ, ਚੰਮ ਦੇ ਛਿੱਤ੍ਰ ਜਿਹੇ (ਪਟੇ), ਸਾਬਨਾਂ ਦੇ ਡੱਬੇ, ਬੁਰਸ਼, ਤੌਲੀਏ, ਪਾਊਡਰ ਆਦਿ ਅਨੇਕ ਵਸਤਾਂ ਹਰ ਸਾਲ ਤਿਆਰ ਕਰਦੇ ਨੇ। ਕੀ ਇਹ ਖਰਚ ਅਯੋਗ ਅਰ ਵਾਧੂ ਨਹੀਂ ਹੈ ? ਨਾਈਆਂ ਨੇ ਲਾਖਾਂ ਮਕਾਨ ਸਿਰ ਮੂੰਹ ਮੁੰਡਾਈ ਲਈ ਕਰਾਏ ਪਰ ਲੈ ਛੱਡੇ ਨੇ, ਜਿਥੇ ਕੁਰਸੀ, ਮੇਜ਼ਾਂ, ਬਿਜਲੀਆਂ ਦਾ ਭੀ ਤਕੜਾ ਅਡੰਬਰ ਹੁੰਦਾ ਹੈ, ਭਾਵੇਂ ਜਰਮਨ ਆਦਿ ਦੇਸਾਂ ਵਿਚ ਨਿਤ ਨਵੇਂ ਉਸਤਰੇ ਖੁਦ ਹਜ਼ਾਮਤਾਂ ਲਈ ਨਿਕਲ ਰਹੇ ਹੈਨ ਪਰ ਆਪੇ ਤਾਂ ਦਾੜ੍ਹੀ ਹੀ ਹਰ ਰੋਜ਼ ਮੁੰਨ ਹੁੰਦੀ ਹੈ। ਆਪੇ ਸਿਰ ਮੁੰਨਣ ਲਈ ਕੋਈ ਪਰਬੰਧ ਨਹੀਂ ਹੋ ਸਕਿਆ। ਹਾਂ ਜੇ ਗਿੱਚੀ ਵਿਚ ਇਕ ਮੂੰਹ ਹੋਰ ਲਗ ਜਾਵੇ, ਸ਼ਾਇਦ ਪਿੱਛਾ ਭੀ ਦਿੱਸ ਪਵੇ, ਪਰ ਦੋ ਬਾਹਾਂ ਦੀ ਹੋਰ ਲੋੜ ਪਵੇਗੀ, ਇਸ ਤੋਂ ਕੀ ਚੰਗਾ ਹੋਵੇ ਜੇਕਰ ਦੁਨੀਆਂ ਭਰ ਦੇ ਨਾਈ ਲੋਕ ਕ੍ਰਿਪਾ ਕਰਨ ਕਿ ਉਹ ਮੋਨਿਆਂ ਨਾਲ ਰੁੱਸ ਬੈਠਣ ਅਰਥਾਤ ਕਿਸੀ ਦੀ ਭੀ ਹਜ਼ਾਮਤ ਨਾ ਕਰਨ, ਆਪੇ ਲੋਕ ਅੱਕ ਕੇ ਕੇਸ ਰੱਖਣ, ਪਰ ਨਾਈ ਵਿਚਾਰੇ ਕੀ ਕਰਨ ? ਕਿਉਂਕਿ ਉਨ੍ਹਾਂ ਲੋਕਾਂ ਦਾ ਸਿਰ ਮੂੰਹ ਮੁੰਡਨ ਪਰ ਹੀ ਰੁਜ਼ਗਾਰ ਹੈ, ਉਹ ਤਦੇ ਹਟਣ ਜੇਕਰ ਇਤਨਾ ਟੈਕਸ ਜਾਂ ਮਹਿਸੂਲ ਅਥਵਾ ਮਜ਼ਦੂਰੀ ਹੋਰ ਕੋਈ ਦੇਵੇ, ਕਿਉਂਕਿ ਦਾਤਰੀ ਵਾਲੇ ਨੇ ਵਢਾਈ ਹੀ ਕਰਨੀ ਹੈ, ਸਾਡੀ ਜਾਚੇ ਇਹ ਮੁੰਡਾਈ ਦਾ ਕੰਮ ਅਯੋਗ ਹੈ। ਕਿਉਕਿ ਨੱਕਾਂ ਵਿੱਚੋਂ ਚੂਹੇ ਕੱਢਣੇ ਅਰ ਥੁੱਕ ਸੀਂਢ ਨਾਲ ਹੱਥ ਭਰਨੇ ਕੋਈ ਪਵਿੱਤ੍ਰ ਕੰਮ ਸਿੱਧ ਨਹੀਂ ਹੁੰਦਾ, ਅਸਲੋਂ ਬ੍ਰਾਹਮਣਾਂ ਨੇ ਹਿੰਦੀ ਨਾਈ ਇਸੇ ਲਈ ਸ਼ੂਦ੍ਰ ਠਹਿਰਾਏ ਨੇ ਕਿ ਨਾਈਆਂ ਦਾ ਹਜ਼ਾਮਤੀ ਕਿੱਤਾ ਅਪਵਿੱਤ੍ਰ ਹੈ। ਭਾਵੇਂ ਇਸ ਵਿਚ ਨਾਈ ਸਾਹਿਬਾਨ ਦਾ ਆਪਣਾ ਕਸੂਰ ਕੋਈ ਨਹੀਂ, ਜਦ ਕਿ ਲੋਕ ਖੁਦ-ਬਖੁਦ ਪੈਸੇ ਦੇ ਕੇ ਸਿਰ ਮੂੰਹ ਮੁੰਡਵੌਂਦੇ ਨੇ, ਖੈਰ ਕੁਝ ਹੋਵੇ ਉਕਤ ਲਿਖਤ ਦਾ ਸਿੱਟਾ ਇਹ ਸੋਲਾਂ ਆਨੇ ਠੀਕ ਨਿਕਲੇਗਾ ਕਿ ਪਰਾਧੀਨਗੀ, ਧਨ, ਅਰ ਸਮੇਂ ਦੀ ਬਰਬਾਦੀ ਅਪਵਿੱਤ੍ਰ ਕ੍ਰਮ, ਸ਼ਰਮ ਤੇ ਕੁਦਰਤ ਦੀ ਵਿਰੋਧਤਾ, ਸਰੀਰ ਦੇ ਅੰਗਾਂ ਦਾ ਨੁਕਸਾਨ, ਸਭਿਅਤਾ ਤੇ ਸੁੰਦਰਤਾ ਦਾ ਦੀਵਾਲਾ, ਧਾਰਮਕ ਆਗੂਆਂ ਤੋਂ ਬੇਮੁਖਤਾਰ ਅਤੇ ਉਨ੍ਹਾਂ ਦੀ ਕੇਸ ਧਾਰਨਾ ਦੀ ਨਿੰਦਾ ਕਰਨੀ ਧਾਰਮਿਕ ਗ੍ਰੰਥਾਂ ਤੋਂ ਉਲਟ ਆਦਿਕ ਬਹੁਤ ਸੇ ਨੁਕਸਾਨ ਸਿੱਧ ਹੁੰਦੇ ਹਨ। ਤਾਂ ਤੇ ਸਚਾਈ ਨਾਲ ਕੋਈ ਭੀ ਪੜਤਾਲ ਕਰੇ ਕੇਸ ਮੁੰਡਾਈ ਵਿਚ ਸੈਂਕੜੇ ਅਵਗੁਣ ਹਨ, ਗੁਣ ਇਕ ਭੀ ਨਹੀਂ ਹੈ। ਕੇਸਾਂ ਦੀ ਸਫਾਈ ਕਰਨ ਤੇ ਖਰਚ ਤੋਂ ਡਰ ਕੇ ਕੇਸ ਮੁੰਡਣੇ ਪਾਗਲਪੁਣਾ ਹੀ ਸਿੱਧ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

# ਕੇਸਾਂ ਦੇ ਚੋਰ

ਦੁਨੀਆਂ ਦੇ ਬੰਦਿਆਂ ਤੋਂ ਛਪਾ ਹੋ ਸਕਦਾ ਹੈ, ਪਰ ਗੁਰੂ ਅਰ ਅਕਾਲ ਪੁਰਖ ਤੋਂ ਕਿਵੇਂ ਭੀ ਨਹੀਂ ਹੁੰਦਾ। ਕਰਤਾਰ ਤਾਂ 'ਘਟ ਘਟ ਕੇ ਅੰਤਰ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ ॥' (ਚੌਪਈ) ਅਨੁਸਾਰ ਹਰ ਇਕ ਦੀ ਗੁਪਤੀ ਤੋਂ ਗੁਪਤੀ ਦਸ਼ਾ ਨੂੰ ਜਾਣਦਾ ਹੈ। ਕਰਤਾਰ ਸਿਰਜਨਹਾਰ ਸਰਬ ਅੰਤਰ ਦੀ ਪਹਿਚਾਣਦਾ ਹੈ। ਤਾਂਤੇ 'ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ॥' (ਪੰਨਾ ੪੮) ਅਰਥਾਤ ਪ੍ਰਭੂ ਸਭ ਕਿਛ ਜਾਣੀ-ਜਾਣ ਹੈ। ਸੰਸਾਰ ਵਿਚ ਐਸੇ ਬੰਦੇ ਭੀ ਹਨ, ਜੋ ਲੋਕਾਂ ਦੀ ਤਰ੍ਹਾਂ ਕਰਤਾਰ ਨੂੰ ਭੀ ਧੋਖਾ ਦੇਣਾ ਆਪਣਾ ਮੁਖ ਕਰਤਬ ਬਨਾਈ ਬੈਠੇ ਨੇ, ਅਰਥਾਤ 'ਲੋਗਨ ਰਾਮੁ ਖਿਲਉਨਾ ਜਾਨਾਂ ॥' (ਪੰਨਾ ੧੧੫੯) ਜੋ ਲੋਕ ਦਿਖਾਵੇ ਲਈ ਸਿੱਖ ਤਾਂ ਰਹਿਣਾ ਚਾਹੁੰਦੇ ਨੇ ਅਤੇ ਸ਼ਰਮੋਂ-ਸ਼ਰਮੀ ਦੇ ਸਿੱਖ ਨਿਯਮਾਂ ਮੂਜਬ ਸਿੱਖ ਹਨ, ਪਰ ਸੀਸ ਦੇ 'ਕੇਸ' ਗਿਰਦਾ ਰੱਖ ਕੇ ਵਿਚਕਾਰੋਂ ਮੁੰਡਾ ਕੇ ਗੁਰੂ ਜਾਂ ਸਿੱਖ ਪੰਥ ਨੂੰ ਧੋਖਾ ਦਿੰਦੇ ਨੇ, ਅਸਲੋਂ ਇਹ ਗੁਰੂ ਦੇ ਚੋਰ ਹਨ, ਜਿਵੇਂ ਹਿੰਦੂ ਲੋਗ ਗਿਰਦੋਂ ਕੇਸ ਕਟਾ ਕੇ ਬੋਦੇ ਨਾਲ ਰੱਬੀ ਚੋਰ ਕਹਾਏ, ਤਿਵੇਂ ਵਿਚਕਾਰੋਂ ਮੁੰਡੌਣ ਵਾਲੇ ਚੋਰ ਕਹੇ ਜਾ ਸਕਦੇ ਹਨ। ਇੱਕਰ ਕਈ ਦਾੜ੍ਹਾ ਚੋਰ ਭੀ ਹਨ ਜੋ ਦਿਖਾਵੇ ਦੀ ਦਾੜ੍ਹੀ ਰੱਖਦੇ ਤਾਂ ਹਨ, ਉਪਰੋਂ ਕੇਸ ਰੱਖ ਕੇ ਕੈਂਚੀ ਆਦਿ ਯਤਨਾਂ ਨਾਲ ਕੇਸਾਂ ਦੇ ਚੋਰ ਹਨ। ਇਹ ਹੀਜੜੇ ਸਿੱਖ ਹੋ ਸਕਦੇ ਨੇ, ਕਿਉਂਕਿ ਨਾ ਉਧਰ ਕੇ ਨਾ ਇਧਰ ਕੇ, ਦਾੜ੍ਹੇ ਮੁੰਡਾ ਕੇ ਤਾਂ ਭਲਾ ਇਸਤਰੀ ਸ਼ਕਲਾਂ ਦੀ ਮੰਗ ਜਾਂ ਜਾਮੇ ਦੀ ਉਪਾਸ਼ਨਾ ਕਹੀ ਜਾ ਸਕਦੀ ਹੈ, ਪਰੰਤੂ ਉਪਰੋਂ ਸਿੱਖ ਦਾੜ੍ਹੀ ਵਿਚੋਂ ਛਾਂਟੀ ਜਾਣਾ ਇਸ ਦਾ ਨਾਮ, 'ਹੀਜੜਾ ਸਿੱਖ' ਫਬਦਾ ਹੈ। ਕਈ ਇਹੋ ਜਿਹੇ ਫੋਕੇ ਮੰਤਕੀ ਜਾਂ 'ਮਨ ਹਰਾਮੀ ਹੁੱਜਤਾਂ ਢੇਰ' ਵਾਲੇ ਮਿਲਣਗੇ, ਜੋ ਕਿ ਕੇਸ ਰੱਖਦੇ ਹੋਏ ਕੇਸਾਂ ਦੀ ਵਿਰੋਧਤਾ ਕਰਨਗੇ। ਇਹ ਫਸਲੀ ਬਟੇਰਿਆਂ ਵਤ ਹੁੰਦੇ ਹੈਨ ਜੋ ਪਹਿਲੇ ਮਨ ਪ੍ਰਬੋਧ ਕੇ ਨਹੀਂ ਬੋਲਦੇ।

# ਕੇਸਾਂ ਦੇ ਲਾਭ

ਕੁਦਰਤ ਨੇ ਕੋਈ ਚੀਜ਼ ਬਿਨਾਂ ਲਾਭ ਤੋਂ ਨਹੀਂ ਰਚੀ। ਉਸ ਅੰਦਰ ਜ਼ਰੂਰ ਭੇਦ ਛੁਪੇ ਪਏ ਹਨ। ਦਿਮਾਗ ਜੋ ਸਰੀਰ ਦਾ ਸ਼ਿਰੋਮਣੀ ਜਾਂ ਵਿਚਾਰ ਸ਼ਕਤੀ ਦਾ ਖਜ਼ਾਨਾ ਹੈ, ਉਸ ਦੀ ਹਿਫਾਜ਼ਤ ਲਈ [੩੨]ਕੇਸ ਹਨ। ਗਰਮੀ ਸਰਦੀ ਤੋਂ ਬਚੌਣ ਲਈ ਕੇਸ

੩੨. ਮਨੂੰ ਸਿਮਰਤੀ ਵਿਚ ਮੁੰਡਨ ਦੇ ਸਬੰਧ ਵਿਚ ਕਈ ਸ਼ਲੋਕ ਲਿਖੇ ਹਨ, ਪਰ ਵੇਦਾਂ ਵਿਚ ਇਸ ਸੰਸਕਾਰ ਦਾ ਕੋਈ ਜ਼ਿਕਰ ਨਹੀਂ ਹੈ, ਵਿਦਵਾਨਾਂ ਦਾ ਖਿਆਲ ਹੈ ਕਿ ਇਹ ਸ਼ਲੋਕ ਕੇਸ ਵਿਰੋਧੀਆਂ ਨੇ ਪਿੱਛੋਂ ਲਿਖੇ ਹਨ, ਹਿੰਦੁਸਤਾਨ ਵਿਚ ਜਦ ਤੋਂ ਇਹ ਮੰਦੀ ਰਸਮ ਚੱਲੀ ਹੈ, ਛੋਟੇ ਲੜਕਿਆਂ ਨੂੰ ਮੁੰਡਾ ਕਹਿਣ ਲੱਗ ਪਏ ਹਨ, ਅਸਲੋਂ "ਮੁੰਡਾ" ਗਾਲ੍ਹ ਲਈ ਵਰਤਿਆ ਜਾਂਦਾ ਸੀ, ਟਾਹਣੀਆਂ ਕੱਟੇ ਹੋਏ ਦਰੱਖਤ ਨੂੰ ਵੀ ਮੁੰਡਾ ਕਹਿੰਦੇ ਹਨ ਤੇ ਹਜਾਮਤ ਕਰਨ ਵਾਲੇ ਨਾਈਆਂ ਨੂੰ ਵੀ ਮੁੰਡਤ ਕਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਪੂਰਨ ਸਮ੍ਰੱਥ ਹਨ। ਕੇਸ ਮੁੰਡੌਣ ਵਾਲੇ ਲੋਕ ਦਿਮਾਗ ਦੀ ਰੱਛਿਆ ਦੇ ਘਾਟਿਆਂ ਕਰ ਕੇ ਗਰਮੀ ਸਰਦੀ ਦੇ ਅਨੇਕ ਦੁੱਖ ਸਹਾਰਦੇ ਹਨ, ਵਿਸ਼ੇਸ਼ ਕਰਕੇ ਸਨਸਟ੍ਰੋਕ (SUNSTROKE) ਪੁਨਾ ਸਰਸਾਮ ਅਰ ਪਾਗਲਪੁਣੇ ਆਦਿ ਦੀ ਬੀਮਾਰੀ ਵਿਚ ਸਿਰ ਮੂੰਹ ਮੁੰਡੌਣ ਵਾਲੇ ਹੀ ਵੱਧ ਦੇਖੇ ਗਏ ਹਨ। ਭਾਵੇਂ ਉਹ ਗਰਮੀ ਵਿਚ ਬਾਰੰਬਾਰ ਟੋਪੀਆਂ, ਪੱਗਾਂ ਉਤਾਰ ਕੇ ਫੂੰ ਫੂੰ ਕਰਕੇ ਗਰਮੀ ਨਾਲ ਬੇਹੋਸ਼ ਹੁੰਦੇ ਅਰ ਸਿਰ ਵਿਚ ਪਾਣੀ ਪਾ ਅਤੇ ਬਰਫਾਂ ਧਰ ਅਥਵਾ ਠੰਡੀਆਂ ਵਸਤਾਂ ਦੀ ਲੇਪਾਂ ਆਦਿ ਕਰਕੇ ਕੇਸਾਂ ਦੀ ਲੋੜ ਨੂੰ ਰੋਂਦੇ ਧੋਂਦੇ ਤੇ ਤਰਲੇ ਕਰਦੇ ਨੇ, ਪਰ ਅਸਲ ਜ਼ਰੂਰਤ ਪੂਰਨ ਨਹੀਂ ਹੋ ਸਕਦੀ, ਭਾਵੇਂ ਕਿਤਨਾ ਭੀ ਠੰਡੇ ਸ਼ਰਬਤ ਨਾਲ ਦਿਮਾਗੀ ਗਰਮੀ ਨੂੰ ਟਾਰਨ। ਅਣਜਾਣਾਂ ਨੂੰ ਇਹ ਵਹਿਮ ਹੈ ਕਿ ਕੇਸ ਗਰਮੀ ਵਿਚ ਗਰਮੀ ਦਿੰਦੇ ਨੇ, ਪਰ ਇਹ ਖਿਆਲ ਗਲਤ ਅਤੇ ਢੁੱਚਰਬਾਜ਼ੀ ਦੇ ਹਨ, ਕੇਸ ਅਸਲੋਂ ਗਰਮੀ ਵਿਚ ਬਾਹਰਲੀ ਗਰਮੀ ਰੋਕਦੇ ਅਤੇ ਦਿਮਾਗ ਨੂੰ ਠੰਡਕ ਦਿੰਦੇ ਨੇ, ਅਰ ਸਰਦੀ ਵਿਚ ਬਾਹਰਲੀ ਸਰਦੀ ਨੂੰ ਰੋਕਦੇ ਅਤੇ ਦਿਮਾਗ ਨੂੰ ਗਰਮੀ ਪਹੁੰਚਾਂਦੇ ਨੇ। ਇਹ ਸਾਇੰਸ (Science) ਦਾ ਭੀ ਅਸੂਲ ਹੈ ਕਿ ਗਰਮੀ ਦੇ ਦਿਨਾਂ ਵਿੱਚ ਊਨੀ ਬਸਤ੍ਰ ਗਰਮੀ ਨੂੰ ਰੋਕੇਗਾ, ਸਰਦੀ ਦੇ ਦਿਨਾਂ ਵਿਚ ਸਰਦੀ ਤੋਂ ਬਚਣ ਲਈ ਸਿਰ ਮੂੰਹ ਮੁੰਨੇ ਲੋਕ ਕਰਤਾਰ ਦੀ ਅਸਲੀ ਦਿੱਤੀ ਵਸਤੂ ਨੂੰ ਛੱਡ ਕੇ ਬੱਕਰੀਆਂ ਭੇਡਾਂ ਆਦਿ ਦੀ ਉੱਨ ਦੇ ਗੁਲੂਬੰਦ ਆਦਿ ਸਿਰ ਪਰ ਲਪੇਟ ਕੇ ਤਰਲੇ ਭਰਦੇ ਨੇ, ਅਰ ਸਿਰ ਲਈ ਕੁੱਲੇ, ਗਰਮ ਪਟਕੇ ਬੰਧ ਕੇ ਭੇਡਾਂ ਦੀ ਉੱਨ ਨੂੰ ਸੀਸ ਪਰ ਧਰ ਕੇ ਸਾਬਤ ਕਰਦੇ ਨੇ, ਕਿ ਕੇਸਾਂ ਦੀ ਥਾਂ ਇਹ ਦਾਤ ਸਿਰ ਪਰ ਚੁੱਕੀ ਹੈ। ਜੋ ਕੇਸਾਂ ਦੇ ਵਿਰੋਧੀ ਡਾਕਟਰ ਖੁਦ ਕੇਸ ਮੁਡੌਂਦੇ ਹੈਨ, ਅੰਤ ਨੂੰ ਉਹ ਭੀ ਡਾਕਟਰੀ ਅਸੂਲਾਂ ਤੋਂ ਸ਼ਰਮਿੰਦੇ ਹੋ ਕੇ ਮੰਨ ਜਾਂਦੇ ਨੇ, **ਕਿ ਹਾਂ ਇੰਚ ਦੋ ਇੰਚ ਕੇਸ ਤਾਂ ਇਨਸਾਨ ਮਾਤ੍ਰ ਲਈ ਲਾਜ਼ਮੀ ਹੈ।** ਪਰ ਉਹ ਕਾਨੂੰਨ ਕੁਦਰਤ ਤੋਂ ਉੱਚਾ ਦਿਮਾਗ ਨਹੀਂ ਰਖ ਸਕਦੇ, ਇਨਸਾਨ ਨੂੰ ਜਿਨ੍ਹਾਂ ਬਾਤਾਂ ਦਾ ਪਤਾ ਨਹੀ ਉਸ ਨੂੰ ਸਾਇੰਸਦਾਨ Scientific ਸਮਝ ਕੇ ਅਤੀ ਹੈਰਾਨ ਪਰੇਸ਼ਾਨ ਹੁੰਦੇ ਰਹਿੰਦੇ ਨੇ, ਕਿ ਹੈਂ! ਇਸ ਵਿਚ ਕੁਦਰਤ ਨੇ ਕਿਤਨੇ ਲਾਭ ਅਰ ਭੇਦ ਰਖੇ ਨੇ, ਪਰ ਸਾਇੰਸ ਵਾਲੇ ਭੀ ਉਸਦੀ ਕੁਦਰਤ ਦੇ ਭੇਦਾਂ ਨੂੰ ਪੂਰਨ ਨਹੀਂ ਪਾ ਸਕਦੇ। ਬੇਅੰਤ ਬੇਅੰਤ ਕਹਿ ਕੇ ਹੀ ਛੁਟਕਾਰਾ ਪਾਉਂਦੇ ਹੈਨ।

ਮਗਰ ਲੱਗੂ ਫੈਸ਼ਨਪ੍ਰਸਤ ਜਾਂ ਪ੍ਰਾਈ ਅਕਲ ਵਰਤੰਣ ਵਾਲੇ ਲੋਗ, ਅਥਵਾ ਆਪਣਾ ਦਿਮਾਗ ਨਾ ਰੱਖਣ ਵਾਲੇ (Brainless people) ਭਾਈ ਅੰਗਰੇਜ਼ਾਂ ਦੀ ਵਰਤੋਂ ਨੂੰ ਰੱਬ ਦਾ ਹੁਕਮ ਸਮਝ ਕੇ ਕਹਿ ਦਿੰਦੇ ਨੇ, ਕਿ ਦੇਖੋ! ਅੰਗਰੇਜ਼ ਕਿਤਨੀ ਤਰੱਕੀ ਕਰ ਗਏ! ਇਨ ਕੇ ਕੇਸ ਨਹੀਂ, ਅਥਵਾ ਇਨ੍ਹਾਂ ਦੀਆਂ ਰੀਸਾਂ ਕਰਦੇ ਨੇ, ਪਰ ਉਹ ਨਹੀਂ ਜਾਣਦੇ ਕਿ ਗਰਮੀ ਦੇ ਮੌਸਮ ਵਿੱਚ ਅੰਗਰੇਜ਼ ਲੋਕ ਕਿਵੇਂ ਤੰਗ

Sri Satguru Jagjit Singh Ji eLibrary NamdhariElibrary@gmail.com

ਹੁੰਦੇ ਅਤੇ ਗਰਮ ਕਪੜੇ ਰਖਦੇ ਤੇ ਸਰਦੀ ਵਿਚ ਪੈਰਾਂ ਵਲੋਂ ਗਰਮੀ ਪਹੁੰਚਾ ਕੇ ਅਤੇ ਅੰਗੀਠੀਆਂ ਸੇਕਣ ਦਾ ਪ੍ਰਚਾਰ ਕਰਦੇ ਨੇ, ਜੀਵਨ ਦਰੱਖਤ ਦੀ ਰੱਛਾ ਲਈ ਗਿੱਚੀ (ਕਮਰੋੜ) ਪਰ ਗੱਦੀਆਂ ਬੰਨ੍ਹਦੇ ਨੇ।

ਇਸ ਬਾਤ ਤੋਂ ਕਿਹੜਾ ਡਾਕਟਰ, ਹਕੀਮ ਆਦਿ ਇਨਕਾਰ ਕਰ ਸਕਦਾ ਹੈ, ਕਿ ਡਾਕਟਰੀ ਅਸੂਲ ਮੂਜਬ ਮਨੀ (ਬੀਰਜ) ਦੀ ਹਿਫਾਜ਼ਤ ਲਈ ਗੁਪਤੀ ਕੇਸ ਹਨ, ਅਰ ਦਿਮਾਗ ਲਈ, ਅਤੇ ਗਿੱਚੀ ਦੇ 'ਜੀਵਨ ਦਰੱਖਤ' ਲਈ ਸੀਸ ਦੇ ਕੇਸ ਅਤਿਅੰਤ ਲੋੜੀਂਦੇ ਅੰਗ ਅਤੇ ਢਾਲ ਹੈਨ। ਸੈਂਕੜੇ ਸਦਮਿਆਂ ਤੋਂ ਇਹੋ ਬਚਾਉਂਦੇ ਨੇ ਅਰ 'ਸੰਜੋਯ' ਦਾ ਕੰਮ ਕਰਦੇ ਨੇ। ਲੰਬੇ ਦਾੜ੍ਹੇ ਦੇ ਰੋਮ ਸ਼ਾਹਰਗ ਤੇ ਗਰਦਨ ਦੀ ਹਿਫਾਜ਼ਤ ਲਈ ਸੰਜੋਯ ਤੇ ਢਾਲ ਹਨ। ਨੱਕ ਦੇ ਰੋਮ ਅਨੇਕ ਪਰਕਾਰ ਦੇ ਜਿਰਮਾਂ ਨੂੰ ਬਾਹਰੋਂ ਰੋਕ ਕੇ ਦਿਮਾਗ ਵਿੱਚ ਨਹੀਂ ਜਾਣ ਦਿੰਦੇ।

ਕੰਨਾਂ ਦੇ ਅਤੇ ਨੇਤਰਾਂ ਦੇ ਰੋਮ [ਪਲਕਾਂ] ਅਨੇਕ ਦੋਖਾਂ ਤੋਂ ਵਿਸ਼ੇਸ਼ ਕਰਕੇ ਮਿੱਟੀ ਘੱਟੇ ਤੋਂ ਬਚੌਂਦੇ ਨੇ। ਮੱਥੇ ਦੀ ਗਰਮੀ ਰੋਕਣ ਲਈ ਫਿੱਵੜਾਂ ਦੇ ਰੋਮ ਹਨ, ਜੋ ਕਿ ਅੱਖਾਂ ਵਿਚ ਗਰਮੀ ਨਹੀਂ ਪੈਣ ਦਿੰਦੇ। ਕੱਛਾਂ ਦੇ ਰੋਮ ਸਰੀਰ ਦੇ ਖਾਸ ਗੰਦ-ਮੰਦ ਨੂੰ ਨਿਕਾਲਦੇ ਨੇ। ਸਿੱਟਾ ਕੀ ! ਸਰੀਰ ਦੇ ਵਡੇ ਛੋਟੇ ਰੋਮ ਗੰਦ ਮੰਦ ਨੂੰ ਬਾਹਰ ਖਿੱਚ ਕੇ ਅਤੇ ਪਸੀਨੇ ਰਾਹੀਂ ਸਿਹਤ ਦਿੰਦੇ ਨੇ, ਇਸੇ ਤਰ੍ਹਾਂ ਸਰੀਰ ਦਾ ਇਕ-ਇਕ ਰੋਮ ਗੁਣਾਂ ਨਾਲ ਸੁਸ਼ੋਭਤ ਹੈ ਅਰ ਸਰੀਰ ਦਾ ਪੂਰਨ ਸਹਾਈ ਅਤੇ ਜ਼ਰੂਰੀ 'ਲੋੜੀਂਦਾ' ਅੰਗ ਹੈ। ਸੋ ਜੇਕਰ ਪੁਰਸ਼ ਦੇ ਰੋਮ ਨਾ ਹੋਵਣ, ਇਸ ਦਾ ਜੀਵਨ ਅਸੰਭਵ ਹੈ। ਇਸ ਤਰ੍ਹਾਂ ਜੇ ਸਰੀਰ ਦੇ ਸਾਰੇ ਰੋਮਾਂ ਦੇ ਵੱਖੋ-ਵੱਖਰੇ ਲਾਭ ਗਿਣਨ ਲੱਗੀਏ ਤਾਂ ਇਕ ਹੋਰ ਕਿਤਾਬ ਬਣ ਜਾਂਦੀ ਹੈ, ਸਿੱਟਾ ਕੀ ! ਕੇਸ ਮੁਨੌਣ ਵਿਚ ਸਾਰੇ ਹੀ ਅਲਾਭ ਹੈਨ। ਖਾਸ ਕਰ ਸ਼ਰਮਿੰਦਗੀ ਅਰ ਨਸ਼ਰਪੁਣੇ ਤੋਂ ਸਿਵਾਏ ਪੱਲੇ ਕੁਝ ਭੀ ਨਹੀਂ ਪੈਂਦਾ। ਮੁਕਦੀ ਬਾਤ ਇਹ ਹੈ ਕਿ ਕਰਤੇ ਨਾਲੋਂ ਕੀਤਾ (ਜੀਵ) ਹਰ ਹਾਲਤ ਵਿੱਚ ਤੁੱਛ ਬੁੱਧੀ ਰਖਦਾ ਹੈ, ਫ਼ਿਰ ਕੌਣ ਕਹਿ ਸਕਦਾ ਹੈ ਕਿ ਕੇਸ ਵਾਧੂ ਹਨ ?

ਇਹ ਅਗਿਆਨਤਾ ਹੈ ਕਿ ਕੇਸ ਗਰਮੀ ਵਿੱਚ ਗਰਮ ਹੈਨ ! ਕਿਉਂਕਿ ਕੇਸ ਅਸਲੋਂ 'ਗੈਰ ਮੂਸਲ' ਅਰਥਾਤ ਬੈਰੂਨੀ ਗਰਮੀ ਤੋਂ ਬਚਾਣ ਵਾਲੇ ਅਤੇ ਸਰਦੀ ਨੂੰ ਰੋਕਣ ਵਾਲੇ ਹਨ। ਇਹੋ ਖਾਸੀਅਤ ਉਨ੍ਹ ਦੀ ਹੈ, ਸਾਇੰਸ ਅਰਥਾਤ ਪਦਾਰਥ ਵਿਦਯਾ ਵਾਲੇ ਜਾਣਦੇ ਹਨ ਕਿ ਕੇਸ ਅੰਦਰਲੀ ਹਰਾਰਤ ਗਰੇਜ਼ੀ ਨੂੰ ਅੰਦਰ ਅਤੇ ਬਾਹਰ ਦੀ ਗਰਮੀ ਨੂੰ ਬਾਹਰ ਰੋਕਦੇ ਹਨ। ਇਸ ਤਰ੍ਹਾਂ ਨਾਲ 'ਕੇਸ' ਗਰਮੀ ਸਰਦੀ ਤੋਂ ਬਚੌਂਦੇ ਹੈਨ। ਜੇ ਕਦੀ ਕੇਸ ਗਰਮ ਹੁੰਦੇ ਤਾਂ ਇਸਤ੍ਰੀਆਂ ਜੋ ਐਡੀ ਨਾਜ਼ਕ ਤਬੀਅਤ ਮੰਨੀਆਂ ਹਨ ! ਉਹ ਕੇਸ ਕਿਵੇਂ ਰੱਖਦੀਆਂ ? ਕੇਸਾਂ ਨੂੰ ਗਰਮ ਕਹਿਣ

Sri Satguru Jagjit Singh Ji eLibrary NamdhariElibrary@gmail.com

ਵਾਲੇ ਢੁੱਚਰੀ ਪਹਿਲਾਂ ਆਪਣੀਆਂ ਇਸਤ੍ਰੀਆਂ ਨੂੰ ਹੀ ਕਿਉਂ ਨਹੀਂ ਗਰਮੀ ਦੇ ਜ਼ੁਲਮ ਤੋਂ ਬਚਾਉਂਦੇ ? ਕੇਸਾਂ ਤੋਂ ਵਿਰੁੱਧ ਕਹਿਣੇ ਵਾਲਾ ਚਿੱਤ ਵਿੱਚ ਜ਼ਰੂਰ ਸ਼ਰਮਿੰਦਾ ਹੁੰਦਾ ਹੈ ਕਿ ਆਪਣੀਆਂ ਭੈਣਾਂ ਮਾਵਾਂ ਨੂੰ ਕੇਸਾਂ ਸਹਿਤ, ਦੇਖ ਕੇ "ਕੇਸਾਂ ਥੀਂ ਵਿਰੁਧ ਕਿਉਂ ਜ਼ਹਿਰ ਉਗਲਦਾ ਹਾਂ" ।

# ਕੇਸਾਂ ਤੇ ਕਰਤਾਰ ਭਗਤੀ

ਇਹ ਕਹਿਣਾ ਨਹੀਂ ਬਣਦਾ ਕਿ ਕੇਸ ਰਖੇ ਤੋਂ ਰੱਬ ਮਿਲਦਾ ਹੈ ? ਇਸ ਦਾ ਉਤਰ ਬਰਾਬਰ ਦਾ ਹੈ, ਤਾਂ ਕੀ ਕੇਸ ਮੁੰਡਾਏ ਮਿਲਦਾ ਹੈ ? ਅਸਲੋਂ ਇਹ ਸਵਾਲ ਹੀ ਫਜ਼ੂਲ ਹੈ ਕਿ ਕੇਸਾਂ ਦਾ ਰੱਖਣਾ ਜਾਂ ਨਾ ਰਖਣਾ ਰੱਬ ਭਗਤੀ ਲਈ ਹੈ । ਕੇਸਾਂ ਦੇ ਹੁੰਦੇ ਸਰੀਰਕ ਸੁਖ ਤੇ ਆਤਮਕ ਬਲ ਜ਼ਰੂਰ ਮਿਲਦਾ ਹੈ । ਕੇਸ ਆਤਮਾ ਅਰ ਸਰੀਰ ਦਾ ਪ੍ਰਕਾਸ਼ ਹਨ, ਤਦੇ ਧਾਰਮਕ ਲੋਗ ਸਭ ਕੇਸ ਆਤਮਾਂ ਅਰ ਸਰੀਰ ਦਾ ਪ੍ਰਕਾਸ਼ ਹਨ ਤਦੇ ਧਾਰਮਕ ਲੋਗ ਸਭ ਕੇਸ ਰਖਦੇ ਆਏ, ਯੋਗਾ-ਅਭਿਆਸ ਵਾਲੇ ਸਭ ਕੇਸਾਧਾਰੀ ਹੋਏ, ਕੋਈ ਭੀ ਤਜਰਬਾ ਕਰ ਵੇਖੋ, ਮੋਨੇ ਪੁਰਸ਼ ਵਿਚ ਕੇਸ ਧਾਰਨਾ ਨੂੰ ਦੂਰ ਕਰਨ ਦੇ ਸਮੇਂ ਨਾਲੋਂ ਸਰੀਰਕ ਤੇ ਆਤਮਕ ਬਲ ਘੱਟ ਹੋਵੇਗਾ ਅਰ ਉਸ ਦੇ ਚੇਹਰੇ ਪਰ ਮੁਰਦਾਰਤਾ ਦੀਆਂ ਛਾਵਾਂ ਡਿੱਗਣਗੀਆਂ । ਪੜਤਾਲ ਦੇਖੋ, ਕੇਸ ਮੁੰਡੌਣ ਵਾਲੇ ਅਕਸਰ ਮਾਦਾਪ੍ਰਸਤ ਹੀ ਵੱਧ ਹੋਣਗੇ, ਕਿਉਂਕਿ ਸਿਰ ਮੁੰਡੌਣ ਤੋਂ ਜ਼ਰੂਰ ਉਸ ਦਾ ਕੋਈ ਮਨੋਰਥ ਹੁੰਦਾ ਹੈ । ਜੇ ਉਹ ਕੇਸਾਂ ਨੂੰ ਕਰੂਪ ਦਰਜਾ ਦਿੰਦਾ ਹੈ ਅਰ ਕੇਸ ਮੁੰਡਾ ਕੇ ਸੁੰਦਰਤਾ ਚਾਹੁੰਦਾ ਹੈ ਤਾਂ ਇਹ ਭੀ ਰੂਪ ਦੀ ਪੂਜਾ ਤੇ ਮਾਦਾਪ੍ਰਸਤੀ ਹੈ । ਜੇ ਉਹ ਉੱਦਮ ਨਾਲ ਕੇਸ ਨਹੀਂ ਸੰਭਾਲ ਸਕਦਾ ਤਾਂ ਉਹ ਆਲਸੀ ਹੈ । ਸੋ ਆਲਸੀ ਰੱਬ-ਭਗਤ ਨਹੀਂ ਹੋ ਸਕਦੇ । ਕੇਸ ਮੁੰਡੌਣਾ ਦੂਜੇ ਦੀ ਗੁਲਾਮੀ ਤੇ ਇਹ ਭਾਰੀ ਕਾਇਰਤਾ ਹੈ ।

ਜੇ ਕੋਈ ਕੇਸਾਂ ਨੂੰ ਜੰਜਾਲ ਅਥਵਾ ਭਾਰੇ ਮੰਨਦਾ ਹੈ ਤਾਂ ਸੇਵਾ ਅਰ ਉੱਦਮ ਤੇ ਰਜ਼ਾ ਦਰਜੇ ਤੋਂ ਖਾਰਜ ਹੈ । ਜੇ ਰੱਬ ਦੀ ਗਲਤੀ ਕੱਢਦਾ ਹੈ ਤਾਂ ਉਹ ਕਾਦਰੰ ਤੋਂ ਬੇਮੁਖ ਹੈ ਜਾਂ ਕਹੋ ਰੱਬੀ ਭਾਣੇ ਤੋਂ ਬਾਹਰ ਹੈ । ਜਦ ਉਸ ਦਾ ਮਾਲਕ ਕਰਤਾ ਕੇਸ ਚਾਹੁੰਦਾ ਹੈ ਫਿਰ ਉਸਦੇ ਹੁਕਮੋਂ ਬਾਹਰ ਕੀ ਮਿਲਦਾ ਹੈ ? ਮੋਨੇ ਲਈ ਨਾਈ ਰੱਬ ਦੀ ਸਦਾ ਲੋੜ ਰਹਿੰਦੀ ਹੈ । ਇਹ ਵਾਧੂ ਦੀ ਪ੍ਰਾਧੀਨਤਾ ਹੈ, [੩੩]ਸਿਰ ਮੁੰਡੌਣੇ

੩੩. ਨਾਈ ਲੋਕ ਹਜ਼ਾਮਤ ਕਰਨ ਵੇਲੇ ਸਿਰ ਮੂੰਹ ਨੂੰ ਆਪਣੀ ਮਨਸਾ ਅਨੁਸਾਰ ਫੇਰਦੇ ਹਨ । ਕਈ ਵਾਰ ਨੱਕ, ਮੁਖ ਤੇ ਗਰਦਨ ਪਰ ਉਸਤਰੇ ਨਾਲ ਜ਼ਖਮ ਭੀ ਹੋ ਜਾਂਦਾ ਹੈ । ਜੂਠੇ ਉਸਤਰੇ ਨਾਲ ਲਾਗ ਦੀਆਂ ਕਈ ਬੀਮਾਰੀਆਂ ਭੀ ਹੁੰਦੀਆਂ ਹਨ । ਜੇ ਨਾਈ ਟੇਢਾ ਉਸਤਰਾ ਚਲਾ ਕੇ ਕਾਰੀ ਜ਼ਖਮ ਕਰ ਦੇਵੇ, ਉਸ ਪਰ ਦਾਅਵਾ ਭੀ ਸ਼ਾਇਦ ਹੀ ਚਲ ਸਕੇ । ਹਜਾਮਤ ਕਰਨ ਵੇਲੇ ਕਿਸੇ ਦਾ ਨੱਕ ਭੀ ਕੱਟਿਆ ਜਾਵੇ ਤਾਂ ਭੀ ਕੀ ਅਚਰਜ ਹੈ ?

Sri Satguru Jagjit Singh Ji eLibrary NamdhariElibrary@gmail.com

ਵਾਲੇ ਸ਼ੀਸ਼ੇ ਦੇਖਦੇ ਰਹਿੰਦੇ ਅਤੇ ਕੁਝ ਦਿਨਾਂ ਪਿੱਛੋਂ ਨਾਈ ਨੂੰ ਮੁੜ ਮੁੜ ਸੱਦਦੇ ਤੇ ਨਿਉਂਦੇ ਦਿੰਦੇ ਰਹਿੰਦੇ ਨੇ। ਇਸ ਲਈ ਨਾਈ ਇਕ ਕੌਮ ਜਾਂ ਫਿਰਕਾ ਹੀ ਬਣ ਗਿਆ ਹੈ। ਮਜ਼੍ਹਬ ਦੇ ਠੇਕੇਦਾਰ ਇਹੋ ਰਾਜੇ ਸਾਹਿਬ ਮੰਨੇ ਗਏ ਹਨ। ਜੇ ਨਾਈ ਨਾ ਹੁੰਦੇ ਤਾਂ ਸਾਰੇ ਕੇਸਾਧਾਰੀ ਹੁੰਦੇ, ਸਿਰ ਮੂੰਹ ਮੁੰਡੌਣ ਵੇਲੇ ਇੱਜ਼ਤ-ਆਬਰੂ ਨਾਈ ਦੇ ਹੱਥ ਵਿਚ ਹੁੰਦੀ ਹੈ। ਉਹ ਅਧਵਾਣੇ ਦੀ ਤਰ੍ਹਾਂ ਹੇਠਾਂ ਉੱਪਰ ਅੱਗੇ ਪਿਛੇ ਕਰਨ ਲਈ ਹੁਕਮੀ ਕਵਾਇਦ ਕਰਾਉਂਦਾ ਰਹਿੰਦਾ ਹੈ। ਸਿਰ ਮੁੰਡੌਣਾ ਸਦਾ ਹੀ ਨਾਈ ਦਾ ਕਰ (ਦੰਡ) ਅਰ ਹੁਕਮ ਤੇ ਗੁਲਾਮੀ ਸਹੇੜਨੀ ਹੈ, ਜੋ ਕਿ ਭਗਤਾਂ ਲਈ ਇਹ ਕਿੱਤਾ ਭਗਤੀ ਵਿਖੇ ਵਿਘਨਾਂ ਵਾਲਾ ਹੈ। ਹਰ ਰੋਜ਼ ਰੱਬ ਦੀ ਭਗਤੀ ਕਰੂ ਕਿ ਨਾਈ ਭਗਤੀ ? ਰੱਬ ਭਗਤੀ ਦੁਖ-ਸੁਖ ਸਮ ਮੰਨਣੇ ਤੇ ਰਜ਼ਾ ਮੰਨਣੀ ਹੈ, ਨਾਕਿ ਹਰ ਰੋਜ਼ ਸਿਰ ਮੁੰਡਾਈ ਦੇ ਟੈਕਸ ਭਰਨੇ ?

ਜਿਸ ਤੋਂ ਕੇਸ ਹੀ ਸੰਭਾਲੇ ਨਹੀਂ ਜਾਂਦੇ ਉਸ ਨੇ ਹੋਰ ਕੀ ਧਰਮ ਸਿੱਖਣਾ ਹੈ ? ਤਾਂਤੇ ਕੇਸ ਮੁੰਡੌਣੇ ਕਰਕੇ ਰੱਬ ਨਹੀਂ ਮਿਲਦਾ, ਯਥਾ:-ਗੁਰੂ ਹੁਕਮ ਹੈ, "ਨਾ ਸਤਿ ਮੂੰਡ ਮੁਡਾਈ ਕੇਸੀ" (ਰਾਮਕਲੀ ਵਾਰ ਮ: ੧, ਪੰਨਾ ੯੫੨) ਅਰਥਾਤ ਕੇਸ ਮੁੰਡੌਣੇ ਵਿਚ ਸਤਿ ਧਰਮ ਦੀ ਪ੍ਰਾਪਤੀ ਨਹੀਂ ਹੈ। ਇਸ ਤੋਂ ਸਿੱਧ ਹੋ ਕਿ ਸਤਿ ਧਰਮ ਲਈ ਕੇਸ ਕੱਟਣੇ ਧਰਮ ਮਨੋਰਥ ਤੋਂ ਉਲਟ ਹਨ ਅਰ ਪੂਰਨ ਮਨਮਤ ਹੈ। ਬੇਸ਼ਕ ਕੇਸ ਰੱਖਣੇ ਭਗਤੀ ਨਹੀਂ ਹਨ ਅਰ ਮੁੰਡੌਣੇ ਭੀ ਭਗਤੀ ਨਹੀਂ ਹੈ, ਪਰ ਰੱਬ ਭਗਤ ਦੇ ਜ਼ਰੂਰ ਕੇਸ ਪੂਰਨ (ਸਾਬਤ ਸੂਰਤ) ਹੋਣਗੇ, ਨਹੀਂ ਤਾਂ ਉਹ ਰੱਬ ਭਗਤੀ ਨਹੀਂ, ਕਿਉਂਕਿ ਨਾਈ ਭਗਤੀ ਨਾਲ ਰੱਬ ਕਿਥੋਂ ਮਿਲੂ ? ਰੱਬ ਭਗਤੀ ਦੇ ਅਰਥ ਹੀ ਕਰਤਾਰ ਦੀ ਰਜ਼ਾ ਵਿੱਚ ਟੁਰਨਾ ਹੈ। ਸੋ ਹਜ਼ਾਮਤਾਂ ਸਭ ਮਨਮਤਾਂ ਹਨ, ਹਜ਼ਾਮਤਾਂ ਦੇ ਗੁਲਾਮ ਧਾਰਮਿਕ ਲੋਕ ਜਾਂ ਰੱਬ ਭਗਤ ਕਹਾ ਨਹੀਂ ਸਕਦੇ, ਧਰਮ ਦੇ ਅਰਥ ਸਚਾਈ, ਇਨਸਾਫ, ਨੇਕੀ ਆਦਿ ਹੈ, ਨਾਕਿ ਕੇਸਾਂ ਦੀ ਮੁੰਡਾਈ ? ਜੋ ਪੁਰਸ਼ ਕੇਸਾਂ ਨੂੰ ਰੱਬੀ ਦਾਤ ਨਹੀਂ ਮੰਨਦਾ, ਉਹ ਸਰੀਰ ਨੂੰ ਭੀ ਰਬੀ ਦਾਤ ਨਹੀਂ ਮੰਨ ਸਕਦਾ।

Sri Satguru Jagjit Singh Ji eLibrary NamdhariElibrary@gmail.com

# ਪੰਜਵਾਂ ਭਾਗ

# ਨੌਂਹਾਂ ਸਬੰਧੀ ਵਿਚਾਰ

ਅਕਸਰ ਢੁੱਚਰੀ ਸੱਜਣ, ਜਿਨ੍ਹਾਂ ਨੂੰ ਕੇਸ ਮੁੰਡਾਉਣ ਬਾਰੇ ਕੋਈ ਪ੍ਰਮਾਣ ਉਕਤੀ ਨਾ ਮਿਲੇ, ਤਾਂ ਆਖਦੇ ਹਨ ! ਅੱਛਾ ਜੀ ! ਜੇ ਸਿੱਖ ਸਾਬਤ ਸੂਰਤ ਰੱਖਣ ਦੇ ਪ੍ਰਚਾਰਕ ਹਨ ਤਾਂ ਉਹ ਨੌਹ (ਨਾਖ਼ੂਨ) ਕਿਉਂ ਉਤਾਰਦੇ ਹਨ, ਇਹ ਭੀ ਤਾਂ ਸਰੀਰ ਦਾ ਅੰਗ ਹਨ। "ਭਾਂਵੇਂ ਉਨ੍ਹਾਂ ਦੀ ਇਹ ਹੁੱਜਤ ਫਜ਼ੂਲ ਤੇ ਵਾਧੂ" ਪੈਰ ਅੜਾਉਣ ਵਾਲੀ ਹੈ, ਕਿਉਂਕਿ ਨੌਂਹ (ਨਾਖ਼ੂਨ) ਤਾਂ ਕੋਈ ਭੀ ਨਹੀਂ ਉਤਾਰਦਾ। ਨੌਂਹ ਉਤਾਰਨ ਨਾਲ ਸਖਤ ਤਕਲੀਫ ਹੁੰਦੀ ਹੈ, "ਨੌਂਹ ਅਸਲੋਂ ਲਹੂ ਦਾ ਅੰਗ ਹਨ ਅਰ ਇਨ੍ਹਾਂ ਵਿਚ ਹਮੇਸ਼ਾਂ ਦੌਰਾ ਕਰਦਾ ਹੈ। ਜੇ ਦੌਰਾ ਨਾ ਕਰੇ, ਫੌਰਨ ਸੁਕ ਕੇ ਮੁਰਦਾ ਹੋ ਜਾਣ !" ਜਿਤਨਾ ਹਿੱਸਾ ਲਹੂ-ਰਹਿਤ ਹੁੰਦਾ ਹੈ ਉਹ ਮੁਰਦਾ ਹੈ। ਉਸਦੇ ਉਤਾਰਨ ਨਾਲ ਕੋਈ ਤਕਲੀਫ ਨਹੀਂ ਹੁੰਦੀ। ਜਿਸ ਤਰ੍ਹਾਂ ਕੇਸਾਂ ਵਿਖੇ ਕੰਘਾ ਫੇਰਨ ਪਰ, ਮੁਰਦਾ ਕੇਸ ਕੰਘੇ ਨਾਲ ਨਿਕਲ ਜਾਂਦੇ ਹਨ, ਤੈਸੇ ਹੀ ਨੌਂਹ ਜਿਤਨੇ ਮੁਰਦਾ ਹੋ ਜਾਣ, ਨਿਕੰਮੇ ਹੋ ਕੇ ਟੁੱਟ ਜਾਂਦੇ ਹਨ, ਜੇ ਉਨ੍ਹਾਂ ਨੂੰ ਸਾਫ ਨਾ ਕੀਤਾ ਜਾਵੇ ਤਾਂ ਫਟ ਕੇ ਸਰੀਰ ਨੂੰ ਦੁੱਖ ਦਿੰਦੇ ਹਨ ਅਰ ਹਰ ਚੀਜ਼ ਵਿੱਚ ਫਸ ਜਾਂਦੇ ਹਨ, ਜਾਂ ਤੇ ਨਾਖ਼ੂਨਾਂ ਦੀ ਦਰੁਸਤੀ ਜਾਂ ਹਿਫਾਜ਼ਤ ਇਹੋ ਹੈ ਕਿ ਉਨ੍ਹਾਂ ਨੂੰ ਕੇਸਾਂ ਵਿਚ ਕੰਘਾ ਫੇਰਨ ਵਤ ਕਿਸੇ ਤੇਜ਼ ਚੀਜ਼ ਨਾਲ ਸਾਫ ਕਰਦੇ ਰਹੀਏ।

ਇੱਕਰ ਹਰ ਇਕ ਪਸੂ ਪੰਖੀ ਜਾਨਵਰ ਦੇ ਨੌਂਹਾਂ ਦਾ ਮੁਰਦਾ ਹਿੱਸਾ ਆਪੇ ਭੀ ਉਤਰਦਾ ਹੈ। ਘੋੜਿਆਂ ਬੈਲਾਂ ਦੇ ਖੁਰ ਪੁਰਾਣੇ ਉਤਰਦੇ ਰਹਿੰਦੇ ਹਨ। ਪੰਖੀਆਂ ਦੇ ਪੰਜੇ, ਚੁੰਜਾਂ ਲੋੜ ਅਰ ਸਮੇਂ ਨਾਲ ਆਪੇ ਬਦਲੀ ਜਾਂਦੀਆਂ ਹਨ, ਘੋੜਿਆਂ ਦੀ ਨਾਲ ਬੰਦੀ ਵੇਲੇ ਮੁਰਦਾ ਨਾਖ਼ੂਨ ਉਤਾਰੀਦੇ ਹਨ, ਤਾਂਕਿ ਉਹ ਠੋਕਰ ਖਾ ਕੇ ਸਵਾਰ ਨੂੰ ਸੁੱਟ ਨਾ ਪਾਵੇ ਅਤੇ ਸਫਾਈ ਨਾਲ ਚਲੇ।

ਕਈ ਜਾਨਵਰਾਂ ਦੇ ਆਪੇ ਹੀ ਸਮੇਂ ਨਾਲ ਉਤਰਦੇ ਹਨ। ਜੇ ਮਨੁੱਖਾਂ ਦੇ ਮੁਰਦਾ ਨੌਂਹਾਂ ਦੀ ਸਫਾਈ ਨਾ ਕਰੀਏ ਤਾਂ ਆਪੇ ਹੀ ਜ਼ਰੂਰ ਉਤਰ ਜਾਣਗੇ, ਪਰ ਤਕਲੀਫ ਨਾਲ ਟੁੱਟਣਗੇ। ਹੱਥਾਂ ਨਾਲ ਕੰਮ ਕਰਨ ਵਾਲਿਆਂ ਦੇ ਆਪੇ ਹੀ ਘਸਦੇ ਰਹਿੰਦੇ ਹਨ, ਪਰ ਵਿੰਗੇ ਟੇਡੇ ਹੋ ਕੇ ਫਟਦੇ ਦੁਖਦਾਈ ਹੋ ਜਾਂਦੇ ਹਨ, ਜਾਂ ਤੇ ਸਫਾਈ ਕਰਨੀ ਸੁਖਦਾਈ ਤੇ ਜ਼ਰੂਰੀ ਹੈ।

Sri Satguru Jagjit Singh Ji eLibrary NamdhariElibrary@gmail.com

ਕੇਸਾਂ ਦੇ ਦੋ ਹਿਸੇ ਨਹੀਂ ਹਨ, ਮੁਰਦਾ ਕੇਸ ਜੜ੍ਹਾਂ ਥੀਂ ਨਿਕਲਦੇ ਹਨ, ਪਰ ਨਾਖ਼ੂਨ ਸਦਾ ਕਾਇਮ ਰਹਿੰਦੇ ਹਨ ਅਤੇ ਮੁਰਦਾ ਹਿੱਸਾ ਟੁੱਟ ਜਾਂਦਾ ਹੈ, ਇਹ ਜੜ੍ਹਾਂ ਥੀਂ ਨਹੀਂ ਉਖੜਦੇ, ਐਸਾ ਕਰਨੇ ਸੇ ਸਖਤ ਤਕਲੀਫ ਹੁੰਦੀ ਹੈ, ਹੱਥ ਕੰਮ ਹੀ ਨਹੀਂ ਦੇ ਸਕਦੇ। ਨੌਂਹ ਹੱਥਾਂ ਦਾ ਜ਼ਰੂਰੀ ਅੰਗ ਹਨ, ਬਿਨਾਂ ਨੌਹਾਂ ਦੇ ਹੱਥ ਪੂਰਨ ਕੰਮ ਨਹੀਂ ਦੇ ਸਕਦੇ। ਜੋ ਕਹਿੰਦੇ ਨੇ ਨੌਹ ਉਤਾਰੇ ਜਾਂਦੇ ਹਨ, ਇਹ ਬੁਧਹੀਣੇ, ਤੇ ਢੁੱਚਰੀ ਹੀ ਹੁੰਦੇ ਹਨ, ਕਿਉਂਕਿ ਨੌਹਾਂ ਨੂੰ ਕੋਈ ਭੀ ਨਹੀਂ ਉਤਾਰਦਾ, ਭਾਵੇਂ ਕਿਹਾ ਜਾਂਦਾ ਹੈ ਕਿ ਨੌਹਾਂ ਨੂੰ ਉਤਾਰਦੇ ਹਾਂ।

ਦਰਅਸਲ ਇਹ ਮੁਰਦਾ ਹਿੱਸਾ ਹੈ। ਜੇ ਕੋਈ ਕਹੇ ਅਸੀਂ ਭੀ ਕੇਸਾਂ ਦੀ ਨਾਲ-ਬੰਦੀ ਜਾਂ ਸਫਾਈ ਕਰਦੇ ਹਾਂ, ਇਹ ਬਾਤ ਬਣ ਨਹੀਂ ਆਉਂਦੀ, ਕਿਉਂਕਿ ਕੇਸ ਇਕੋ ਚੀਜ਼ ਤੇ ਸਰੀਰ ਦਾ ਇਕ ਹਿੱਸਾ ਹਨ, ਜਿਸ ਪ੍ਰਕਾਰ ਅਸਲੀ ਨਾਖ਼ੂਨ ਹੱਥ ਦਾ ਪੰਜਾ ਜਾਂ ਨੌਂਹਦਰਾਂ ਹਨ। ਉਂਗਲੀਆਂ ਇਨ੍ਹਾਂ ਥੀਂ ਬਿਨਾਂ ਨਿਕੰਮੀਆਂ ਹਨ, ਐਸੇ ਹੀ ਕੇਸ ਜਿਸ ਥਾਂ ਦੇ ਪਹਿਰੇਦਾਰ ਤੇ ਕਾਰਕੁਨ ਹਨ, ਉਹ ਥਾਂ ਨਿਕੰਮੀ ਤੇ ਸੁੰਞੀ ਹੁੰਦੀ ਹੈ। ਸਿਰ ਤੇ ਕੇਸ ਦਿਮਾਗ ਦੀ ਰੱਛਾ ਦੇ ਹਨ, ਜਿਤਨੇ ਵੱਡੇ ਹਨ ਕੁਦਰਤ ਨੇ ਉਤਨੇ ਹੀ ਵੱਡੇ ਉਥੇ ਪੈਦਾ ਕੀਤੇ ਹਨ, ਕੱਛਾਂ ਤੇ ਬਗਲਾਂ ਦੀ ਰੱਛਾ ਲਈ ਅੱਖਾਂ ਫਿੱਫਨਾਂ ਦੇ ਉਥੇ ਲਈ ਅਤੇ ਲੰਬਾਈ ਮੁਤਾਬਿਕ ਹੀ ਰਹਿੰਦੀ ਹੈ, ਪਿਸ਼ਾਬ ਇੰਦ੍ਰੇ ਦੇ ਬੀਰਜ ਆਦਿ ਦੀ ਰੱਛਾ ਦੇ ਲਈ ਲੋੜ ਮੂਜਬ ਅਤੇ ਲੰਬਾਈ ਵਿਚ ਠੀਕ ਹਨ, ਸਾਰੇ ਸਰੀਰ ਪਰ ਬਹੁਤ ਬ੍ਰੀਕ ਜੋ ਪਸੀਨਾ ਖਾਰਜ ਕਰਨ ਤੇ ਲਹੂ ਦੀ ਸਫਾਈ ਹਿਤ ਹਨ।

ਇਹ ਕੁਦਰਤ ਹੈ ਕਿ ਸਰੀਰ ਪਰ ਸਿਰ ਦੇ ਕੇਸਾਂ ਦੀ ਲੰਬਾਈ ਜਿਤਨੇ ਵੱਡੇ ਨਹੀਂ ਹਨ, ਹੱਥਾਂ ਦੀਆਂ ਹਥੇਲੀਆਂ ਸ਼ੁਰੂ ਭੀ ਕੇਸਾਂ ਵਲੋ ਖਾਲੀ ਹਨ। ਮੂੰਹ, ਨੱਕ ਆਦਿ ਪਰ ਅਤੀ ਬ੍ਰੀਕ ਅਰ ਅਤੀ ਸੂਖਮ ਹਨ। ਮਸਤਕ ਪਰ ਹੋਰ-ਹੋਰ ਭੀ ਬ੍ਰੀਕ ਹਨ। ਪੈਰਾਂ ਦੀਆਂ ਤਲੀਆਂ ਖਾਲੀ ਹਨ, ਇਹ ਸਭ ਕੁਦਰਤ ਦੀ ਬਨੌਟ ਹੈ, ਜਿਸ ਨੂੰ ਅਸੀਂ ਨਿੰਦ ਕੇ ਢੁੱਚਰਾਂ ਨਾਲ ਬਦਨਾਮ ਕਰਦੇ ਹਾਂ। ਜੋ ਲੋਕ ਕਹਿੰਦੇ ਹਨ ਨਾਖ਼ੂਨ ਉਤਾਰਦੇ ਹਾਂ ਇਹ ਕੇਵਲ ਬੋਲੀ ਹੈ, ਅਸਲੇ ਨਾਖ਼ੂਨ ਉਤਾਰਦਾ ਕੋਈ ਭੀ ਨਹੀਂ ਹੈ। ਜੇ ਕਿਤੇ ਮੁਰਦਾ ਨੌਂਹ ਤੋੜਨ ਵੇਲੇ ਗਲਤੀ ਹੋ ਜਾਵੇ ਤਾਂ ਅਸਲ ਨੌਂਹ ਦੇ ਉਤਾਰਨ ਨਾਲ ਸਖਤ ਤਕਲੀਫ ਹੁੰਦੀ ਹੈ ਅਤੇ ਗਲਤੀ ਦੀ ਸਜ਼ਾ ਤੱਤਕਾਲ ਮਿਲਦੀ ਹੈ, "ਯਾਂਤੇ ਨੌਹਾਂ ਨੂੰ ਕੋਈ ਨਹੀਂ ਉਤਾਰ ਸਕਦਾ" ਢੁਚਰੀ ਤਾਂ ਇਹ ਭੀ ਕਹਿ ਸਕਦਾ ਹੈ ਕਿ ਥੁਕਦੇ ਕਿਉਂ ਹੋ, ਇਹ ਭੀ ਸਰੀਰ ਦਾ ਹਿੱਸਾ ਹੈ, ਸਰੀਰ ਦੀ ਮੈਲ ਕਿਉਂ ਉਤਾਰਦੇ ਹੋ, ਪਿਸ਼ਾਬ ਕਿਉਂ ਕਰਦੇ ਹੋ ? ਟੱਟੀ ਕਿਉਂ ਕਰਦੇ ਹੋ ? ਐਸੇ ਸਵਾਲ ਮੂਰਖ ਹੀ ਕਰ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਿਖ ਧਰਮ ਨੇ ਕੇਸਾਂ ਨੂੰ ਉਤਾਰਨਾ ਬੱਜਰ ਕੁਰਹਿਤ ਮੰਨਿਆ ਹੈ, ਨੌਂਹਾਂ ਦਾ ਕੇਸਾਂ ਨਾਲ ਸਬੰਧ ਭੀ ਕੋਈ ਨਹੀਂ ਹੈ।

ਨੋਟ-ਉਕਤ ਨੌਂਹਾਂ ਸਬੰਧੀ ਲਿਖਤ ਕੇਵਲ ਢੁਚਰੀਆਂ ਨੂੰ ਸੁਮਤਿ ਦੇਣ ਖਾਤਰ ਲਿਖੀ ਹੈ। ਵੈਸੇ ਇਸ ਪੋਥੀ ਦੇ ਵਿਸ਼ੇ ਸਬੰਧਤ ਇਹ ਵਿਚਾਰ ਨਹੀਂ ਹੈ।

*-ਲਾਲ ਸਿੰਘ ਗਿਆਨੀ*

Sri Satguru Jagjit Singh Ji eLibrary NamdhariElibrary@gmail.com

# ਛੀਵਾਂ ਭਾਗ

ਪਿਛੇ ਪੰਜਾਂ ਬੱਜਰ ਕੁਰਹਿਤਾਂ ਸਬੰਧੀ ਵੱਖ-ਵੱਖ ਕਰਕੇ ਵਿਸਥਾਰ ਨਾਲ ਨਿਰਨਯ ਕੀਤਾ ਗਿਆ ਹੈ, ਅੱਗੇ ਪੰਜਾਂ ਕਕਾਰਾਂ ਅਰਥਾਤ ਖਾਲਸਾ ਰਹਿਤ-ਬਹਿਤ ਸਬੰਧੀ ਵਿਚਾਰ ਲਿਖਦੇ ਹਾਂ। ਲੋੜ ਸੀ 'ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ' ਸਬੰਧੀ ਪਿਛੇ ਦੀ ਤਰ੍ਹਾਂ ਵੱਖ-ਵੱਖ ਨਿਰਨਯ ਹੋਵੇ।

ਅਸਲੋਂ ਪੰਜ ਕਕਾਰ (ਖ਼ਾਲਸਾ ਰਹਿਤ) ਇਕੋ ਵਸਤੂ ਹੈਨ, ਇਸ ਕਰਕੇ ਵੱਖੋ ਵੱਖ ਨਿਰਣਾ ਨਹੀਂ ਕੀਤਾ ਜਾਂਦਾ। ਕੇਸਾਂ ਸਬੰਧੀ ਵਿਚਾਰ ਬੱਜਰ ਕੁਰਹਿਤਾਂ ਵਿਚ ਆ ਚੁਕੀ ਹੈ ਅਤੇ ਕੰਘਾ ਕੇਸਾਂ ਦਾ ਹੀ ਅੰਗ ਹੈਨ। ਕੜਾ, ਕਛਹਿਰਾ, ਕ੍ਰਿਪਾਨਾਂ, ਤਿੰਨ ਜੰਗੀ ਅਰ ਧਾਰਮਕ ਹਥਿਆਰ ਇਕੋ ਰੂਪ ਹਨ, ਖਾਲਸਾ ਰਹਿਤ 'ਖਾਲਸਾ ਸਿਪਾਹ' ਦੀ ਸਦੀਵੀ ਵਰਦੀ ਹੈ, ਜੋ ਸਿਖ ਮਾਤ੍ਰ ਲਈ ਪਹਿਨਣੀ ਲਾਜ਼ਮੀ ਹੈ।

ਵੈਸੇ ਮਨੁੱਖ ਮਾਤ੍ਰ ਲਈ ਸਾਂਝਾ ਪ੍ਰੋਗ੍ਰਾਮ ਹੈ, ਖਾਲਸਾ ਰਹਿਤ ਜਥੇਬੰਦੀ ਭੀ ਹੈ, ਇਸ਼ਟ ਉਪਾਸ਼ਨਾ, ਖਾਨ-ਪਾਨ ਪਹਿਰਾਨ, ਇਕੋ ਹੋਣਾ ਅਮਲੀ ਇਤਫਾਕ ਹੈ, ਸੰਸਾਰ ਵਿਚ ਉਹੀ ਮਨੁੱਖ ਤਰੱਕੀ ਕਰ ਸਕਦੇ ਹਨ ਜਿਨ੍ਹਾਂ ਵਿਚ ਏਕਾ ਹੋਵੇ। ਵਾਲੰਟੀਅਰ ਓਹੀ ਹੈਨ ਜੋ ਇਕ ਲਾਈਨ ਵਿਚ ਹੋ ਕੇ ਕੰਮ ਕਰਨ ! 'ਸਿਪਾਹ' ਦੀ ਰੂਹ ਜਾਂ ਜਿੰਦ ਹੁਕਮ ਮੰਨਣ ਨਾਲ ਪੈਦਾ ਹੁੰਦੀ ਹੈ, ਗੁਰੂ ਕਾ ਹੁਕਮ ਗੁਰੂ ਕੀ ਰਹਿਤ ਹੈ, ਸਿਪਾਹ ਗੁਰੂ ਕੇ ਹੁਕਮ ਵਿਚ ਹੈ ! ਬਾਕੀ ਸਭ ਬਾਗੀ ਤੇ ਆਪ-ਮੁਹਾਰੇ ਹਨ।

*ਲਾਲ ਸਿੰਘ ਗਿਆਨੀ।*

# ਕੁਰਹਿਤਾਂ, ਕਕਾਰ ਤੇ ਕਰਮ-ਕਾਂਡ

ਖਾਲਸਾ ਕਕਾਰਾਂ ਨੂੰ ਕਰਮ-ਕਾਂਡ ਜਾਂ ਕਰਮ ਬੰਧਨ ਅਥਵਾ ਸ਼ਰਹ ਸੰਜਮ ਆਦਿ ਮੰਨਣਾ ਪੂਰਨ ਅਗਿਆਨਤਾ ਹੈ। ਖਾਲਸਾ ਧਰਮ ਦੇ ਪੰਜੇ ਕਕਾਰ ਕਿਸੀ ਹਾਲਤ ਵਿਚ ਭੀ ਨੇਤੀ ਧੋਤੀ ਵਰਤ ਆਦਿ ਦੀ ਤਰ੍ਹਾਂ ਅਥਵਾ ਤਿਲਕ, ਜੰਞੂ, ਬੋਦੀ, ਸੁੰਨਤ, ਤੰਬੇ, ਧੋਤੀਆਂ, ਟੋਪੀਆਂ, ਛਾਪੇ ਆਦਿ ਦੇ ਬੰਧਨਾਂ ਜਾਂ ਚਿੰਨ੍ਹਾਂਵਤ ਨਹੀਂ ਹਨ। ਕਈ ਅਨਜਾਣ ਭਾਈ ਇਨ੍ਹਾਂ ਨੂੰ ਨਿੰਦਣ ਲਈ ਕਰਮ ਬੰਧਨ ਤੇ ਚਿੰਨ੍ਹ ਆਦਿ ਦੱਸ ਕੇ ਹੁਜਤਾਂ ਵਿਚ ਪੈ ਜਾਂਦੇ ਹਨ ਅਤੇ ਗੁਰਬਾਣੀ ਵਿਚੋਂ ਇਸ ਪ੍ਰਕਾਰ ਦੇ ਪ੍ਰਮਾਣ ਦਿੰਦੇ ਹਨ:- 'ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ

Sri Satguru Jagjit Singh Ji eLibrary NamdhariElibrary@gmail.com

ਨਾਸੁ ॥' (ਪੰਨਾ ੧੧੬੭) ਉਹ ਲੋਕ ਐਸੇ ਸ਼ਬਦਾਂ ਦੇ ਇਹ ਭਾਵ ਕੱਢਦੇ ਹਨ ਕਿ ਗਿਆਨੀ ਪੁਰਸ਼ ਨੂੰ ਕਕਾਰਾਂ ਦੀ ਲੋੜ ਨਹੀਂ ਰਹਿੰਦੀ। ਇਸੀ ਸਿਧਾਂਤ ਨੂੰ ਦੱਸ ਕੇ ਕਈ ਚਾਦਰ ਪੋਸ਼ ਸੰਤ ਤੇ ਹੁੱਜਤੀ ਆਦਿ ਖਾਲਸ ਰਹਿਤ-ਬਹਿਤ ਦੀ ਪਰਵਾਹ ਨਹੀਂ ਕਰਦੇ। ਆਪ ਨੂੰ ਖੁਲ੍ਹੇ ਘੋੜ-ਚੜ੍ਹੇ ਦੱਸ ਕੇ ਸਤਿਗੁਰਾਂ ਦੇ ਮਿਸ਼ਨ ਤੋਂ ਬੇਮੁਖ ਹੁੰਦੇ ਨੇ। ਅਸਲੋਂ ਇਹ ਦਸ਼ਾ **'ਮਨ ਹਰਾਮੀ ਹੁੱਜਤਾਂ ਢੇਰ'** ਵਾਲੀ ਹੈ। ਕੀ ਉਹ ਭੱਦਰ ਪੁਰਸ਼ ਇਹ ਨਹੀਂ ਸਮਝ ਸਕਦੇ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕਕਾਰਾਂ ਦੀ ਅਤੁੱਟ ਧਾਰਨਾ ਰੱਖਣੀ ਪਈ ਅਰਥਾਤ ਖਾਲਸਾ ਰਹਿਤ ਬਹਿਤ ਵਿਚ ਪੱਕੇ ਰਹੇ, ਫਿਰ ਚਾਦਰ ਪੋਸ਼ੀਏ ਜਾਂ ਹੁਜਤੀ ਲੋਕ ਕਿਧਰ ਦੇ ਬ੍ਰਹਮ—ਗਿਆਨੀ ਜੰਮ ਪਏ ?

ਦੂਜੀ ਬਾਤ ਇਹ ਹੈ ਕਿ ਉਕਤ ਤੁਕ ਦੇ ਅਰਥ ਭੀ ਇਹ ਨਹੀਂ ਹਨ ਕਿ ਬ੍ਰਹਮ-ਗਿਆਨੀ ਨੂੰ ਕਰਮਾਂ ਦੀ ਲੋੜ ਨਹੀਂ ਰਹਿੰਦੀ। ਕਿਉਂਕਿ ਜਿਤਨਾ ਚਿਰ ਸਰੀਰ ਹੈ, ਸਰੀਰਕ ਕਰਮ ਛੁੱਟ ਨਹੀਂ ਸਕਦੇ। ਸਰੀਰਧਾਰੀ ਨੂੰ ਹੱਥਾਂ ਨਾਲ ਕੰਮ ਕਰਨਾ ਪਵੇਗਾ, ਭਾਵ ਖਾਣਾ, ਪੀਣਾ, ਚੱਲਣਾ, ਹੱਸਣਾ, ਬੋਲਣਾ, ਇਸ਼ਨਾਨ ਕਰਨਾ ਆਦਿ ਸਭ ਸਰੀਰਕ [1]ਕਰਮ ਹਨ, ਜੋ ਜਿਊਂਦੇ ਜੀਵ ਕਦੀ ਨਹੀਂ ਛੱਡ ਸਕਦੇ। ਖਾਣ, ਪੀਣ, ਵਾਲੇ ਲਈ ਜੰਗਲ ਪਿਸ਼ਾਬ ਆਦਿ ਦੀ ਭੀ ਅਵੱਸ਼ਜ ਲੋੜ ਰਹੇਗੀ। ਇਸ ਤੋਂ ਪਰ੍ਹੇ ਗ੍ਰਿਹਸਤ ਮਾਰਗ ਹੀ ਲੋੜਾਂ ਦਾ ਖਜ਼ਾਨਾ ਹੈ। ਉਲਾਦ ਭੀ ਬਿਨਾਂ ਇੱਛਾ ਨਹੀਂ ਹੁੰਦੀ, ਬਲਕਿ ਪਰਵਿਰਤੀ ਮਾਰਗ ਜਾਂ ਸਾਰਾ ਸੰਸਾਰ ਹੀ ਇੱਛਾ ਹੈ। ਤਾਂਤੇ ਗੁਰੂ ਮਿਸ਼ਨ ਇਹ ਨਹੀਂ ਹੈ ਕਿ ਗਿਆਨ ਪ੍ਰਾਪਤੀ ਪਰ ਸੁੰਨ-ਮੁੰਨ ਹੋ ਬੈਠੋ, ਨਾ ਹੀਂ ਕੋਈ ਐਸਾ ਹੋ ਸਕਦਾ ਹੈ, ਬਲਕਿ ਗੁਰੂ ਮਿਸ਼ਨ ਇਹ ਹੈ, 'ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥' (ਪੰਨਾ ੨੮੬) ਪੁਨਾ:- 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥ (ਪੰਨਾ ੭੩੦) "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥" (ਪੰਨਾ ੫੨੦) ਸੋ ਪਿਛਲੇ ਸ਼ਬਦਾਂ ਵਿੱਚ ਜੋ ਕਰਮਾਂ ਦਾ ਨਾਸ਼ ਹੋਣਾ ਦੱਸਿਆ ਹੈ, ਉਸ ਦਾ ਭਾਵ ਨੇਤੀ-ਧੋਤੀ ਵਰਤ ਆਦਿ ਅਤੇ ਨਰਕਾਂ ਸੁਰਗਾਂ ਦਾ ਕਰਮ ਬੰਧਨੀ ਲੇਖਾ-ਪੱਤਾ ਹੈ, ਅਥਵਾ ਵਹਿਮ ਬੰਧਨਾ ਤੋਂ ਛੁਟਕਾਰਾ ਹੋਣਾ ਹੈ।

---

੧. ਗੁਰੂ ਸਾਹਿਬ ਨੇ ਫੁਰਮਾਇਆ ਹੈ, "ਕਰਮ ਕਰਤ ਹੋਵੈ ਨਿਹਕਰਮ" ਭਾਵ ਸੰਸਾਰਕ ਕੰਮ ਧੰਧੇ ਕਰਦਿਆਂ ਹੋਇਆਂ ਨਿਸ਼ਕਰਮੀ ਤੇ ਨਿਰਲੇਪ ਰਹਿਣਾ ਉੱਚ ਪਦਵੀ ਹੈ। ਅੱਜ ਤੱਕ ਕੋਈ ਅਜੇਹਾ ਬ੍ਰਹਮ ਗਿਆਨੀ ਨਹੀਂ ਹੋਇਆ ਜੋ ਪਰਇਸਤ੍ਰੀ-ਗਾਮਤਾ ਆਦਿ ਕੁਕਰਮ ਕਰਦਾ ਹੋਇਆ ਮਹਾਤਮਾ ਰਹਿ ਸਕਿਆ ਹੋਵੇ, ਬਲਕਿ ਬ੍ਰਹਮ ਗਿਆਨੀ ਸੰਸਾਰ ਦੀ ਪਵਿੱਤ੍ਰ ਮਰਯਾਦਾ ਨੂੰ ਕਾਇਮ ਰੱਖਣ ਲਈ ਸਦਾ ਯਤਨ ਕਰਦਾ ਹੈ। ਹੁੱਜਤੀ ਕਹਿੰਦੇ ਹਨ, ਬ੍ਰਹਮ-ਗਿਆਨੀ ਬਦਮਾਸ਼ੀਆਂ ਕਰਕੇ ਨਿਰਲੇਪ ਹੈ, ਸੱਚ ਪੁਛੋ ਐਸੇ ਬ੍ਰਹਮ-ਗਿਆਨੀ ਨਾਲੋਂ ਤਾਂ ਪਸ਼ੂ ਚੰਗੇ ਹਨ।

Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬਾਨ ਦਾ ਖਾਲਸਾ ਮਿਸ਼ਨ ਰਾਜ-ਯੋਗ ਹੈ। ਸੋ ਉਕਤ ਸ਼ਬਦ ਵਿਖੇ ਕਰਮ ਦੇ ਅਰਥ ਉਹ ਭਰਮ ਬੰਧਨ ਕਰਮ ਹਨ, ਜੋ ਕਰਮ-ਕਾਂਡੀ ਗ੍ਰੰਥਾਂ ਵਿਚ ਦੱਸੇ ਹਨ, ਜੈਸਾ ਕਿ ਬ੍ਰਹਿਮਣ ਦਾ ਕਰਮ ਦਾਨ ਦੇਣਾ ਤੇ ਲੈਣਾ ਅਰ ਯੱਗ ਕਰਨੇ ਤੇ ਕਰੌਣੇ, ਵੇਦ ਪੜ੍ਹਨਾ ਤੇ ਪੜ੍ਹੌਣਾ ਇਹ ਛੀ ਕਰਮਾਂ ਵਾਲਾ ਬ੍ਰਹਿਮਣ ਮੰਨਿਆ ਹੈ। ਇਕਰ ਹੀ ਮੰਨੂੰ-ਸਿੰਮ੍ਰਤੀ ਆਦਿ ਗ੍ਰੰਥਾਂ ਵਿਚ ਛੱਤ੍ਰੀ, ਵੈਸ਼, ਸ਼ੂਦਰ ਆਦਿ ਦੇ ਕਰਮ ਦੱਸੇ ਹਨ, ਪ੍ਰੰਤੂ ਸਿੱਖਾਂ ਵਿਚ ਇਹ ਬੰਧਾਨ ਨਹੀਂ ਹੈ, ਯਥਾ:-"ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥" (ਪੰਨਾ ੩੧੨) ਭਾਵ ਐਸੇ ਬੰਧਨ ਭੀ ਨਹੀਂ ਹਨ ਕਿ ਮੱਕੇ ਸ਼ਰੀਫ ਵੱਲ ਮੁਖ ਕੀਤੇ ਬਿਨਾਂ ਨਿਮਾਜ਼ ਹੀ ਨਹੀਂ ਗੁਜ਼ਰਦੀ। ਨਿਮਾਜ਼ ਵਿਚ ਇਤਨੀ ਵਾਰੀ ਬੈਠੋ, ਉਠੋ ਅਰ ਵੁਜੂ ਇਸ ਤਰ੍ਹਾਂ ਕਰੋ। ਸੰਧਿਆ ਆਚਮਨ ਇਉਂ ਸ਼ੁੱਧ ਹੈ, ਸੋ ਐਸੇ ਕਰਮਾਂ ਲਈ ਗੁਰੂ ਹੁਕਮ ਹੈ-"ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥" (ਰਾਮਕਲੀ ਮ: ੩, ਪੰਨਾ ੯੧੯)

ਪੰਜ ਕਕਾਰ ਕਿਸੀ ਵੀ ਕਰਮ ਬੰਧਨ ਵਿਚ ਨਹੀਂ ਆ ਸਕਦੇ। ਹਰ ਵੇਲੇ ਰੱਖਣ ਤੋਂ ਭਾਵ ਅਤੁੱਟ ਧਾਰਨਾ ਅਥਵਾ ਤਿਆਰ ਬਰ ਤਿਆਰੀ ਹੈ। ਭਾਵ ਕੋਈ ਐਸਾ ਸਮਾਂ ਨਹੀਂ, ਜਦੋਂ ਕਿ ਖਾਲਸਾ ਜੀ ਨੂੰ ਸ਼ਸਤ੍ਰ ਦੀ ਲੋੜ ਨਾ ਪਵੇ। ਏਸੇ ਤਰ੍ਹਾਂ ਕੋਈ ਐਸਾ ਸਮਾਂ ਨਹੀਂ, ਜਦੋਂ ਕਿ ਛੱਤ੍ਰੀ ਜਾਂ ਜੰਗੀ ਸਿਪਾਹੀ ਨੂੰ ਸ਼ਸਤਰਾਂ ਤੋਂ ਬਿਨਾਂ ਜੰਗ ਕਰਨ ਦਾ ਮੌਕਾ ਮਿਲੇ ਅਰਥਾਤ ਸੰਸਾਰ ਵਿੱਚ ਬੇ-ਹਥਿਆਰੀ ਫੌਜ ਰੱਖਣੀ ਅਥਵਾ ਸ਼ਸਤ੍ਰ-ਹੀਣਤਾ ਦਾ ਉਪਦੇਸ਼ ਕੇਵਲ ਨੀਤੀ-ਹੀਣੇ ਮੂਰਖ ਹੀ ਦੇ ਸਕਦੇ ਹਨ। ਇਹ ਮਸਲਾ ਅਕਸਰ ਉਨ੍ਹਾਂ ਫੋਕੇ ਵੇਦਾਂਤੀਆਂ ਜਾਂ ਮੰਤਕੀਆਂ ਦਾ ਹੈ, ਜੋ 'ਗਿਆਨਵਾਨ ਪੁਰਖ ਕੋ ਕਰਮਾਂ ਕੀ ਲੋੜ ਨਹੀਂ' ਦੱਸਕੇ, ਕਕਾਰਾਂ ਤੋਂ ਨਫਰਤ ਦਿਵੌਣ ਦੀ ਕੋਸ਼ਸ਼ ਕਰਦੇ ਹਨ ਅਸਲੋਂ ਉਨ੍ਹਾਂ ਦਾ ਅੰਦਰੂਨੀ ਭਾਵ [੨]**"ਆਹ ਜੁਗ ਮਿੱਠਾ, ਅਗਲਾ ਕਿਨ ਡਿੱਠਾ'** ਮੰਨ ਕੇ ਨਾਸਤਕਪੁਣੇ ਵਿੱਚ ਗਰਕ ਹੋਣਾ। ਦੇਖੋ ਸ੍ਰੀ ਕ੍ਰਿਸ਼ਨ ਗੀਤਾ ਵਿੱਚ ਭਾਵੇਂ ਵੇਦਾਂਤ ਸਾਰ ਹੀ ਖਿੱਚਿਆ ਹੈ, ਪ੍ਰੰਤੂ ਉਸ ਵਿੱਚ ਭੀ ਸ੍ਰੀ ਕ੍ਰਿਸ਼ਨ ਜੀ, ਜੋ ਹਿੰਦੂ ਧਰਮ ਵਿੱਚ ਸੋਲਾਂ ਕਲਾਂ ਸੰਪੂਰਨ ਅਵਤਾਰ ਮੰਨੇ ਗਏ ਫੁਰਮੌਂਦੇ ਹਨ। "ਕਰਪਣੈ ਕਾਹਿ ਸਿੱਧ ਅਸਿਥਾਤਾ ਜਨਕਾ ਦਯਾ: ਲੋਕ ਸੰਗਰੈਹ ਮੇ ਵਾਪਿ ਸੰਮਸਿਯਨ

੨. ਸ਼ੋਕ ! ਵਿਭਚਾਰੀ ਆਦਮੀ ਗ੍ਰਹਿਸਤੀਆਂ ਨੂੰ ਭਰਮੌਣ ਲਈ ਇਸ ਤਰ੍ਹਾਂ ਦੇ ਮਸਲੇ ਘੜਦੇ ਹਨ। ਮਹਾਤਮਾ ਵਿਕਾਰਾਂ ਤੋਂ ਨਿਰਲੇਪ ਹਨ, ਭੋਗ ਕਰਮ ਇੰਦ੍ਰੀਆਂ ਦੇ ਹਨ। ਬ੍ਰਹਮ ਗਿਆਨੀ ਭੋਗ ਕਰਕੇ ਨਿਰਲੇਪ ਹੈ। ਇਸ ਲਈ ਸਾਧਾਂ ਸੰਤਾਂ ਨੂੰ ਭੋਗਾਂ ਦਾ ਡਰ ਨਹੀਂ ਹੈ। 'ਹਮ ਲੋਗ ਕਰਮ ਬੰਧਨਾਂ ਸੇ ਪਰੇ ਹੈਂ।' ਇਸ ਤਰ੍ਹਾਂ ਦੇ ਮਸਲੇ ਸੁਣਾ ਕੇ ਪਏ ਬਦਮਾਸ਼ੀਆਂ ਕਰਦੇ ਫਿਰਦੇ ਹਨ।

ਕਤੁਰਮਸਿ ।" (ਗੀਤਾ, ਅਧਯਾਯ ੩, ਸਲੋਕ ੨੦) ਭਾਵ ਹੇ ਅਰਜਨ, ਤੈਨੂੰ ਸ਼ੁਭ ਕਰਮਾਂ ਵਿੱਚ ਹੀ ਪਰਵਿਰਤ ਹੋਣਾ ਚਾਹੀਦਾ ਹੈ, ਕਿਉਂਕਿ ਸੰਸਾਰ ਦੀ ਮਰਯਾਦਾ ਨੂੰ ਠੀਕ ਰੱਖਣ ਲਈ ਜਨਕ ਆਦਿ ਵੱਡੇ ਗਿਆਨੀਆਂ ਨੇ ਭੀ ਸ਼ੁਭ ਕਰਮਾਂ ਦਾ ਤਿਆਗ ਨਹੀਂ ਕੀਤਾ। ਭਾਵੇਂ ਗੀਤਾ ਉਸ ਕਰਮ ਕਾਂਡ ਲਈ ਕਰਨ ਦੀ ਆਗਿਆ ਦਿੱਤੀ ਹੈ, ਜੋ ਭਰਮ ਜਾਂ ਲੋਕ ਰੀਤਾਂ ਹਨ, ਪ੍ਰੰਤੂ ਗੁਰਬਾਣੀ ਵਿਖੇ ਇਹ ਹੁਕਮ ਨਹੀਂ ਹੈ ਕਿ ਬ੍ਰਹਮ-ਗਿਆਨੀ ਲੋਕ-ਰੀਤ ਜਾਂ ਲੋਕ-ਲੱਜਾ ਤੇ ਕਨੌਡਾਂ ਵਿੱਚ ਫਸਿਆਂ ਗੋੜੇ ਖਾਵੇ, ਬਲਕਿ ਗੁਰੂ ਹੁਕਮ ਇਹ ਹੈ—'ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥' (ਪੰਨਾ ੫੯੦) ਪੁਨਾ:-'ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥' (ਪੰਨਾ ੩੯੭) ਤਾਂਤੇ ਏਥੇ ਉਹ ਢਕੌਂਸਲਾ ਚੱਲ ਨਹੀਂ ਸਕਦਾ ਕਿ ਆਪ ਨੂੰ ਨਿਰਲੇਪ ਜਾਂ ਕਰਮ ਬੰਧਨ ਰਹਿਤ ਦੱਸ ਕੇ ਵਿਕਾਰਾਂ ਵਿੱਚ ਪਰਵਿਰਤ ਹੋਵੇ।

ਗੁਰੂ ਮਿਸ਼ਨ ਵਿਖੇ ਨਾਮ ਸਿਮਰਨ ਤੇ ਪੰਜ ਕਕਾਰ ਪਹਿਰਨੇ, ਇਹ ਰਾਜ-ਜੋਗ ਪਦਵੀ ਮੰਨੀ ਹੈ। ਕਕਾਰਾਂ ਦਾ ਤਿਆਗੀ ਪਰਵਿਰਤੀ ਮਾਰਗ ਤੋਂ ਖਾਰਜ ਹੈ। ਸੋ ਪਰਵਿਰਤੀ ਬਿਨਾਂ ਨਿਵਿਰਤੀ ਨਹੀਂ ਹੈ ਔਰ ਨਾ ਹੀ ਉਹ ਗ਼੍ਰੀਬ ਰੱਛਾ ਤੇ ਪਰਉਪਕਾਰ ਅਥਵਾ 'ਸੰਤ ਉਬਾਰਨ ਦੁਸ਼ਟ ਸੰਘਾਰਨ' ਮਾਰਗ ਪਰ ਚੱਲ ਸਕਦਾ ਹੈ। ਨਾਮ ਅਭਿਆਸ ਦਾ ਤਿਆਗੀ ਧਰਮ ਵਲੋਂ ਮੁਰਦਾ ਰੂਹ ਅਤੇ ਮਿਰਤਕ ਸਰੀਰ ਹੈ, ਗੁਰੂ ਮਿਸ਼ਨ ਪ੍ਰਵਿਰਤੀ ਮਾਰਗ ਨੂੰ ਇਕੋ ਸਟੇਜ ਉਤੇ ਦ੍ਰਿੜ੍ਹੌਂਦਾ ਹੈ। ਪੰਜ ਕਕਾਰਾਂ ਨੂੰ ਕਰਮ ਬੰਧਨ ਮੰਨਣੇ ਜਾਂ ਕਹਿਣੇ ਵਾਲੇ ਅਗਿਆਨੀ ਹੀ ਹੋ ਸਕਦੇ ਹਨ। ਕੀ ਕਦੀ ਹੋ ਸਕਦਾ ਹੈ ਕਿ ਬ੍ਰਹਮ-ਗਿਆਨੀ ਨੂੰ ਇਹ ਲੋੜ ਪਏ ਕਿ ਮੈਂ ਅਲਫ਼ ਨੰਗਾ ਫਿਰਾਂ ? ਜੇ ਕੋਈ ਐਸਾ ਕਰੇ ਤਾਂ ਓਹ ਬ੍ਰਹਮ ਗਿਆਨੀ ਨਹੀਂ ਬਲਕਿ ਪਾਗਲਾਂ ਵਿਚ ਸ਼ਾਮਲ ਹੈ, ਤਾਂਤੇ ਕਛਹਿਰੇ ਦੀ ਅਵੱਸ਼ਯ ਲੋੜ ਹੈ। ਇਸ ਤਰ੍ਹਾਂ ਜੋ ਕੋਈ ਆਪ ਨੂੰ ਬ੍ਰਹਮ-ਗਿਆਨੀ ਜਤੌਣ ਹਿਤ ਵਿਸ਼ਟਾ, ਮੂਤ੍ਰ ਆਦਿ ਖਾਵੇ ਤਾਂ ਉਸਦੀ ਬਿਰਤੀ ਅਥਵਾ ਵਰਤੋਂ ਕੁੱਤਿਆਂ, ਸੂਰਾਂ ਆਦਿ ਨਾਲੋਂ ਵਧ ਨਹੀਂ ਹੋ ਸਕਦੀ। ਏਸੇ ਤਰ੍ਹਾਂ ਧੀ, ਭੈਣ, ਇਸਤ੍ਰੀ ਦੀ ਪਹਿਚਾਣ ਕਰਨ ਵਾਲੇ ਸੰਸਾਰ ਮਰਯਾਦਾ ਦੇ ਬ੍ਰਹਮ-ਗਿਆਨੀ ਹਨ। ਇਸ ਤੋਂ ਉਲਟ ਲੁੱਚੇ, ਲੰਡੇ, ਬਦਮਾਸ਼ ਹੀ ਹੋ ਸਕਦੇ ਹਨ, ਬਲਕਿ ਉਹ ਮੰਦਤਾ ਦੇ ਪ੍ਰਚਾਰਕ ਹਨ। ਗੁਰੂ ਮਿਸ਼ਨ 'ਗੁਰਮੁਖਿ ਨਾਮੁ ਦਾਨੁ ਇਸਨਾਨੁ ॥' (ਪੰਨਾ ੯੪੮) ਹੈ।

*"ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥*
*ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥*
*ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥*
*ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥"* *(ਪੰਨਾ ੨੭੩)*

Sri Satguru Jagjit Singh Ji eLibrary NamdhariElibrary@gmail.com

ਸੋ ਬ੍ਰਹਮ ਗਿਆਨੀ ਭਰਮ ਬੰਧਨਾ ਤੋਂ ਰਹਿਤ ਹੁੰਦਾ ਹੈ, ਨਾਕਿ ਸਰੀਰ ਕਿਰਿਆ ਤੋਂ ? ਜੋ ਕਿ ਬਿਨਾਂ ਇੱਛਾ ਤੋਂ ਨਹੀਂ ਹੋ ਸਕਦੀ। ਏਸੇ ਤਰ੍ਹਾਂ ਬ੍ਰਹਮ-ਗਿਆਨੀ ਦੀ ਮਰਯਾਦਾ ਨਿਰਮਲ ਭਾਵ ਸੂੱਛ ਹੈ, ਨਾਕਿ ਗੰਦੀ-ਮੰਦੀ ? ਬ੍ਰਹਮ-ਗਿਆਨੀ ਦਾ ਭੋਜਨ ਗਿਆਨ ਹੈ, ਨਾਕਿ ਅਗਿਆਨ ? ਸੋ ਬਿਸ਼ਟਾ ਮੂਤਰ ਖਾਣ ਵਾਲੇ ਪਸੂ ਵਿਰਤੀਏ ਹੋ ਸਕਦੇ ਹਨ। ਬ੍ਰਹਮ-ਗਿਆਨੀ ਦਾ ਧਿਆਨ ਕਰਤਾਰ ਵੱਲ ਹੈ, ਨਾ ਕਿ ਪਰਾਈਆਂ ਇਸਤ੍ਰੀਆਂ ਵੱਲ ? ਇਸ ਤੋਂ ਸਿੱਧ ਹੈ ਕਿ ਖਾਲਸਾ ਧਰਮ ਦੇ ਪੰਜੇ ਕਕਾਰ ਕੁਰਹਿਤਾਂ ਕਰਮ ਬੰਧਨ ਨਹੀਂ, ਬਲਕਿ ਕਰਮ ਬੰਧਨਾਂ ਨੂੰ ਤੋੜਨ ਵਾਲੇ ਹਨ, ਅਥਵਾ ਪ੍ਰਵਿਰਤੀ ਮਾਰਗ ਨੂੰ ਠੀਕ ਤੌਰ ਪਰ ਰੱਖਣ ਲਈ ਔਰ ਰੱਬ ਰਜ਼ਾਈ ਚੱਲਣ ਦੇ ਉੱਚ ਆਦਰਸ਼ ਕਕਾਰਾਂ ਰਾਹੀਂ ਮਿਲਦੇ ਹਨ। ਸੋ ਜਦ ਕਰਤਾਰ ਨੂੰ "ਨਮੋ ਸ਼ਸਤ੍ਰ ਪਾਣੇ" ਭਾਵ ਨਿਮਸ਼ਕਾਰ ਉਸ ਨੂੰ ਜਿਸ ਦੇ ਹੱਥ ਵਿੱਚ ਸ਼ਸਤ੍ਰ ਹੈ, ਫਿਰ ਤਾਂ ਕਰਤਾਰ ਭੀ ਕਰਮ ਕਾਂਡੀ ਹੋਇਆ, ਬਲਕਿ "ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ" "ਸ੍ਰੀ ਅਸਿਪਾਨ" ਦੇ ਅਰਥ ਹੀ ਹੱਥ ਵਿੱਚ ਕ੍ਰਿਪਾਨ (ਸ੍ਰੀ ਸਾਹਿਬ) ਰੱਖਣੇ ਵਾਲੇ ਹਨ। ਇਸ ਤੋਂ ਸਿੱਧ ਹੈ ਕਿ ਰੱਬ ਭੀ ਕ੍ਰਿਪਾਨ-ਧਾਰੀ ਹੋਣ ਵਿੱਚ ਸੋਭਾ ਪੌਂਦਾ ਹੈ, ਪਰ ਉਸਦਾ ਸੇਵਕ (ਖਾਲਸਾ) ਬੰਦਾ ਕਿਉਂ ਨਾ ਹੋਵੇ ? ਤਾਂਤੇ ਕਕਾਰਾਂ ਤੇ ਕੁਰਹਿਤਾਂ ਨੂੰ ਕਰਮ ਬੰਧਨ ਦੱਸਣਾ ਨਿਰੋਲ ਹੁੱਜਤ ਹੈ।

ਸਮਾਂ ਦਿਨ-ਬਦਿਨ ਦੱਸ ਰਿਹਾ ਹੈ ਕਿ ਸਿਆਸੀ (ਰਾਜਨੀਤਕ) ਤੋਂ ਬਿਨਾਂ ਧਰਮ ਦੀ ਰਾਖੀ ਭੀ ਨਹੀਂ ਹੋ ਸਕਦੀ। ਪਿਛਲਾ ਇਤਿਹਾਸ ਦਸਦਾ ਹੈ ਕਿ ਬੋਧ ਤੇ ਜੈਨ ਧਰਮ ਜਿਨ੍ਹਾਂ ਦੀ ਗਿਣਤੀ ਕ੍ਰੋੜਾਂ ਸੀ, ਸ੍ਵੈ-ਰਖਿਆ ਦੇ ਅਸੂਲਾਂ ਥੀਂ ਬਿਨਾਂ ਹਿੰਦ ਵਿਚੋਂ ਖਤਮ ਹੋ ਗਏ। ਤਾਂਤੇ ਖਾਲਸੇ ਦੇ ਪੰਜੇ ਕਕਾਰ, ਕਰਮ ਕਾਂਡ ਦੇ ਲਖਾਇਕ ਨਹੀਂ, ਸਗੋਂ ਸ੍ਵੈ-ਇਛਾ (ਆਤਮਕ ਤੇ ਸਰੀਰਕ ਰੱਛਾ) ਅਤੇ ਧਰਮ ਅਜ਼ਾਦੀ ਅਰ ਮਜ਼ਲੂਮਾਂ ਦੀ ਮਦਦ ਦੇ ਲਖਾਇਕ ਹਨ। ਸਿਖ ਧਰਮ ਹੀ ਸੰਸਾਰ ਵਿਚ ਅਮਨ (ਸ਼ਾਂਤੀ) ਰੱਖ ਸਕਦਾ ਹੈ।

## ਕਕਾਰ ਚਿੰਨ੍ਹ ਜਾਂ ਨਿਸ਼ਾਨ ਨਹੀਂ

ਦੁਨੀਆਂ ਵਿੱਚ ਕੋਈ ਬੰਦਾ ਨਹੀਂ ਮਿਲੇਗਾ, ਜਿਸ ਨੂੰ ਕਿਸੀ ਸ਼ਸਤ੍ਰ ਜਾਂ ਅਸਤ੍ਰ ਦੀ ਲੋੜ ਨਾ ਪਵੇ, ਬਲਕਿ ਬੰਦੇ ਨੂੰ ਮੱਖੀ ਹਟੌਣ ਲਈ ਭੀ ਹੱਥ ਦੀ ਲੋੜ ਪੈਂਦੀ ਹੈ। ਹਵਾ ਲਈ ਪੱਖਾ ਝੱਲਣਾ ਪੈਂਦਾ ਹੈ। ਮੱਛਰ ਤੋਂ ਬਚਣ ਲਈ ਕਪੜੇ ਤੇ ਮੱਛਰਦਾਨੀਆਂ ਲਾਈਦੀਆਂ ਹਨ। ਜ਼ਹਿਰੀਲੇ ਅਰ ਮਾਰਖੁੰਡੇ ਜਾਨਵਰਾਂ ਤੋਂ ਬਚਣ ਲਈ ਸੋਟੇ ਆਦਿ ਦੀ ਲੋੜ ਹੈ, ਸੋ ਪੂਰਨ ਬਚਾਉ ਲਈ ਯੋਗ ਅਰ ਕਾਰਆਮਦ ਅਸਤ੍ਰ ਸ਼ਸਤ੍ਰ ਬਣੇ ਹੈਨ। ਭੱਜਣ ਲਈ ਲੱਤਾਂ ਸ਼ਸਤ੍ਰ ਹੈਨ, ਵੱਧ ਸਫਰ ਲਈ ਸਵਾਰੀ

Sri Satguru Jagjit Singh Ji eLibrary NamdhariElibrary@gmail.com

ਹੈ। ਦੇਖਣ ਲਈ ਅੱਖਾਂ ਤੇ ਸੁਣਨ ਲਈ ਕੰਨ ਅਰ ਵੱਧ ਦੂਰ ਦੇਖਣ ਲਈ ਦੂਰਬੀਨਾਂ ਤੇ ਫੋਨ ਆਦਿ ਬਣੇ ਨੇ। ਇਸ ਤੋਂ ਵਧ ਲਈ ਹੋਰ ਹੋਰ ਵਸਤਾਂ ਹੈਨ। ਤਾਂਤੇ ਜਿਤਨੀਆਂ ਭੀ ਕਾਰਆਮਦ ਚੀਜ਼ਾਂ ਹੈਨ, ਉਹ ਚਿੰਨ੍ਹ ਨਹੀਂ ਹੁੰਦੇ, ਜਿਵੇਂ ਹਿੰਦੂਆਂ ਵਿਚ ਜੰਞੂ, ਬੋਦੀ, ਟਿੱਕੇ, ਛਾਪੇ (ਦੁਆਰਕਾ ਦੇ ਠੱਪੇ) ਭਗਵਾਂ ਰੰਗ, ਜਟਾਂ, ਮੁੰਦ੍ਰਾਂ, ਗੋਦੜੀ ਆਦਿਕ ਚਿੰਨ੍ਹ ਹੈਨ ਅਤੇ ਮੁਸਲਮਾਨਾਂ ਵਿਚ ਸੁੰਨਤ ਸ਼ਰੱਈ ਹਜ਼ਾਮਤਾਂ, ਤਸਬੀਆਂ ਆਦਿ ਮਜ਼੍ਹਬੀ ਨਿਸ਼ਾਨ ਜਾਂ ਚਿੰਨ੍ਹ ਹੈਨ, ਪਰ ਇੱਕਰ ਸਿੱਖਾਂ ਪਾਸ ਚਿੰਨ੍ਹ ਜਾਂ ਨਿਸ਼ਾਨ ਕੋਈ ਨਹੀਂ ਹਨ, ਬਲਕਿ ਸਿੱਖ ਧਰਮ ਵਿਚ ਚਿੰਨ੍ਹਾਂ ਦਾ ਅਰਥ ਪਾਖੰਡ ਜਾਂ ਬਣੌਟ ਹੈ।

ਕਈ ਅਗਿਆਤ ਕ੍ਰਿਪਾਨ ਨੂੰ ਚਿੰਨ੍ਹ ਕਹਿੰਦੇ ਨੇ। ਜੇ ਕ੍ਰਿਪਾਨ ਸਿੱਖਾਂ ਦਾ ਚਿੰਨ੍ਹ ਹੋਵੇ ਤਾਂ ਸੰਸਾਰ ਭਰ ਦੇ ਜੰਗੀ (ਫੌਜੀ) ਲੋਕ ਅਥਵਾ ਰਾਜ-ਮੰਡਲ ਦੇ ਪੁਰਸ਼ ਜਾਂ ਸੂਰਮੇ ਕ੍ਰਿਪਾਨਾਂ ਕਿਉਂ ਰਖਣ ? ਹਾਂ ਜੇ ਉਹ ਸਦਾ ਨਹੀਂ ਰਖਦੇ ਇਹ ਤਿਨ੍ਹਾਂ ਦੀ ਢਿੱਲਤਾ ਜਾਂ ਕਮਜ਼ੋਰੀ ਹੈ, ਪਰ ਸਿੱਖ ਹਰ ਵੇਲੇ ਸ਼ਸਤ੍ਰਧਾਰੀ ਛੱਤਰੀ ਰਹਿੰਦੇ ਨੇ। ਇਹ ਇਕ ਵਾਧਾ ਹੈ, ਇਸੇ ਦਾ ਨਾਮ ਤਿਆਰ-ਬਰ-ਤਿਆਰ ਹੈ। ਤਾਂਤੇ ਸਿੱਖ ਸਦਾ ਸ਼ਸਤ੍ਰਧਾਰੀ ਹੋਣ ਕਰਕੇ ਤਿਆਰ-ਬਰ-ਤਿਆਰ ਹਨ ਅਤੇ ਸ਼ਸਤ੍ਰ-ਤਿਆਗੀ ਢਿੱਲੜ ਹਨ। ਇਸ ਲਈ ਇਹ ਤਾਂ ਕੋਈ ਭੀ ਨਹੀਂ ਮੰਨ ਸਕਦਾ, ਕਿ ਕ੍ਰਿਪਾਨ ਸਿੱਖਾਂ ਦਾ ਚਿੰਨ੍ਹ ਹੈ। ਸੋ! ਜੇ ਐਸੇ ਹੋਵੇ ਤਾਂ ਬਾਕੀ ਕੋਈ ਭੀ ਨਾ ਰਖੇ, ਸੰਸਾਰ ਵਿਖੇ ਅਸਤ੍ਰ ਸ਼ਸਤ੍ਰ ਬਿਨਾਂ ਯੋਧਾ ਨਹੀਂ ਹੈ, ਕੇਵਲ ਧਾਰਨਾ ਵਿੱਚ ਫਰਕ ਹੈ।

ਜੇ ਕੋਈ ਯੋਧਾ ਕ੍ਰਿਪਾਨ ਨੂੰ ਮੰਦੀ ਮੰਨੇ ਜਾਂ ਬੇ-ਲੋੜੀ ਦੱਸੇ ਅਥਵਾ ਭੇਖ ਜਾਂ ਨਿਰਾ ਪੁਰਾ ਕਕਾਰ ਕਹਿ ਕੇ ਕ੍ਰਿਪਾਨ ਨੂੰ ਤਿਆਗ ਦੇਵੇ, ਉਸ ਨੂੰ ਕਿਵੇਂ ਕ੍ਰਿਪਾਨ ਬਿਨਾਂ ਸਰਦਾ ਹੈ। ਕ੍ਰਿਪਾਨ-ਹੀਣ ਲੋਗ ਕ੍ਰਿਪਾਨ ਵਾਲਿਆਂ ਪਾਸ ਜਾਂਦੇ ਨੇ ਕਿ ਸਾਡੀ ਰੱਛਾ ਕਰੋ! ਛਤ੍ਰੀ ਦਾ ਧਰਮ ਸ਼ਸਤ੍ਰਧਾਰੀ ਹੋਣਾ ਸੰਸਾਰ ਭਰ ਦੇ ਬੰਦੇ ਮੰਨਦੇ ਨੇ। ਫਿਰ ਕ੍ਰਿਪਾਨ ਨਿੰਦਣ ਵਾਲੇ ਕੌਣ ਹੋਏ ? ਜਿਸ ਦਾ ਉੱਤਰ ਕਾਇਰ ਜਾਂ ਮੂਰਖ ਹੀ ਹੋ ਸਕਦਾ ਹੈ।

ਸ੍ਰੀ ਗੁਰੂ ਦਸਮੇਸ਼ ਜੀ ਨੇ ਕ੍ਰਿਪਾਨ ਨੂੰ ਸੰਸਾਰ ਵਿਚ ਰਿਧੀਆਂ ਸਿਧੀਆਂ ਦੀ ਦਾਤੀ ਦਸਿਆ ਹੈ। ਖਾਲਸੇ ਲਈ ਇਹ ਸਭ ਤੋਂ ਉੱਚੀ ਬਖਸ਼ਿਸ਼ ਹੈ। ਗੁਰੂ ਦਸਮੇਸ਼ ਜੀ ਨੇ ਸਿੱਖਾਂ ਨੂੰ ਗੁਰਬਾਣੀ ਤੋਂ ਹੇਠਾਂ ਜੇ ਕੋਈ ਵੱਡੀ ਦਾਤ ਬਖਸ਼ੀ ਹੈ ਉਹ ਕੇਵਲ ਕ੍ਰਿਪਾਨ ਹੀ ਹੋ ਸਕਦੀ ਹੈ। ਵੈਸੇ ਭੀ [3]**ਮੀਰੀ ਤੇ ਪੀਰੀ** ਦੋ ਹੀ ਤਾਕਤਾਂ ਹੈਨ, ਯਥਾ:-"ਦੇਗ ਤੇਗ ਜਗ ਮਹਿ ਦੋਊ ਚਲੈ॥ ਰਾਖ ਆਪ ਮੋਹਿ ਅਵਰ ਨ ਦਲੈ॥"

੩. ਮੀਰੀ ਦੇ ਅਰਥ ਰਾਜ ਤੇ ਪੀਰੀ ਦੇ ਜੋ ਸੰਸਾਰ ਵਿਚ ਦੋ ਹੀ ਤਾਕਤਾਂ ਹਨ ਧਰਮ ਤੇ ਤਲਵਾਰ ਇਸੇ ਦਾ ਨਾਮ ਰਾਜ ਜੋਗ ਹੈ।

Sri Satguru Jagjit Singh Ji eLibrary NamdhariElibrary@gmail.com

ਇਹੋ ਗੁਰੂ ਮੋਹਰ ਹੈ। ਇਹੋ ਦਸਮੇਸ਼ ਗੁਰੂ ਜੀ ਦਾ ਆਦਰਸ਼ ਹੈ। ਅਸਲੋਂ ਕ੍ਰਿਪਾਨ ਧਾਰਨਾ ਛੋਟੀ ਖੁਦਾਈ ਹੈ, ਗੁਰੂ ਹੁਕਮ ਹੈ—**ਬਿਨਾ ਕੇਸ਼ ਕ੍ਰਿਪਾਨ ਨਰੰ ਭੇਡ ਜਾਨੋ** ਅਰਥਾਤ ਕੇਸ ਕ੍ਰਿਪਾਨ ਧਾਰਨਾ ਤੋਂ ਰਹਿਤ ਪੁਰਸ਼ਾਂ ਨੂੰ ਭੇਡਾਂ ਬੱਕਰੀਆਂ ਦੇ ਇੱਜੜਾਂ ਸਦਰਸ਼ ਸਮਝੋ, ਕਿਉਂਕਿ "ਪਕੜ ਤਾਹਿੰ ਕਾਨਹੁ ਕਿਤੈ ਲੈ ਸਿਧਾਨੌ ॥" (ਪਾ: ੧੦)

ਕਛ ਕ੍ਰਿਪਾਨ ਨ ਕਬਹੂੰ ਤਿਆਗੈ ॥ ਸਨਮੁਖ ਲਰੈ ਨ ਰਣ ਤੇ ਭਾਗੈ ॥ ਸ਼ਸਤ੍ਰਹੀਨ ਜੋ ਕਬਹੂੰ ਨ ਹੋਈ ॥ ਰਹਿਤਵੰਤ ਖਾਲਸਾ ਹੈ ਸੋਈ ॥ (ਖਾ: ਰਹਿਤ ਨਾਮਾ)

ਦੇਗ ਤੇਗ ਫਤਹ ਦਾ ਨਾਹਰਾ ਸਿੱਖ ਪੰਥ ਵਿਚ ਮਸ਼ਹੂਰ ਹੈ।

# ਕਕਾਰ ਤੇ ਗੁਰੂ ਮਿਸ਼ਨ

ਨਾਮ ਸਿਮਰਨ ਤੇ ਕ੍ਰਿਪਾਨਧਾਰੀ ਹੋਣਾ ਇਹੋ **ਰਾਜ ਯੋਗੀ** ਪੁਣਾ ਹੈ, ਅਰਥਾਤ ਧਰਮ ਦੀਆਂ ਜੜ੍ਹਾਂ ਨਾਮ ਸਿਮਰਨ ਵਿਖੇ ਹੈਨ। ਰੱਛਾ ਲਈ ਕ੍ਰਿਪਾਨ ਹੈ। ਇਸੇ ਤਰ੍ਹਾਂ ਧਰਮ ਅਤੇ ਪਰਉਪਕਾਰ ਹਿਤ ਇਹੋ ਧਾਰਨਾ ਹੈ, ਜਿਹਾ ਕਿ ਗੁਰੂ ਸਿਧਾਂਤ ਹੈ—"ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਾਨਮੰ ॥ +++ ਦੁਸਟ ਸਭਨ ਕੋ ਮੂਲ ਉਪਾਰਨ ॥" (ਬਚਿਤ੍ਰ ਨਾਟਕ) "ਸ਼ਾਂਤ ਤੇ ਬੀਰ ਰਸ" ਦਾ ਭੀ ਇਹੋ ਮਾਰਗ ਹੈ। ਗੁਰਬਾਣੀ ਜੋ ਸ਼ਾਂਤ ਤੇ ਬੀਰ ਰਸ ਵਿਚ ਹੈ ਉਸਦਾ ਭੀ ਇਹੋ ਫੁਰਮਾਨ ਹੈ—**'ਆਵਧ ਹੀਣੰ ਜਥਾ ਸੂਰਾ'** (ਮ: ੫) ਅਰਥਾਤ ਸ਼ਸਤ੍ਰਹੀਣਾ ਸੂਰਮਾਂ ਨਿਕੰਮਾ ਹੈ, ਕਿਉਂਕਿ "ਜਨਮ ਮਰਣ ਦੁਹਹੂੰ ਮਹਿ ਨਾਹੀ ਜਨ ਪਰਉਪਕਾਰੀ ਆਏ ॥" (ਪੰਨਾ ੭੪੯) ਸੋ ਸੰਸਾਰ ਵਿਚ ਗ੍ਰੀਬ ਰਛਾ ਲਈ ਮੁਖ ਪਰਉਪਕਾਰ ਹੈ, ਤਾਂਤੇ "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥" (ਪੰਨਾ ੧੧੦੫) ਅਰਥਾਤ ਸੂਰਮੇ ਦਾ ਧਰਮ ਗਰੀਬ ਦੀ ਰੱਛਾ ਅਰਥਾਤ ਪਰਉਪਕਾਰ ਹੈ, ਯਾਂਤੇ ਸ਼ਸਤ੍ਰਧਾਰੀ ਹੋਣਾ ਛੱਤਰੀ ਕਰਮ ਹੈ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ—"ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥" ਇਸ ਪੌੜੀ ਵਿਚ ਦਸਿਆ ਹੈ **ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥** (ਵਾਰਾਂ ਭਾਈ ਗੁਰਦਾਸ ਜੀ) ਆਪ ਨੇ **ਮੀਰੀ ਪੀਰੀ** ਦੀਆਂ ਦੋ ਤਲਵਾਰਾਂ ਪਹਿਣ ਕੇ ਸ਼ਾਂਤ ਰਸ ਵਿਚ ਬੀਰ-ਰਸ ਨੂੰ ਪ੍ਰਗਟ ਕਰਕੇ ਦਰਸਾਇਆ। ਗੁਰੂ ਹਰਿਗੋਬਿੰਦ ਸਾਹਿਬ ਅਰ ਗੁਰੂ ਗੋਬਿੰਦ ਸਿੰਘ ਜੀ ਇਕੋ ਅਰਥ ਦੇ ਨਾਮ ਹੈਨ। ਪਰਵਿਰਤੀ ਅਰ ਨਿਰਵਿਰਤੀ ਨੂੰ ਗੁਰਬਾਣੀ ਇਵੇਂ ਫੁਰਮਾਉਂਦੀ ਹੈ, ਜਿਵੇਂ ਗੁਰੂ ਨਾਨਕ ਜੀ ਗੁਰੂ ਗੋਬਿੰਦ ਸਿੰਘ ਜੀ ਹੋ ਕੇ ਪ੍ਰਗਟੇ, ਸ੍ਰੀ ਗੁਰੂ ਦਸਮੇਸ਼ ਜੀ ਨੇ ਸਿੱਖਾਂ ਨੂੰ ਖੰਡ ਸ਼ਸਤ੍ਰ ਦੀ ਪਾਹੁਲ (ਪਾਣ) ਦਿਤੀ ਹੈ, ਯਥਾ:-

'ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।' ਇਹ ਭੀ ਕ੍ਰਿਪਾਨ ਦੀ ਹੀ ਧਾਰਨਾ ਹੈ ਅਰ ਹੁਕਮ ਦਿੱਤਾ ਹੈ "ਭੇਟ ਕੀਏ (ਕ੍ਰਿਪਾਨ ਭੇਟ) ਬਿਨ ਕਿਛ ਮੁਖ

Sri Satguru Jagjit Singh Ji eLibrary NamdhariElibrary@gmail.com

ਪਾਵੈ ॥ ਸੋ ਤਨਖਾਹੀਆ ਮੂਲ ਕਹਾਵੈ" ਇਸ ਦਾ ਭਾਵ ਇਹ ਹੈ ਕਿ [੪]ਕ੍ਰਿਪਾਨ-ਧਾਰਨਾ ਰਹਿਤ ਹੋ ਕੇ ਸਿੱਖ ਪ੍ਰਸ਼ਾਦਾ ਨਾ ਛਕੇ ਅਰਥਾਤ ਕ੍ਰਿਪਾਨ ਭੇਟ ਹਮੇਸ਼ਾਂ ਕਰੇ, ਤਾਂਕਿ ਖਾਣੇ ਨਾਲ ਭੀ ਕ੍ਰਿਪਾਨ ਦਾ ਸਬੰਧ ਰਹੇ। ਪੁਨਾ—**ਕੱਛ ਕ੍ਰਿਪਾਨ ਨਾ ਕਬਹੂੰ ਤਜਾਗੋ** ਇਸ ਵਿਚ ਕਬਹੂੰ, ਸ਼ਬਦ ਕਿਸੇ ਸਮੇਂ ਭੀ ਕ੍ਰਿਪਾਨ ਕਛਹਿਰੇ ਦਾ ਤਿਆਗ ਨਾ ਕਰਨ ਤੋਂ ਹੈ।

ਸ੍ਰੀ ਗੁਰੂ ਦਸਮੇਸ਼ ਜੀ ਦੇ ਮਿਸ਼ਨ ਦੀ ਭੀ ਮੋਹਰ ਹੈ "ਦੇਗ ਤੇਗ ਫਤਹ ਨੁਸਰਤ ਬੇਦਰੰਗ ॥ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"। ਸ੍ਰੀ ਗੁਰੂ ਦਸਮੇਸ਼ ਜੀ ਦੇ ਆਪਣੇ ਗਾਤਰੇ ਦੀ ਕ੍ਰਿਪਾਨ ਪਰ ਭੀ ਉਪਰਲੀ ਹੀ ਪੰਗਤੀ ਉਕਰੀ ਮਿਲਦੀ ਹੈ।

ਸ੍ਰੀ ਗੁਰੂ ਦਸਮੇਸ਼ ਜੀ ਦਾ ਦਰਬਾਰੀ ਐਲਾਨ ਇੱਕਰ ਹੈ। ਯਥਾ:-

ਸ਼ਸਤ੍ਰ ਕੇ ਅਧੀਨ ਹੈ ਰਾਜ ॥ ਜੋਨ ਪਰਹਿ ਤਿਸ ਬਿਗਰਹਿ ਕਾਜ ॥ ਯਾਂਤੇ ਸਰਬ ਖਾਲਸਾ ਸੁਨੀਅਹਿ ॥ ਆਵਧ ਸਰਬੇ ਉੱਤਮ ਗਨੀਅਹਿ ॥ ਜਬ ਹਮਰੇ ਦਰਸਨ ਕੋ ਆਵੋ ॥ ਬਨ ਸੁਚੇਤ ਤਨ ਸ਼ਸਤ੍ਰ ਸਜਾਵੋ ॥ ਕਮਰਕੱਸਾ ਕਰ ਦੇਹ ਦਿਖਾਈ॥ ਹਮਰੀ ਖੁਸ਼ੀ ਹੋਇ ਅਧਿਕਾਈ। (ਗੁ: ਪ੍ਰ: ਸੂ:)

ਪੁਨਾ—

**ਬਿਨਾ ਕੇਸ਼ ਤੇਗੰ ਦਿਵੋ ਨਾ ਦੀਦਾਰੇ ॥ ਕਿਰਪਾਨ ਪਾਣ ਧਾਰੀਐਂ ॥ ਅਨੇਕ ਪਾਪ ਟਾਰੀਐਂ ॥** ਅਰਥਾਤ ਗੁਰਸਿੱਖਾਂ ਲਈ ਗੁਰੂ ਐਲਾਨ ਹੈ ਕਿ ਕੇਸ ਅਤੇ ਕ੍ਰਿਪਾਨ ਹੀਣਾਂ ਨੂੰ ਗੁਰੂ ਦਰਸ਼ਨ ਦੀ ਪਰਾਪਤੀ ਨਹੀਂ ਹੈ। 'ਮੋਰ ਬਚਨ ਸੋ ਕਰਹੁ ਪਿਆਰਾ॥ ਖੜਗ ਕੇਤ ਹੈ ਰੱਛਕ ਥਾਰਾ॥ ਝੂਠੇ ਸਰਬ ਉਪਾਵ ਤਜਾਗੋ ॥ ਸ੍ਰੀ ਅਸਿਧੁਜ ਕੀ ਚਰਨੀ ਲਾਗੋ ॥ ਪੋਥੀ ਗ੍ਰੰਥ ਮਹਿਲ ਦਸਬਾਨੀ ॥ ਸੋਧ ਲਿਓ ਮਦ ਜੋ ਨਿਰਬਾਨੀ॥ ਸ਼ਸਤ੍ਰ ਅਸਤ੍ਰ ਸਿਮਰੇ ਬਰ ਬੁਧਾ ॥ ਖਲ ਦਲ ਸਾਥ ਕਰਹੁ ਨਿੱਤ ਜੁੱਧਾ ॥ ਰਾਜ ਜੋਗ ਤੁਮ ਕਹਿ ਮਹਿ ਦੀਨਾ ॥ ਪਰਮ ਜੋਤ ਸੰਗ ਪਰਚੋ ਕੀਨਾ॥ ਸੰਤ ਸੰਪੂਰਨ ਕੋ ਸੁਖ ਦੀਜੈ॥ ਅਚਲ ਰਾਜ ਧਰਨੀ ਮਹਿ ਕੀਜੈ॥ ਖਾਲਸਾ ਕੀ ਚਰਨੀ ਸਭ ਲਾਗੇ॥ ਪਰਮ ਜੋਤ ਕੇ ਰਸ ਮਹਿ ਪਾਗੇ ॥ ਖੜਗ ਗੋਦ ਤੁਮ ਕਹਿ ਮੈ ਪਾਇਓ ॥ ਭਿੰਨ ਭਿੰਨ ਕਰ ਪੰਥ ਬਤਾਇਓ ॥ ਦੇਗ ਤੇਗ ਹੈ ਜੀਤ ਤਿਹਾਰੀ ॥ ਅਸਿਧੁਜ ਰਹਿਤ ਲੇਹੁ ਉਰਧਾਰੀ ॥ ਮਹਾਂਕਾਲ ਕਾ ਕਰੋ ਧਜਾਨਾ ॥ ਘਟਿ ਮਹਿ ਨਿਰਖੋ ਹਰਿ ਭਗਵਾਨਾ॥ ਬਿਖਿਆ (ਤੰਬਾਕੂ) ਕਿਰਿਆ ਭੱਦਨ (ਮੁੰਡਨ) ਤਯਾਗੋ ॥ ਜਟਾ ਜੂਟ ਰਹਿਬੋ (ਪੰਜ ਕੇਸੀਏ) ਅਨੁਰਾਗੋ ॥ ਸਬਦ ਬਿਨਾ ਅਨਜਾਨਹਿ ਮੇਲਾ ॥ ਨਿਸਦਿਨ ਸਾਧ ਸੰਗਤ ਸੋ ਕੇਲਾ ॥ ਲੈ ਆਇਸ ਗੁਰਦੇਵ ਕੀ, ਸ੍ਰੀ ਖਾਲਸ ਮਹਾਰਾਜ ॥ ਪ੍ਰਗਟ ਕਰਯੋ ਜਗ ਖਾਲਸਾ ਹਿੰਦੂ ਤੁਰਕ ਸਿਰਤਾਜ ॥ ਝੂਠ ਪੰਥ

੪. ਪੜ੍ਹੋ ਗ੍ਰੰਥ ਸਿਖ ਕਾਨੂੰਨ ਅਤੇ ਅਮ੍ਰਿਤ ਮਰਯਾਦਾ ਪ੍ਰਕਾਸ਼ ਤੇ ਅਨੰਦ ਮਰਯਾਦਾ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਸਭ ਤਜਾਗਕੇ ਏਕ ਪੰਥ ਦ੍ਰਿੜ ਕੀਨ ॥ ਪਰਮ ਜੋਤ ਸ੍ਰੀ ਸਤਿਗੁਰੂ (ਸ੍ਰੀ ਦਸਮੇਸ਼ ਹੁਕਮ) ਸ੍ਰੀ ਮੁਖ ਕਹਿ ਦੀਨ॥

*(ਦਸਮ ਗੁਰ ਲਿਬਾਸ)*

ਕ੍ਰਿਪਾਨ ਕਛਹਿਰੇ ਕੜੇ ਦੀ ਵੱਡੀ ਤਾਰੀਫ ਇਹ ਹੈ ਕਿ ਇਹ ਮੌਤ ਨੂੰ ਅਮੌਤ ਤਥਾ ਮੌਤ ਨੂੰ ਲਾੜੀ ਬਣਾ ਕੇ ਬਰਨ ਦਾ ਸਾਧਨ ਹਨ। ਕਾਇਰ ਨੂੰ ਮਰਦ ਅਤੇ ਗੁਲਾਮਾਂ ਨੂੰ ਸੁਤੰਤ੍ਰ, ਡਰਾਕਲਾਂ ਨੂੰ ਨਿੱਡਰ, ਚਿੜੀਆਂ ਤੋਂ ਬਾਜ ਅਤੇ ਗਿੱਦੜਾਂ ਤੋਂ ਸ਼ੇਰ ਬਨੌਣ ਵਾਲੇ ਹਨ, ਤਥਾ ਅੰਮ੍ਰਿਤ ਕੁੰਡ ਦੇ ਰਖਜਕ ਇਹ ਪੰਜ ਕਕਾਰ ਹਨ ਕ੍ਰਿਪਾਨ ਕੜਾ ਮੌਤ ਦੇ ਵਰਨੇ ਦਾ ਗਾਨਾ ਹੈ। ਤਥਾ ਸ਼ਹੀਦੀ ਗਾਨਾ ਹੈ ਤੇ ਕਛਹਿਰਾ ਜਤ ਸਤ ਦੇ ਮੈਦਾਨ ਵਿਚ ਅਜੀਤ ਪਹਿਰਾਨ ਹੈ। ਯਥਾ:-ਪਿਛਲਾ ਭੇਸ ਦੇਤ ਉਤਾਰ ਹੈ ॥ ਕਛ ਕ੍ਰਿਪਾਨ ਕੇਸ ਰਖਵੈ ਹੈ ॥ ਇਕ ਅਕਾਲ ਕੀ ਕਰਤ ਬੰਦਗੀ॥ ਸ਼ਸਤ੍ਰ ਵਿਚ ਬਹੁ ਪਸੰਦਗੀ ॥ ਪੁਨਾ:-ਕਛ ਬਿਨਾ ਚਿਰ ਕਾਲ ਨਾ ਰਹੈ॥ ਇਕ ਤਜ ਦੁਤੀਆ ਤੁਰਤ ਹੀ ਗਹੈ ॥ ਸੋ ਜਦ ਇਤਿਹਾਸ ਐਸੇ ਪ੍ਰਸੰਗਾਂ ਨਾਲ ਪੂਰਨ ਹੈਨ ਫਿਰ ਬਹੁਤਾ ਲੇਖਾ ਪੱਤਾ ਲਿਖਣਾ ਵਾਧੂ ਹੈ। ਤਾਂਤੇ ਪੰਜ ਕਕਾਰ ਖ਼ਾਲਸਾ ਪੰਥ ਦੇ ਅਕਾਰੀ ਸਰੀਰਵਤ ਹਨ।

## ਪੰਜਾਂ ਕਕਾਰਾਂ ਦੀ ਰਹਿਤ ਦਾ ਐਲਾਨ

ਨਿਸ਼ਾਨੇ ਸਿਖੀ ਈਂ ਕਿ ਪੰਜ ਹਰਫ ਕਾਫ ॥ ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ ॥੧॥ ਕੜਾ, ਕਾਰਦੋ, ਕੱਛ, ਕੰਘਾ ਬਿਦਾਂ ॥ ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ॥ ਮੁਖ ਵਾਕਜ ਪਾ: ੧੦ (ਲਿਖਤੀ ਦਸਮ ਗ੍ਰੰਥ) ਪੁਨਾ:-

ਰਹਿਤ ਬਿਨਾਂ ਤਨਖਾਹੀ ਜਾਨੋ। ਰਹਿਤ ਬਿਨਾਂ ਜੜ੍ਹ ਭੂਤ ਬਖਾਨੋ। ਰਹਿਤ ਬਿਨਾਂ ਸੁਖ ਕਬਹੂੰ ਨ ਲਹੇ ++ ਰਹਿਤ ਬਿਨਾ ਨਰ ਨਰਕੇ ਜਾਈ। ਰਹਿਤ ਬਿਨਾਂ ਗਤਿ ਕਿਨਹੂੰ ਪਾਈ ॥ (ਖਾਲਸਾ ਰਹਿਤਨਾਮਾ) ਪੁਨਾ:-ਰਹਿਣੀ ਰਹੈ ਸੋਈ ਸਿਖ ਮੇਰਾ ॥ ਓਹ ਸਾਹਿਬ ਮੈਂ ਉਸਕਾ ਚੇਰਾ ॥ (ਖਾ: ਰ: ਨਾ:)

## ਕੇਸ ਤੇ ਕੰਘਾ

ਕੇਸ ਅਰ ਕੰਘੇ ਦਾ ਪਰਸਪਰ ਸਦੀਵੀ ਸਬੰਧ ਹੈ। ਜਹਾਂ ਕੇਸ ਹਨ ਉਥੇ ਕੰਘਾ ਅਵੱਸ਼ਜ ਹੋਵੇਗਾ। ਤਾਂਤੇ ਕਕਾਰ ਫਿਲਾਸਫੀ ਵਿਚ ਕੰਘੇ ਦੀ ਗਿਣਤੀ ਕਰਨੀ ਵਾਧੂ ਹੈ, ਕਿਉਂਕਿ ਕੰਘਾ ਅਰ ਕੇਸ ਕਦੀ ਭੀ ਦੂਰ ਦੂਰ ਨਹੀਂ ਰਹਿ ਸਕਦੇ, ਜੈਸਾ ਕਿ ਸਫਾਈ ਵਾਸਤੇ ਕੰਘਾ ਅਤੀ ਲਾਜ਼ਮੀ ਤੇ ਕੇਸਾਂ ਦੇ ਅੰਗ ਸੰਗ ਹੈ। ਇਸਨੂੰ

Sri Satguru Jagjit Singh Ji eLibrary NamdhariElibrary@gmail.com

ਕੇਸਾਂ ਤੋਂ ਦੂਰ ਕਰਨਾ ਇਉਂ ਹੈ ਜਿਵੇਂ ਸਰੀਰ ਤੋਂ ਅਸ਼ਨਾਨ ! ਸ੍ਰੀ ਗੁਰੂ ਦਸਮੇਸ਼ ਜੀ ਨੇ ਕੇਸ ਤੇ ਕੰਘੇ ਦਾ ਸਬੰਧ ਇਉਂ ਦਸਿਆ ਹੈ:-ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰ ਬਾਂਧਈ ॥

*(ਖਾਲਸਾ ਰਹਿਤਨਾਮਾ)*

ਕੰਘੇ ਨਾਲ ਕੇਸਾਂ ਦੀ ਸਫਾਈ ਦੋਨੋਂ ਵੇਲੇ (ਸਵੇਰੇ ਤੇ ਸ਼ਾਮ) ਕਰਨੀ ਜ਼ਰੂਰੀ ਹੈ। ਯਾਂਤੇ ਕੰਘਾ ਕੇਸਾਂ ਵਿਖੇ (ਅੰਗ ਸੰਗ) ਰਹੇ, ਤਦੇ ਇਹ ਮਰਯਾਦਾ ਨਿਭ ਸਕਦੀ ਹੈ।

ਕੇਸਾਂ ਵਾਲੇ ਲਈ ਲਾਜ਼ਮੀ ਹੈ ਕਿ ਦੋਨੋਂ ਵਕਤ ਕੰਘਾ ਕਰਕੇ ਦਸਤਾਰ ਸਜਾਵੇ। ਕੇਸਾਂ ਵਾਲੇ ਲਈ ਦਸਤਾਰ ਭੀ ਜ਼ਰੂਰੀ ਅੰਗ ਦਿਖਲਾਇਆ ਹੈ, ਤਦੇ ਹੁਕਮ ਹੈ—

***"ਸਿੱਖ ਹੋਇ [੫]ਸਿਰ ਟੋਪੀ ਧਰੈ ॥ ਸਾਤ ਜਨਮ ਕੁਸਟੀ ਹੋਇ ਮਰੈ ॥"***

ਕੇਸਾਂ ਵਾਲੇ ਨੂੰ ਦਸਤਾਰ ਸਜੌਣ ਦੀ ਇਤਨੀ ਤਾਕੀਦ ਹੈ, ਜਿਤਨੀ ਕਿ ਟੋਪੀ ਪਹਿਰਨ ਦੀ ਸਖਤ ਮਨਾਹੀ ਕੀਤੀ ਗਈ ਹੈ, ਯਥਾ:-ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ (ਮ: ੧, ਪੰਨਾ ੧੨੮੬) ਭਾਵ ਟੋਪੀ ਨਿਰਲੱਜ ਪਹਿਰਾਵਾ ਹੈ। ਕੰਘਾ ਨਾ ਕਰਨ ਵਾਲਾ, "ਕੇਸਾਂ ਦੀ ਸੰਭਾਲ" ਨਹੀਂ ਕਰ ਸਕਦਾ। ਬਿਨਾਂ ਕੰਘੇ ਰਖੇ ਸੇ ਭੂਤਾਂ ਪਰੇਤਾਂ ਵਿਚ ਸ਼ਾਮਲ ਜਾ ਹੁੰਦਾ ਹੈ। ਜਿਵੇਂ ਸਫਾਈ ਲਈ ਕੇਸਾਂ ਦਾ ਇਸ਼ਨਾਨ ਜ਼ਰੂਰੀ ਹੈ, ਤਿਵੇਂ ਕੇਸਾਂ ਦੀ ਸਫਾਈ ਕੰਘੇ ਨਾਲ ਸਬੰਧਤ ਹੈ। ਇਸੇ ਤਰ੍ਹਾਂ ਦਸਤਾਰ ਕੇਸਾਂ ਨਾਲ ਪੂਰਨ ਸਬੰਧਤ ਹੈ ਤੇ ਟੋਪੀ ਪਹਿਰਨੀ ਸਖਤ ਮਨ੍ਹਾਂ ਹੈ, ਯਥਾ:-"ਕੁੱਠਾ, ਹੁੱਕਾ, ਚਰਸ, ਤੰਬਾਕੂ ॥ ਗਾਂਜਾ, ਟੋਪੀ, ਤਾੜੀ, ਖਾਕੂ ॥ ਇਨਕੀ ਓਰ ਨ ਕਬਹੂੰ ਦੇਖੈ ॥ ਰਹਿਤਵੰਤ ਸੋ ਸਿੰਘ ਵਿਸੇਖੈ॥" (ਖਾ: ਰ: ਨਾ:)

ਭਾਵ ਜਿਥੇ ਟੋਪੀ ਪਹਿਰਨ ਦਾ ਖੰਡਨ ਹੈ, ਉਥੇ ਦਸਤਾਰ ਦਾ ਕੁਦਰਤੀ ਮੰਡਣ ਹੁੰਦਾ ਹੈ, ਕੇਸਾਂ ਬਿਨਾਂ ਕੰਘਾ ਕਿਸੀ ਕੰਮ ਦਾ ਨਹੀਂ। ਮੋਨੇ ਨੂੰ ਕੰਘੇ ਦੀ ਲੋੜ ਹੀ ਨਹੀਂ ਹੈ। ਪਹਿਲੇ ਕੇਸ ਤੇ ਪਿਛੋਂ ਕੰਘਾ ਹੈ, ਤਾਂਤੇ ਕੇਸਾਂ ਦੇ ਜਨਮ ਨਾਲ ਕੰਘੇ ਦੀ ਹੋਂਦ ਸਿੱਧ ਹੈ, ਇਸ ਲਈ ਕੰਘਾ ਭੀ ਕੁਦਰਤ ਦੀ ਮਨਸ਼ਾ ਨਾਲ ਸਬੰਧਤ ਹੈ ਅਤੇ ਕੇਸਾਂ ਦਾ ਸਦੀਵੀ ਸਾਥੀ ਹੈ। ਵੈਸੇ ਇਹ ਕੇਸਾਂ ਨਾਲੋਂ ਵੱਖਰਾ ਅੰਗ ਹੈ, ਪਰੰਤੂ ਲੱਜ ਤੇ ਡੋਲ ਵਤ ਏਕਤਾ ਹੈ। ਇਹ ਕੇਵਲ ਪਾਸ ਰਖਣੇ ਵਾਲਾ ਚਿੰਨ੍ਹ ਨਹੀਂ, ਬਲਕਿ ਕਾਰਆਮਦ ਕੇਸ ਰੱਖਯਕ ਹੈ।

ਜੈਸੇ ਹਰ ਇਨਸਾਨ ਲਈ ਕੇਸ ਰੱਖਣੇ ਲਾਜ਼ਮੀ ਸਿੱਧ ਹੈਨ, ਐਸੇ ਹੀ ਕੰਘਾ

---

੫. ਸਿਖ ਧਰਮ ਵਿਖੇ ਟੋਪੀ ਪਹਿਰਾਵੇ ਦੀ ਸਖਤ ਮਨਾਹੀ ਤੇ ਘ੍ਰਿਣਾ ਹੈ, ਪਰਮ ਸ਼ੋਕ ਹੈ ਕਿ ਈਸਾਈ ਸਿਖੀ ਦੇ ਪ੍ਰਚਾਰਕ ਟੋਪੀ ਦੀ ਹਮਾਇਤ ਵਿਚ ਹੱਥ ਪੈਰ ਮਾਰਕੇ ਸਿਖ ਨੇਮਾਂ ਨੂੰ ਕਮਜ਼ੋਰ ਕਰ ਰਹੇ ਹਨ। ਕੋਈ ਸਿਖ ਕਿਸੇ ਵੇਲੇ ਭੀ ਟੋਪੀ ਨਹੀਂ ਪਹਿਰ ਸਕਦਾ, ਜੰਗ ਵਿਚ ਸੀਸ ਦੀ ਹਫਾਜ਼ਤ ਲਈ ਚਕ੍ਰ, ਤੋੜੇ, ਖੋਲ ਆਦਿ ਕਈ ਵਸਤਾਂ ਪਹਿਲੇ ਹੀ ਮੌਜੂਦ ਹਨ।

Sri Satguru Jagjit Singh Ji eLibrary NamdhariElibrary@gmail.com

ਭੀ ਸਭ ਲਈ ਜ਼ਰੂਰੀ ਹੈ। ਇਸਨੂੰ ਕੇਵਲ [੬]"ਕੱਕਾ ਕੰਘਾ' ਕਹਿਣਾ ਨਹੀਂ ਬਣਦਾ, ਬਲਕਿ ਇਨਸਾਨ ਮਾਤਰ ਦਾ ਸੰਗੀ ਕੰਘਾ ਹੈ, ਤਾਂਤੇ ਕੇਸਾਂ ਨਾਲ ਕੰਘਾ ਰੱਖਣਾ ਇਨਸਾਨੀ ਜਾਂ ਆਲਮਗੀਰੀ ਸਾਂਝਾ ਧਰਮ ਹੈ। ਕੇਸਾਂ ਦਾ ਧਾਰਨੀ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਕੰਘਾ ਦਰਕਾਰ ਨਹੀਂ। ਇਸਦੀ ਲੋੜ ਜਨਮ ਤੋਂ ਸਰੀਰ ਬਿਨਸਨ ਤੀਕਰ ਹੈ। ਇਹ ਭੀ ਸਪੱਸ਼ਟ ਹੈ ਕਿ ਪਿਛਲੇ ਸਮੇਂ ਦੇ ਕੇਸਾਧਾਰੀ ਕੰਘਾ ਜ਼ਰੂਰ ਰਖਦੇ ਰਹੇ ਤੇ ਅਗਲੇ ਭੀ ਰੱਖਣਗੇ, ਤਾਂਤੇ ਸਿੱਧ ਹੈ ਕਿ ਕੰਘਾ ਸਿੱਖਾਂ ਦਾ ਹੀ ਕਕਾਰ ਨਹੀਂ, ਬਲਕਿ ਕੇਸਧਾਰੀਆਂ ਦਾ ਭਾਵ ਇਨਸਾਨ ਮਾਤਰ ਦਾ ਸ਼ੁਰੂ ਤੋਂ ਸਾਥੀ ਹੈ।

ਦੇਖੋ ! ਕੇਸਧਾਰੀ ਸਰਬ ਇਸਤ੍ਰੀਆਂ ਪਾਸ ਕੰਘਾ ਰਹਿੰਦਾ ਹੈ। ਅਧਕੇਸੀਆਂ ਅਤੇ ਚੀਨੀਆਂ ਪਾਸ ਕੰਘਾ ਸਦਾ ਹੁੰਦਾ ਹੈ। ਅੱਧ ਦਾੜ੍ਹੀਏ ਤੇ ਪਟਿਆਂ ਵਾਲੇ ਸਭ ਕੰਘਾ ਰਖਦੇ ਹਨ, ਇਸ ਤੋਂ ਸੱਪਸ਼ਟ ਹੈ ਕਿ ਕੰਘਾ ਇਨਸਾਨੀ ਧਰਮ ਹੈ। ਨਾ ਹੀ ਇਹ ਚਿੰਨ੍ਹ (ਦਿਖਾਵੇ ਦੀ ਬਨੌਟ ਜਾਂ ਮਜ਼੍ਹਬੀ ਨਿਸ਼ਾਨ) ਹੈ। ਕੇਸਾਂ ਵਾਲੇ ਇਨਸਾਨ ਕਦੀ ਇਨਕਾਰ ਨਹੀਂ ਕਰ ਸਕਦੇ ਕਿ ਅਸੀਂ ਕੰਘਾ ਨਹੀਂ ਰਖਦੇ। ਇਹ ਬਾਤ ਅੱਡਰੀ ਹੈ ਕਿ ਉਹ ਕੇਸਾਂ ਤੋਂ ਦੂਰ ਭੀ ਕਰ ਦਿੰਦੇ ਹਨ। ਇਹ ਬਾਤ ਢਿਲਤਾ ਅਰ ਅਨਗਹਿਲੀ ਦੀ ਹੈ। ਸਿੱਖ ਹਰ ਵੇਲੇ ਤਿਆਰ-ਬਰ-ਤਿਆਰ (ਅਪ-ਟੂ-ਡੇਟ) ਹੈ।

੬. ਕੰਘਾ, ਕੇਸ, ਕ੍ਰਿਪਾਨ, ਕੜਾ, ਕਛਹਿਰਾ ਪੰਜਾਂ ਨੂੰ ਸੁਤੇ ਹੀ ਪਹਿਲਾ ਅੱਖਰ ਕੱਕਾ (ਕ) ਲਗਣ ਕਰਕੇ ਇਨ੍ਹਾਂ ਦਾ ਨਾਮ ਪੰਜ ਕਕਾਰ ਪੈ ਗਿਆ ਹੈ। ਵੈਸੇ ਕੱਕੇ ਅੱਖਰ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਜਿਵੇਂ ਕੁਰਹਿਤ ਸ਼ਬਦ ਰਹਿਤ ਦੇ ਮੁਕਾਬਲੇ ਦਾ ਹੈ, ਭਾਵ ਕੱਕੇ ਅਖਰ ਦਾ ਵਾਚਜ ਨਹੀਂ ਹੈ ਅਰ ਕੁਰਹਿਤਾਂ ਵਿਚ ਤੰਬਾਕੂ, ਕੁੱਠਾ ਮਾਸ, ਪਰਇਸਤ੍ਰੀ-ਗਾਮਤਾ, ਰੋਮਾਂ ਦੀ ਬੇਅਦਬੀ ਕੱਕੇ ਅੱਖਰ ਨਾਲ ਨਹੀਂ ਬੋਲੀਦੇ। ਅਸੀਂ "ਕਕਾਰ ਫਿਲਾਸਫੀ" ਪ੍ਰਚੱਲਤ ਬੋਲੇ ਨੂੰ ਅੱਗੇ ਰੱਖ ਕੇ ਨਾਮ ਰਖਿਆ ਹੈ, ਕੱਕੇ ਅੱਖਰ ਦੀ ਗਿਣਤੀ ਵਾਧੂ ਹੈ।

Sri Satguru Jagjit Singh Ji eLibrary NamdhariElibrary@gmail.com

# ਸਤਵਾਂ ਭਾਗ
# ਪੰਜਾਂ ਕਕਾਰਾਂ ਦੀ ਬਨੌਟ

ਪੰਜਾਂ ਕਕਾਰਾਂ ਦੀ ਬਨੌਟ ਜਾਂ ਯੋਗਤਾ ਸ੍ਰੀ ਗੁਰੂ ਦਸਮੇਸ਼ ਜੀ ਨੇ ਜੋ ਨੀਯਤ ਕੀਤੀ ਹੈ ਉਹ ਠੀਕ ਹੈ ਅਰ ਅਟੱਲ ਹੈ। ਜਿਸ ਪ੍ਰਕਾਰ ਹਿੰਦੂਆਂ ਦੇ ਜੰਞੂ ਦੀ ਬਨੌਟ ਗਿਣਵੇਂ ਡੋਰੇ ਅਤੇ ਕਿਸਮ ਮੁਕਰਰਾ ਹੈ। ਬਲਕਿ ਵਟਣੇ ਦਾ ਤਰੀਕਾ ਹੈ, ਓਹ ਭਾਵ ਵਾਧੂ ਹੈ, ਪਰ ਧਾਰਨੀ ਹਿੰਦੂਆਂ ਨੇ ਹਜ਼ਾਰਾਂ ਸਾਲਾਂ ਤੋਂ ਉਸਨੂੰ ਕਾਇਮ ਰਖਿਆ ਹੈ। ਹਾਲਾਂਕਿ ਜੰਞੂ ਵਿਚ ਲਾਭ ਕੋਈ ਨਹੀਂ, ਮੰਨੂੰ ਜੀ ਨੇ ਬ੍ਰਾਹਮਣ ਨੂੰ ਸੂਤਰ ਦਾ, ਛੱਤ੍ਰੀ ਨੂੰ ਉਨ ਦਾ, ਵੈਸ਼ ਨੂੰ ਸਨੀ ਦਾ, ਸ਼ੂਦਰ ਨੂੰ ਖਾਲੀ ਰਖਿਆ ਹੈ। ਭਾਵੇਂ ਹੋਰ ਵਰਨ ਨਹੀਂ ਪੌਂਦੇ ਬ੍ਰਾਹਮਣ ਤੇ ਛੱਤਰੀ ਕਾਫੀ ਰਖਦੇ ਹਨ। ਇੱਕਰ ਮੱਥੇ ਦੇ ਟਿੱਕਿਆਂ ਦੀ ਭੀ ਵੰਡ ਤੇ ਚਿੰਨ੍ਹ ਹਨ, ਅਨੰਤ ਦੀ ਸ਼ਕਲ ਭੀ ਨੀਯਤ ਹੈ। ਮੁਸਲਮਾਨ ਦੀ ਸ਼ਰਹ ਅਨੁਸਾਰ ਤੰਬਾ, ਮੁੱਛਾਂ, ਦਾੜ੍ਹੀ, ਸੁੰਨਤ ਆਦਿ ਅਹਿੱਲ ਤੇ ਵਿਸ਼ਵਾਸ ਦਾ ਘਰ ਹਨ, ਚਾਹੇ ਉਹ ਨੁਕਸਦਾਰ ਹਨ ਪਰ ਉਹ ਆਪਣੀ ਆਰੰਭਕ ਸ਼ਰਹ ਪਰ ਨੁਕਤਾਚੀਨੀ ਕਰਨਾ ਕੁਫਰ (ਗੁਨਾਹ) ਮੰਨਦੇ ਹਨ। ਸਿੱਖਾਂ ਵਿਚ ਵਿਸ਼ਵਾਸ ਭਰੋਸਾ ਤਾਂ ਜ਼ਰੂਰ ਹੈ ਪਰ ਨੁਕਤਾਚੀਨੀ ਤੇ ਨਵੀਨ ਰੌਸ਼ਨੀ ਦੇ ਛੇਤੀ ਮਾਇਲ ਹੁੰਦੇ ਹਨ, ਕਈ ਨਵੀਨ ਰੌਸ਼ਨੀ ਦੇ ਚੁੰਧਿਆਏ ਹੋਏ ਕਿਹਾ ਕਰਦੇ ਹਨ ਕਿ ਕਕਾਰ ਜ਼ਰੂਰੀ ਨਹੀਂ ਹਨ, ਜਾਂ ਤਬਦੀਲੀ ਹੋ ਸਕਦੀ ਹੈ, ਇਉਂ ਕਹਿਣਾ ਮਹਾਂ ਗਿਰਾਵਟ ਹੈ। ਕਈਆਂ ਦਾ ਇਸ਼ਾਰਾ ਨਿੱਕਰ ਵਲ ਹੁੰਦਾ ਹੈ, ਅਸਲੋਂ ਇਸ ਤਰ੍ਹਾਂ ਦੇ ਅਨਫਿੱਟ ਸੱਜਣ ਪਹਿਲਾਂ ਹੀ ਸਿੱਖ ਰਹਿਤ ਵਲੋਂ ਗਏ ਗੁਜਰੇ ਹੁੰਦੇ ਹਨ। ਚਿਤੋਂ ਇਹ ਸਿੱਖ ਨਹੀਂ ਹੁੰਦੇ। ਐਸੇ ਲੋਕਾਂ ਪਾਸੋਂ ਸਿੱਖੀ ਦੇ ਵਾਧੇ ਦੀ ਉਮੈਦ ਰੱਖਣੀ ਅਕਾਸ਼ ਦੇ ਫੁੱਲਾਂ ਵਤ ਹੈ ਜੋ ਗੁਰ ਮਰਯਾਦਾ (ਸਿੱਖ ਸ਼ਰਹ) ਦਾ ਕਾਇਲ ਨਹੀਂ ਉਹ ਸਿੱਖ ਭੀ ਨਹੀਂ ਹੈ। ਕਈ ਢਿੱਲੜ ਇਹ ਕਹਿੰਦੇ ਹਨ ਜੀ! ਕਛਹਿਰਾ ਨਿੱਕਰ ਇਕੋ ਹੀ ਹੈ, ਜੇ ਜਾਂਘੀਆ, ਨਿੱਕਰ ਇਕੋ ਆਖੀਏ ? ਜਾਂ ਕਰਜ਼ਨ ਦਾੜ੍ਹੀ ਤੇ ਸ਼ਰਈ ਕਟਾਈ ਦਾੜ੍ਹੀ ਇਕੋ ਹੈ ਕਹੀਏ ਤਾਂ ਫੇਰ ਹੈਰਾਨ ਹੋ ਕੇ ਕਹਿੰਦੇ ਹਨ ਨਹੀਂ ਜੀ! ਫੈਸ਼ਨ ਵੱਖ-ਵੱਖ ਹਨ, ਜਦ ਵਾਸਕਟ, ਕੁੜਤਾ, ਕੋਟ ਪਜਾਮਾ ਵੱਖੋ-ਵੱਖ ਹਨ, ਯਾਂਤੇ ਇਕੋ ਕਹਿਣੇ ਵਾਲਾ ਮੂਰਖ ਹੀ ਹੋ ਸਕਦਾ ਹੈ। ਕਛਹਿਰਾ, ਨਿੱਕਰ ਇਕੋ ਨਹੀਂ ਹਨ। ਕਛਹਿਰਾ ਦਸਮ ਗੁਰੂ ਜੀ ਦੀ ਨੀਯਤ ਯੂਨੀਫਾਰਮ ਜਾਂ ਧਾਰਮਕ ਰਹਿਤ

Sri Satguru Jagjit Singh Ji eLibrary NamdhariElibrary@gmail.com

ਹੈ ਜੋ ਮਨੁਸ਼ ਮਾਤ੍ਰ ਵਾਸਤੇ ਪੂਰਨ ਲਾਭਮੰਦ ਹੈ, ਨਿੱਕਰ ਪੱਛਮੀ ਲੋਕਾਂ ਦਾ ਫੈਸ਼ਨ ਹੈ।

ਨਿੱਕਰ ਅੱਧੀ ਪਤਲੂਨ (ਹਾਫ ਪਤਲੂਨ) ਹੈ, ਇਹ ਅੰਗਰੇਜ਼ੀ ਪਹਿਰਾਵਾ ਹੈ। ਕੀ ਹੋਇਆ ਜੇ ਮੁਗਲਾਂ ਨੇ ਅੰਗਰੇਜਾਂ ਦੀ ਰੀਸ ਕੀਤੀ ਹੈ। ਦਸਮ ਗੁਰੂ ਜੀ ਦੇ ਪਿਆਰੇ ਜ਼ਰੂਰ ਕਛਹਿਰਾ ਹੀ ਪਹਿਰਨਗੇ। ਇਹ ਠੀਕ ਹੈ ਕਿ ਗੁਲਾਮ ਦੀ ਜੁੱਤੀ ਭੀ ਅੰਗਰੇਜ਼ੀ ਬੂਟਾਂ ਅੱਗੇ ਗੁਲਾਮ ਹੈ, ਉਹ ਦਫਤਰਾਂ ਵਿਚ ਟਿੱਚ-ਟਿੱਚ ਕਰਦੇ ਜਾਂਦੇ ਹਨ, ਪਰ ਗੁਲਾਮਾਂ ਦੀ ਜੁੱਤੀ ਭੀ ਗੁਲਾਮ ਹੈ ਜੋ ਬਾਹਰੇ ਰਹਿੰਦੀ ਹੈ। ਇੱਕਰ ਕਈਕੁ ਹਾਕਮਾਂ ਦੇ ਪਹਿਰਾਨ ਦੇ ਗੁਲਾਮ ਨਿੱਕਰ ਅੱਗੇ ਗੁਰੂ ਕੇ ਕਛਹਿਰੇ ਨੂੰ ਗੁਲਾਮ ਤੇ ਹਕੀਰ ਸਾਬਤ ਕਰਨਾ ਚਾਹੁੰਦੇ ਹਨ।

ਕਈ ਕਹਿੰਦੇ ਹਨ ਜੀ ਦੇਖੋ ਜ਼ਮਾਨਾ ਬਦਲ ਗਿਆ ਹੈ। ਚੱਕੀਆਂ, ਚਰਖਿਆਂ ਦੀ ਥਾਂ ਮਸ਼ੀਨਾਂ ਬਣ ਗਈਆਂ, ਤੁਸੀਂ ਓਲਡ ਫੈਸ਼ਨ ਨੂੰ ਪਿਛੇ ਹੀ ਲਈ ਬੈਠੇ ਹੋ! ਇੱਕਰ ਦੀਆਂ ਕਪੋਲ ਕਥਾਵਾਂ ਨਾਲ ਮਨਚਲੇ ਪੁਰਸ਼ ਗੁਰੂ ਕੀ ਰਹਿਤ ਪੰਜਾਂ ਕਕਾਰਾਂ ਨਾਲ ਮਨਚਲੇ ਪੁਰਸ਼ ਗੁਰੂ ਕੀ ਰਹਿਤ ਪੰਜਾਂ ਕਕਾਰਾਂ ਪਰ ਨਿਸ਼ੰਕ ਹੋ ਕੇ ਹੱਥ ਉਠਾਂਦੇ ਰਹਿੰਦੇ ਹਨ। ਇਨ੍ਹਾਂ ਦਾ ਖਿਆਲ ਹੈ ਕਿ ਕਕਾਰ ਭੀ ਜ਼ਮਾਨੇ ਨਾਲ ਤਰੱਕੀ ਕਰਨੇ ਚਾਹੀਦੇ ਹਨ, ਕੀ ਗੁਰੂ ਸਾਹਿਬਾਨ ਨੂੰ ਇਨ੍ਹਾਂ ਦੀ ਇਸ ਆਉਣ ਵਾਲੀ ਤਰੱਕੀ ਦਾ ਇਲਮ ਨਹੀਂ ਸੀ ?

ਇਹ ਸਮਝਦੇ ਹਨ ਕਿ ਗੁਰੂ ਕੀ ਰਹਿਤ ਬਹਿਤ ਬਦਲਾ ਲੈਣੀ ਭੀ ਸਾਡੇ ਹੀ ਅਧੀਨ ਹੈ ਅਤੇ ਅਸੀਂ ਗੁਰੂ ਦੇ ਗੁਰੂ ਹੀ ਬਣ ਟੁਰੀਏ ! ਅਸੀਂ ਸਿੱਖ ਕਾਸਦੇ ਬਣੇ ਜੇ ਗੁਰੂ ਕੀ ਰਹਿਤ ਦੀ ਹੇਠੀ ਨਾ ਕਰੀਏ।

ਕੀ ਜੇ ਸਿੱਖ ਨਿੱਕਰ ਨੂੰ ਕਛਹਿਰਾ ਕਹਿਣ ਲਗ ਜਾਣ, ਕੀ ਉਹ ਜਿੰਦਾ ਹੀ ਨਹੀਂ ਮਰਨਗੇ ? ਕੱਟੀ, ਵੱਛੀ ਇਕੋ ਕਹਿਣ ਵਾਲੇ ਅੰਧਰਾਤੇ ਦੇ ਰੋਗੀ ਜਾਂ ਹੁੱਜਤੀ ਹੀ ਹੋ ਸਕਦੇ ਹਨ। ਕਛਹਿਰਾ ਓਹੀ ਹੈ ਜੋ ਆਪਣੀ ਕਾਟ ਅਨੁਸਾਰ ਨਾਲੇ ਵਾਲਾ ਹੈ ਅਰ ਦਸਮ ਗੁਰੂ ਜੀ ਵਲੋਂ ਨੀਯਤ ਹੈ। ਜੇ ਇਸ ਵਿਚ ਚਰਖੇ ਚੱਕੀਆਂ ਦੀ ਤਰ੍ਹਾਂ ਤਬਦੀਲੀ ਹੋ ਸਕਦੀ ਹੈ ਤਾਂ ਇਸਨੂੰ ਗੁਰੂ ਕੀ ਰਹਿਤ ਕਹਿਣੀ ਹੀ ਗਲਤੀ ਸਿੱਧ ਹੋਵੇਗਾ।

ਲੋਹੇ ਦਾ ਕੜਾ ਇਕੋ ਧਾਂਤ ਹੈ, ਇਸ ਦੇ ਮੁਕਾਬਲੇ ਸੋਨੇ, ਚਾਂਦੀ ਆਦਿ ਦਾ ਕੜਾ ਫੁੱਟੀ ਕੌਡੀ ਦਾ ਨਹੀਂ ਹੈ ਅਰ ਹੋਰ ਧਾਂਤਾਂ ਦਾ ਸ਼ਿੰਗਾਰ ਤੇ ਗਹਿਣਾ ਹੈ, ਕੇਵਲ ਸਰਬ ਲੋਹ ਹੀ ਜਿਸ ਦੀ ਰਗੜ ਨਾਲ ਸਰੀਰ ਵਿਚ ਪ੍ਰਾਕਰਮ, ਸੂਰਮਤਾ ਦੇ ਗੁਣ ਅਤੇ ਸਿਹਤ ਦਾ ਅਸਰ ਹੈ, ਸਰਬ ਲੋਹ ਦਾ ਕੜਾ ਸਿੱਖ ਦੀ ਜਿੰਦ-ਜਾਨ ਹੈ ਅਤੇ ਅਨਧਾਤਾਂ ਦਾ ਕੜਾ ਹੱਡਾਂ ਦਾ ਖੌ ਅਤੇ ਚੰਚਲਤਾ ਦਾ ਘਰ ਹੈ। ਇੱਕਰ ਸਰਬ ਲੋਹ ਦੀ ਕ੍ਰਿਪਾਨ ਹੈ। ਜਿਤਨਾ ਚੰਗਾ ਫੌਲਾਦ (ਕਮਾਇਆ ਹੋਇਆ,

Sri Satguru Jagjit Singh Ji eLibrary NamdhariElibrary@gmail.com

ਨਿਰੋਲ ਸਰਬ ਲੋਹ) ਹੋਵੇ ਉਤਨੀ ਉੱਤਮ ਕ੍ਰਿਪਾਨ ਹੈ, ਮਾੜੇ ਲੋਹੇ ਦੀ ਕ੍ਰਿਪਾਨ ਪਹਿਰਨੀ ਧੋਖਾ-ਦੇਹ ਤੇ ਗੁਨਾਹ ਹੈ। ਸ਼ਸਤ੍ਰ ਓਹੋ ਅਮੋਲਕ ਹੈ ਜੋ ਸਮੇਂ ਸਿਰ ਆਪਣਾ ਕੰਮ ਠੀਕ ਨਿਭਾ ਸਕਦਾ ਹੋਵੇ। ਕੰਘਾ ਲੱਕੜ ਦਾ ਲਾਜ਼ਮੀ ਹੈ, ਹੋਰ ਚੀਜ਼ ਦਾ ਰੱਖਣਾ ਭੁੱਲ ਹੈ।

ਕੇਸਾਂ ਦੀ ਸਫਾਈ ਨਾਲ ਲੱਕੜ ਦੇ ਕੰਘੇ ਦਾ ਖਾਸ ਸੰਬੰਧ ਹੈ, ਜਿਵੇਂ ਬਿਜਲੀ ਨੂੰ ਛੂਹਣ ਵਾਲੇ ਲੱਕੜ ਦੀਆਂ ਖੜਾਵਾਂ ਪਹਿਰਦੇ ਹਨ ਤਿਵੇਂ ਕੇਸਾਂ ਦੀ ਸਫਾਈ ਲਈ ਲੱਕੜ ਦਾ ਕੰਘਾ ਹੀ ਜ਼ਰੂਰੀ ਹੈ। ਕੇਸਾਂ ਵਿਚੋਂ ਬਿਜਲੀ ਨਿਕਲਦੀ ਹੈ। ਅੰਧੇਰੇ ਵਿਚ ਕੰਘਾ ਫੇਰਨ ਨਾਲ ਇਹ ਬਾਤ ਸਪੱਸ਼ਟ ਹੋ ਜਾਂਦੀ ਹੈ। ਦੰਦ, (ਹੱਡ) ਜਾਂ ਮਸਾਲੇਦਾਰ ਕੰਘੇ ਵਰਤਣੇ ਕੇਸਾਂ ਦੀ ਸਿਹਤ ਲਈ ਹਾਨੀਕਾਰਕ ਹਨ।

Sri Satguru Jagjit Singh Ji eLibrary NamdhariElibrary@gmail.com

# ਅੱਠਵਾਂ ਭਾਗ

# ਕਕਾਰ ਪ੍ਰਬੋਧ

ਅਕਸਰ ਦੇਖੀਦਾ ਹੈ ਕਿਤਨੇ ਭਾਈ ਕਛਹਿਰਾ ਮਾਮੂਲੀ ਜਾਂ ਕੰਮ-ਸਾਰੂ ਰੱਖਦੇ ਹਨ। ਛੋਟੇ ਸਾਇਜ਼ ਦਾ ਅਥਵਾ ਐਸਾ ਤੰਗ ਕਰਵਾਂਦੇ ਹਨ ਜੋ ਪਰਦੇ ਦੀ ਬਜਾਏ ਅਪਰਦਾ ਸਿੱਧ ਹੁੰਦਾ ਹੈ। ਅਸਲ ਕਛਹਿਰੇ ਤਾਂ ਪੰਜ ਗਜ਼ ਬਸਤ੍ਰ ਦੇ ਦੋ ਬਣਦੇ ਹਨ, ਪਰ ਪਜਾਮੇ ਦੇ ਨੀਚੇ ਰੱਖਣ ਵਾਲੇ ਦੋ ਕਛਹਿਰੇ ਚਾਰ ਗਜ਼ ਦੇ ਹੀ ਸਹੀ। ਮੌਸਮ ਅਨੁਸਾਰ ਮੋਟਾ ਬਰੀਕ ਸਫੈਦ ਕਪੜਾ ਵਰਤਿਆ ਜਾਂਦਾ ਹੈ।

ਛੋਟੇ ਤੇ ਅਤੀ ਬਰੀਕ ਕਪੜੇ ਦੇ ਕਛਹਿਰੇ ਇਸ਼ਨਾਨ ਕਰਨ ਵੇਲੇ ਪਹਿਰਨੇ ਠੀਕ ਨਹੀਂ ਹਨ, ਕਛਹਿਰਾ ਪਰਦਾ ਹੈ, ਨਾਕਿ ਕੰਮ-ਸਾਰੂ ਜਾਂ ਅਪਰਦਾ ਪਹਿਰਾਨ। ਜਿਸ ਪ੍ਰਕਾਰ ਕਈ-ਕਈ ਕੋਟ, ਪਜਾਮੇ, ਕੁੜਤੇ ਰਖੀਦੇ ਹਨ, ਇੱਕਰ ਹੀ ਕਛਹਿਰੇ ਭੀ ਕਈ ਚਾਹੀਦੇ ਹਨ। ਇਹ ਠੀਕ ਨਹੀਂ ਹੈ ਕਿ ਲੋੜ ਵੇਲੇ ਮੈਲਾ, ਗਿੱਲਾ ਜਾਂ ਫਟਿਆ ਕਛਹਿਰਾ ਪਹਿਰਿਆ ਜਾਵੇ। ਗਿੱਲਾ ਕਛਹਿਰਾ ਪਹਿਰਨ ਨਾਲ ਚੀਂਗਾਂ ਤੇ ਲੂਤਾਂ (ਦੱਦਰ ਆਦਿ) ਹੋ ਜਾਂਦੀਆਂ ਹਨ, ਬਰਸਾਤ ਦੇ ਦਿਨਾਂ ਵਿਚ ਜ਼ਰੂਰ ਤਿੰਨ ਰਖੋ। ਕਿਤਨੇ ਸਿੰਘ ਹੋਰ ਬਸਤ੍ਰ ਤਾਂ ਸੁਥਰੇ ਪਾਉਂਦੇ ਹਨ ਪਰ ਕਛਹਿਰਾ ਮਹਾਂ ਗੰਦਾ ਹੁੰਦਾ ਹੈ, ਗੰਦਾ ਕਛਹਿਰਾ ਭੁਲ ਕੇ ਭੀ ਨਾ ਪਾਵੋ ਅਰ ਦੂਜੇ ਦਾ ਕਛਹਿਰਾ ਹਰਗਿਜ਼ ਨਾ ਵਰਤੋ, ਇਸ ਤੋ ਛੂਤ ਦੀਆਂ ਬੀਮਾਰੀਆਂ ਹੁੰਦੀਆਂ ਹਨ। ਇਕ ਜੈਂਟਲਮੈਨ ਵਧੀਆ ਬਸਤ੍ਰ ਉਤਾਰ ਕੇ ਹੇਠੋਂ ਗੰਦਾ ਕਛਹਿਰਾ ਨੰਗਾ ਕਰੇ, ਬਹੁਤ ਬੁਰਾ ਲਗਦਾ ਹੈ। ਕਛਹਿਰੇ ਹਮੇਸ਼ਾਂ ਹੋਰ ਬਸਤ੍ਰਾਂ ਨਾਲੋਂ ਛੇਤੀ ਸਾਬਣ ਆਦਿ ਨਾਲ ਸਾਫ ਕਰਨੇ ਅਤੀ ਜ਼ਰੂਰੀ ਹੁੰਦੇ ਹਨ। ਕਛਹਿਰੇ ਨਾਲ ਤੰਗ-ਦਿਲੀ ਤੇ ਸੂਮਪੁਣੇ ਦਾ ਸਲੂਕ ਕਰਨਾ ਨਾਵਾਜਿਬ ਹੈ। ਸਰੀਰ ਨਾਲ ਹਰ ਵੇਲੇ ਲਗਣ ਵਾਲਾ ਬਸਤਰ ਜ਼ਿਆਦਾ ਸਾਫ ਰਖਣਾ ਚਾਹੀਦਾ ਹੈ, ਨਾਕਿ ਮਹਾਂ ਗੰਦਾ ? ਕਈ ਫਟੇ ਪੁਰਾਣੇ ਰੱਦੀ ਕਛਹਿਰੇ ਰਖ ਕੇ ਕਛਹਿਰੇ ਦੀ ਸ਼ਾਨ ਘਟੌਂਦੇ ਹਨ। ਬੀਬੀਆਂ ਭੈਣਾਂ ਵਿਚ ਗੰਦੇ ਕਛਹਿਰੇ ਰਖਣ ਦਾ ਰਿਵਾਜ ਹੈ, ਜੋ ਕਛਹਿਰਾ ਸਾਫ ਸੁਥਰਾ ਨਾ ਰਖੇ ਮਹਾਂ ਦਲਿਦ੍ਰੀ ਅਰ ਰੋਗਾਂ ਦਾ ਪ੍ਰਚਾਰਕ ਹੈ। ਖਾਲਸਾ ਹਮੇਸ਼ਾਂ ਸ੍ਵਛ ਬਸਤਰ ਪਹਿਰੇ, ਚਾਹੇ ਫਟੇ ਪੁਰਾਣੇ ਘਟੀਆ ਹੀ ਹੋਣ।

ਗੁਰੂ ਕਾ ਹੁਕਮ ਹੈ—ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥

Sri Satguru Jagjit Singh Ji eLibrary NamdhariElibrary@gmail.com

(ਪੰਨਾ ੧੩੯) ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ (ਜਪੁ ਮ: ੧) ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ ॥ (ਪੰਨਾ ੫੧੧) ਐਸੇ ਅਨੇਕਾਂ ਵਾਕ ਹਨ ਜੋ ਬਸਤਰ ਸਾਫ ਰਖਣ ਦੀ ਸਖਤ ਹਦਾਇਤ ਕਰਦੇ ਹਨ। ਗੰਦੇ ਬਸਤਰ ਰਖਣ ਵਾਲੇ ਦਾ ਇਸ਼ਨਾਨ ਕਰਨਾ ਭੀ ਅੱਧਾ ਇਸ਼ਨਾਨ ਹੈ।

ਖਾਲਸਾ ਜੀ ! ਕੜਾ ਸਜੇ ਹਥ ਵਿਚ ਨਿਰੋਲ ਸਰਬ ਲੋਹ ਦਾ ਇਕੋ ਰਖੋ, ਵੰਙਾਂ ਦੀ ਤਰ੍ਹਾਂ ਪੰਜ ਸੱਤ ਪਾ ਕੇ ਖੜਕੌਂਦੇ ਫਿਰਨਾ ਠੀਕ ਨਹੀਂ ਹੈ। ਕੜਾ ਇਕੋ ਰਖੀਦਾ ਹੈ, ਕੜਾ ਸੰਸਾਰੀ ਗਹਿਣਾ ਨਹੀਂ ਹੈ, ਗੁਰੂ ਕੀ ਰਹਿਤ ਹੈ। ਸਿਮਰਨੇ ਭੀ ਹੱਥਾਂ ਵਿਚ ਪਾ ਕੇ ਨਏ-ਨਏ ਸ੍ਵਾਂਗ ਨਾ ਰਚੋ ! ਹੱਥਾਂ ਵਿਚ ਸਿਮਰਨੇ ਪਾ ਕੇ ਦਿਖਲੌਣੇ ਲੋਕ-ਦਿਖਲਾਵਾ ਹੈ।

Sri Satguru Jagjit Singh Ji eLibrary NamdhariElibrary@gmail.com

# ਨੌਵਾਂ ਭਾਗ

## ਦਸਤਾਰ ਧਾਰਨਾ

**ਕੋਈ ਸਿੱਖ (ਮਨੁੱਖ ਇਸਤ੍ਰੀਆਂ, ਬਾਲਕ) ਬਿਨਾਂ ਦਸਤਾਰ ਪਹਿਰਨ ਦੇ ਨਹੀਂ ਰਹਿ ਸਕਦਾ, ਦਸਤਾਰ ਸਜੌਣੀ ਖਾਲਸਾ ਰਹਿਤ ਬਹਿਤ ਦਾ ਮੁਢਲਾ ਅੰਗ ਹੈ, ਦਸਤਾਰ ਥੀਂ ਨਫਰਤ ਜਾਂ ਪ੍ਰਹੇਜ਼ਗਾਰੀ ਦਾ ਪ੍ਰਚਾਰ ਕਰਨਾ ਸਿੱਖ ਧਰਮ ਦੇ ਅਸੂਲਾਂ ਪਰ ਕੁਹਾੜਾ ਧਰਨਾ ਹੈ ।** *(ਲਾਲ ਸਿੰਘ)*

ਸਿੱਖ ਧਰਮ ਵਿਖੇ ਦਸਤਾਰ (ਕੇਸਕੀ) ਪੰਜਾਂ ਕਕਾਰਾਂ ਵਿਖੇ ਸ਼ਾਮਲ ਨਹੀਂ ਹੈ, ਨਾ ਹੀ ਅਸੀਂ ਸਾਮਲ ਸਮਝਦੇ ਹਾਂ, ਪਰ ਦਸਤਾਰ ਦਾ ਕੇਸਧਾਰੀ ਮਨੁੱਖ ਜ਼ਾਤੀ (ਇਸਤ੍ਰੀ ਪੁਰਸ਼ਾਂ) ਨਾਲ ਪੂਰਨ ਸਬੰਧ ਹੈ। ਇਸ ਦੇ ਸਬੰਧ ਵਿਖੇ "ਦਸਤਾਰ ਸੰਦੇਸ਼ਾ" ਨਾਮਕ ਗ੍ਰੰਥ ਵੱਖਰਾ ਛਾਪਿਆ ਗਿਆ ਹੈ, ਇਥੇ ਕੇਵਲ ਇਤਨਾ ਦਸਣਾ ਜ਼ਰੂਰੀ ਹੈ ਕਿ ਪੰਜਾਂ ਕਕਾਰਾਂ ਦੀ ਤਰ੍ਹਾਂ ਕੇਸਧਾਰੀਆਂ ਲਈ ਦਸਤਾਰ ਭੀ ਲਾਜ਼ਮੀ ਹੈ। ਇਸ ਦਾ ਭਾਵ ਇਹ ਨਹੀਂ ਹੈ ਕਿ ਉਹ ਸਰੀਰ ਤੋਂ ਦੂਰ ਨਹੀਂ ਕੀਤੀ ਜਾ ਸਕਦੀ, ਹਾਂ ਇਹ ਜ਼ਰੂਰੀ ਹੈ ਕਿ ਕੇਸਾਂ ਵਾਲੇ ਨੂੰ ਦਸਤਾਰ ਰੱਖਣੀ ਪਵੇਗੀ, ਚਾਹੇ ਉਹ ਰੁਮਾਲ ਹੈ ਜਾਂ ਛੋਟੀ ਦਸਤਾਰ ਜਾਂ ਵੱਡੀ ਦਸਤਾਰ, ਕੇਸ ਜ਼ਰੂਰ ਢੱਕਣੇ ਪੈਣਗੇ।

ਮਨੁਸ਼ ਮਾਤ੍ਰ ਨਾਲ ਦਸਤਾਰ ਦਾ ਆਦੀ ਸਬੰਧ ਚਲਿਆ ਆ ਰਿਹਾ ਹੈ ਅਰ ਰਹੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—'ਸਾਬਤ ਸੂਰਤ ਦਸਤਾਰ ਸਿਰਾ' ਇਨਸਾਨੀ ਸੰਪੂਰਨ ਸ਼ਕਲ ਦਸਤਾਰ ਨਾਲ ਹੈ। ਸਿਰ ਨੰਗਿਆਂ ਦੀ 'ਸਿਰ ਖੁਥੈ ਸ਼ੈਤਾਨੀ' ਦਸ਼ਾ ਮੰਨੀ ਹੈ। ਖਾਲਸਾ ਰਹਿਤਨਾਮਿਆਂ ਵਿਖੇ ਸਿਰ ਨੰਗੇ ਰਹਿਣ ਵਾਲੇ ਨੂੰ ਕਸੂਰੀ ਮੰਨਿਆ ਹੈ ਅਰ ਟੋਪੀ ਦਾ ਜ਼ੋਰਦਾਰ ਖੰਡਨ ਕੀਤਾ ਹੈ। ਜੈਸਾ ਕਿ "ਸਿਖ ਹੋਇ ਸਿਰ ਟੋਪੀ ਧਰੈ। ਸਾਤ ਜਨਮ ਕੁਸਟੀ ਹੋਇ ਮਰੈ" ॥ ਪੁਨਾ– 'ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥' (ਮ: ੧, ਪੰਨਾ ੧੨੮੬) ਕੁਲਹਾ (ਟੋਪੀ) ਬੇਲਜਾ ਪਹਿਰਾਨ ਹੈ।

ਦਸਤਾਰ ਨੂੰ ਹਰ ਇਕ ਬਜ਼ੁਰਗ ਨੇ ਵਡਿਆਈ ਦਿਤੀ ਹੈ, ਪੁਰਾਣੀਆਂ ਤਸਵੀਰਾਂ ਤੇ ਲਿਖਤਾਂ ਭੀ ਇਸਦੀ ਗਵਾਹੀ ਵਿਚ ਹਨ। ਹਿੰਦੂ ਧਰਮ ਵਿਚ ਪੱਗ (ਦਸਤਾਰ) ਨੂੰ ਸੀਸ ਤੁਲਜ ਮੰਨਿਆ ਹੈ, ਪੱਗ ਨਾਲ ਅਕਸਰ ਫੇਰੇ ਘੇਰੇ ਸ਼ਾਦੀ ਵੇਲੇ ਦੀਆਂ ਲਾਵਾਂ ਦਿੰਦੇ ਭੀ ਦੇਖੇ ਹਨ ਭਾਵ ਮਨੁੱਖ ਦੀ ਜਗ੍ਹਾ ਉਸ ਦੀ ਪੱਗ ਮੰਨੀ ਹੈ। ਸਿੱਖ ਧਰਮ ਵਿਚ ਸਿਰੋਪਾਉ ਦਸਤਾਰ ਦਾ ਦੇਣਾ ਮਹਾਨ ਉੱਤਮ ਮੰਨਿਆ

ਹੈ। ਰਾਜੇ, ਮਹਾਰਾਜੇ, ਮਹੰਤ, ਸੰਤ, ਬਜ਼ੁਰਗ ਗੱਦੀ-ਨਸ਼ੀਨੀ ਵੇਲੇ ਪੱਗ ਦੇਣ ਦੀ ਰਸਮ ਅਦਾ ਕਰਦੇ ਹਨ। ਸ਼ਾਦੀ, ਗਮੀ ਵਿਚ ਪੱਗ ਦੇਣੇ ਦਾ ਆਦੀ ਤੇ ਪੱਕਾ ਬੰਧਾਨ ਹੈ। ਦਸਮੇਸ਼ ਗੁਰੂ ਜੀ ਦਾ ਐਲਾਨ ਹੈ 'ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਂਧਈ' ਇਹ ਐਲਾਨ ਮਨੁੱਸ਼ ਮਾਤਰ ਲਈ ਸਾਂਝਾ ਹੈ। ਹਿੰਦੁਸਤਾਨ ਵਿਚ ਟੋਪੀ ਦਾ ਰਿਵਾਜ ਥੋੜੇ ਸਮੇਂ ਤੋਂ ਆਇਆ ਹੈ, ਕਿਸੇ ਭੀ ਗ੍ਰੰਥ ਵਿੱਚ ਇਸ ਦੀ ਪ੍ਰੋੜ੍ਹਤਾ ਨਹੀਂ ਮਿਲਦੀ। ਪੰਜਾਬੀ ਕਹਾਵਤ ਹੈ—'ਪੱਗ ਦੀ ਲਾਜ ਰੱਖਣੀ' ਮੇਰੀ ਪੱਗ ਨਾ ਉਤਾਰੀਂ, ਜੇ ਕੋਈ ਕਿਸੇ ਦੇ ਚਰਨਾਂ ਪਰ ਪੱਗ ਧਰ ਦੇਵੇ ਮਾਨੋ ਉਸ ਨੇ ਆਪਣਾ ਸੀਸ ਉਤਾਰ ਕੇ ਅੱਗੇ ਧਰ ਦਿਤਾ ਹੈ। ਦਸਤਾਰ ਦਾ ਪਹਿਰਾਵਾ ਕੇਵਲ ਮਨੁੱਖਾਂ ਲਈ ਹੀ ਨਹੀਂ ਹੈ, ਬਲਕਿ ਮਨੁੱਸ਼ ਮਾਤ੍ਰ (ਇਸਤ੍ਰੀਆਂ ਮਰਦਾਂ) ਵਾਸਤੇ ਹੈ। ਸ੍ਰੀ ਗੁਰੂ ਦਸਮੇਸ਼ ਜੀ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਜਦੋਂ ਮਾਈ ਭਾਗੋ ਨੂੰ ਆਪਣੇ ਹਸਤ ਕੰਵਲਾਂ ਨਾਲ ਅੰਮ੍ਰਿਤ ਛਕਾ ਕੇ ਭਾਗ ਕੌਰ ਸਜਾਇਆ ਸੀ ਉਸ ਵੇਲੇ ਦਾ ਪ੍ਰਸੰਗ ਸੂਰਜ ਪ੍ਰਕਾਸ਼ ਵਿਖੇ ਜੋ ਲਿਖਿਆ ਹੈ, ਉਸ ਵਿਚ ਸਾਫ ਦਰਜ ਹੈ, "ਤਊ ਸੰਗ ਤੁਮ ਰਹਿਤ ਹਮਾਰੇ ॥ **ਪਹਿਰ ਕਾਛ ਲਗ ਸਿਰ ਦਸਤਾਰੇ ॥**" ਸਾਫ ਹੈ ਕਿ ਆਪ ਨੇ ਮਾਈ ਨੂੰ ਦਸਤਾਰ ਸਜੌਂਣੇ ਦਾ ਹੁਕਮ ਦਿਤਾ।

ਗੁਰਬਾਣੀ ਵਿਚ ਦਸਤਾਰ ਦੀ ਉਪਮਾਂ ਦਾ ਕਾਫੀ ਜ਼ਿਕਰ ਹੈ, ਜੈਸਾ ਕਿ—ਮੈ ਗੁਰ ਮਿਲਿ ਉਚ ਦੁਮਾਲੜਾ (ਦਸਤਾਰ) ॥' (ਪੰਨਾ ੭੪)। 'ਖੂਬੁ ਤੇਰੀ ਪਗਰੀ (ਪਗ, ਦਸਤਾਰ) ਮੀਠੇ ਤੇਰੇ ਬੋਲ ॥' (ਨਾਮਦੇਵ, ਪੰਨਾ ੭੨੭) 'ਫਰੀਦਾ ਮੈ ਭੋਲਾਵਾ ਪਗ (ਦਸਤਾਰ) ਦਾ ਮਤੁ ਮੈਲੀ ਹੋਇ ਜਾਇ ॥'[1] (ਫਰੀਦ ਜੀ, ਪੰਨਾ ੧੩੭੯) 'ਟੇਢੀ ਪਾਗ ਟੇਢੇ ਚਲੇ (ਦਸਤਾਰ ਸਿੱਧੀ ਦੀ ਧਾਰਨਾ) (ਕਬੀਰ ਜੀ) ਸਿੱਖ ਧਰਮ ਵਿਚ ਕਿਸੇ ਦੀ ਦਸਤਾਰ ਉਤਾਰਨਾ ਕਸੂਰ ਵਿਚ ਸ਼ਾਮਲ ਹੈ, ਕਿਸੇ ਦੀ ਪੱਗ ਉਤਾਰਨੀ ਬੇਇੱਜ਼ਤ ਕਰਨਾ ਹੈ। ਸਿੱਟਾ ਕੀ ! ਇਸ ਪ੍ਰਕਾਰ ਦੇ ਸੈਂਕੜੇ ਸਬੂਤ ਹਨ, ਜਿਨ੍ਹਾਂ ਥੀਂ ਸਿੱਧ ਹੁੰਦਾ ਹੇ ਕਿ ਦਸਤਾਰ ਇਨਸਾਨੀ ਪਹਿਰਾਵਾ ਹੈ ਅਰ ਸਿੱਖ ਰਹਿਤ ਨਾਲ ਦਸਤਾਰ ਦਾ ਪੂਰਨ ਸਬੰਧ ਹੈ। ਕਕਾਰ ਫ਼ਿਲਾਸਫ਼ੀ ਗ੍ਰੰਥ ਵਿਚ ਇਸ ਦਾ ਇਸ਼ਾਰੇ ਮਾਤ੍ਰ ਜ਼ਿਕਰ ਇਸ ਲਈ ਕੀਤਾ ਹੈ ਕਿ ਕੇਸਾਂ ਨਾਲ ਦਸਤਾਰ ਦਾ ਸਬੰਧ ਬਹੁਤ ਹੀ ਜ਼ਿਆਦਾ ਹੈ ਯਾਂਤੇ ਕੇਸਧਾਰੀ ਮਨੁਸ਼ਾਂ ਨੂੰ ਦਸਤਾਰ ਦਾ ਪ੍ਰਚਾਰ ਭੀ ਕਰਨਾ ਚਾਹੀਦਾ ਹੈ। ਸਿੱਖ ਮਾਤ੍ਰ ਦੇ ਦਸਤਾਰ ਲਾਜ਼ਮੀ ਹੈ।

ਸਿੰਘਾਂ ਦੀ ਤਰ੍ਹਾਂ ਖਾਲਸਾ ਭੈਣਾਂ ਨੂੰ ਭੀ ਕੇਸਾਂ ਦੀ ਸੰਭਾਲ ਹਿਤ ਦਸਤਾਰ ਰਖਣੀ ਚਾਹੀਦੀ ਹੈ, ਤਾਂਕਿ ਓਹ "ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ" ਗੁਰੂ ਹੁਕਮ ਥੀਂ ਬਾਗੀ ਨਾ ਮੰਨੀਆਂ ਜਾਣ।

੧. ਫਰੀਦ ਭਗਤ ਜੀ ਸ਼ਰਈ ਸੂਫੀ ਮੁਸਲਮਾਨ ਸਨ। ਪੱਗ ਦਾ ਹਵਾਲਾ ਇਨ੍ਹਾਂ ਭੀ ਦਿਤਾ ਹੈ। ਟੋਪੀ ਨੂੰ ਭਗਤ ਜਨ ਭੀ ਨਿਰਲੱਜ ਪਹਿਰਾਵਾ ਸਮਝ ਕੇ ਦਸਤਾਰ ਪ੍ਰਚਾਰ ਦੇ ਹਾਮੀ ਸਨ।

Sri Satguru Jagjit Singh Ji eLibrary NamdhariElibrary@gmail.com

# ਦਸਵਾਂ ਭਾਗ

## ਖਾਲਸਾ ਪ੍ਰਬੋਧ

ਸਿੱਖ ਸੋ ਜੋ ਸਿੱਖੀ ਦੇ ਵਿਚ ਚਲੇ,
ਰਹੇ ਗੁਰਾਂ ਦੇ ਸਦਾ ਫ਼ੁਰਮਾਨ ਅੰਦਰ।
ਅਤੁਟ ਪੰਜਾਂ ਕੱਕਾਰਾਂ ਦੀ ਰਖੇ ਧਾਰਨ,
ਫਰਕ ਆਵੇ ਨਾ ਸਿੱਖੀ ਦੀ ਸ਼ਾਨ ਅੰਦਰ।
ਮਨ ਨੀਵਾਂ ਤੇ ਸਦਾ ਦਲੀਲ ਉਚੀ,
ਆਪਾ ਵਾਰ ਦੇ ਧਰਮ ਦੀ ਆਨ ਅੰਦਰ।
ਹਿੰਦੂ, ਮੁਸਲਮ, ਇਸਾਈ ਤੋਂ ਰਹੇ ਨਿਆਰਾ,
ਸਿੱਖ ਆਵੇ ਨਾ ਕਿਸੇ ਦੀ ਕਾਨ ਅੰਦਰ।
ਭਾਵੇਂ ਜਿਸਮ ਚੋਂ ਉਡ ਪਰਾਣ ਜਾਵਣ,
ਕੜਾ, ਕੱਛ, ਕ੍ਰਿਪਾਨ ਨੂੰ ਲਾਹਵਨਾ ਨਹੀਂ।
ਕੇਸ ਕੁਦਰਤੀ ਦਾਤ ਪ੍ਰਮਾਤਮਾ ਦੀ,
ਉਸਨੂੰ ਭੰਨ ਬੇਈਮਾਨ ਸਦਾਵਨਾ ਨਹੀਂ।

## ਢਿੱਲੜ ਪ੍ਰਬੋਧ

ਹੁਣ ਨਿਗਾ ਮਾਰ ਸਾਰ ਖਾਲਸੇ ਦੀ ਲਵੀਂ ਗੁਰੂ,
ਭਰਮਾਂ ਦੇ ਵਿਚ ਫਸੇ ਲਾਡਲੇ ਤੁਮਾਰੇ ਜੀ।
ਤੁਸੀਂ ਤੇ ਹਟਾਇਆ ਗੋਰ ਮੜ੍ਹੀ ਬੁਤ ਪੂਜਣੇ ਤੋਂ,
ਇਹ ਤੋ ਕਹਿਣ ਇਨ੍ਹਾਂ ਤਾਈਂ ਦੇਵਤੇ ਹਮਾਰੇ ਜੀ।
ਤੁਸਾਂ ਤਾਂ ਬਣਾਏ ਸੀ ਸੁਧਾਰਕ ਸੰਸਾਰ ਹੂੰ ਕੇ,
ਇਹ ਤਾਂ ਸਗੋਂ ਡੁਬ ਚਲੇ ਆਪ ਮੰਝਧਾਰੇ ਜੀ।
ਜਾਤ ਗੋਤ ਪਿਛਲੀ ਤਿਆਗੀ ਨਾ ਕਿਸੇ ਨੇ ਗੁਰੂ,
ਵਰਤਣ ਕਰੇਂਦੇ ਜੋ ਪੁਰਾਣੇ ਭਾਈਚਾਰੇ ਜੀ।
ਪੀਂਵਦੇ ਸ਼ਰਾਬ ਤੇ ਕਬਾਬ ਕੁੱਠਾ ਖਾਣ ਕਈ,
ਭੇਖੀ ਸਿੱਖ ਕਈ ਪੀਂਦੇ ਬਿਖਿਆ ਨਿਹਾਰੇ ਜੀ।

Sri Satguru Jagjit Singh Ji eLibrary NamdhariElibrary@gmail.com

ਪਾਂਚ ਤੋ ਕਕਾਰ ਸੰਗ ਰਤੀ ਨਾ ਪਿਆਰ ਰਿਹਾ,
ਵਿਦਯਾ ਪਠਨ ਲਿਆ ਪਾਪ ਮਨ ਧਾਰੇ ਜੀ ।
ਘਰਾਂ ਵਿਚ ਨਾਰਾਂ ਦਾ ਹਵਾਲ ਤੋ ਕਮਾਲ ਗੁਰੂ,
ਪਤੀ ਸਿੰਘ ਨਾਰ ਫਿਰੇ ਪੀਰਾਂ ਦੇ ਦਵਾਰੇ ਜੀ ।
ਸੀਸ ਉਤੇ ਚੂੰਡੇ ਸੱਗੀਫੁਲ ਪਾਏ ਹੇਮ ਹੂੰਕੇ,
ਕੂੜ ਸੋਨਾ ਰੂਪਾ ਆਪ ਕਿਹਾ ਸੀ ਉਚਾਰੇ ਜੀ ।
ਪਾੜ ਝੀੜ ਅੰਗ ਸੰਗ ਜੇਵਰਾਂ ਪਰੇਮ ਕੀਓ,
ਵਿਦਯਾ ਦਾ ਗਹਿਣਾ ਤਿਨਾਂ ਦਿਤੜਾ ਵਿਸਾਰੇ ਜੀ ।
ਮਾਤਾ ਤੋ ਅਬੋਧ ਬੋਧ ਬੱਚਿਆਂ ਨੂੰ ਆਵੇ ਕਿਥੋਂ,
ਵਿਦਯਾ ਬਗੈਰ ਹੋਣੀ ਸੋਧ ਨਾ ਸੰਸਾਰੇ ਜੀ ।

# ਅੰਮ੍ਰਿਤ ਤੇ ਰਹਿਤ

ਜਿਸ ਅੰਮ੍ਰਿਤ ਦੇ ਤਾਈਂ ਲੋਕੋ ਸੁਰ ਨਰ ਮੁਨ ਜਨ ਟੋਲਣ ।
ਟੋਲਣ ਐਪਰ ਹੱਥ ਨ ਆਵੇ ਵਾਧੂ ਨੀਰ ਵਿਰੋਲਣ ।
ਓਹੀ ਅੰਮ੍ਰਿਤ ਸਿੱਖਾਂ ਨੇ ਸ੍ਰੀ ਕਲਗੀਧਰ ਤੋਂ ਲੀਤਾ ।
ਲੀਤਾ ਸੀ ਪਿਛੋਂ ਪਰ ਪਹਿਲਾਂ ਸੀਸ ਭੇਟ ਸੀ ਕੀਤਾ ।
ਜਿਸਨੂੰ ਛਕਣੇ ਵਾਲੇ ਦੀ ਹੈ ਪਲਟ ਜਾਂਵਦੀ ਕਾਇਆ ।
ਜਿਵੇਂ ਕੱਪੜਾ ਹੋਇ ਉੱਜਲਾ ਸਾਬਣ ਖੂਬ ਲਗਾਇਆਂ ।
ਕਰੇ ਪਵਿਤ੍ਰ ਪਤਤਾਂ ਤਾਈਂ ਮੈਲ ਸ਼ਰੀਰੋਂ ਧੋ ਕੇ ।
ਕਾਗਾਂ ਨੂੰ ਇਹ ਹੰਸ ਬਣਾਵੇ ਕਾਲਖ ਸਾਰੀ ਖੋ ਕੇ ।
ਜ਼ਾਤ ਪਾਤ ਦੇ ਝਗੜੇ ਝੇੜੇ ਔਣ ਨ ਦੇਵੇ ਨੇੜੇ ।
ਏਕ ਪਿਤਾ ਦੇ ਪੁੱਤ ਬਣਾ ਕੇ ਟੰਟੇ ਕੁਲ ਨਿਬੇੜੇ ।
ਮੰਦੇ ਕਰਮ ਜਗਤ ਦੇ ਜਿੰਨੇ ਸਾਰੇ ਹੀ ਛਡਵਾ ਕੇ ।
ਜਨਮ ਮਰਨ ਥੀਂ ਮੁਕਤ ਕਰੌਂਦਾ ਨਾਮ ਅਕਾਲ ਜਪਾ ਕੇ ।
ਜਿਸ ਅੰਮ੍ਰਿਤ ਦੇ ਛਕਣੇ ਕਰਕੇ ਕਾਇਰਤਾ ਸਭ ਨੱਸੇ ।
ਪਰਉਪਕਾਰ, ਧਰਮ, ਨਿਰਭੈਤਾ ਆਣ ਰਿਦੇ ਵਿਚ ਵੱਸੇ ।
ਜਿਸਨੂੰ ਛਕਣੇ ਵਾਲਾ ਹਰ ਕੋਈ ਸੂਰਬੀਰ ਬਣ ਜਾਵੇ ।
ਸਵਾ ਲਾਖ ਸੇ ਲੜੇ ਇਕੱਲਾ ਇਤਨਾ ਬਲ ਉਪਜਾਵੇ ।
ਏਸੇ ਅੰਮ੍ਰਿਤ ਦੀ ਸੀ ਬਰਕਤ ਸ੍ਰੀ ਚਮਕੌਰ ਮਝਾਰੇ ।

Sri Satguru Jagjit Singh Ji eLibrary NamdhariElibrary@gmail.com

ਦਸ ਲੱਖ ਤੁਰਕਾਂ ਨਾਲ ਲੜੇ ਸਨ ਚਾਲੀ ਸਿੰਘ ਪਿਆਰੇ।
ਏਸੇ ਅੰਮ੍ਰਿਤ ਦੇ ਬਲ ਦੁਵਾਰਾ ਸਿੰਘ ਮਹਿਤਾਬ ਬਹਾਦਰ।
'ਸ੍ਰੀ ਹਰਿਮੰਦਰ ਸਾਹਿਬ' ਜੀ ਦਾ ਕੀਤਾ ਦੂਰ ਅਨਾਦਰ।
ਏਸੇ ਅੰਮ੍ਰਿਤ ਦਾ ਬਲ ਪਾ ਕੇ ਮਾਧੋ ਦਾਸ ਵਿਰਾਗੀ।
ਸ਼ੇਰ [1]ਦਲੇਰ ਮਰਦ ਬਣ ਬੈਠਾ ਕਾਇਰਤਾ ਸਭ ਤਿਆਗੀ।
ਜ਼ਾਲਮ ਜ਼ੁਲਮ ਕਮਾਵਣ ਵਾਲੇ ਮਾਰੇ ਜਿਨ ਚੁਣ ਚੁਣ ਕੇ।
ਥਰ ਥਰ ਤੁਰਕ ਕੰਬਦੇ ਸੀ ਸਭ ਨਾਮ ਓਸਦਾ ਸੁਣ ਕੇ।
ਵਡੇ ਵਡੇ ਆਕੜਖਾਨਾਂ ਕੋਲੋਂ ਈਨ ਮਨਾਈ।
ਸੀ ਇਹ ਸਾਰੀ ਵਿਚ ਓਸਦੇ ਅੰਮ੍ਰਿਤ ਦੀ ਵਡਿਆਈ।
ਦੁਖ ਸੁਖ ਦੀ ਪਰਵਾਹ ਨਾ ਕਰਦਾ ਜੋ ਹੈ ਅੰਮ੍ਰਿਤਧਾਰੀ।
ਭਾਵੇਂ ਕਿੱਡੀ ਆਣ ਸੀਸ ਤੇ ਪਵੇ ਮੁਸੀਬਤ ਭਾਰੀ।
ਭਾਈ ਮਨੀ ਸਿੰਘ ਜੀ ਨੇ ਸੀ ਬੰਦ ਬੰਦ ਕਟਵਾਏ।
ਏਸੇ ਅੰਮ੍ਰਿਤ ਦੀ ਸ਼ਕਤੀ ਸੇ ਮੂਲ ਨਾ ਸੀ ਘਬਰਾਏ।
ਏਸੇ ਅੰਮ੍ਰਿਤ ਦਾ ਬਲ ਪਾ ਕੇ ਸਿੰਘਣੀਆਂ ਨੇ ਪਿਆਰੇ।
ਵਿਚ ਲਾਹੌਰ ਕਿਲ੍ਹੇ ਦੇ ਸੀਗੇ ਡਾਢੇ ਕਸ਼ਟ ਸਹਾਰੇ।
ਮਾਈ [2]ਭਾਗੋ ਦੇ ਜੇਹੀਆਂ ਸਨ ਵਿਚ ਪੰਥ ਦੇ ਮਾਈਆਂ।
ਏਸੇ ਅੰਮ੍ਰਿਤ ਦੇ ਬਲ ਦੁਾਰਾ ਸੂਰਬੀਰ ਕਹਿਲਾਈਆਂ।
ਘਰ ਬਾਰਾਂ ਨੂੰ ਤਜ ਕੇ ਸੀ ਜਦ ਸਿੰਘ ਜੰਗਲੀ ਰਹਿੰਦੇ।
ਪਾਲਾ ਕੱਕਰ ਨ੍ਹੇਰੀ ਬਾਰਸ਼ ਸਭ ਕੁਝ ਸਿਰ ਤੇ ਸਹਿੰਦੇ।
ਘਰ ਦੇ ਸੁੱਖਾਂ ਨੂੰ ਕਰ ਚੇਤੇ ਨਾ ਸੀ ਚਿਤ ਡੁਲਾਂਦੇ।
'ਤੇਰਾ ਭਾਣਾ ਮੀਠਾ ਲਾਗੇ' ਸ਼ਬਦ ਮੁਖੋਂ ਇਹ ਗਾਂਦੇ।
ਭੁਖੇ ਪਿਆਸੇ ਵਕਤ ਗੁਜ਼ਾਰਨ ਝੱਲਣ ਕਸ਼ਟ ਹਜ਼ਾਰਾਂ।
ਵਿਚ ਬਣਾਂ ਦੇ ਰਹਿੰਦੇ ਸਨ ਜਿਉਂ ਹਰਨਾਂ ਸੰਦੀਆਂ ਡਾਰਾਂ।
ਪਰ ਹਤਿਆਰੇ ਜ਼ਾਲਮ ਫਿਰ ਵੀ ਆ ਕੇ ਜਦੋਂ ਸਤਾਂਦੇ।
ਜਾਨਾਂ ਤੋੜ ਲੜਨ ਸਿੰਘ ਸੂਰੇ ਵਖਤ ਉਨ੍ਹਾਂ ਨੂੰ ਪਾਂਦੇ।
ਇਕ ਧਿਰ ਸੀ ਦੁਨੀਆਂ ਦੀ ਤਾਕਤ ਫੌਜਾਂ, ਹਾਥੀ, ਘੋੜੇ।
ਇਕ ਧਿਰ ਸੀਗੇ ਅੰਮ੍ਰਿਤਧਾਰੀ ਗਿਣਤੀ ਦੇ ਸਿੰਘ ਥੋੜ੍ਹੇ।
ਥੱਕੇ ਜ਼ੋਰ ਲਗਾ ਕੇ ਸਾਰਾ ਪੇਸ਼ ਗਈ ਨਾ ਕੋਈ।

੧. ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦਰ।
੨. ਮਾਤਾ ਭਾਗ ਕੌਰ ਜਿਸਨੇ ਬੇਮੁਖਾਂ ਨੂੰ ਗੁਰੂ ਨਾਲ ਜੋੜਿਆ।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਧਾਰੀ ਸਿੰਘਾਂ ਦੀ ਹੀ ਫਤਹ ਅੰਤ ਨੂੰ ਹੋਈ।
ਵਡੇ ਵਡੇ ਨਾਲ ਜ਼ਾਲਮਾਂ ਜੋੜ ਬੈਠਦੇ ਮੱਥਾ।
ਅੰਮ੍ਰਿਤਧਾਰੀ ਸਿੰਘਾਂ ਦੇ ਵਿਚ ਹੈ ਇਤਨੀ ਸਮਰੱਥਾ।
ਹੁਣ ਵੀ ਏਸ ਸਮੇਂ ਵਿਚ ਸਿੰਘਾਂ ਜੋ ਕੁਰਬਾਨੀ ਕੀਤੀ।
ਅੱਖੀਂ ਦੇਖ ਲਈ ਹੈ ਸਭ ਨੇ ਜੋ ਕੁਝ ਗੁਜ਼ਰੀ ਬੀਤੀ।
ਬਹੁਤ ਤਦਾਦ ਵਾਲੀਆਂ ਕੌਮਾਂ ਹੋਰ ਦੂਜੀਆਂ ਜੋਈ।
ਥੋਹੜੇ ਜਹੇ ਸਿੰਘਾਂ ਦੀ ਨਾ ਰੀਸ ਕਿਸੇ ਤੋਂ ਹੋਈ।
ਕਾਰਨ ਇਹ ਕਿ ਅੰਮ੍ਰਿਤ-ਧਾਰੀ ਮਰਨੇ ਤੋਂ ਨਾ ਡਰਦੇ।
ਪਰਉਪਕਾਰ, ਦੇਸ਼ ਸੇਵਾ ਹਿਤ ਨਾਲ ਖੁਸ਼ੀ ਦੇ ਮਰਦੇ।
ਜ਼ਾਲਮ ਫੜ ਲੈ ਚੱਲੇ ਸੀ ਜਦ ਹਿੰਦ ਦੇਸ਼ ਦੀਆਂ ਧੀਆਂ।
ਅੰਮ੍ਰਿਤਧਾਰੀ ਸਿੰਘਾਂ ਬਿਨ ਨਾ ਪਿਆ ਕਿਸੇ ਦਾ ਹੀਆ।
ਜ਼ੁਲਮ ਸ਼ਿਕੰਜੇ ਦੇ ਮੂੰਹ ਆਏ ਸੀ ਜਦ ਭਾਰਤਵਾਸੀ।
ਅੰਮ੍ਰਿਤਧਾਰੀ ਸਿੰਘਾਂ ਹੀ ਸੀ ਕੀਤੀ ਤਦੋਂ ਖਲਾਸੀ।
ਓਸੇ ਅੰਮ੍ਰਿਤਧਾਰੀ ਨੂੰ ਅਜ ਗੈਰ ਜ਼ਰੂਰੀ ਤੱਕਣ।
ਸਹੁੰ ਦੀ ਸਿੱਖੀ ਦੇ ਪਰਚਾਰਕ ਨਾਲ ਟਿਚਕਰਾਂ ਹੱਸਣ।
ਪੰਜ ਕਕਾਰਾਂ ਤਾਈਂ ਵੀ ਇਹ ਵਾਧੂ ਹੀ ਜਤਲਾਵਣ।
ਫੌਜੀ ਵਰਦੀ ਆਖ ਆਖ ਕੇ ਡਾਢਾ ਰੌਲਾ ਪਾਵਣ।
ਬੱਜਰ ਚਾਰੇ ਕੁਰਹਿਤਾਂ ਨੂੰ ਵੀ ਬੁਰੀਆਂ ਆਖਣ ਨਾਹੀਂ।
ਸਿਗਰਟ ਨੋਸ਼ ਮੋਨਿਆਂ ਦੇ ਸੰਗ ਇਕੋ ਬਾਟੇ ਖਾਹੀਂ।
ਕਲਗੀਧਰ ਦੀ ਰਹਿਤ ਪਿਆਰੀ ਸਾਰੀ ਮਨੋਂ ਵਿਸਾਰੀ।
ਅਹੋ ! ਪੱਛਮੀਂ ਵਿਦਿਆ ਨੇ ਹੈ ਮੱਤ ਇਨ੍ਹਾਂ ਦੀ ਮਾਰੀ।
ਅੰਮ੍ਰਿਤ ਵੇਲੇ ਉੱਠਣ ਨੂੰ ਇਹ ਦੱਸਣ ਬੇ-ਆਰਾਮੀ।
ਅਰ ਇਸ਼ਨਾਨ ਇਨ੍ਹਾਂ ਨੂੰ ਦਿੰਦਾ ਮੌਤ ਦਿਖਾਈ ਸਾਮੀ।
ਤੜਕੇ ਨ੍ਹਾਵਣ ਨਾਲ ਆਖਦੇ ਹੋ ਨਮੂਨੀਆਂ ਜਾਵੇ।
ਇਸ ਵੇਲੇ ਦਾ ਨ੍ਹਾਂਵਣ ਭਾਈ ਸਾਨੂੰ ਮੂਲ ਨਾ ਭਾਵੇ।
ਨਾਮ-ਅਭਿਆਸ ਕਰਨ ਤੋਂ ਕਹਿੰਦੇ ਗੁੱਸਾ ਰੱਬ ਮਨਾਂਦਾ।
ਨਿਤ-ਨੇਮ ਦੀ ਬਾਣੀ ਤੇ ਵੀ ਸਮਾਂ ਅਜਾਈਂ ਜਾਂਦਾ।
ਏਹੋ ਜੇਹੀਆਂ ਮਨ ਤੋਂ ਘੜ ਕੇ ਫੋਕੀਆਂ ਦੇਣ ਦਲੀਲਾਂ।
ਅੰਮ੍ਰਿਤਧਾਰੀ ਸਿੰਘਾਂ ਦੇ ਸੰਗ ਝਗੜਨ ਵਾਂਗ ਵਕੀਲਾਂ।
ਜਿਨ੍ਹਾਂ ਪਿਆਰੇ ਕੇਸਾਂ ਖਾਤਰ ਤਾਰੂ ਸਿੰਘ ਪਿਆਰੇ।

Sri Satguru Jagjit Singh Ji eLibrary NamdhariElibrary@gmail.com

ਜਿਊਂਦੇ ਸਿਰੋਂ ਲੁਹਾਈ ਖੋਪਰੀ ਡਾਢੇ ਕਸ਼ਟ ਸਹਾਰੇ।
ਭਾਈ ਸੁੱਖਾ ਸਿੰਘ ਜੀ ਨੇ ਸੀ ਛਾਲ ਖੂਹ ਵਿਚ ਮਾਰੀ।
ਪਿਆਰੇ ਕੇਸਾਂ ਨਾਲੋਂ ਸੀ ਨਾ ਕੀਤੀ ਜਾਨ ਪਿਆਰੀ।
ਓਨ੍ਹਾਂ ਕੇਸਾਂ ਨੂੰ ਅੱਜ ਕਿਤਨੇ ਬੁਰਾ ਭਲਾ ਹਨ ਕਹਿੰਦੇ।
ਇੰਗਲਿਸ਼-ਫੈਸ਼ਨ ਦੇ ਬਣ ਚੇਲੇ ਘੋਨ-ਮੋਨ ਹੋ ਬਹਿੰਦੇ।
ਹਾਇ ! ਦਿਮਾਗ ਇਨ੍ਹਾਂ ਦੇ ਅੰਦਰ ਖਬਰੇ ਕੀ ਸਮਾਇਆ ?
ਅਸਲ ਸਿੱਖੀ ਮਰਯਾਦਾ ਤਾਈਂ ਮੂਲੋਂ ਚਾਹੁਣ ਉਡਾਇਆ।
'ਕਲਗੀਧਰ ਦਸਮੇਸ਼' ਪਿਤਾ ਸੁਮੱਤ ਇਨ੍ਹਾਂ ਨੂੰ ਬਖਸ਼ਣ।
ਜੀਵਨ 'ਸਫਲ' ਬਨਾਵਣ ਅਪਣਾ ਧਾਰਨ ਸਿੱਖੀ ਲਖਸ਼ਣ।

# ਰਹਿਤ ਬਹਿਤ

ਭਾਰਤ ਦੇ ਬੂਹੇ ਅੱਗੇ ਸਫਾ ਵਾਂਗੂੰ ਵਿਛੀ ਹੋਈ ਸੀ,
ਜਿਹੜਾ ਆਇਆ ਓਸੇ ਨੇ ਪੰਜਾਬ ਨੂੰ ਹੀ ਰਾਨਿਆਂ।
ਯੂਨਾਨੀਆਂ, ਤਤਾਰੀਆਂ, ਈਰਾਨੀਆਂ, ਕੰਧਾਰੀਆਂ ਨੇ,
ਏਸੇ ਨੂੰ ਹੀ ਲੁੱਟ ਦਾ ਮੈਦਾਨ ਹੈਸੀ ਠਾਨਿਆਂ।
ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ ਸੀ,
ਊਧਮ ਮਚਾਇਆ ਹੋਇਆਂ ਹੈ ਸੀ ਜਰਵਾਨਿਆਂ।
ਪਾਣੀ ਕੋਲੋਂ ਪਤਲੀ ਤੇ ਕੱਖੋਂ ਹੌਲੀ ਹੋਈ ਹੋਈ,
ਕਿਸੇ ਨੇ ਪੰਜਾਬ ਦਾ ਨਾ ਰੋਗ ਜਾਂ ਪਛਾਨਿਆਂ ॥੧॥
ਕਲਗੀਆਂ ਕਟਾਰਾਂ ਵਾਲਾ ਖੰਡਿਆਂ ਦੋ-ਧਾਰਾਂ ਵਾਲਾ,
ਰੂਪ ਧਾਰ ਦੇਸ਼ ਆਇਆ ਤਦੋਂ ਬਲਵਾਨੜਾ।
ਰੁੜ੍ਹੇ ਜਾਂਦੇ ਦੇਸ ਨੂੰ ਕਲੇਸ਼ ਵਿੱਚੋਂ ਕੱਢ ਲੀਤਾ,
ਵੇਸ਼ ਲੈ ਅਜੀਬ ਮਿਰਗੇਸ਼ ਮਰਦਾਨੜਾ।
ਬੱਕਰੀ ਤੋਂ ਬਾਘ ਅਤੇ ਚਿੜੀ ਤੋਂ ਤੁੜਾਏ ਬਾਜ,
ਸਵਾ ਲੱਖ ਨਾਲ ਇੱਕ ਜੋੜ ਪਹਿਲਵਾਨੜਾ।
ਮੁਰਦਿਆਂ ਦੀ ਖਾਕ ਵਿਚੋਂ ਜ਼ਿੰਦੜੀ ਦੀ ਲੋ ਉਠੀ,
ਤੱਕੜੀ ਦੀ ਡੰਡੀ ਹੋਈ ਜੰਗ ਦਾ ਕਮਾਨੜਾ ॥੨॥
ਓਸ ਦੀ ਅਵਾਜ਼ ਵਿਚ ਹੈਸੀ ਪਰ ਰਾਜ਼ ਕੋਈ,
ਨਵੇਂ ਸੀ ਇਸ਼ਾਰੇ ਅਤੇ ਰਮਜ਼ਾਂ ਨਿਰਾਲੀਆਂ।

Sri Satguru Jagjit Singh Ji eLibrary NamdhariElibrary@gmail.com

ਪਰ ਪਰਮਾਤਮਾਂ ਤੇ ਰਵ੍ਹੇ ਸੋ ਪ੍ਰੀਤ ਚੰਗੀ,
ਵਿਸਰੇ ਪਿਆਰਾ ਜਿੱਥੋਂ ਰੀਤਾਂ ਸਭੇ ਜਾਲੀਆਂ।
ਰਹਿਤ ਵਿਸਾਰ ਕੇ ਤੇ ਸਿਖ ਨੂੰ ਪਿਆਰਿਆ ਨਾ,
ਲਾਇਆ ਭਾਵੇਂ ਬਾਗ ਖ਼ੂਨ ਡੋਲ੍ਹ ਵਾਂਗ ਮਾਲੀਆਂ।
ਇਕ ਮਰਯਾਦਾ, ਰਹਿਤ, ਪ੍ਰੇਮ ਦੇ ਅਸੂਲ ਉੱਤੇ,
ਪ੍ਰੇਮ ਦੀ ਉਸਾਰੀ ਲਾ ਮੁਸ਼ੱਕਤਾਂ ਸੋ ਘਾਲੀਆਂ ॥੩॥
ਸਿਖੀ ਦੇ ਸ਼ਿੰਗਾਰ ਦੇ ਸਵਾਰੇ ਹੋਏ ਹਾਰ ਵਿੱਚ,
ਰਹਿਤ ਹੀ ਅਟੱਲ ਤੇ ਅਟੁਟ ਇਕ ਲੜੀ ਜੇ।
ਏਸੇ ਦੀ ਹੀ ਜਾਨ ਤੋਂ ਹੈ ਜੀਂਵਦਾ ਜਹਾਨ ਸਾਰਾ,
ਸਿੱਖੀ ਦੀ ਉਸਾਰੀ ਸਾਰੀ ਏਸੇ ਉਤੇ ਖੜੀ ਜੇ।
ਮਤਾਂ ਔਹ ਸੁਰਾਬ ਤਕ ਆਬ ਇਹਦੀ ਭੁੱਲ ਜਾਵੇ,
ਏਸ ਦੇ ਭੁਲਾਨ ਤੇ ਜਹਾਨ ਸਾਰਾ ਪੜੀ ਜੇ।
ਉੱਠੋ ! ਕਿਉਂਕਿ ਜ਼ਿੰਦਗੀ ਦੀ ਏਸ ਦੌੜ ਭੱਜ ਵਿਚ,
ਰਹਿਤ ਦੀ ਜੇ ਇਕ ਚੀਜ਼ ਇਹਦੀ ਲੋੜ ਬੜੀ ਜੇ ॥੪॥

Sri Satguru Jagjit Singh Ji eLibrary NamdhariElibrary@gmail.com

# ਅੰਤਿਕਾ

ਗੁਰੂ ਸਾਹਿਬਾਨ ਨੇ ਖਾਲਸਾ ਜੀ ਨੂੰ ਅਕਾਲ ਪੁਰਖ ਦੀ ਮੂਰਤਿ ਫੁਰਮਾਯਾ ਹੈ— 'ਅਕਾਲ ਪੁਰਖ ਮੂਰਤ ਇਹ ॥ ਪ੍ਰਗਟਿਓ ਆਪ ਖਾਲਸਾ ਦੇਹ ॥' ਅਰਥਾਤ ਸੰਸਾਰ ਵਿਚ ਪੂਰਨ ਪੁਰਖ (ਪਰਮ ਮਨੁੱਖ) ਖਾਲਸਾ ਹੈ। ਹਿੰਦੂਆਂ ਦੇ ਮੋਢੀ ਦੇਵਤੇ ਬ੍ਰਹਮਾਂ, ਬਿਸ਼ਨ, ਮਹੇਸ਼ ਜਟਾਜੂਟ ਸਨ, ਪਰ ਉਨ੍ਹਾਂ ਦੇ ਉਪਾਸ਼ਕ, ਘੋਨ ਮੋਨ ਹੋ ਗਏ ਹਨ, ਉਨ੍ਹਾਂ ਦੀ ਸ਼ਕਲ ਦੇ ਵਿਰੋਧੀ ਹਨ। ਕਤੇਬੀ ਮਤ ਦੇ ਬਜ਼ੁਰਗ ਬਾਬਾ ਆਦਮ, ਹਜ਼ਰਤ ਨੂਹ, ਇਬਰਾਹੀਮ, ਮੂਸਾ, ਦਾਊਦ, ਸੁਲੇਮਾਨ, ਤਸਬੇਲੀਆ, ਅਸਮਾਈਲ, ਮੁਹੰਮਦ, ਯਾਕੂਬ ਆਦਿਕ ਸਭ ਜਟਾਜੂਟ ਸਨ, ਪਰ ਇਨ੍ਹਾਂ ਦੇ ਸ਼ਰਧਾਲੂਆਂ ਵਿਖੇ ਕੇਸਾਂ ਥੀਂ ਵਿਰੁਧ ਪ੍ਰਚਾਰ ਘਰ ਕਰ ਰਿਹਾ ਹੈ। ਹਿੰਦੂਆਂ ਦੇ ਅਥਰਵਣ ਵੇਦ ਦੇ ਕਾਂਡ ੬, ਸੂਤਰ ੬੮ ਵਿਚੋਂ ਤੀਜੇ ਮੰਤ੍ਰ ਉਲਟੇ ਅਰਥ ਕਰਕੇ ਸਾਧੂ ਦਿਆਨੰਦ ਨੇ ਸਤਯਾਰਥ ਪ੍ਰਕਾਸ਼ ਵਿਚ ਇਸਨੂੰ ਮੁੰਡਨ ਸੰਸਕਾਰ ਲਿਖ ਦਿਤਾ ਹੈ, ਹਾਲਾਂਕਿ ਪੰਡਿਤ ਸਵਿਤਾ ਦੇਵ ਦੀ ਇਹ ਸਜ਼ਾ ਦਾ ਪ੍ਰਸੰਗ ਹੈ, ਇਹ ਸਭ ਕੁਛ ਕਲਜੁਗ ਦਾ ਪ੍ਰਭਾਵ ਹੈ। ਗੁਰੂ ਸਾਹਿਬ ਨੇ 'ਸਾਬਤ ਸੂਰਤ ਦਸਤਾਰ ਸਿਰਾ' ਅਨੁਸਾਰ ਮਨੁੱਖ ਦੀ ਅਸਲ ਸ਼ਕਲ ਕਾਇਮ ਕੀਤੀ ਹੈ, ਹਿੰਦੂ ਲੋਕ ਦੇਵੀ ਦੇ ਹੱਥ ਵਿਚ ਤਲਵਾਰ ਦਖੌਂਦੇ ਹਨ, ਸ਼ਿਵਜੀ ਦੇ ਹੱਥ ਵਿਚ ਕੜਾ, ਮੁਖੀ ਦੇਵਾਂ ਪਾਸ ਧਨਸ਼ (ਤੀਰ ਕਮਾਨ) ਆਦਿ, ਪਰੰਤੂ ਆਪਣੇ ਹੱਥਾਂ ਵਿਚ ਹੁੱਕੇ ਨੜੀ ਜਾਂ ਚੁਰਟ ਵੱਡਾ ਹਥਿਆਰ ਦਰਸਾ ਰਹੇ ਹਨ। ਗੁਰੂ ਸਾਹਿਬਾਂ ਨੇ ਖਾਲਸੇ ਨੂੰ ਸ਼ਸਤ੍ਰਧਾਰੀ ਬਣਾ ਕੇ ਪੂਰਨ ਮਨੁੱਖ ਦੀ ਰਹਿਤ ਦਿਤੀ ਤੇ ਹੁਕਮ ਕੀਤਾ—'ਰਹਿਤ ਪਿਆਰੀ ਮੋਹਿ ਕਉ ਸਿਖ ਪਿਆਰੋ ਨਾਹਿ' ਚੰਮ ਨਾਲ ਪਿਆਰ ਨਹੀਂ ਬਲਕਿ ਰਹਿਤ ਨੂੰ ਹੀ ਪ੍ਰਧਾਨ ਰਖਿਆ ਅਤੇ ਇਸ ਪਰਮ ਮਨੁੱਖ ਖਾਲਸੇ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਸਿੱਧ ਕੀਤਾ।

ਇਸੇ ਕਰਕੇ 'ਰਹਿਤਹੀਣ' ਸਿੱਖ ਖਾਲਸਾ ਪਦਵੀ ਥੀਂ ਗਿਰ ਜਾਂਦਾ ਹੈ ਅਤੇ ਪੰਜ ਬੱਜਰ ਕੁਰਹਿਤਾਂ ਵਿਚੋਂ ਕਿਸੇ ਇਕ ਦੇ ਕਰਨ ਨਾਲ ਸਿੱਖ ਧਰਮ ਥੀਂ ਪਤਿਤ ਹੋ ਜਾਂਦਾ ਹੈ। ਅਸਲ ਵਿਚ ਰਹਿਤਵਾਨ ਸਿੱਖ ਹੀ ਪਰਮ ਮਨੁੱਖ ਹੈ, ਅਨਮਤ ਸ਼ਕਲਾਂ ਅਤੇ ਰਹਿਤਾਂ ਮਨੁੱਖੀ ਕ੍ਰਿਤ ਹੋਣੇ ਕਰਕੇ ਪਰਮ ਮਨੁੱਖ ਪਦਵੀ ਦੇ ਅਧਿਕਾਰੀ ਨਹੀਂ ਹਨ। 'ਰਹਿਤਵਾਨ ਜਗ ਸਿੰਘ ਜੁ ਕੋਈ। ਗੁਰ ਕੇ ਲੋਗ ਬਸੇਂਗੇ ਤੋਈ। ਰਹਿਨੀ ਰਹੈ ਸੋਈ ਸਿੰਘ ਮੇਰਾ। ਓਹ ਸਾਹਿਬ ਮੈਂ ਉਸਕਾ ਚੇਰਾ। ਰਹਿਤ ਬਿਨਾਂ ਨਹਿ ਸਿੰਘ ਕਹਾਵੈ ॥ ਰਹਿਤ ਬਿਨਾਂ ਦਰ ਚੋਟਾਂ ਖਾਵੈ ॥ ਰਹਿਤ ਬਿਨਾਂ ਜਗ ਮੇ ਭਰਮਾਈ ॥ ਰਹਿਤ ਬਿਨਾਂ ਨਰ ਨਰਕੇ ਜਾਈ। ਰਹਿਤ ਬਿਨਾਂ ਤਨਖਾਹੀ ਜਾਨੋ ॥ ਰਹਿਤ ਬਿਨਾਂ

Sri Satguru Jagjit Singh Ji eLibrary NamdhariElibrary@gmail.com

ਜੜ ਭੂਤ ਬਕਾਨੋ । ਰਹਿਤ ਬਿਨਾਂ ਸੁਖ ਕਬਹੂੰ ਨ ਲਹੈ ॥ ਤਾਂਤੇ ਰਹਿਤ ਸੁ ਦ੍ਰਿੜ ਕਰ ਗਹੈ ॥ *(ਖਾ: ਰ: ਨਾ: ਪਾਤਸ਼ਾਹੀ ੧੦)*

ਸ੍ਰੀ ਰਾਮ ਚੰਦਰ ਜੀ ਨੇ ਆਪਣੇ ਪਰਮ ਸੇਵਕ ਹਨੂੰਮਾਨ ਨੂੰ ਕਛੂਆ ਸਿਰੋਪਾਉ ਦਿਤਾ ਪਰ ਹਿੰਦੂਆਂ ਨੇ ਧੋਤੀ ਨੂੰ ਧਾਰਮਕ ਚਿੰਨ੍ਹ ਮੰਨਿਆਂ ਹੈ, ਗੁਰੂ ਸਾਹਿਬਾਨ ਨੇ ਖਾਲਸਾ ਜੀ ਨੂੰ ਕਛਹਿਰਾ ਬਖਸ਼ਿਆ, ਜੋ ਸਿੱਖ ਮਾਤ੍ਰ ਦੀ ਧਾਰਨਾ ਹੈ ਕਛਹਿਰਾ ਨਾ ਪਹਿਰਨ ਵਾਲਾ ਖਾਲਸਾ ਪਦਵੀ ਦਾ ਅਧਿਕਾਰੀ ਨਹੀਂ ਹੈ । ਗੁਰੂ ਸਾਹਿਬਾਨ ਨੇ ਹੁਕਮ ਕੀਤਾ ਕਿ ਖਾਲਸਾ ਪੂਰਨ ਮਾਨੁਖ ਹੈ ਅਤੇ ਇਹ ਅਨਮਤੀਆਂ ਥੀਂ ਨਿਆਰਾ ਰਹੇ । "ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥ ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪਰਤੀਤ ॥" ਅਨਮਤੀਆਂ ਤੇ ਬੱਜਰ ਕੁਰਹਿਤੀਆਂ ਦੀ ਜੂਠ ਖਾਣ ਵਾਲਾ ਸਿੱਖ ਪਤਿਤ ਹੈ ਅਤੇ ਦੋਬਾਰਾ ਅੰਮ੍ਰਿਤ ਛਕਣ ਦਾ ਭਾਗੀ ਹੈ । "ਰਹਿਤਵਾਨ ਖਾਲਸਾ ਸੋਈ ॥ ਛਕੇ ਪਰਸਪਰ ਸ਼ੰਕ ਨ ਕੋਈ ॥ ਅੰਨ ਵਰਨ ਮੈਂ ਨਰ ਹੈ ਜੋਈ ॥ ਤਾਂ ਕਰ ਜੂਠਾ ਕਬੀ ਨ ਲੋਈ ॥"

*(ਖਾਲਸਾ ਰਹਿਤਨਾਮਾ)*

ਸੰਸਾਰ ਵਿਚ ਇਕ ਖਾਲਸਾ ਧਰਮ ਹੀ ਹੈ ਜੋ ਆਰੰਭ ਥੀਂ ਅੰਤ ਪ੍ਰਯੰਤ ਅਟੱਲ ਰਹੇਗਾ, ਸੰਸਾਰ ਦੇ ਸਾਰੇ ਮਜ਼੍ਹਬ ਮਾਨੁਖ ਕ੍ਰਿਤ ਹਨ, ਮੁਸਲਮਾਨ ਸੁੰਨਤ ਤੇ ਹਜਾਮਤਾਂ ਆਦਿ ਨਾਲ ਆਪਣਾ ਸਰੀਰ ਘੜਦਾ ਹੈ । ਹਿੰਦੂ ਭੀ ਬੋਦੀ ਹਜ਼ਾਮਤਾਂ ਨਾਲ ਬਣ ਸਕਦਾ ਹੈ, ਇਕ ਖਾਲਸਾ ਹੀ ਕੁਦਰਤ ਦੀ ਮਨਸ਼ਾ ਅਨੁਸਾਰ ਸਾਬਤ ਸੂਰਤ ਹੈ, ਇਸਤ੍ਰੀ ਜ਼ਾਤੀ ਨੇ ਕੇਸਾਂ ਨਾਲ ਤਾਂ ਪ੍ਰੇਮ ਰਖਿਆ ਹੈ ਪਰ ਨੱਕ ਕੰਨ ਛੇਦ ਕੇ ਬਨੌਟ ਦਾ ਮੁਕਾਬਲਾ ਕੀਤਾ ਹੈ ਜੋ ਮਾਨੁਖ ਆਪਣੇ ਸਰੀਰ ਨੂੰ ਭੰਗ ਕਰਕੇ ਕਰਤਾਰ ਰਚਨਾ ਨੂੰ ਗਲਤੀ ਪਰ ਸਾਬਤ ਕਰਨ ਦਾ ਨਾਮ ਧਰਨ ਠਣਦੇ ਹਨ । ਇਹ ਉਸਦੇ ਹੁਕਮ ਥੀਂ ਵਿਰੁੱਧ ਮਨਮੱਤ ਦੇ ਚਿੰਨਾਂ ਨਾਲ ਬਾਗ਼ੀ ਸਿੱਧ ਹੁੰਦੇ ਹਨ, ਹਿੰਦੂ ਫਿਰਕੇ ਧੋਤੀ, ਅਨੰਤ, ਟਿੱਕਾ, ਛਾਪਾਂ ਮੁੰਦਰਾਂ, ਜੰਞੂ, ਬੋਦੀ ਆਦਿ ਚਿੰਨ੍ਹ ਦਰਸਾਂਦੇ ਹਨ। ਮੁਸਲਮਾਨ ਤੰਬਾ, ਤਸਬੀ, ਹਜਾਮਤ, ਤਸਬੀ ਆਦਿ ਚਿੰਨ੍ਹਾਂ ਨੂੰ ਸਲਾਹੁੰਦੇ ਹਨ, ਪਰੰਤੂ ਸਿੱਖ ਧਰਮ ਚਿੰਨ੍ਹਾਂ ਦਾ (ਕੇਵਲ ਚਿੰਨ੍ਹ ਮਾਤ੍ਰ) ਪ੍ਰਚਾਰਕ ਨਹੀਂ ਹੈ ਬਲਕਿ ਸੂਰਬੀਰਾਂ ਦੇ ਪਹਿਰਾਨ ਦਾ (ਪੰਜ ਕਕਾਰਾਂ ਦਾ) ਹੈ ਜੋ ਸਿੱਖ ਕੇਵਲ ਚਿੰਨ੍ਹ ਦੇ ਖਿਆਲ ਨਾਲ ਕਕਾਰ ਰਖੇ ਉਹ ਭਰਮੀ ਹੈ ਜੋ ਨਾ ਰਖੇ ਸੋ ਢਿੱਲੜ ਹੈ, ਜੋ ਖਾਲਸਈ ਧਾਰਨਾ ਮੰਨਕੇ ਆਪਣੇ ਮਾਲਕ (ਕਰਤਾਰ) ਦਾ ਹੁਕਮੀ ਬੰਦਾ ਹੋ ਕੇ ਉਸਦਾ ਰੂਪ ਧਾਰਦਾ ਹੈ ਉਹ ਠੀਕ ਹੈ, 'ਅਕਾਲ ਪੁਰਖ ਮੂਰਤ ਇਹ । ਪ੍ਰਗਟਿਓ ਆਪ ਖਾਲਸਾ ਦੇਹ।'

*ਦਾਸ—ਲਾਲ ਸਿੰਘ*

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com